ਕੌਮਾਂਤਰੀ www.amritsartimes.live
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 22 | Issue 191| 3 September to 9 September, 2025 | Ph.: (510) 240-5949 | Email: asrtimes@gmail.com

# ਹੜ੍ਹਾਂ 'ਚ ਰੁੜ੍ਹ ਗਏ ਪੰਜਾਬੀਆਂ ਦੇ ਸੁਪਨੇ ਤੇ ਉਮੀਦਾਂ

## ਪਾਣੀ 'ਚ ਡੁੱਬੀ ਖੇਤਾਂ ਵਿੱਚ ਲਹਿਲਹਾਉਂਦੀ ਫ਼ਸਲ, ਪੰਜਾਬੀਆਂ ਦੇ ਸਿਰ 'ਤੇ ਬੱਝੀ ਕਰਜ਼ੇ ਤੇ ਮੁਸੀਬਤਾਂ ਦੀ ਗੰਢ



**ਜਗਮੋਹਨ ਸਿੰਘ 'ਲੱਕੀ'**

ਪੰਜਾਬ ਦੀ ਜ਼ਿੰਦਗੀ ਦੀ ਧੜਕਣ ਕਹੇ ਜਾਂਦੇ ਪੰਜਾਬ ਦੇ ਦਰਿਆ ਸਤਲੁਜ, ਬਿਆਸ ਅਤੇ ਰਾਵੀ ਇਸ ਸਮੇਂ ਏਨੇ ਕਹਿਰਵਾਨ ਹੋ ਚੁੱਕੇ ਹਨ ਕਿ ਇਹਨਾਂ ਵਿੱਚ ਆਏ ਹੜ੍ਹਾਂ ਨੇ ਪੰਜਾਬ ਵਿੱਚ ਜ਼ਿੰਦਗੀ ਨੂੰ ਲੀਹ ਤੋਂ ਲਾਹ ਦਿੱਤਾ ਹੈ। ਦਰਿਆਵਾਂ ਦਾ ਪਾਣੀ ਤਾਂ ਤਬਾਹੀ ਦਾ ਕਾਰਨ ਬਣਿਆ ਹੀ, ਹੁਣ ਪੰਜਾਬੀਆਂ ਦੀਆਂ ਅੱਖਾਂ 'ਚੋਂ ਬਰਬਾਦੀ ਦਾ ਦਰਿਆ ਵਹਿ ਰਿਹਾ ਹੈ। ਹੱਸਦੇ ਵੱਸਦੇ ਘਰਾਂ ਵਿੱਚ ਕਈ ਕਈ ਫ਼ੁੱਟ ਹੜ੍ਹਾਂ ਦਾ ਪਾਣੀ ਆਉਣ ਕਾਰਨ ਵੱਡੀ ਗਿਣਤੀ ਲੋਕ ਸੁਰੱਖਿਅਤ ਥਾਂਵਾਂ 'ਤੇ ਬੈਠੇ ਦਿਨ ਕੱਟੀ ਕਰ ਰਹੇ ਹਨ। ਇਹਨਾਂ ਹੜ੍ਹਾਂ ਵਿੱਚ ਸਿਰਫ਼ ਪੰਜਾਬ ਹੀ ਨਹੀਂ ਰੁੜ੍ਹਿਆ ਸਗੋਂ ਲੱਖਾਂ ਪੰਜਾਬੀਆਂ ਦੇ ਸੁਪਨੇ ਅਤੇ ਉਮੀਦਾਂ ਵੀ ਰੁੜ੍ਹ ਗਈਆਂ ਹਨ। ਇਹਨਾਂ ਹੜ੍ਹਾਂ ਨੇ ਪੰਜਾਬ ਨੂੰ ਇੱਕ ਵਾਰ ਫ਼ੇਰ ਬਰਬਾਦ ਕਰ ਦਿੱਤਾ ਹੈ, ਜਿਸ ਕਰਕੇ ਪੰਜਾਬ ਨੂੰ ਇੱਕ ਵਾਰ ਫ਼ੇਰ ਮਜ਼ਬੂਤ ਹੋ ਕੇ ਉਭਰਨਾ ਪਵੇਗਾ। ਇਤਿਹਾਸ ਗਵਾਹ ਹੈ ਕਿ ਪੰਜਾਬ ਪਹਿਲਾਂ ਵੀ ਕਈ ਵਾਰ ਉੱਜੜਿਆ ਅਤੇ ਕਈ ਵਾਰ ਵਸਿਆ ਹੈ। ਪੰਜਾਬ 'ਤੇ ਕਦੇ ਕੁਦਰਤ ਦਾ, ਕਦੇ ਅਫ਼ਗਾਨ, ਅਰਬ, ਤੁਰਕ, ਮੁਗਲ ਧਾੜਵੀਆਂ ਦਾ ਅਤੇ ਕਦੇ ਆਪਣੇ ਹੀ ਦੇਸ਼ ਦੀਆਂ ਫ਼ੌਜਾਂ ਦਾ ਹੱਲਾ ਹੁੰਦਾ ਆਇਆ ਹੈ। ਹਰ ਹੱਲੇ ਦਾ ਪੰਜਾਬੀਆਂ ਨੇ ਡਟ ਕੇ ਸਾਹਮਣਾ ਕੀਤਾ ਹੈ ਅਤੇ ਇਸ ਸਮੇਂ ਹੜ੍ਹਾਂ ਦਾ ਸਾਹਮਣਾ ਵੀ ਪੰਜਾਬੀ ਡਟ ਕੇ ਕਰ ਰਹੇ ਹਨ। ਪੰਜਾਬ ਸ਼ੁਰੂ ਤੋਂ ਹੀ ਆਪਣੀ ਲੜਾਈ ਆਪ ਲੜਦਾ ਆਇਆ ਹੈ। ਜੇ ਸੜਦੀਆਂ ਫ਼ਸਲਾਂ ਤੋਂ ਹਿੰਮਤ ਨੂੰ ਸੇਕ



ਨਹੀਂ ਲੱਗਿਆ ਤਾਂ ਹੜ੍ਹਾਂ ਵਿੱਚ ਵੀ ਪੰਜਾਬੀਆਂ ਦੇ ਹੌਂਸਲਿਆਂ ਦਾ ਬੰਨ੍ਹ ਨਹੀਂ ਟੁੱਟਣਾ। ਰਿਪੋਰਟਾਂ ਅਨੁਸਾਰ ਇਸ ਹੜ੍ਹ ਤੋਂ ਲਗਪਗ 2 ਲੱਖ 56 ਹਜ਼ਾਰ ਲੋਕ ਪ੍ਰਭਾਵਿਤ ਹੋਏ ਹਨ।ਜਿਹੜੇ ਲੋਕ ਹੜ੍ਹਾਂ ਤੋਂ ਪ੍ਰਭਾਵਿਤ ਹੋਏ ਹਨ, ਉਹ ਤਾਂ ਸਮਾਂ ਪਾ ਕੇ ਸੰਭਲ ਜਾਣਗੇ ਅਤੇ ਆਪਣੀ ਜ਼ਿੰਦਗੀ ਨੂੰ ਨਵੇਂ ਸਿਰੇ ਤੋਂ ਜਿਉਣ ਲੱਗਣਗੇ ਪਰ ਜਿਹੜੇ ਲੋਕਾਂ ਦੇ ਪਰਿਵਾਰਕ ਮੈਂਬਰ ਇਹਨਾਂ ਹੜ੍ਹਾਂ ਦੀ ਭੇਂਟ ਚੜ੍ਹ ਗਏ ਹਨ, ਉਹਨਾਂ ਦੀ ਘਾਟ ਕਿਸੇ ਵੀ ਤਰ੍ਹਾਂ ਪੂਰੀ ਨਹੀਂ ਕੀਤੀ ਜਾ ਸਕਦੀ।

ਪੰਜਾਬ ਖੇਤੀਬਾੜੀ ਪ੍ਰਧਾਨ ਸੂਬਾ ਹੈ। ਇਸ ਦੇ ਵੱਡੀ ਗਿਣਤੀ ਵਸਨੀਕਾਂ ਦਾ ਮੁੱਖ ਕਿੱਤਾ ਖੇਤੀਬਾੜੀ ਹੈ। ਇਹਨਾਂ ਹੜ੍ਹਾਂ ਦੌਰਾਨ ਪੰਜਾਬ ਦੇ ਵੱਡੀ ਗਿਣਤੀ ਇਲਾਕਿਆਂ ਵਿੱਚ ਕਿਸਾਨਾਂ ਦੀ ਫ਼ਸਲ ਹੜ੍ਹਾਂ ਵਿੱਚ ਹੜ੍ਹ ਗਈ ਹੈ। ਪੰਜਾਬ ਦੇ ਕਿਸਾਨਾਂ ਨੇ ਜੁਲਾਈ ਮਹੀਨੇ 'ਚ ਝੋਨੇ ਦੀ ਫ਼ਸਲ ਦੀ ਲੁਆਈ ਬੜੀਆਂ ਉਮੀਦਾਂ ਨਾਲ ਕੀਤੀ।ਫ਼ਸਲ ਦੀ ਰੰਗਤ ਦੇਖ ਕੇ ਕਿਸਾਨਾਂ ਦੇ ਦਿਲ ਬਾਗੋਬਾਗ ਸਨ ਪਰ ਹੜ੍ਹ 'ਚ ਸਭ ਕੁਝ ਬਰਬਾਦ ਹੋ ਗਿਆ। ਝੋਨੇ ਦੀ ਲਹਿਰਾਉਂਦੀ ਫ਼ਸਲ ਪਾਣੀ ਵਿੱਚ ਰੁੜ੍ਹਦੇ ਦੇਖ ਕੇ ਕਿਸਾਨਾਂ ਦਾ ਕਲੇਜਾ ਫ਼ਟਿਆ ਜਾ ਰਿਹਾ ਹੈ। ਸਭ ਤੋਂ ਵੱਡੀ ਚਿੰਤਾ ਇਸ ਗੱਲ ਦੀ ਹੈ ਕਿ ਜਿਹੜੇ ਕਿਸਾਨਾਂ ਨੇ ਜ਼ਮੀਨ ਠੇਕੇ 'ਤੇ ਲੈ ਕੇ ਫ਼ਸਲ ਬੀਜੀ ਸੀ ਉਹ ਜ਼ਮੀਨ ਮਾਲਕ ਨੂੰ ਪੈਸੇ ਕਿਵੇਂ ਦੇਣਗੇ? ਕਰਜ਼ਾ ਕਿਵੇਂ ਲਾਹੁਣਗੇ? (**ਬਾਕੀ ਸਫ਼ਾ** 30 'ਤੇ)

## ਪੰਜਾਬ ਨੂੰ ਐਲਾਨਿਆ ਆਫਤ ਪ੍ਰਭਾਵਿਤ ਸੂਬਾ

### ਹੜ੍ਹਾਂ ਕਰਕੇ ਪੰਜਾਬ 'ਚ ਹੁਣ ਤੱਕ 30 ਲੋਕਾਂ ਦੀ ਮੌਤ

ਚੰਡੀਗੜ੍ਹ/ਏ.ਟੀ.ਨਿਊਜ਼: ਪੰਜਾਬ ਦੇ 23 ਜ਼ਿਲ੍ਹਿਆਂ ਦੇ 1400 ਤੋਂ ਵੱਧ ਪਿੰਡ ਹੜ੍ਹਾਂ ਦੀ ਮਾਰ ਝੱਲ ਰਹੇ ਹਨ ਅਤੇ ਸਥਿਤੀ ਲਗਾਤਾਰ ਗੰਭੀਰ ਹੁੰਦੀ ਜਾ ਰਹੀ ਹੈ। ਅਜਿਹੇ ਹਾਲਾਤ ਨੂੰ ਵੇਖਦਿਆਂ ਪੰਜਾਬ ਸਰਕਾਰ ਨੇ ਪੂਰੇ ਸੂਬੇ ਨੂੰ ਆਫਤ ਪ੍ਰਭਾਵੀ ਸੂਬਾ ਐਲਾਨ ਦਿੱਤਾ ਹੈ। ਇਸ ਦੇ ਨਾਲ ਹੀ ਰਾਹਤ ਕਾਰਜ ਹੋਰ ਤੇਜ਼ ਕਰ ਦਿੱਤੇ ਹਨ।

ਜਾਣਕਾਰੀ ਅਨੁਸਾਰ ਪੰਜਾਬ 'ਚ ਹੜ੍ਹਾਂ ਦੀ ਮਾਰ ਹੇਠ ਆਉਣ ਕਾਰਨ 4 ਲੱਖ ਏਕੜ ਦੇ ਕਰੀਬ ਫਸਲ ਪ੍ਰਭਾਵਿਤ ਹੋ ਚੁੱਕੀ ਅਤੇ ਸਾਢੇ ਤਿੰਨ ਲੱਖ ਤੋਂ ਵੱਧ ਲੋਕ ਅਸਰਅੰਦਾਜ਼ ਹੋ ਚੁੱਕੇ ਹਨ। ਇਸ ਦੇ ਨਾਲ ਹੀ ਹੜ੍ਹਾਂ ਕਰਕੇ 30 ਲੋਕਾਂ ਦੀ ਹੁਣ ਤੱਕ ਮੌਤ ਹੋ ਚੁੱਕੀ ਹੈ। ਹਾਲਾਂਕਿ ਸੂਬਾ ਸਰਕਾਰ ਵੱਲੋਂ 20 ਹਜ਼ਾਰ ਦੇ ਕਰੀਬ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਉਣ ਦਾ ਦਾਅਵਾ ਕੀਤਾ ਜਾ ਰਿਹਾ ਹੈ। ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਮੌਜੂਦਾ ਸਮੇਂ 174 ਰਾਹਤ ਕੈਂਪ ਚਲਾਏ ਜਾ ਰਹੇ ਹਨ।

## ਹੜ੍ਹ ਪੀੜ੍ਹਤਾਂ ਦੀ ਸਹਾਇਤਾ ਲਈ ਅੱਗੇ ਆਏ ਪੰਜਾਬੀ ਨੌਜਵਾਨ



ਪੰਜਾਬ ਵਿਰੋਧੀ ਰਾਸ਼ਟਰੀ ਮੀਡੀਆ ਵੱਲੋਂ ਪੰਜਾਬੀ ਨੌਜਵਾਨਾਂ ਬਾਰੇ ਅਕਸਰ ਕਿਹਾ ਜਾਂਦਾ ਹੈ ਕਿ ਇਹ ਨਸ਼ੇੜੀ ਅਤੇ ਵਿਹਲੜ ਹਨ ਪਰ ਪੰਜਾਬ ਵਿੱਚ ਇਸ ਸਮੇਂ ਆਏ ਹੜ੍ਹਾਂ ਦੌਰਾਨ ਹੜ੍ਹ ਪੀੜ੍ਹਤਾਂ ਦੀ ਸਭ ਤੋਂ ਵਧੇਰੇ ਮਦਦ ਪੰਜਾਬੀ ਨੌਜਵਾਨਾਂ ਵੱਲੋਂ ਹੀ ਕੀਤੀ ਜਾ ਰਹੀ ਹੈ।

ਦਿਨ ਰਾਤ ਵੱਡੀ ਗਿਣਤੀ ਪੰਜਾਬੀ ਨੌਜਵਾਨ ਜਿਥੇ ਹੜ੍ਹ ਪੀੜ੍ਹਤਾਂ ਨੂੰ ਲੰਗਰ, ਹੋਰ ਲੋੜੀਂਦਾ ਸਮਾਨ ਪਹੁੰਚਾ ਰਹੇ ਹਨ ਉਥੇ ਕਈ ਬੰਨ੍ਹਾਂ ਨੂੰ ਮਜ਼ਬੂਤ ਕਰਨ ਲਈ ਵੀ ਪੰਜਾਬੀ ਨੌਜਵਾਨ ਆਪਣਾ ਯੋਗਦਾਨ ਪਾ ਰਹੇ ਹਨ। ਸਰਕਾਰ ਤੋਂ ਕੋਈ ਸਹਾਇਤਾ ਦੀ ਉਮੀਦ ਰੱਖਣ ਦੀ ਥਾਂ ਪੰਜਾਬੀ ਨੌਜਵਾਨ ਹੜ੍ਹ ਪੀੜਤਾਂ ਦੀ ਹਰ ਸੰਭਵ ਸਹਾਇਤਾ ਕਰ ਰਹੇ ਹਨ ਪਰ ਪੰਜਾਬੀ ਨੌਜਵਾਨਾਂ ਦੇ ਇਸ ਪੱਖ ਨੂੰ ਰਾਸ਼ਟਰੀ ਮੀਡੀਆ ਵੱਲੋਂ ਅਣਗੌਲਿਆ ਕੀਤਾ ਜਾ ਰਿਹਾ ਹੈ। ਇਸ ਦੇ ਨਾਲ ਹੀ ਪ੍ਰਧਾਨ ਮੰਤਰੀ ਮੋਦੀ ਵੱਲੋਂ ਪੰਜਾਬ ਦੇ ਹੜ ਪੀੜਤ ਲੋਕਾਂ ਲਈ ਹਾਅ ਦਾ ਨਾਅਰਾ ਨਾ ਮਾਰਨ ਤੇ ਕੋਈ ਟਵੀਟ ਨਾ ਕਰੇ ਜਾਣ ਕਾਰਨ ਵੀ ਪੰਜਾਬੀ ਨਾਰਾਜ਼ ਹਨ।

# ਪੰਜਾਬੀ ਕਲਾਕਾਰਾਂ ਵੱਲੋਂ ਹੜ੍ਹ ਪੀੜ੍ਹਤਾਂ ਦੀ ਮਦਦ

ਇਸ ਔਖੇ ਸਮੇਂ ਵਿੱਚ ਸਿਆਸੀ ਆਗੂਆਂ ਅਤੇ ਐੱਨਜੀਓਆਂ ਨਾਲ ਹੀ ਪੰਜਾਬੀ ਗਾਇਕਾਂ ਅਤੇ ਕਲਾਕਾਰਾਂ ਨੇ ਵੀ ਰਾਹਤ ਕਾਰਜਾਂ ਵਿੱਚ ਹਿੱਸਾ ਪਾਇਆ ਹੈ। ਬਾਲੀਵੁੱਡ ਅਤੇ ਪੰਜਾਬੀ ਸਿਨੇਮਾ ਦੇ ਕਲਾਕਾਰ ਵੀ ਅੱਗੇ ਆਏ ਹਨ, ਜਿਨ੍ਹਾਂ ਨੇ ਰਾਸ਼ਨ, ਫੰਡ ਅਤੇ ਹੋਰ ਸਹਾਇਤਾ ਪ੍ਰਦਾਨ ਕੀਤੀ ਹੈ। ਇਹ ਸਭ ਪੰਜਾਬੀਅਤ ਦੀ ਅਟੱਲ ਭਾਵਨਾ ਨੂੰ ਦਰਸਾਉਂਦਾ ਹੈ।



ਮਸ਼ਹੂਰ ਸੂਫੀ ਗਾਇਕ ਸਤਿੰਦਰ ਸਰਤਾਜ ਨੇ ਇੱਕ ਵੱਡੀ ਪਹਿਲਕਦਮੀ ਲਈ ਹੈ। ਉਨ੍ਹਾਂ ਨੇ ਆਪਣੀ 'ਸਰਤਾਜ ਫਾਊਂਡੇਸ਼ਨ' ਰਾਹੀਂ ਅੰਮ੍ਰਿਤਸਰ ਦੇ ਅਜਨਾਲਾ, ਫਾਜ਼ਿਲਕਾ ਅਤੇ ਤਰਨ ਤਾਰਨ ਵਿੱਚ ਲਗਭਗ 500 ਪਰਿਵਾਰਾਂ ਨੂੰ ਰਾਸ਼ਨ ਕਿੱਟਾਂ ਵੰਡੀਆਂ ਹਨ। ਇਸ ਵਿੱਚ ਇੱਕ ਮਹੀਨੇ ਦਾ ਭੋਜਨ ਅਤੇ ਜ਼ਰੂਰੀ ਵਸਤਾਂ ਸ਼ਾਮਲ ਸਨ। ਸਤਿੰਦਰ ਸਰਤਾਜ ਨੇ ਕਿਹਾ, 'ਇਸ ਔਖੇ ਸਮੇਂ ਵਿੱਚ ਸਾਰਿਆਂ ਨੂੰ ਇਨਸਾਨੀਅਤ ਦੇ ਨਾਤੇ ਪੀੜਤਾਂ ਨਾਲ ਖੜ੍ਹੇ ਹੋਣਾ ਚਾਹੀਦਾ ਹੈ।' ਉਨ੍ਹਾਂ ਦੀ ਟੀਮ ਨੇ ਹਰੀਕੇ ਪੱਤਣ ਵਿੱਚ ਵੀ ਰਾਸ਼ਨ ਵੰਡਿਆ। ਪ੍ਰਸਿੱਧ ਗਾਇਕ ਗੁਰਦਾਸ ਮਾਨ ਨੇ ਹੜ੍ਹ ਪੀੜ੍ਹਤਾਂ ਦੀ ਸਹਾਇਤਾ ਲਈ 25 ਲੱਖ ਰੁਪਏ ਦੇਣ ਦਾ ਐਲਾਨ ਕੀਤਾ ਹੈ। ਗਾਇਕ ਤੇ ਅਦਾਕਾਰ ਬੱਬੂ ਮਾਨ, ਐਮੀ ਵਿਰਕ, ਗਿੱਪੀ ਗਰੇਵਾਲ, ਅਦਾਕਾਰਾ ਸੋਨਮ ਬਾਜਵਾ, ਬੌਲੀਵੁੱਡ ਅਦਾਕਾਰ ਸੰਜੈ ਦੱਤ ਤੇ ਹਿਮਾਂਸ਼ੀ ਖੁਰਾਣਾ ਸਣੇ ਕਈ ਹੋਰਨਾਂ ਨੇ ਅੱਗੇ ਵਧ ਕੇ ਹੜ੍ਹ ਦੇ ਝੰਬੇ ਪੰਜਾਬ ਦੇ ਲੋਕਾਂ ਦੀ ਬਾਂਹ ਫੜੀ ਹੈ ਤੇ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ ਹੈ। ਦਿਲਜੀਤ ਦੁਸਾਂਝ ਨੇ ਵੀ ਪੰਜਾਬ ਦੇ 22 ਪਿੰਡਾਂ ਨੂੰ ਗੋਦ ਲੈਣ ਦਾ ਐਲਾਨ ਕੀਤਾ ਹੈ। ਉਨ੍ਹਾਂ ਦੀ ਮੈਨੇਜਰ ਸੋਨਾਲੀ ਸਿੰਘ ਆਪਣੀ ਟੀਮ ਨਾਲ ਅੰਮ੍ਰਿਤਸਰ ਪਹੁੰਚ ਗਈ ਹੈ ਅਤੇ ਰਾਹਤ ਸਮੱਗਰੀ ਵੰਡ ਰਹੀ ਹੈ। ਸੋਨਾਲੀ ਨੇ ਕਿਹਾ, 'ਦਿਲਜੀਤ ਨੇ ਹਰ ਪ੍ਰਭਾਵਿਤ ਪਿੰਡ ਵਿੱਚ ਜ਼ਰੂਰੀ ਵਸਤਾਂ ਪਹੁੰਚਾਉਣ ਲਈ ਫੰਡ ਜਾਰੀ ਕੀਤੇ ਹਨ। ਅਸੀਂ ਵਾਲੰਟੀਅਰਾਂ ਨਾਲ ਮਿਲ ਕੇ ਕੰਮ ਕਰ ਰਹੇ ਹਾਂ। ਇਸ ਨਾਲ ਪੀੜਤਾਂ ਨੂੰ ਭੋਜਨ, ਪਾਣੀ ਅਤੇ ਦਵਾਈਆਂ ਮਿਲ ਰਹੀਆਂ ਹਨ।' ਗਾਇਕ ਗੁਰੂ ਰੰਧਾਵਾ ਨੇ ਡੇਰਾ ਬਾਬਾ ਨਾਨਕ ਅਤੇ ਪਿੰਡ ਧਾਰੋਵਾਲੀ ਵਿੱਚ ਰਾਹਤ ਕੈਂਪ ਲਗਾਏ ਹਨ। ਉਨ੍ਹਾਂ ਨੇ ਇੱਕ ਰਿਲੀਫ ਫੰਡ ਵੀ ਸ਼ੁਰੂ ਕੀਤਾ ਹੈ ਅਤੇ ਆਪਣੇ ਫੈਨਾਂ ਨੂੰ ਯੋਗਦਾਨ ਪਾਉਣ ਲਈ ਅਪੀਲ ਕੀਤੀ ਹੈ। ਕਰਨ ਔਜਲਾ ਨੇ ਲੁਧਿਆਣਾ ਅਧਾਰਤ ਐੱਨਜੀਓ 'ਇਨੀਸ਼ੀਏਟਰਜ਼ ਆਫ ਚੇਂਜ' ਨੂੰ ਇੱਕ ਮੋਟਰ ਬੋਟ ਦਾਨ ਕੀਤੀ ਹੈ। ਇਹ ਬੋਟ 3.5 ਲੱਖ ਰੁਪਏ ਦੀ ਹੈ ਅਤੇ ਕੋਲਕਾਤਾ ਤੋਂ ਹਵਾਈ ਜਹਾਜ਼ ਰਾਹੀਂ ਲਿਆਂਦੀ ਗਈ। (**ਬਾਕੀ ਸਫ਼ਾ** 30 'ਤੇ)

# ਹਰ ਦੇਸ਼ ’ਤੇ ਟੈਕਸ ਲਗਾਉਣ ਦਾ ਟਰੰਪ ਕੋਲ ਨਹੀਂ ਸੀ ਅਧਿਕਾਰ: ਸੰਘੀ ਅਦਾਲਤ

## ਅਮਰੀਕੀ ਅਰਥਚਾਰੇ ਦੁਆਲੇ ਇੱਕ ਸੁਰੱਖਿਆਵਾਦੀ ਕੰਧ ਬਣਾਉਣ ਦੇ ਯਤਨ ਨੂੰ ਬਰਕਰਾਰ ਰੱਖਿਆ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਦੀ ਸੰਘੀ ਅਦਾਲਤ ਨੇ ਅਦਾਲਤ ਨੇ ਕਿਹਾ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਕੋਲ ਲਗਪਗ ਹਰ ਦੇਸ਼ ’ਤੇ ਵਿਆਪਕ ਟੈਕਸ ਲਗਾਉਣ ਦਾ ਕੋਈ ਕਾਨੂੰਨੀ ਅਧਿਕਾਰ ਨਹੀਂ ਸੀ। ਹਾਲਾਂਕਿ ਅਦਾਲਤ ਨੇ ਫ਼ਿਲਹਾਲ ਉਸ ਦੇ ਅਮਰੀਕੀ ਅਰਥਚਾਰੇ ਦੁਆਲੇ ਇੱਕ ਸੁਰੱਖਿਆਵਾਦੀ ਕੰਧ ਬਣਾਉਣ ਦੇ ਯਤਨ ਨੂੰ ਬਰਕਰਾਰ ਰੱਖਿਆ ਹੈ।

ਯੂ.ਐੱਸ. ਕੋਰਟ ਆਫ਼ ਅਪੀਲਜ਼ ਫ਼ਾਰ ਦ ਫ਼ੈਡਰਲ ਸਰਕਟ ਨੇ ਫ਼ੈਸਲਾ ਦਿੱਤਾ ਕਿ ਟਰੰਪ ਨੂੰ ਕੌਮੀ ਐਮਰਜੈਂਸੀ ਦਾ ਐਲਾਨ ਕਰਨ ਅਤੇ ਲਗਪਗ ਹਰ ਦੇਸ਼ ’ਤੇ ਦਰਾਮਦ ਟੈਕਸ ਲਗਾਉਣ ਦੀ ਕਾਨੂੰਨੀ ਇਜਾਜ਼ਤ ਨਹੀਂ ਸੀ। ਇਹ ਫ਼ੈਸਲਾ ਨਿਊਯਾਰਕ ਦੀ ਇੱਕ ਵਿਸ਼ੇਸ਼ ਫ਼ੈਡਰਲ ਵਪਾਰ ਅਦਾਲਤ ਦੇ ਮਈ ਦੇ ਫ਼ੈਸਲੇ ਨੂੰ ਬਰਕਰਾਰ ਰੱਖਦਾ ਹੈ।

ਜੱਜਾਂ ਨੇ 7-4 ਦੇ ਫ਼ੈਸਲੇ ਵਿੱਚ ਲਿਖਿਆ, ‘ਇਹ ਅਸੰਭਵ ਜਾਪਦਾ ਹੈ ਕਿ ਕਾਂਗਰਸ ਦਾ ਇਰਾਦਾ... ਰਾਸ਼ਟਰਪਤੀ ਨੂੰ ਟੈਕਸ ਲਗਾਉਣ ਦਾ ਅਸੀਮਤ ਅਧਿਕਾਰ ਦੇਣਾ ਸੀ।’

ਪਰ ਉਨ੍ਹਾਂ ਨੇ ਤੁਰੰਤ ਟੈਰਿਫ਼ਾਂ ਨੂੰ ਖ਼ਤਮ ਨਹੀਂ ਕੀਤਾ, ਜਿਸ ਨਾਲ ਟਰੰਪ ਪ੍ਰਸ਼ਾਸਨ ਨੂੰ ਸੁਪਰੀਮ ਕੋਰਟ ਵਿੱਚ ਅਪੀਲ ਕਰਨ ਦਾ ਸਮਾਂ ਮਿਲ ਗਿਆ।

ਵਾਈਟ ਹਾਊਸ ਦੇ ਬੁਲਾਰੇ ਕੁਸ਼ ਦੇਸਾਈ ਨੇ ਕਿਹਾ, “ਟਰੰਪ ਨੇ ਕਾਨੂੰਨੀ ਤੌਰ ’ਤੇ ਕੰਮ ਕੀਤਾ ਸੀ ਅਤੇ ਅਸੀਂ ਇਸ ਮਾਮਲੇ ’ਤੇ ਅੰਤਿਮ ਜਿੱਤ ਦੀ ਉਡੀਕ ਕਰ ਰਹੇ ਹਾਂ।” ਇਹ ਫ਼ੈਸਲਾ ਟਰੰਪ ਦੀਆਂ ਦਹਾਕਿਆਂ ਤੋਂ ਚੱਲ ਰਹੀਆਂ ਅਮਰੀਕੀ ਵਪਾਰ ਨੀਤੀਆਂ ਨੂੰ ਆਪਣੇ ਤੌਰ ’ਤੇ ਪੂਰੀ ਤਰ੍ਹਾਂ ਬਦਲਣ ਦੀਆਂ ਇੱਛਾਵਾਂ ਨੂੰ ਗੁੰਝਲਦਾਰ ਬਣਾਉਂਦਾ ਹੈ। ਟਰੰਪ ਕੋਲ ਦਰਮਾਦ ਟੈਕਸ ਲਗਾਉਣ ਲਈ ਬਦਲਵੇਂ ਕਾਨੂੰਨ ਹਨ, ਪਰ ਉਹ ਉਸ ਦੀ ਕਾਰਵਾਈ ਦੀ ਗਤੀ ਅਤੇ ਗੰਭੀਰਤਾ ਨੂੰ ਸੀਮਤ ਕਰਨਗੇ।

ਟਰੰਪ ਵੱਲੋਂ ਲਾਏ ਟੈਕਸ ਅਤੇ ਇਸ ਨੂੰ ਲਾਗੂ ਕਰਨ ਦੇ ਤਰੀਕੇ ਨੇ ਵਿਸ਼ਵ ਬਾਜ਼ਾਰਾਂ ਨੂੰ ਹਿਲਾ ਦਿੱਤਾ ਹੈ, ਅਮਰੀਕਾ ਦੇ ਵਪਾਰਕ ਭਾਈਵਾਲਾਂ ਅਤੇ ਸਹਿਯੋਗੀਆਂ ਨੂੰ ਦੂਰ ਕਰ ਦਿੱਤਾ ਹੈ ਅਤੇ ਉੱਚੀਆਂ ਕੀਮਤਾਂ ਅਤੇ ਹੌਲੀ ਆਰਥਿਕ ਵਿਕਾਸ ਦਾ ਡਰ ਪੈਦਾ ਕੀਤਾ ਹੈ।

ਪਰ ਉਸ ਨੇ ਯੂਰਪੀਅਨ ਯੂਨੀਅਨ, ਜਾਪਾਨ ਅਤੇ ਹੋਰ ਦੇਸ਼ਾਂ ’ਤੇ ਇੱਕਪਾਸੜ ਵਪਾਰਕ ਸੌਦੇ ਸਵੀਕਾਰ ਕਰਨ ਲਈ ਦਬਾਅ ਪਾਉਣ ਅਤੇ ਸੰਘੀ ਖਜ਼ਾਨੇ ਵਿੱਚ ਅਰਬਾਂ ਡਾਲਰ ਲਿਆਉਣ ਲਈ ਵੀ ਇਨ੍ਹਾਂ ਟੈਕਸਾਂ ਦੀ ਵਰਤੋਂ ਕੀਤੀ ਹੈ ਤਾਂ ਜੋ ਉਸ ਨੇ 4 ਜੁਲਾਈ ਨੂੰ ਕਾਨੂੰਨ ਵਿੱਚ ਦਸਤਖਤ ਕੀਤੇ ਵੱਡੇ ਟੈਕਸ ਕਟੌਤੀਆਂ ਦਾ ਭੁਗਤਾਨ ਕਰਨ ਵਿੱਚ ਮਦਦ ਮਿਲ ਸਕੇ।



ਹਾਲੈਂਡ ਐਂਡ ਨਾਈਟ ਲਾਅ ਫ਼ਰਮ ਦੇ ਸੀਨੀਅਰ ਵਕੀਲ ਅਤੇ ਸਾਬਕਾ ਜਸਟਿਸ ਡਿਪਾਰਟਮੈਂਟ ਦੇ ਟਰਾਇਲ ਵਕੀਲ ਐਸ਼ਲੇ ਏਕਰਸ ਨੇ ਅਪੀਲਜ਼ ਅਦਾਲਤ ਦੇ ਫ਼ੈਸਲੇ ਤੋਂ ਪਹਿਲਾਂ ਕਿਹਾ, ‘ਜਦੋਂ ਕਿ ਮੌਜੂਦਾ ਵਪਾਰਕ ਸੌਦੇ ਆਪਣੇ ਆਪ ਨਹੀਂ ਟੁੱਟਣਗੇ, ਪ੍ਰਸ਼ਾਸਨ ਆਪਣੀ ਗੱਲਬਾਤ ਦੀ ਰਣਨੀਤੀ ਦਾ ਇੱਕ ਥੰਮ੍ਹ ਗੁਆ ਸਕਦਾ ਹੈ, ਜੋ ਵਿਦੇਸ਼ੀ ਸਰਕਾਰਾਂ ਨੂੰ ਭਵਿੱਖ ਦੀਆਂ ਮੰਗਾਂ ਦਾ ਵਿਰੋਧ ਕਰਨ, ਪਿਛਲੀਆਂ ਵਚਨਬੱਧਤਾਵਾਂ ਨੂੰ ਲਾਗੂ ਕਰਨ ਵਿੱਚ ਦੇਰੀ ਕਰਨ, ਜਾਂ ਇੱਥੋਂ ਤੱਕ ਕਿ ਸ਼ਰਤਾਂ ’ਤੇ ਮੁੜ ਗੱਲਬਾਤ ਕਰਨ ਲਈ ਉਤਸ਼ਾਹਿਤ ਕਰ ਸਕਦਾ ਹੈ।’

ਸਰਕਾਰ ਨੇ ਦਲੀਲ ਦਿੱਤੀ ਹੈ ਕਿ ਜੇਕਰ ਟੈਰਿਫ਼ਾਂ ਨੂੰ ਖ਼ਤਮ ਕਰ ਦਿੱਤਾ ਜਾਂਦਾ ਹੈ ਤਾਂ ਉਸ ਨੂੰ ਇਕੱਠੇ ਕੀਤੇ ਗਏ ਕੁਝ ਆਯਾਤ ਟੈਕਸਾਂ ਨੂੰ ਵਾਪਸ ਕਰਨਾ ਪੈ ਸਕਦਾ ਹੈ, ਜਿਸ ਨਾਲ ਯੂ.ਐੱਸ. ਖਜ਼ਾਨੇ ਨੂੰ ਵਿੱਤੀ ਨੁਕਸਾਨ ਹੋਵੇਗਾ।

ਟਰੰਪ ਨੇ ਟਰੁਥ ਸੋਸ਼ਲ ’ਤੇ ਇੱਕ ਪਿਛਲੀ ਪੋਸਟ ਵਿੱਚ ਕਿਹਾ, ‘ਇਹ 1929 ਵਾਂਗ ਦੁਬਾਰਾ ਹੋਵੇਗਾ, ਇੱਕ ਮਹਾਨ ਮੰਦੀ!’

ਜੁਲਾਈ ਤੱਕ ਟੈਰਿਫ਼ਾਂ ਤੋਂ ਕੁੱਲ ਮਾਲੀਆ 159 ਬਿਲੀਅਨ ਡਾਲਰ ਸੀ, ਜੋ ਪਿਛਲੇ ਸਾਲ ਇਸੇ ਸਮੇਂ ਦੇ ਮੁਕਾਬਲੇ ਦੁੱਗਣੇ ਤੋਂ ਵੀ ਵੱਧ ਸੀ।

ਦਰਅਸਲ, ਜਸਟਿਸ ਡਿਪਾਰਟਮੈਂਟ ਨੇ ਇਸ ਮਹੀਨੇ ਇੱਕ ਕਾਨੂੰਨੀ ਫ਼ਾਈਲਿੰਗ ਵਿੱਚ ਚਿਤਾਵਨੀ ਦਿੱਤੀ ਸੀ ਕਿ ਟੈਕਸਾਂ ਨੂੰ ਰੱਦ ਕਰਨ ਦਾ ਮਤਲਬ ਸੰਯੁਕਤ ਰਾਜ ਅਮਰੀਕਾ ਲਈ ‘ਵਿੱਤੀ ਤਬਾਹੀ’ ਹੋ ਸਕਦਾ ਹੈ।

ਇਹ ਫ਼ੈਸਲਾ ਦੋ ਤਰ੍ਹਾਂ ਦੇ ਦਰਾਮਦ ਟੈਕਸਾਂ ਨਾਲ ਸਬੰਧਤ ਹੈ, ਜਿਨ੍ਹਾਂ ਨੂੰ ਟਰੰਪ ਨੇ 1977 ਦੇ ਅੰਤਰਰਾਸ਼ਟਰੀ ਐਮਰਜੈਂਸੀ ਆਰਥਿਕ ਸ਼ਕਤੀਆਂ ਐਕਟ ਤਹਿਤ ਕੌਮੀ ਐਮਰਜੈਂਸੀ ਦਾ ਐਲਾਨ ਕਰਕੇ ਜਾਇਜ਼ ਠਹਿਰਾਇਆ। 2 ਅਪ੍ਰੈਲ ਨੂੰ ਉਸ ਨੇ ਜੋ ਵਿਆਪਕ ਟੈਰਿਫ਼ ਐਲਾਨੇ, ਜਿਸ ਨੂੰ ਉਹ(ਟਰੰਪ) ‘ਲਿਬਰੇਸ਼ਨ ਡੇ’ ਕਹਿੰਦਾ ਹੈ। ਇਸ ਵਿੱਚ ਟਰੰਪ ਨੇ ਉਨ੍ਹਾਂ ਦੇਸ਼ਾਂ ’ਤੇ 50 ਪ੍ਰਤੀਸ਼ਤ ਤੱਕ ਦੇ ‘ਪਰਸਪਰ’ ਟੈਕਸ ਲਗਾਏ ਜਿਨ੍ਹਾਂ ਨਾਲ ਸੰਯੁਕਤ ਰਾਜ ਦਾ ਵਪਾਰ ਘਾਟਾ ਹੈ ਅਤੇ ਬਾਕੀ ਸਾਰਿਆਂ ’ਤੇ 10 ਪ੍ਰਤੀਸ਼ਤ ਦਾ ‘ਬੇਸਲਾਈਨ’ ਟੈਕਸ।

ਮੁਦਈਆਂ ਨੇ ਦਲੀਲ ਦਿੱਤੀ ਕਿ ਐਮਰਜੈਂਸੀ ਸ਼ਕਤੀ ਕਾਨੂੰਨ ਟੈਰਿਫ਼ਾਂ ਦੀ ਵਰਤੋਂ ਨੂੰ ਅਧਿਕਾਰਤ ਨਹੀਂ ਕਰਦਾ।

ਉਨ੍ਹਾਂ ਨੇ ਇਹ ਵੀ ਨੋਟ ਕੀਤਾ ਕਿ ਵਪਾਰ ਘਾਟਾ ਸ਼ਾਇਦ ਹੀ ‘ਅਸਾਧਾਰਨ ਅਤੇ ਵਿਸ਼ੇਸ਼’ ਖ਼ਤਰੇ ਦੀ ਪਰਿਭਾਸ਼ਾ ਨੂੰ ਪੂਰਾ ਕਰਦਾ ਹੈ ਜੋ ਕਾਨੂੰਨ ਤਹਿਤ ਐਮਰਜੈਂਸੀ ਦਾ ਐਲਾਨ ਕਰਨ ਨੂੰ ਜਾਇਜ਼ ਠਹਿਰਾਏ। ਸੰਯੁਕਤ ਰਾਜ ਅਮਰੀਕਾ, ਆਖ਼ਰਕਾਰ, 49 ਲਗਾਤਾਰ ਸਾਲਾਂ ਤੋਂ ਵਪਾਰ ਘਾਟਾ, ਜਿਸ ਵਿੱਚ ਇਹ ਵਿਦੇਸ਼ੀ ਦੇਸ਼ਾਂ ਤੋਂ ਵੇਚਣ ਨਾਲੋਂ ਵੱਧ ਖਰੀਦਦਾ ਹੈ, ਚੰਗੇ ਅਤੇ ਮਾੜੇ ਸਮੇਂ ਦੋਵਾਂ ਵਿੱਚ ਚੱਲ ਰਿਹਾ ਹੈ।

ਟਰੰਪ ਪ੍ਰਸ਼ਾਸਨ ਨੇ ਦਲੀਲ ਦਿੱਤੀ ਕਿ ਅਦਾਲਤਾਂ ਨੇ ਰਾਸ਼ਟਰਪਤੀ ਰਿਚਰਡ ਨਿਕਸਨ ਦੇ 1971 ਦੇ ਆਰਥਿਕ ਸੰਕਟ ਵਿੱਚ ਟੈਕਸਾਂ ਦੀ ਐਮਰਜੈਂਸੀ ਵਰਤੋਂ ਨੂੰ ਮਨਜ਼ੂਰੀ ਦਿੱਤੀ ਸੀ ਜੋ ਅਮਰੀਕੀ ਡਾਲਰ ਨੂੰ ਸੋਨੇ ਦੀ ਕੀਮਤ ਨਾਲ ਜੋੜਨ ਵਾਲੀ ਨੀਤੀ ਨੂੰ ਖ਼ਤਮ ਕਰਨ ਦੇ ਉਸ ਦੇ ਫ਼ੈਸਲੇ ਤੋਂ ਬਾਅਦ ਪੈਦਾ ਹੋਏ ਵਿਗਾੜ ਤੋਂ ਪੈਦਾ ਹੋਇਆ ਸੀ।

ਮਈ ਵਿੱਚ, ਨਿਊਯਾਰਕ ਦੀ ਯੂ.ਐੱਸ. ਕੋਰਟ ਆਫ਼ ਇੰਟਰਨੈਸ਼ਨਲ ਟਰੇਡ ਨੇ ਦਲੀਲ ਨੂੰ ਰੱਦ ਕਰ ਦਿੱਤਾ, ਇਹ ਫ਼ੈਸਲਾ ਸੁਣਾਇਆ ਕਿ ਐਮਰਜੈਂਸੀ ਸ਼ਕਤੀਆਂ ਕਾਨੂੰਨ ਤਹਿਤ, ਟਰੰਪ ਦੇ ਲਿਬਰੇਸ਼ਨ ਡੇ ਟੈਕਸ ‘ਰਾਸ਼ਟਰਪਤੀ ਨੂੰ ਦਿੱਤੇ ਗਏ ਕਿਸੇ ਵੀ ਅਧਿਕਾਰ ਤੋਂ ਵੱਧ’ ਹਨ। ਆਪਣੇ ਫ਼ੈਸਲੇ ’ਤੇ ਪਹੁੰਚਦਿਆਂ ਵਪਾਰ ਅਦਾਲਤ ਨੇ ਦੋ ਚੁਣੌਤੀਆਂ ‘ਪੰਜ ਕਾਰੋਬਾਰਾਂ ਦੁਆਰਾ ਇੱਕ ਅਤੇ 12 ਅਮਰੀਕੀ ਰਾਜਾਂ ਦੁਆਰਾ ਇੱਕ’ ਨੂੰ ਇੱਕ ਸਿੰਗਲ ਕੇਸ ਵਿੱਚ ਮਿਲਾ ਦਿੱਤਾ।

# ਅਮਰੀਕੀ ਵਸਤਾਂ ਦਾ ਬਾਈਕਾਟ: ਸਵਦੇਸ਼ੀ ਮੁਹਿੰਮ ਦੀ ਨਵੀਂ ਲਹਿਰ ਛਿੜੀ, ਕਿੰਨੀ ਕੁ ਸਫ਼ਲ ਹੋਵੇਗੀ ?

## ਟਰੰਪ ਦੇ ਟੈਰਿਫ਼ਾਂ ਨੇ ਵਧਾਇਆ ਰੋਸ, ਭਗਵਿਆਂ ’ਚ ਅਮਰੀਕੀ ਕੰਪਨੀਆਂ ’ਤੇ ਗੁੱਸਾ

## ਮੋਦੀ ਦਾ ਸਵਦੇਸ਼ੀ ਸੱਦਾ: ‘ਮੇਡ ਇਨ ਇੰਡੀਆ’ ਨੂੰ ਅਪਣਾਉਣ ਦੀ ਅਪੀਲ

ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਭਾਰਤ ’ਤੇ ਲਗਾਏ ਗਏ ਮਨਮਰਜ਼ੀ ਵਾਲੇ ਟੈਰਿਫ਼ਾਂ ਨੇ ਭਾਰਤ ਵਿੱਚ ਭਗਵੇਂ ਰਾਸ਼ਟਰਵਾਦੀਆਂ ਵਿੱਚ ਰੋਸ ਦੀ ਲਹਿਰ ਪੈਦਾ ਕਰ ਦਿੱਤੀ ਹੈ।ਟਰੰਪ ਨੇ ਭਾਰਤ ਨੂੰ ਰੂਸੀ ਤੇਲ ਖਰੀਦਣ ਦੇ ਬਹਾਨੇ ਨਾਲ 25 ਫ਼ੀਸਦੀ ਵਾਧੂ ਟੈਰਿਫ਼ ਲਗਾਏ ਹਨ, ਜਿਸ ਨਾਲ ਕੁੱਲ ਟੈਰਿਫ਼ 50 ਫ਼ੀਸਦੀ ਤੱਕ ਪਹੁੰਚ ਗਏ ਹਨ। ਇਸ ਫ਼ੈਸਲੇ ਨੂੰ ਭਾਰਤ ਨੇ ਗਲਤ ਅਤੇ ਬੇਇਨਸਾਫ਼ੀ ਵਾਲਾ ਦੱਸਦਿਆਂ ਕਿਹਾ ਕਿ ਅਸੀਂ ਆਪਣੇ ਰਾਸ਼ਟਰੀ ਹਿੱਤਾਂ ਦੀ ਰਾਖੀ ਲਈ ਹਰ ਕਦਮ ਚੁੱਕਾਂਗੇ। ਭਗਵਿਆਂ ਵੱਲੋਂ ਕੋਕਾ-ਕੋਲਾ, ਪੈਪਸੀ, ਕੇਐੱਫ਼ਸੀ, ਮੈਕਡਾਨਲਡਸ ਅਤੇ ਸਬਵੇ ਵਰਗੀਆਂ ਅਮਰੀਕੀ ਦਿੱਗਜ ਕੰਪਨੀਆਂ ਦਾ ਬਾਈਕਾਟ ਕਰਨ ਦੀ ਮੰਗ ਉੱਠ ਰਹੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਲਾਲ ਕਿਲੇ ਤੋਂ ਆਪਣੇ ਭਾਸ਼ਣ ਵਿੱਚ ਸਵਦੇਸ਼ੀ ਅਪਣਾਉਣ ਦੀ ਅਪੀਲ ਕੀਤੀ ਹੈ, ਜਦਕਿ ਯੋਗ ਗੁਰੂ ਬਾਬਾ ਰਾਮਦੇਵ ਨੇ ਨਵੀਂ ਛੁਰਲੀ ਛਡਦਿਆਂ ਅਮਰੀਕੀ ਵਸਤਾਂ ਨੂੰ ਪੂਰੀ ਤਰ੍ਹਾਂ ਬਾਈਕਾਟ ਕਰਨ ਦਾ ਐਲਾਨ ਕੀਤਾ ਹੈ। ਭਾਰਤ ਵਿੱਚ ਭਗਵੇਂ ਰਾਸ਼ਟਰਵਾਦੀ ਅਤੇ ਸੰਘ ਪਰਿਵਾਰ ਦੀਆਂ ਜਥੇਬੰਦੀਆਂ ਵੱਲੋਂ ਇਸ ਨੂੰ ਅਮਰੀਕੀ ਹੰਕਾਰ ਵਜੋਂ ਵੇਖਿਆ ਜਾ ਰਿਹਾ ਹੈ। ਕੁਝ ਲੋਕਾਂ ਨੇ ਤਾਂ ਅਮਰੀਕੀ ਸਾਮਾਨ ਖਰੀਦਣ ਤੋਂ ਪਹਿਲਾਂ ਹੀ ਪਰਹੇਜ਼ ਸ਼ੁਰੂ ਕਰ ਦਿੱਤਾ ਹੈ। ਬਾਬਾ ਰਾਮਦੇਵ ਨੇ ਟਵੀਟ ਕਰਕੇ ਕਿਹਾ, ‘ਪੈਪਸੀ, ਕੋਕਾ-ਕੋਲਾ, ਕੇਐੱਫ਼ਸੀ ਅਤੇ ਮੈਕਡਾਨਲਡਸ ਵਰਗੇ ਅਮਰੀਕੀ ਬ੍ਰਾਂਡਾਂ ਦੇ ਕਾਊਂਟਰਾਂ ’ਤੇ ਇੱਕ ਵੀ ਭਾਰਤੀ ਨਹੀਂ ਦਿਸਣਾ ਚਾਹੀਦਾ। ਬਾਈਕਾਟ ਇੰਨਾ ਵੱਡਾ ਹੋਵੇ ਕਿ ਅਮਰੀਕਾ ਤੱਕ ਅਸਰ ਪਹੁੰਚੇ।’ ਉਨ੍ਹਾਂ ਨੇ ਇਹ ਵੀ ਕਿਹਾ ਕਿ ਫ਼ਰਾਂਸ, ਬ੍ਰਿਟੇਨ ਅਤੇ ਕੈਨੇਡਾ ਵਰਗੇ ਦੇਸ਼ਾਂ ਵਿੱਚ ਵੀ ਅਮਰੀਕੀ ਵਸਤਾਂ ਦਾ ਬਾਈਕਾਟ ਹੋ ਚੁੱਕਾ ਹੈ।



ਪ੍ਰਧਾਨ ਮੰਤਰੀ ਮੋਦੀ ਨੇ ਆਪਣੇ ਭਾਸ਼ਣ ਵਿੱਚ ਕਿਹਾ, ‘ਇਹ ਤਿਉਹਾਰਾਂ ਦਾ ਮੌਸਮ ਹੈ - ਨਵਰਾਤਰੀ, ਵਿਜੈਦਸ਼ਮੀ, ਧਨਤੇਰਸ ਅਤੇ ਦਿਵਾਲੀ। ਇਹ ਸਾਡੀ ਸੰਸਕ੍ਰਿਤੀ ਦੇ ਉਤਸਵ ਹਨ ਪਰ ਇਨ੍ਹਾਂ ਨੂੰ ਆਤਮਨਿਰਭਰਤਾ ਦੇ ਉਤਸਵ ਵੀ ਬਣਾਉਣੇ ਚਾਹੀਦੇ ਹਨ। ਅਸੀਂ ਜੋ ਵੀ ਖਰੀਦਾਂਗੇ, ਉਹ ਮੇਡ ਇਨ ਇੰਡੀਆ ਹੋਵੇਗਾ।’ ਮੋਦੀ ਪਿਛਲੇ 11 ਸਾਲਾਂ ਤੋਂ ਆਤਮਨਿਰਭਰ ਭਾਰਤ ਅਤੇ ਮੇਕ ਇਨ ਇੰਡੀਆ ਮੁਹਿੰਮ ਚਲਾ ਰਹੇ ਹਨ। ਪਰ ਅਸਲੀ ਸਵਾਲ ਇਹ ਹੈ ਕਿ ਇਹ ਸੱਦਾ ਕਿਉਂ ਦਿੱਤਾ ਗਿਆ ? ਮਾਹਿਰਾਂ ਮੁਤਾਬਕ, ਇਹ ਟਰੰਪ ਦੇ ਟੈਰਿਫ਼ਾਂ ਨੂੰ ਜਵਾਬ ਵਜੋਂ ਵੇਖਿਆ ਜਾ ਰਿਹਾ ਹੈ।

ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਅਸ਼ੋਕ ਕੁਮਾਰ ਮਿੱਤਲ ਨੇ ਟਰੰਪ ਨੂੰ ਖੁੱਲ੍ਹਾ ਪੱਤਰ ਲਿਖ ਕੇ 1905 ਦੇ ਸਵਦੇਸ਼ੀ ਅੰਦੋਲਨ ਦੀ ਯਾਦ ਦਿਵਾਈ। ਉਨ੍ਹਾਂ ਕਿਹਾ ਕਿ ਜੇ 146 ਕਰੋੜ ਭਾਰਤੀ ਉਸੇ ਭਾਵਨਾ ਨਾਲ ਅਮਰੀਕੀ ਕੰਪਨੀਆਂ ’ਤੇ ਰਣਨੀਤਕ ਰੋਕ ਲਗਾਉਣ ਤਾਂ ਅਸਰ ਅਮਰੀਕਾ ’ਤੇ ਭਾਰਤ ਤੋਂ ਵੱਧ ਹੋਵੇਗਾ। ਪੈਪਸੀਕੋ ਲਈ ਭਾਰਤ ਦੁਨੀਆ ਦੇ ਟਾਪ-15 ਬਾਜ਼ਾਰਾਂ ਵਿੱਚ ਸ਼ਾਮਲ ਹੈ ਅਤੇ ਕੰਪਨੀ ਨੇ ਪਿਛਲੇ ਤਿੰਨ ਸਾਲਾਂ ਵਿੱਚ ਇੱਥੇ 3500-4000 ਕਰੋੜ ਰੁਪਏ ਨਿਵੇਸ਼ ਕੀਤੇ ਹਨ। ਇਸ ਲਈ ਬਾਈਕਾਟ ਨੇ ਇਨ੍ਹਾਂ ਕੰਪਨੀਆਂ ਨੂੰ ਚਿੰਤਾ ਵਿੱਚ ਪਾ ਦਿੱਤਾ ਹੈ।

**ਪਰ ਇਹ ਮੁਹਿੰਮ ਕਿੰਨੀ ਸਫ਼ਲ ਹੋਵੇਗੀ ?**

ਇਤਿਹਾਸ ਵੇਖੀਏ ਤਾਂ 1915 ਵਿੱਚ ਮਹਾਤਮਾ ਗਾਂਧੀ ਨੇ ਵਿਦੇਸ਼ੀ ਵਸਤਾਂ ਦਾ ਬਾਈਕਾਟ ਕੀਤਾ ਸੀ ਅਤੇ ਲੋਕਾਂ ਨੇ ਅੰਗਰੇਜ਼ੀ ਸਾਮਾਨ ਨੂੰ ਅੱਗ ਲਗਾਈ ਸੀ। ਪਰ ਅੱਜ ਦਾ ਜ਼ਮਾਨਾ ਵੱਖਰਾ ਹੈ। ਦੁਨੀਆ ਇੱਕ ਗਲੋਬਲ ਵਿਲੇਜ ਬਣ ਗਈ ਹੈ। ਕੋਈ ਵੀ ਦੇਸ਼ ਪੂਰੀ ਤਰ੍ਹਾਂ ਆਤਮਨਿਰਭਰ ਨਹੀਂ ਹੋ ਸਕਦਾ। ਭਾਰਤ ਦੀ ਚੀਨ ’ਤੇ ਨਿਰਭਰਤਾ ਵਧੀ ਹੈ - ਵਪਾਰ ਘਾਟਾ ਦਿਨ ਦੂਣੀ ਰਾਤ ਚੌਗਣੀ ਵਧ ਰਿਹਾ ਹੈ। ਤੇਲ ਆਯਾਤ 80 ਤੋਂ 82 ਫ਼ੀਸਦੀ ਤੱਕ ਪਹੁੰਚ ਗਿਆ ਹੈ। ਅਮਰੀਕਾ ਤੋਂ ਊਰਜਾ ਖਰੀਦ ਵੀ ਦੂਣੀ ਹੋ ਗਈ ਹੈ। ਪਿਛਲੇ 11 ਸਾਲਾਂ ਵਿੱਚ ਆਤਮਨਿਰਭਰਤਾ ਦੀ ਬਜਾਏ ਨਿਰਭਰਤਾ ਵਧੀ ਹੈ। ਛੋਟੇ ਉਦਮੀਆਂ ਨੂੰ ਹੱਲਾਸ਼ੇਰੀ ਨਹੀਂ ਮਿਲੀ ਅਤੇ ਉਹ ਵਪਾਰੀ ਬਣ ਗਏ, ਚੀਨ ਤੋਂ ਸਾਮਾਨ ਲਿਆ ਕੇ ਵੇਚਣ ਲੱਗੇ।

**ਰਾਮਦੇਵ ਦੀ ਨਵੀਂ ਛੁਰਲੀ ਦੇ ਅਰਥ ਕੀ ਹਨ ?**

ਰਾਮਦੇਵ ਨਾ ਸਿਰਫ਼ ਅਮਰੀਕੀ ਕੰਪਨੀਆਂ ਨੂੰ ਨਿਸ਼ਾਨਾ ਬਣਾ ਰਹੇ ਹਨ ਬਲਕਿ ਪਤੰਜਲੀ ਵਰਗੇ ਆਪਣੇ ਬ੍ਰਾਂਡਾਂ ਨੂੰ ਵਧਾਉਣਾ ਚਾਹੁੰਦੇ ਹਨ। ਪਰ ਵਿਹਾਰਕ ਤੌਰ ’ਤੇ ਇਹ ਮੁਸ਼ਕਿਲ ਹੈ। ਅੱਜ ਲੋਕਾਂ ਦੀ ਜ਼ਿੰਦਗੀ ਵਿੱਚ ਅਮਰੀਕੀ ਬ੍ਰਾਂਡ ਘੁਲਮਿਲ ਗਏ ਹਨ। ਨੌਜਵਾਨ ਕੋਲਾ ਅਤੇ ਫ਼ਾਸਟ ਫ਼ੂਡ ਤੋਂ ਪਰਹੇਜ਼ ਕਰਨਾ ਮੁਸ਼ਕਿਲ ਸਮਝਦੇ ਹਨ।

**ਇਸ ਮੁਹਿੰਮ ਦਾ ਅਸਰ ਕੀ ਹੋਵੇਗਾ ?**

ਜੇ ਇਹ ਮੁਹਿੰਮ ਸਫ਼ਲ ਹੋਈ ਤਾਂ ਭਾਰਤੀ ਉਦਮੀਆਂ ਨੂੰ ਬੂਸਟ ਮਿਲੇਗਾ। ਛੋਟੀਆਂ ਵਸਤਾਂ ਜਿਵੇਂ ਰੋਜ਼ਮਰਾ ਦੇ ਸਾਮਾਨ ਦਾ ਉਤਪਾਦਨ ਵਧੇਗਾ। ਆਪਣੇ ਸੋਸ਼ਲ ਮੀਡੀਆ ਪਲੈਟਫ਼ਾਰਮ, ਸਰਚ ਇੰਜਨ ਅਤੇ ਈ-ਕਾਮਰਸ ਵਿਕਸਿਤ ਹੋਣਗੇ। ਪਰ ਜੇ ਅਸਫ਼ਲ ਹੋਈ ਤਾਂ ਇਹ ਸਿਰਫ਼ ਨਾਰੇਬਾਜ਼ੀ ਬਣ ਕੇ ਰਹਿ ਜਾਵੇਗੀ। ਮਾਹਿਰ ਕਹਿੰਦੇ ਹਨ ਕਿ ਆਤਮਨਿਰਭਰਤਾ ਲਈ ਛੋਟੇ ਕਦਮ ਚਾਹੀਦੇ ਹਨ - ਉਦਮੀਆਂ ਨੂੰ ਉਤਸ਼ਾਹਿਤ, ਤਕਨੀਕ ਵਿੱਚ ਨਿਵੇਸ਼ ਅਤੇ ਨੀਤੀਆਂ ਵਿੱਚ ਸੁਧਾਰ। ਆਖਰ ਵਿੱਚ, ਇਹ ਮੁਹਿੰਮ ਭਾਰਤ ਨੂੰ ਮਜ਼ਬੂਤ ਬਣਾਉਣ ਵਾਲੀ ਹੈ ਪਰ ਇਸ ਨੂੰ ਵਿਹਾਰਕ ਬਣਾਉਣ ਲਈ ਨੈਤਿਕ ਅਤੇ ਵਿਵਹਾਰਕ ਤਾਕਤ ਚਾਹੀਦੀ ਹੈ।

# ਭਾਰਤ-ਅਮਰੀਕਾ ਵਿਚਾਲੇ ਹੋ ਸਕਦੀ ਹੈ ਟੈਰਿਫ਼ ਸਬੰਧੀ ਗੱਲਬਾਤ

ਨਵੀਂ ਦਿੱਲੀ/ਏ.ਟੀ.ਨਿਊਜ਼: ਭਾਰਤ ਅਤੇ ਅਮਰੀਕਾ ਵਿਚਕਾਰ ਗੱਲਬਾਤ ਲਈ ਰਾਹ ਅਜੇ ਵੀ ਖੁੱਲ੍ਹੇ ਹਨ ਅਤੇ ਚੱਲ ਰਹੇ ਟੈਰਿਫ਼ ਮੁੱਦੇ ਨੂੰ ਹੱਲ ਕਰਨ ਲਈ ਯਤਨ ਜਾਰੀ ਰਹਿਣਗੇ। ਸਰਕਾਰੀ ਸੂਤਰਾਂ ਨੇ ਇਹ ਜਾਣਕਾਰੀ ਦਿੱਤੀ।

ਅਮਰੀਕੀ ਸਰਕਾਰ ਨੇ ਕੁਝ ਖੇਤਰਾਂ ਨੂੰ ਛੱਡ ਕੇ ਅਮਰੀਕਾ ਨੂੰ ਭਾਰਤੀ ਸਮਾਨ ’ਤੇ ਕੁੱਲ 50 ਫ਼ੀਸਦੀ ਟੈਰਿਫ ਲਾਇਆ ਹੈ, ਜੋ ਲਾਗੂ ਹੋ ਗਿਆ ਹੈ।



ਸੂਤਰਾਂ ਨੇ ਕਿਹਾ, “ਭਾਰਤੀ ਸਮਾਨ ਦੀ ਵਿਭਿੰਨ ਪ੍ਰਕਿਰਤੀ ਦੇ ਮੱਦੇਨਜ਼ਰ ਟੈਰਿਫ਼ ਦਾ ਪ੍ਰਭਾਵ ਓਨਾ ਗੰਭੀਰ ਹੋਣ ਦੀ ਸੰਭਾਵਨਾ ਨਹੀਂ ਹੈ ਜਿੰਨਾ ਕਿ ਖ਼ਦਸ਼ਾ ਜਤਾਇਆ ਜਾ ਰਿਹਾ ਹੈ।” ਉਨ੍ਹਾਂ ਆਖਿਆ ਕਿ ਇਸ ਮੁੱਦੇ ਦੇ ਹੱਲ ਲਈ ਭਾਰਤ ਅਤੇ ਅਮਰੀਕਾ ਵਿਚਕਾਰ ਗੱਲਬਾਤ ਦੇ ਰਾਹ ਖੁੱਲ੍ਹੇ ਹਨ।

ਸੂਤਰਾਂ ਨੇ ਅੱਗੇ ਕਿਹਾ ਕਿ ਜਿੱਥੋਂ ਤੱਕ ਸਮਾਨ ਬਰਾਮਦਕਾਰਾਂ ਦਾ ਸਬੰਧ ਹੈ, ਘਬਰਾਉਣ ਦੀ ਕੋਈ ਗੱਲ ਨਹੀਂ ਹੈ। ਉਨ੍ਹਾਂ ਨੇ ਜ਼ੋਰ ਦੇ ਕੇ ਆਖਿਆ, “ਇਹ ਭਾਰਤ ਅਤੇ ਅਮਰੀਕਾ ਵਿਚਕਾਰ ਲੰਬੇ ਸਮੇਂ ਦੇ ਸਬੰਧਾਂ ਦੌਰਾਨ ਇੱਕ ਅਸਥਾਈ ਪੜਾਅ ਹੈ।”

# ਪੰਜਾਬ ’ਚ ਹੜ੍ਹਾਂ ਦੀ ਮਾਰ, ਕਿਸਾਨ ਤੋਂ ਲੈ ਕੇ ਆਮ ਆਦਮੀ ਤੱਕ ਬੇਹਾਲ

## ਦਰਿਆ ਪਾਕ ਹੋਵੇ ਤਾਂ ਸਾਹਾਂ ਦੀ ਸਾਰੰਗੀ, ਪਲੀਤ ਹੋਵੇ ਤਾਂ ਜ਼ਿੰਦਗੀ ਬੇਢੰਗੀ

**ਬਲਰਾਜ ਪੰਨੂੰ**





ਅਜੇ ਕੱਲ੍ਹ ਦੀਆਂ ਗੱਲਾਂ ਨੇ ਕਿ ਲੱਕ ਲੱਕ ਖੜੇ ਹੋਏ ਝੋਨੇ ਦੀ ਫ਼ਸਲ ਨੇ ਕਿਸਾਨਾਂ ਨੂੰ ਸੁਪਨਿਆਂ ਦੀ ਪੀਂਘ ’ਤੇ ਸਵਾਰ ਕਰ ਦਿੱਤਾ ਸੀ। ਉਹ ਸੋਚਦੇ ਸੀ ਕਿ ਐਤਕੀ ਚੰਗੀ ਫਸਲ ਕਰਕੇ ਕਈ ਬੁੱਤੇ ਸਰ ਜਾਣਗੇ, ਪਰ ਰਾਵੀ, ਸਤਲੁਜ ਅਤੇ ਬਿਆਸ ਪਤਾ ਨਹੀਂ ਕਿਹੜੇ ਗੁੱਭ ਗਬਾਟ ਹਿੱਕ ਵਿੱਚ ਦੱਬੀ ਬੈਠੇ ਸਨ ਕਿ ਉਹਨਾਂ ਨੇ ਨਾ ਗਰੀਬ ਦੀ ਝੁੱਗੀ ਵੇਖੀ ਤੇ ਨਾ ਹੀ ਅਮੀਰ ਦਾ ਮਹੱਲ। ਨਾ ਕੋਈ ਡੰਗਰ ਮਾਲ ਤੇ ਨਾ ਕੋਈ ਨਿਆਣਾ ਸਿਆਣਾ। ਪਰ ਸਿਆਸਤਦਾਨਾਂ ਦਾ ਤਾਂ ਵਾਲ ਵੀ ਵਿੰਗਾਂ ਨਹੀਂ ਹੋਇਆ। ਉਹਨਾਂ ਨੇ ਤਾਂ ਦਰਿਆਵਾਂ ਦੇ ਪਾਣੀਆਂ ਦੇ ਵੀ ਸੌਦੇ ਕਰ ਲਏ ਹਨ। ਵੈਸੇ ਦਰਿਆਵਾਂ ਤੇ ਮਨੁੱਖਾਂ ਦੀ ਸਾਂਝ ਬੜੀ ਪੀਢੀ ਹੈ। ਇਸ ਨੇੜਤਾ ਨੇ ਮਨੁੱਖ ਨੂੰ ਵਸੀਲੇ, ਵਾਤਾਵਰਣ, ਵਧੀਆ ਹਾਲਾਤ ਤੇ ਕਈ ਹੋਰ ਸੁਵਿਧਾਵਾਂ ਦੇ ਨਾਲ ਲਬਰੇਜ਼ ਵੀ ਕੀਤਾ। ਪਰ ਉਹ ਵੀ ਕੀ ਕਰਨ ? ਅਸੀਂ ਸਵਾਰਥੀ ਵੀ ਤਾਂ ਬਹੁਤ ਜ਼ਿਆਦਾ ਹੋ ਗਏ ਹਾਂ। ਜਿਸ ਮਿੱਟੀ ਦੀ ਖ਼ੁਸ਼ਬੋ ਨੂੰ ਸਾਡੇ ਵੱਡੇ ਵਡੇਰੇ ਸੁੰਘ ਕੇ ਨਸ਼ਿਆ ਜਾਂਦੇ ਸਨ, ਅਸੀਂ ਤਾਂ ਉਹ ਮਿੱਟੀ ਆਪਣੀ ਅੱਡੀ ਨੂੰ ਵੀ ਨਹੀਂ ਲੱਗਣ ਦਿੰਦੇ। ਪਤਾ ਨਹੀਂ ਕਿਉਂ ਅਸੀਂ ਅਨਜਾਣ ਬਣ ਗਏ ਕਿ ਜੇ ਦਰਿਆ ਪਲੀਤ ਹੋ ਗਏ, ਬਿਰਖ਼ ਨਾ ਰਹੇ, ਪਰਿੰਦੇ ਉਡਾਰੀ ਮਾਰ ਗਏ ਤਾਂ ਨੋਟ ਖਾ ਕੇ ਅਸੀਂ ਜੀ ਲਵਾਂਗੇ ਪਰ ਨੋਟ ਖਾ ਕੇ ਤਾਂ ਨਹੀਂ ਨਾ ਜੀਵਿਆ ਜਾਂਦਾ। ਕਿਸੇ ਸਿਆਣੇ ਨੇ ਕਿਹਾ ਕਿ ‘ਦਰਿਆ ਪਾਕ ਹੋਵੇ ਤਾਂ ਸਾਹਾਂ ਦੀ ਸਾਰੰਗੀ, ਪਲੀਤ ਹੋਵੇ ਤਾਂ ਜ਼ਿੰਦਗੀ ਬੇਢੰਗੀ’। ਤਾਂ ਹੀ ਤਾਂ ਅੱਜ ਅਸੀਂ ਲਾਪਰਵਾਹੀ ਦਾ ਹੀ ਭੁਗਤਾਨ ਭੁਗਤ ਰਹੇ ਹਾਂ। ਭਾਂਵੇਂ ਕਿ ਪੰਜਾਬ ਵਿੱਚ ਆਏ ਹੜ੍ਹਾਂ ਦੇ ਵਿੱਚ ਸਰਕਾਰ ਦੀ ਅਣਗਹਿਲੀ ਜ਼ਿਆਦਾ ਹੈ, ਪਰ ਕਹਿਣ ਵਾਲੇ ਤਾਂ ਇਹ ਵੀ ਕਹਿ ਰਹੇ ਨੇ ਕਿ ਇਹ ਪੰਜਾਬ ਨੂੰ ਤਬਾਹ ਕਰਨ ਦੀਆਂ ਚਾਲਾਂ ਨੇ।

ਇਤਿਹਾਸ ਵਿੱਚ ਝਾਤੀ ਮਾਰੀਏ ਤਾਂ ਦਰਿਆ ਰਾਜਿਆਂ ਮਹਾਰਾਜਿਆਂ ਦੇ ਲਈ ਧੌਂਸ ਜਮਾਉਣ ਦੀ ਜਗ੍ਹਾ ਰਹੇ ਨੇ। ਤੇ ਅੱਜ ਵੀ ਤਾਂ ਦੋਹਾਂ ਬੰਨਿਆਂ ’ਤੇ ਰਾਜੇ ਧੌਂਸ ਹੀ ਜਮਾ ਰਹੇ ਨੇ। ਉਹ ਵੀ ਦੋਵਾਂ ਪੰਜਾਬਾਂ ਦੀ ਪਾਣੀ ਦੇ ਨਾਲ ਸੰਘੀ ਨੱਪ ਕੇ। ਇਹ ਸਿਆਸਤਦਾਨ ਏਨੇ ਚਲਾਕ ਨੇ ਕਿ ਦੋਸ਼ੀ ਦਰਿਆਵਾਂ ਨੂੰ ਸਾਬਿਤ ਕਰ ਦਿੱਤਾ। ਸਿਆਸਤਦਾਨ ਹੋਛੀ ਰਾਜਨੀਤੀ ਹੀ ਤਾਂ ਕਰ ਸਕਦੇ ਨੇ। ਇਹਨਾਂ ਵਿੱਚ ਏਨੀ ਤਾਕਤ ਜਾਂ ਸੂਝ ਕਿੱਥੋਂ ਕਿ ਪੋਰਸ ਤੇ ਸਿੰਕਦਰ ਵਾਂਗੂੰ ਬਿਆਸ ਦੇ ਵਹਾਅ ਨੂੰ ਫਿੱਕਿਆਂ ਪਾ ਦੇਣ ਜਾਂ ਮਹਾਰਾਜਾ ਰਣਜੀਤ ਸਿੰਘ ਵਾਂਗੂੰ ਅਟਕ ਦਰਿਆ ਨੂੰ ਠਹਿਰਣ ਦਾ ਹੁਕਮ ਦੇ ਦੇਣ ਜਾਂ ਕਲਗੀਆਂ ਵਾਲੇ ਸਮੇਤ ਸਿੱਖ ਯੋਧੇ ਸਰਸਾ ਦੀ ਹਿੱਕ ਨੂੰ ਚੀਰ ਕੇ ਪਾਰ ਕਰ ਜਾਣ।

ਦੋਹਾਂ ਪੰਜਾਬਾਂ ਲਹਿੰਦੇ ਤੇ ਚੜ੍ਹਦੇ ਵਿੱਚ ਪਾਣੀ ਦਾ ਕਹਿਰ ਲਗਾਤਾਰ ਜਾਰੀ ਹੈ। ਹਜ਼ਾਰਾਂ ਲੋਕ ਬੇਘਰ ਹੋ ਗਏ ਨੇ। ਚੜ੍ਹਦੇ ਪੰਜਾਬ ਦੇ ਵਿੱਚ 30 ਤੋਂ 35 ਮੌਤਾਂ ਦਸੀਆਂ ਜਾ ਰਹੀਆਂ ਨੇ ਤੇ ਲਹਿੰਦੇ ਪੰਜਾਬ ਦੇ ਵਿੱਚ 850 ਦੇ ਕਰੀਬ ਜਾਨਾਂ ਦਾ ਨੁਕਸਾਨ ਹੋਇਆ ਹੈ। ਇਸ ਪਾਣੀ ਦੇ ਸਿਤਮ ਵਿੱਚ ਹੌਕੇ, ਸਿਸਕੀਆਂ, ਤਰਲੇ, ਲਿਲਕੜੀਆਂ, ਅੰਦਰੋਂ ਅੰਦਰੀਂ ਰੌਂਦੇ ਚਿਹਰੇ ਅਜੇ ਵੀ ਸਿਆਸਤ ਦੇ ਬੋਲੇ ਕੰਨਾਂ ਤੱਕ ਦਸਤਕ ਨਹੀਂ ਦੇ ਰਹੇ। ਜਿਸ ਆਮ ਆਦਮੀ ਪਾਰਟੀ ਨੂੰ ਦਿੱਲੀ ਬੈਠਿਆਂ ਧੂੰਆਂ ਪਹੁੰਚ ਜਾਂਦਾ ਸੀ, ਉਸ ਨੂੰ ਪੰਜਾਬ ਵੱਲ ਵੱਧਦਾ ਪਾਣੀ ਕਿਉਂ ਨਹੀਂ ਦਿਖਿਆ ? ਇਸ ਪਾਣੀ ਨੇ ਕੁਰੱਪਸ਼ਨ, ਧਾਂਦਲੀ ਤੇ ਦਲਾਲੀ ਦੀ ਪੋਲ ਖੋਲ ਕੇ ਰੱਖ ਦਿੱਤੀ ਹੈ। ਪਰ ਦਰਿਆਵਾਂ ਵਰਗੇ ਦਿਲ ਰੱਖਣ ਵਾਲੇ ਪੰਜਾਬੀ ਦਰਿਆਵਾਂ ਦੇ ਪਾਣੀ ਦੇ ਨਾਲ ਸਿੱਝ ਰਹੇ ਨੇ। ਇੱਕ ਦੂਜੇ ਨੂੰ ਹੌਸਲਾ ਦਿੰਦੇ ਹੋਏ ਕਹਿੰਦੇ ਨੇ ਕਿ ਕੋਈ ਗੱਲ ਨਹੀਂ। ਅਸੀਂ ਪੰਜਾਬ ਦੇ ਵਾਸੀ ਹਾਂ। ਹੌਂਸਲੇ ਦੀ ਕੋਈ ਕਮੀ ਨਹੀਂ ਪਰ ਹੌਂਸਲਾ ਪਰਮਾਤਮਾ ਬਰਕਰਾਰ ਰੱਖੇ। ਅਸੀਂ ਪੰਜਾਬ ਨੂੰ ਦੱਬਣ ਨਹੀਂ ਦਿੰਦੇ। ਤੇ ਵਾਹਿਗੁਰੂ ਦੇ ਜੈਕਾਰੇ ਦੇ ਵਿੱਚ ਪਤਾ ਨਹੀਂ ਕਿੰਨਾ ਕੁ ਜਨੂੰਨ ਹੈ ਕਿ ਡਿੱਗ ਕੇ ਫਿਰ ਦੂਗਣੇ ਹੌਂਸਲੇ ਨਾਲ ਉੱਠਣ ਦੀ ਤਾਕਤ ਉਹਨਾਂ ਵਿੱਚ ਆਉਣ ਲੱਗਦੀ ਹੈ। ਸਦਕੇ ਜਾਈਏ ਪੰਜਾਬ ਦੇ ਕਲਾਕਾਰਾਂ ਦੇ ਤੇ ਵਿਦੇਸ਼ਾਂ ’ਚ ਬੈਠੇ ਐਨ.ਆਰ.ਆਈ.ਭੈਣ ਭਰਾਵਾਂ ਅਤੇ ਹੋਰ ਬਹੁਤ ਸਾਰੀਆਂ ਸੰਸਥਾਵਾਂ ਦੇ, ਜਿਹਨਾਂ ਨੇ ਇਸ ਔਖੀ ਘੜੀ ਦੇ ਵਿੱਚ ਪੰਜਾਬ ਨੂੰ ਮੋਢਿਆਂ ’ਤੇ ਚੁੱਕ ਲਿਆ ਤੇ ਲਾਹਨਤ ਹੈ ਉਹਨਾਂ ਡੇਰਿਆਂ ਤੇ ਢੌਂਗੀ ਬਾਬਿਆਂ ’ਤੇ ਜਿਹਨਾਂ ਨੇ ਲੋਕਾਂ ਦੇ ਸਿਰਾਂ ’ਤੇ ਅਰਬਾਂ ਖਰਬਾਂ ਦੀ ਜਾਇਦਾਦ ਬਣਾਈ ਪਰ ਚਮਤਕਾਰ ਇਸ ਔਖੀ ਘੜੀ ਵਿੱਚ ਕੋਈ ਵੀ ਨਹੀਂ ਦਿਖਾਇਆ। ਸਿਆਸਤ ਦੇ ਮੂੰਹ ’ਤੇ ਵੀ ਇੱਕ ਜ਼ੋਰਦਾਰ ਥੱਪੜ ਹੈ ਕਿ ਜਾਤਾਂ-ਪਾਤਾਂ ਦੇ ਮਸਲੇ ’ਤੇ ਲੜਾਉਣ ਵਾਲਿਓ ਵੇਖੋ, ਪਛਾਣੋ, ਇਸ ਭੀੜ ਦੇ ਵਿੱਚ ਹਿੰਦੂ ਵੀ ਹੈ, ਮੁਸਲਮਾਨ ਵੀ ਹੈ ਤੇ ਸਿੱਖ ਵੀ ਹੈ। ਜੋ ਮੋਢੇ ਨਾਲ ਮੋਢਾ ਜੋੜ ਕੇ ਖੜੇ ਨੇ।

ਹਾਲੇ ਕੁਝ ਕੁ ਮਹੀਨੇ ਪਹਿਲਾਂ ਦੀ ਗੱਲ ਹੈ ਕਿ ਪਾਕਿਸਤਾਨ ਨੂੰ ਅੰਨ੍ਹੇ ਭਗਤ ਲੋਕ ਪਾਣੀ ਬੰਦ ਕਰਨ ਦੀਆਂ ਧਮਕੀਆਂ ਦੇ ਰਹੇ ਸਨ ਪਰ ਕੁਦਰਤ ਦੇ ਰੰਗ ਵੇਖੋ ਭਾਵੇਂ ਦੋਹਾਂ ਪੰਜਾਬਾਂ ਨੂੰ ਮੇਲਣ ਦਾ ਇਹ ਕੋਈ ਢੰਗ ਚੰਗਾ ਤਾਂ ਨਹੀਂ ਸੀ ਪਰ ਦੋਹੇਂ ਲਹਿੰਦੇ ਤੇ ਚੜ੍ਹਦੇ ਪੰਜਾਬ ਦੇ ਭਰਾ ਉਸ ਕਲਿਹਣੀ ਲਕੀਰ ’ਤੇ ਬਿਨਾਂ ਕਿਸੇ ਬੰਦਸ਼ ਦੇ ਇੱਕ ਦੂਜੇ ਨੂੰ ਹੌਂਸਲਾ ਦਿੰਦੇ ਵੇਖੇ ਗਏ। ਇੱਕ ਗੱਲ ਦਾ ਰੋਸ ਉਹਨਾਂ ਲੋਕਾਂ ਨਾਲ ਵੀ ਹੈ ਜਿਹਨਾਂ ਦਾ ਦਾਲ ਫੁਲਕਾ ਵੀਡੀਓ ਬਣਾਉਣ ਕਰਕੇ ਹੀ ਚੱਲਦਾ ਹੈ। ਉਹ ਏ.ਆਈ. ਦੀ ਸਹਾਇਤਾ ਦੇ ਨਾਲ ਬਹੁਤ ਭਿਆਨਕ ਵੀਡੀਓ ਬਣਾ ਕੇ ਲੋਕਾਂ ਨੂੰ ਹੋਰ ਡਰਾ ਰਹੇ ਨੇ। ਬੇਨਤੀ ਇਹਨਾਂ ਨੂੰ ਹੈ ਕਿ ਇਸ ਔਖੀ ਘੜੀ ਦੇ ਵਿੱਚ ਹੌਂਸਲੇ ਵਾਲੇ, ਚੜ੍ਹਦੀਕਲਾ ਵਾਲੇ ਵੀਡੀਓ ਬਣਾਓ। ਜਿੰਨੀ ਇਹ ਆਫ਼ਤ ਵੱਡੀ ਹੈ, ਉਨੀ ਹੀ ਨੈਸ਼ਨਲ ਮੀਡੀਆ ਦੀ ਕਵਰੇਜ਼ ਪੰਜਾਬ ਲਈ ਛੋਟੀ ਲੱਗੀ। ਛੋਟੇ ਤਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਬਹੁਤ ਲੱਗੇ ਕਿਉਂਕਿ ਏਨੀ ਵੱਡੀ ਕੁਰਸੀ ’ਤੇ ਬੈਠ ਕੇ ਪੂਰੇ ਭਾਰਤ ਵਿਚੋਂ ਪੰਜਾਬ ਪ੍ਰਤੀ ਦੁੱਖ ਜ਼ਾਹਿਰ ਨਾ ਕਰਕੇ ਬੇਗਾਨੇਪਣ ਦਾ ਅਹਿਸਾਸ ਕਰਵਾ ਦਿੱਤਾ। ਇਹ ਵੀ ਗੱਲ ਸੋਚਣ ਵਾਲੀ ਹੈ ਕਿ ਇਸ ਕਹਿਰ ਦੇ ਸਮੇਂ ਦੇ ਵਿੱਚ ਭਗਵੰਤ ਮਾਨ ਨੇ ਆਮ ਆਦਮੀ ਪਾਰਟੀ ਦੀ ਬੀਬੀ ਦੇ ਨਾਲ ਰਲ ਕੇ ਰੋਣ ਵਾਲਾ ਡਰਾਮਾ ਕਿਉਂ ਕੀਤਾ ? ਹੱਦ ਇਸ ਗੱਲ ਦੀ ਹੈ ਕਿ ਦੋਵੇਂ ਰੋਣ ਦਾ ਡਰਾਮਾ ਕਰਦੇ ਰਹੇ ਪਰ ਪਾਰਟੀ ਦੀ ਆਈ.ਡੀ. ਬੀਬੀ ਲਾਹੁਣਾ ਹੀ ਭੁੱਲ ਗਈ। ਇੱਥੋਂ ਇਹ ਸਿੱਖਿਆ ਮਿਲਦੀ ਹੈ ਕਿ ਕਲਾਕਾਰੀ ਵੀ ਕਲਾ ਦੇ ਮਾਹੌਲ ਦੇ ਵਿੱਚ ਹੀ ਸਹੀ ਬੈਠਦੀ ਹੈ। ਐਹੋ ਜਿਹੇ ਮਾਹੌਲ ਦੇ ਵਿੱਚ ਨਹੀਂ। ਇਹ ਨਾ ਸਮਝਿਓ ਕਿ ਆਮ ਆਦਮੀ ਪਾਰਟੀ ਪੰਜਾਬ ਵਿੱਚ ਕੰਮ ਨਹੀਂ ਕਰ ਰਹੀ। ਕੰਮ ਕਰ ਰਹੀ ਹੈ, ਤਾਂ ਹੀ ਤਾਂ ਆਮ ਆਦਮੀ ਪਾਰਟੀ ਦੇ ਤਿੰਨ ਮਨਿਸਟਰ ਕਿਸ਼ਤੀ ਦੇ ਵਿੱਚ ਬੈਠੇ ਹੜ੍ਹਾਂ ਦਾ ਜਾਇਜ਼ਾ ਲੈਣ ਦਾ ਢੌਂਗ ਕਰਦੇ ਹੋਏ ਸਵੀਡਨ ਤੇ ਗੋਆ ’ਚ ਲ਼ਗਜ਼ਰੀ ਕਰੂਜ਼ ਦੀ ਚਰਚਾ ਕਰਦਿਆਂ ਦੀ ਵੀਡੀਓ ਵਾਇਰਲ ਹੋਈ। ਕਈ ਵਾਰ ਕ੍ਰੈਡਿਟ ਲੈਣ ਦੇ ਚੱਕਰ ਦੇ ਵਿੱਚ ਰਾਜਨੀਤੀ ਮਹਿੰਗੀ ਪੈ ਜਾਂਦੀ ਹੈ। ਭਗਵੰਤ ਮਾਨ ਸਰਕਾਰ ਪੰਜਾਬ ਲਈ ਪੂਰੀ ਡਟੀ ਹੋਈ ਹੈ ਤਾਂ ਹੀ ਤਾਂ ਬਾਕੀ ਸਾਰੇ ਕੰਮ ਛੱਡ ਕੇ ਹਰਮੀਤ ਸਿੰਘ ਪਠਾਨਮਾਜਰੇ ਵਾਲੇ ਮੁੱਦੇ ’ਤੇ ਜ਼ਿਆਦਾ ਗੌਰ ਕਰ ਰਹੀ ਹੈ। ਚਰਚਾ ਦੇ ਵਿੱਚ ਤਾਂ ਇਹ ਵੀ ਹੈ ਕਿ ਇਹ ਮੁੱਦਾ ਲੋਕਾਂ ਦਾ ਧਿਆਨ ਭਟਕਾਉਣ ਦੇ ਲਈ ਕੀਤਾ ਗਿਆ ਹੈ ਤੇ ਅੰਦਾਜ਼ੇ ਇਹ ਵੀ ਨੇ ਕਿ ਹਰਮੀਤ ਪਠਾਨਮਾਜਰਾ ਮੌਕੇ ’ਤੇ ਚੌਕਾ ਮਾਰ ਗਿਆ।

ਮੁੱਕਦੀ ਗੱਲ ਇਹ ਹੈ ਕਿ ਹੜ੍ਹ ਦੀ ਮਾਰ ਤੋਂ ਬਾਅਦ ਲੋਕ ਫੇਰ ਆਪਣੇ ਕੰਮਾਂ ਧੰਦਿਆਂ ਦੇ ਵਿੱਚ ਲੱਗ ਜਾਣਗੇ ਜਾਂ ਸਰਕਾਰ ਨੂੰ ਸਵਾਲ ਕਰਨਗੇ ਕਿ ਏਨੇ ਵੱਡੇ ਬੰਨਾਂ ਦੇ ਬਾਵਜੂਦ ਤਬਾਹੀ ਕਿਉਂ ? ਘੱਗਰ ਨਦੀ ਕਿਉਂ ਤਬਾਹੀ ’ਤੇ ਤੁਲੀ ਸੀ ਕੀ ਲੋਕ ਪੁੱਛਣਗੇ ? ਜਾਂ ਸਿਆਸਤਦਾਨਾਂ ਵੱਲੋਂ ‘ਕਲਾਈਮੇਟ ਚੇਂਜ’ ਸੁਣ ਕੇ ਚੁੱਪਚਾਪ ਸਹਿ ਲੈਣਗੇ। ਜੇ ਸਿਆਸਤਦਾਨ ਇਹੀ ਸੋਚਦੇ ਨੇ ਤਾਂ ਉਹ ਗਲਤ ਨੇ ਕਿਉਂਕਿ ਲੋਕ ਪਾਣੀ ਦੇ ਵਿੱਚ ਵੀ ਸਿਆਸਤਦਾਨਾਂ ਨੂੰ ਲਲਕਾਰੇ ਮਾਰ ਰਹੇ ਨੇ ਕਿ ਕਿਧਰੇ ਪਿੰਡਾਂ ਵੱਲ ਗੇੜਾ ਨਾ ਮਾਰ ਜਾਇਓ। ਰਹੀ ਗੱਲ ਪੰਜਾਬ ਦੀ ਤਾਂ ਅਸੀਂ ਸਾਂਭ ਲਵਾਂਗੇ ਪੰਜਾਬ ਨੂੰ। ਸਾਡਾ ਭਾਈਚਾਰਾ ਮਜ਼ਬੂਤ ਹੈ। ਇਤਿਹਾਸ ਗਵਾਹ ਹੈ ਕਿ ਪੰਜਾਬ ਨੂੰ ਤੋੜਨ ਦੀ ਸਦੀਆਂ ਤੋਂ ਕੋਸ਼ਿਸ਼ ਕੀਤੀ ਗਈ। ਉਹ ਟੁੱਟਿਆ, ਡਿੱਗਿਆ ਤੇ ਦੂਣ ਸਵਾਇਆ ਹੋ ਕੇ ਉੱਠਿਆ ਤੇ ਹੁਣ ਵੀ ਉੱਠੇਗਾ। ਹੌਂਸਲਾ ਹਰ ਇੱਕ ਨੇ ਪੰਜਾਬ ਦਾ ਪਰਖ਼ਿਆ ਹੈ। ਦੁਆ ਹੈ ਕਿ ਹਿੰਮਤ ਬਹੁਤ ਹੈ ਪੰਜਾਬ ਦੇ ਵਿੱਚ। ਗੁਰਾਂ ਦੀ ਬਖ਼ਸ਼ਿਸ਼ ਹੈ ਤੇ ਬਣਾਈ ਰੱਖੀਂ। ਅੱਲ੍ਹਾ ਖੈਰ ਕਰੀਂ। ਚੜ੍ਹਦਾ ਵੀ ਸਾਡਾ ਹੈ ਤੇ ਲਹਿੰਦਾ ਵੀ ਸਾਡਾ ਹੈ।

# ਐਸ.ਸੀ.ਓ. ਸੰਮੇਲਨ: ਅਮਰੀਕੀ ਨੀਤੀਆਂ ਵਿਰੁੱਧ ਭਾਰਤ-ਚੀਨ-ਰੂਸ ਦੀ ਏਕਤਾ

## ਟਰੰਪ ਦੀਆਂ ਟੈਰਿ.ਫ ਨੀਤੀਆਂ ਕਾਰਨ ਭਾਰਤ ’ਤੇ ਦਬਾਅ ਅਤੇ ਭਾਰਤ-ਚੀਨ-ਰੂਸ ਤਿੱਕੜੀ ਦਾ ਉਭਾਰ

ਚੀਨ ਦੇ ਤਿਆਨਜਿਨ ਸ਼ਹਿਰ ਵਿੱਚ ਹੋਏ ਸ਼ੰਘਾਈ ਸਹਿਯੋਗ ਸੰਗਠਨ (ਐਸ.ਸੀ.ਓ.) ਸੰਮੇਲਨ ਨਾਲ ਵਿਸ਼ਵ ਰਾਜਨੀਤੀ ਵਿੱਚ ਇੱਕ ਨਵਾਂ ਮੋੜ ਆਇਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਅਤੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੀ ਮੁਲਾਕਾਤ ਨੇ ਨਾ ਸਿਰਫ਼ ਸੰਮੇਲਨ ਨੂੰ ਸੁਰਖੀਆਂ ਵਿੱਚ ਲਿਆਂਦਾ, ਸਗੋਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਟੈਰਿਫ ਨੀਤੀਆਂ ਵਿਰੁੱਧ ਇੱਕ ਸਪੱਸ਼ਟ ਸੰਦੇਸ਼ ਵੀ ਦਿੱਤਾ। ਇਸ ਸੰਮੇਲਨ ਦੌਰਾਨ ਤਿੰਨਾਂ ਨੇਤਾਵਾਂ ਦੀ ਗਰਮਜੋਸ਼ੀ ਅਤੇ ਆਪਸੀ ਸਹਿਯੋਗ ਨੇ ਅਮਰੀਕੀ ਨੀਤੀਆਂ ਦੇ ਵਿਰੁੱਧ ਇੱਕ ਮਜ਼ਬੂਤ ਗਠਜੋੜ ਦੀ ਸੰਭਾਵਨਾ ਨੂੰ ਉਜਾਗਰ ਕੀਤਾ।

ਪੀਐਮ ਮੋਦੀ ਦੀ ਸੱਤ ਸਾਲਾਂ ਬਾਅਦ ਚੀਨ ਦੀ ਯਾਤਰਾ ਅਤੇ ਸ਼ੀ ਜਿਨਪਿੰਗ ਨਾਲ ਉਨ੍ਹਾਂ ਦੀ ਦੁਵੱਲੀ ਮੁਲਾਕਾਤ ਨੇ ਸਰਹੱਦੀ ਵਿਵਾਦਾਂ ਨੂੰ ਪਿੱਛੇ ਛੱਡ ਕੇ ਵਪਾਰ ਅਤੇ ਨਿਵੇਸ਼ ਵਧਾਉਣ ’ਤੇ ਜ਼ੋਰ ਦਿੱਤਾ ਹੈ। ਸ਼ੀ ਜਿਨਪਿੰਗ ਨੇ ਆਪਣੇ ਭਾਸ਼ਣ ਵਿੱਚ ਪੱਛਮੀ ਦੇਸ਼ਾਂ ਦੀ ਹੰਕਾਰੀ ਨੀਤੀਆਂ ਦੀ ਆਲੋਚਨਾ ਕੀਤੀ, ਜਦਕਿ ਪੁਤਿਨ ਨੇ ਯੂਕ੍ਰੇਨ ਯੁੱਧ ਲਈ ਪੱਛਮੀ ਦੇਸ਼ਾਂ ਨੂੰ ਜ਼ਿੰਮੇਵਾਰ ਠਹਿਰਾਇਆ। ਇਸ ਸੰਮੇਲਨ ਨੇ ਸਪੱਸ਼ਟ ਕੀਤਾ ਕਿ ਭਾਰਤ, ਚੀਨ ਅਤੇ ਰੂਸ ਅਮਰੀਕਾ ਦੀ ‘ਅਮਰੀਕਾ ਫਸਟ’ ਨੀਤੀ ਦੇ ਸਾਹਮਣੇ ਝੁਕਣ ਨੂੰ ਤਿਆਰ ਨਹੀਂ। ਅਮਰੀਕੀ ਮੀਡੀਆ, ਜਿਵੇਂ ਕਿ ਵਾਸ਼ਿੰਗਟਨ ਪੋਸਟ ਅਤੇ ਨਿਊਯਾਰਕ ਟਾਈਮਜ਼, ਨੇ ਇਸ ਮੁਲਾਕਾਤ ਨੂੰ ਅਮਰੀਕੀ ਹਿੱਤਾਂ ਲਈ ਚੁਣੌਤੀ ਮੰਨਿਆ ਅਤੇ ਚਿੰਤਾ ਜਤਾਈ



ਕਿ ਭਾਰਤ ਚੀਨ ਅਤੇ ਰੂਸ ਦੇ ਨੇੜੇ ਜਾ ਰਿਹਾ ਹੈ।ਇਸ ਸੰਮੇਲਨ ਦਾ ਸਭ ਤੋਂ ਵੱਡਾ ਸੰਦੇਸ਼ ਸੀ ਤਿੰਨ ਮਹੱਤਵਪੂਰਨ ਦੇਸ਼ਾਂ ਦੀ ਏਕਤਾ, ਜੋ ਅਮਰੀਕੀ ਟੈਰਿਫ ਅਤੇ ਆਰਥਿਕ ਦਬਾਅ ਦੇ ਵਿਰੁੱਧ ਇੱਕ ਸਾਂਝੀ ਰਣਨੀਤੀ ਦੀ ਸੰਭਾਵਨਾ ਨੂੰ ਦਰਸਾਉਂਦੀ ਹੈ। ਐਸ.ਸੀ.ਓ., ਜੋ ਪਹਿਲਾਂ ਸੁਰੱਖਿਆ ਮੰਚ ਸੀ, ਹੁਣ ਸ਼ੀ ਜਿਨਪਿੰਗ ਦੀ ਅਗਵਾਈ ਵਿੱਚ ਇੱਕ ਆਰਥਿਕ ਅਤੇ ਵਪਾਰਕ ਗਠਜੋੜ ਵਜੋਂ ਵੀ ਉਭਰ ਰਿਹਾ ਹੈ।

**ਟਰੰਪ ਦੀ ਟੈਰਿਫ ਨੀਤੀ: ਭਾਰਤ ’ਤੇ ਦਬਾਅ ਅਤੇ ਵਿਵਾਦ**

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਭਾਰਤ, ਚੀਨ ਅਤੇ ਰੂਸ ’ਤੇ ਆਰਥਿਕ ਦਬਾਅ ਵਧਾਉਣ ਲਈ ਟੈਰਿਫ ਨੀਤੀ ਨੂੰ ਹਥਿਆਰ ਵਜੋਂ ਵਰਤਿਆ ਹੈ। 6 ਅਗਸਤ 2025 ਨੂੰ ਭਾਰਤ ’ਤੇ 25% ਟੈਰਿਫ ਲਗਾਇਆ ਗਿਆ, ਜਿਸ ਨੂੰ ਬਾਅਦ ਵਿੱਚ 50% ਤੱਕ ਵਧਾ ਦਿੱਤਾ ਗਿਆ। ਟਰੰਪ ਦਾ ਦਾਅਵਾ ਹੈ ਕਿ ਭਾਰਤ ਦੀ ਰੂਸ ਤੋਂ ਸਸਤੇ ਤੇਲ ਦੀ ਖਰੀਦ ਨੇ ਯੂਕ੍ਰੇਨ ਯੁੱਧ ਵਿੱਚ ਰੂਸ ਦੀ ਅਰਥਵਿਵਸਥਾ ਨੂੰ ਸਹਾਰਾ ਦਿੱਤਾ ਹੈ। ਉਨ੍ਹਾਂ ਨੇ ਟਰੂਥ ਸੋਸ਼ਲ ’ਤੇ ਲਿਖਿਆ ਸੀ ਕਿ ਭਾਰਤ ਨੇ ਅਮਰੀਕਾ ਨਾਲ ‘ਇਕਤਰਫ਼ਾ ਵਪਾਰਕ ਸਬੰਧ’ ਬਣਾਏ ਹਨ, ਜਿਸ ਵਿੱਚ ਅਮਰੀਕੀ ਕਾਰੋਬਾਰਾਂ ਨੂੰ ਭਾਰਤ ਵਿੱਚ ਵਪਾਰ ਕਰਨ ਲਈ ਉੱਚ ਟੈਰਿਫ ਦਾ ਸਾਹਮਣਾ ਕਰਨਾ ਪੈਂਦਾ ਹੈ।

ਟਰੰਪ ਨੇ ਇਹ ਵੀ ਦਾਅਵਾ ਕੀਤਾ ਕਿ ਭਾਰਤ ਨੇ ਜ਼ੀਰੋ ਟੈਰਿਫ ਦੀ ਪੇਸ਼ਕਸ਼ ਕੀਤੀ, ਪਰ ਹੁਣ ‘ਬਹੁਤ ਦੇਰ ਹੋ ਚੁੱਕੀ ਹੈ।’ ਉਨ੍ਹਾਂ ਨੇ ਭਾਰਤ ਦੀ ਰੂਸ ਤੋਂ 36-44% ਤੇਲ ਖਰੀਦ ਨੂੰ ਨਿਸ਼ਾਨਾ ਬਣਾਇਆ ਅਤੇ ਕਿਹਾ ਕਿ ਇਸ ਨੇ ਰੂਸ ਦੀ ਜੰਗੀ ਮਸ਼ੀਨ ਨੂੰ ਚੱਲਦਾ ਰੱਖਿਆ ਹੈ। ਟਰੰਪ ਦੀਆਂ ਨੀਤੀਆਂ ਨੇ ਭਾਰਤ-ਅਮਰੀਕਾ ਸਬੰਧਾਂ ਵਿੱਚ ਤਣਾਅ ਪੈਦਾ ਕਰ ਦਿੱਤਾ ਹੈ। ਜੂਨ 2025 ਦੀ ਘਟਨਾ ਤੋਂ ਬਾਅਦ, ਜਦੋਂ ਟਰੰਪ ਨੇ ਮੋਦੀ ਨੂੰ ‘ਸੱਚਾ ਦੋਸਤ’ ਕਿਹਾ ਸੀ, ਸਬੰਧ ਅਧਿਕਾਰਤ ਤੌਰ ’ਤੇ ਖਰਾਬ ਹੋ ਗਏ। ਟਰੰਪ ਦਾ ਭਾਰਤ ਵਿੱਚ ਹੋਣ ਵਾਲੇ ਕਵਾਡ ਸੰਮੇਲਨ ਵਿੱਚ ਸ਼ਾਮਲ ਨਾ ਹੋਣ ਦਾ ਫੈਸਲਾ ਵੀ ਇਸ ਤਣਾਅ ਦਾ ਸੰਕੇਤ ਹੈ। ਭਾਰਤ ਨੇ ਟਰੰਪ ਦੇ ਦਾਅਵਿਆਂ ਨੂੰ ਖਾਰਜ ਕਰਦਿਆਂ ਕਿਹਾ ਕਿ ਤੇਲ ਦੀ ਖਰੀਦ ਬਾਜ਼ਾਰ ਦੇ ਹਾਲਾਤ ਅਤੇ 1.4 ਅਰਬ ਲੋਕਾਂ ਦੀ ਊਰਜਾ ਸੁਰੱਖਿਆ ਨੂੰ ਧਿਆਨ ਵਿੱਚ ਰੱਖ ਕੇ ਕੀਤੀ ਜਾਂਦੀ ਹੈ।

# ਪੰਜਾਬੀ ਸਾਹਿਤ, ਕਿਤਾਬਾਂ ਬਨਾਮ ਪਾਠਕ

## ਮਨੁੱਖ ਨੂੰ ਗਿਆਨ ਦਾ ਸੋਮਾ ਬਣਾ ਦਿੰਦੀਆਂ ਨੇ ਮਿਆਰੀ ਕਿਤਾਬਾਂ

## ਪੰਜਾਬੀ ਵਿੱਚ ਲੇਖਕ ਵਧੇਰੇ ਤੇ ਪਾਠਕ ਘੱਟ

## ਸਾਹਿਤ ਅਖ਼ਬਾਰੀ, ਕਿੰਨਾ ਕੁ ਮਿਆਰੀ ?

**ਜਗਮੋਹਨ ਸਿੰਘ 'ਲੱਕੀ'**



ਸਾਹਿਤ ਦੋ ਸ਼ਬਦਾਂ ਸਾ+ਹਿਤ ਦੇ ਸੁਮੇਲ ਤੋਂ ਬਣਿਆ ਹੈ, ਸਾ ਦਾ ਅਰਥ ਸਾਥ ਜਾਂ ਨਾਲ ਹੁੰਦਾ ਹੈ ਅਤੇ ਹਿਤ ਦਾ ਅਰਥ ਪਿਆਰ ਹੁੰਦਾ ਹੈ। ਇਸ ਤਰ੍ਹਾਂ ਸਾਹਿਤ ਤੋਂ ਭਾਵ ਹੈ "ਪਿਆਰ ਤੋਂ ਉਪਜਿਆ ਹੋਇਆ।" ਪੰਜਾਬੀ ਭਾਸ਼ਾ ਦਾ ਸ਼ਬਦ ਸਾਹਿਤ ਸੰਸਕ੍ਰਿਤ ਭਾਸ਼ਾ ਦੇ ਸ਼ਬਦ ਸਾਹਿਤਯ ਤੋਂ ਲਿਆ ਗਿਆ ਹੈ। ਅਸਲ ਵਿੱਚ ਸਾਰੀਆਂ ਉੱਤਰ ਭਾਰਤੀ ਭਾਸ਼ਾਵਾਂ ਨੇ ਸੰਸਕ੍ਰਿਤ ਦੇ ਘਾਟ ਤੋਂ ਪਾਣੀ ਪੀਤਾ ਹੋਇਆ ਹੈ, ਇਸ ਕਰਕੇ ਸੰਸਕ੍ਰਿਤ ਭਾਸ਼ਾ ਦੇ ਕਈ ਸ਼ਬਦਾਂ ਦਾ ਪ੍ਰਭਾਵ ਪੰਜਾਬੀ ਭਾਸ਼ਾ ਉੱਪਰ ਵੀ ਦੇਖਣ ਨੂੰ ਮਿਲ ਜਾਂਦਾ ਹੈ।

ਪ੍ਰਸਿੱਧ ਵਿਦਵਾਨ ਮੈਕਸਿਮ ਗੋਰਕੀ ਸਾਹਿਤ ਦੀ ਪਰਿਭਾਸ਼ਾ ਦਿੰਦਾ ਹੋਇਆ ਕਹਿੰਦਾ ਹੈ ਕਿ ,

" ਸਾਹਿਤ ਸੰਸਾਰ ਦਾ ਦਿਲ ਹੈ।"


ਪ੍ਰਸਿੱਧ ਵਿਦਵਾਨ ਐਮਰਸਨ ਕਹਿੰਦਾ ਹੈ ਕਿ

" ਸਾਹਿਤ ਉੱਤਮ ਵਿਚਾਰਾਂ ਦਾ ਸੰਗ੍ਰਹਿ ਹੈ।"

ਆਕਸਫੋਰਡ ਯੂਨੀਵਰਸਿਟੀ ਅਨੁਸਾਰ ,

"ਸਾਹਿਤ ਉਹਨਾਂ ਲਿਖਤਾਂ ਨੂੰ ਕਹਿੰਦੇ ਹਨ ਜੋ ਕਿ ਰੂਪ ਦੀ ਸੁੰਦਰਤਾ ਜਾਂ ਭਾਵਾਂ ਦੇ ਪ੍ਰਭਾਵ ਲਈ ਲਿਖੀਆਂ ਜਾਂਦੀਆਂ ਹਨ।"

ਜੇ ਹੁਣ ਪੰਜਾਬੀ ਸਾਹਿਤ ਦੀ ਗੱਲ ਕਰੀਏ ਤਾਂ ਕਈ ਲੇਖਕ ਕਹਿੰਦੇ ਹਨ ਕਿ ਪੰਜਾਬੀ ਵਿੱਚ ਵਿਸ਼ਵ ਪੱਧਰੀ ਸਾਹਿਤ ਰਚਿਆ ਜਾ ਰਿਹੈ। ਕਈ ਲੇਖਕ ਅਜਿਹੇ ਵੀ ਹਨ ਜੋ ਕਿ ਬੜੇ ਮਾਣ ਨਾਲ ਇਹ ਦਾਅਵਾ ਕਰਦੇ ਹਨ ਕਿ ਉਹਨਾਂ ਦੀਆਂ ਹੁਣ ਤੱਕ 30-40 ਜਾਂ ਇਸ ਤੋਂ ਵੀ ਵੱਧ ਕਿਤਾਬਾਂ ਛਪ ਚੁੱਕੀਆਂ ਹਨ। ਇਸ ਤਰ੍ਹਾਂ ਉਹ ਪੰਜਾਬੀ ਮਾਂ ਬੋਲੀ ਅਤੇ ਸਾਹਿਤ ਦੀ ਬਹੁਤ ਵੱਡੀ ਸੇਵਾ ਕਰ ਰਹੇ ਹਨ। ਜੇ ਉਹਨਾਂ ਨੂੰ ਪੁੱਛਿਆ ਜਾਵੇ ਕਿ ਉਹਨਾਂ ਦੀਆਂ ਕਿਤਾਬਾਂ ਕਿੰਨੇ ਕੁ ਪਾਠਕਾਂ ਨੇ ਮੁੱਲ ਖ਼ਰੀਦ ਕੇ ਪੜ੍ਹੀਆਂ ਹਨ ਤਾਂ ਉਹਨਾਂ ਦੇ ਬੁੱਲ੍ਹਾਂ ਨੂੰ ਚੁੱਪ ਵਾਲਾ ਜਿੰਦਰਾ ਲੱਗ ਜਾਂਦੈ।



ਅਸਲ ਦੇ ਵਿੱਚ ਵਿਕਰੀ ਵਾਲੀਆਂ ਕਿਤਾਬਾਂ ਦੀ ਗਿਣਤੀ ਇਸ ਕਰਕੇ ਵੀ ਘਟੀ ਹੈ ਕਿਉਂਕਿ ਪਾਠਕ ਪੀਡੀਐਫ਼ ਦਾ ਸਹਾਰਾ ਲੈ ਰਹੇ ਨੇ। ਬਹੁਤ ਸਾਰੀਆਂ ਕਿਤਾਬਾਂ ਤੁਹਾਨੂੰ ਯੂ ਟਿਊਬ 'ਤੇ ਮੁਫ਼ਤ ਸੁਣਨ ਨੂੰ ਮਿਲਦੀਆਂ ਨੇ। ਅੱਜਕੱਲ੍ਹ ਤਾਂ ਆਡੀਓ ਬੁਕਸ ਦੀਆਂ ਲਾਈਬ੍ਰੇਰੀਆਂ ਨੇ ਵੀ ਪਾਠਕਾਂ ਨੂੰ ਪੜ੍ਹਨ ਦੀ ਬਜਾਏ ਸੁਣਨ ਦੀ ਚੇਟਕ ਲਗਾਈ ਹੈ। ਇਹਨਾਂ ਲਾਈਬ੍ਰੇਰੀਆਂ ਵਿਚੋਂ "ਆਵਾਜ਼ ਘਰ" ਦਾ ਨਾਂਅ ਸਭ ਤੋਂ ਉੱਪਰ ਹੈ।


ਚੰਗਾ ਸਾਹਿਤ ਸਾਡੀ ਰੀੜ ਦੀ ਹੱਡੀ ਨੂੰ ਮਜ਼ਬੂਤ ਕਰਦਾ ਹੈ ਪਰ ਦੁੱਖ ਦੀ ਗੱਲ ਇਹ ਹੈ ਕਿ ਮਿਆਰੀ ਸਾਹਿਤ ਦੀ ਚੇਟਕ ਜਿਸ ਉਮਰ ਦੇ ਵਿੱਚ ਸਾਨੂੰ ਦੇਸੀ ਘਿਓ ਦੀ ਤਰ੍ਹਾਂ ਲੱਗਣੀ ਚਾਹੀਦੀ ਹੈ, ਉਸ ਸਮੇਂ ਤਾਂ ਬੱਚੇ ਨੂੰ ਸਕੂਲੀ ਕਿਤਾਬਾਂ ਜਾਂ ਅੰਗਰੇਜ਼ੀ ਕਿਤਾਬਾਂ ਦੇ ਨਾਲ ਉਲਝਾਅ ਦਿੱਤਾ ਜਾਂਦਾ ਹੈ। ਤਾਂ ਹੀ ਤਾਂ ਕਈ ਬੱਚੇ ਓ ਊਠ ਦੀ ਬਜਾਏ ਓ ਬੋਤਾ ਹੀ ਦਸਦੇ ਹਨ। ਪੰਜਾਬੀ ਕਾਇਦੇ ਵਿੱਚ ਬਿੱਲੀ ਨੂੰ ਵੇਖ ਕੇ ਬ ਫਾਰ ਕੈਟ ਹੀ ਕਹਿੰਦੇ ਹਨ। ਮਾਪਿਆਂ ਦਾ ਫ਼ਰਜ਼ ਵੀ ਬਣਦਾ ਹੈ ਕਿ ਸਮੇਂ ਸਮੇਂ 'ਤੇ ਬੱਚਿਆਂ ਨੂੰ ਲਾਈਬ੍ਰੇਰੀਆਂ ਦੀ ਅਹਿਮੀਅਤ, ਵਧੀਆ ਸਾਹਿਤ ਦੀ ਵਾਕਫ਼ੀਅਤ, ਆਪਣੀ ਜ਼ਿੰਮੇਵਾਰੀ ਸਮਝ ਕੇ ਕਰਵਾਉਣ। ਕਈ ਲੇਖਕ ਤਾਂ ਇਸ ਗੱਲ 'ਤੇ ਵੀ ਝੂਰਦੇ ਹਨ ਕਿ ਪੰਜਾਬੀ ਕਿਤਾਬਾਂ ਅਤੇ ਅਖ਼ਬਾਰਾਂ ਨੂੰ ਰੱਦੀ ਵਿੱਚ ਵੇਚਣ ਵੇਲੇ ਵੀ ਰੱਦੀ ਵਾਲਾ ਜਾਂ ਕਬਾੜੀ ਘੱਟ ਰੇਟ ਲਗਾਉਂਦਾ ਹੈ ਪਰ ਅੰਗਰੇਜ਼ੀ ਅਖ਼ਬਾਰਾਂ ਤੇ ਕਿਤਾਬਾਂ ਦੀ ਤਾਂ ਰੱਦੀ ਵੀ ਮਹਿੰਗੇ ਭਾਅ ਵਿਕਦੀ ਹੈ। ਇਸ ਤੋਂ ਪੰਜਾਬੀ ਕਿਤਾਬਾਂ ਤੇ ਅਖ਼ਬਾਰਾਂ ਦੀ ਹੋਣੀ ਦਾ ਚੰਗੀ ਤਰ੍ਹਾਂ ਪਤਾ ਚੱਲ ਜਾਂਦਾ ਹੈ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਆਖਰ ਕੀ ਕਾਰਨ ਹੈ ਕਿ ਪੰਜਾਬੀ ਕਿਤਾਬਾਂ ਤੋਂ ਪਾਠਕ ਹੀ ਦੂਰ ਹੋ ਰਹੇ ਹਨ ਤਾਂ ਇਸ ਦਾ ਇੱਕ ਕਾਰਨ ਇਹ ਹੈ ਕਿ ਪੰਜਾਬੀ ਦੀਆਂ ਵੱਡੀ ਗਿਣਤੀ ਕਿਤਾਬਾਂ ਕਾਫ਼ੀ ਮਹਿੰਗੀਆਂ ਹੁੰਦੀਆਂ ਹਨ ਤੇ ਜੋ ਮੁੱਲ ਹੁੰਦਾ ਹੈ, ਉਸ ਦੇ ਮਿਆਰ ਦਾ ਸਾਹਿਤ ਵੀ ਕਈ ਵਾਰ ਕਿਤਾਬ ਵਿੱਚ ਨਹੀਂ ਹੁੰਦਾ, ਜਿਸ ਕਰਕੇ ਮਹਿੰਗੀ ਕਿਤਾਬ ਖਰੀਦ ਕੇ ਦੁਖੀ ਪਾਠਕ ਮਿਆਰੀ ਸਾਹਿਤ ਨਾ ਮਿਲਣ ਕਰਕੇ ਕਈ ਵਾਰੀ ਪੰਜਾਬੀ ਭਾਸ਼ਾ ਵਿੱਚ ਛਪੀਆਂ ਕਿਤਾਬਾਂ ਤੋਂ ਕੰਨੀ ਕਤਰਾਉਂਦਾ ਹੈ।

ਅਕਸਰ ਹੀ ਜਦੋਂ ਕੋਈ ਕਿਤਾਬ ਛਪਦੀ ਹੈ ਤਾਂ ਲੇਖਕ ਵੱਲੋਂ ਉਸ ਉੱਪਰ ਗੋਸ਼ਟੀਆਂ ਕਰਵਾਈਆਂ ਜਾਂਦੀਆਂ ਹਨ, ਕਿਤਾਬਾਂ ਦੇ ਰੀਵਿਊ ਕਰਵਾਏ ਜਾਂਦੇ ਹਨ। ਕਈ ਅਖ਼ਬਾਰਾਂ ਵਿੱਚ ਤਾਂ ਲੇਖਕ ਖੁਦ ਹੀ ਕਿਤਾਬ ਵੀ ਦੇ ਆਉਂਦੇ ਹਨ ਅਤੇ ਕਈ ਲੇਖਕ ਤਾਂ ਆਪਣੀ ਨਵ ਪ੍ਰਕਾਸ਼ਿਤ ਕਿਤਾਬ ਦਾ ਰੀਵਿਊ ਵੀ ਖੁਦ ਹੀ ਲਿਖ ਕੇ ਦੇ ਆਉਂਦੇ ਹਨ ਜੋ ਕਿ ਉਸ ਅਖ਼ਬਾਰ ਦੇ ਕਿਸੇ ਸਬ ਐਡੀਟਰ (ਜਿਸ ਕੋਲ ਕਿਤਾਬ ਪੜ੍ਹਨ ਦਾ ਸਮਾਂ ਹੀ ਨਹੀਂ ਹੁੰਦਾ) ਦੇ ਨਾਂਅ ਉੱਪਰ ਛਪ ਜਾਂਦਾ ਹੈ ਪਰ ਕਈ ਅਖ਼ਬਾਰਾਂ ਅਜਿਹੀਆਂ ਵੀ ਹਨ ਜੋ ਕਿ ਕਿਤਾਬ ਦੇ ਲੇਖਕ ਵੱਲੋਂ ਹੀ ਲਿਖਿਆ ਰੀਵਿਊ ਬਿਲਕੁਲ ਨਹੀਂ ਛਾਪਦੀਆਂ, ਸਗੋਂ ਉਹ ਲੇਖਕ ਤੋਂ ਦੋ ਕਿਤਾਬਾਂ ਲੈ ਕੇ ਇੱਕ ਕਿਸੇ ਹੋਰ ਲੇਖਕ ਜਾਂ ਕਾਲਮ ਨਵੀਸ ਨੂੰ ਭੇਜਦੀਆਂ ਹਨ ਜੋ ਕਿ ਕਿਤਾਬ ਨੂੰ ਪੜ੍ਹ ਕੇ ਰੀਵਿਊ ਲਿਖ ਕੇ ਅਖ਼ਬਾਰ ਨੂੰ ਭੇਜਦੇ ਹਨ ਤੇ ਅਖ਼ਬਾਰ ਦਾ ਸਬੰਧਿਤ ਫੀਚਰ ਡੈਸਕ ਵਾਲਾ ਅਮਲਾ ਜਾਂ ਮੈਗਜ਼ੀਨ ਸੈਕਸ਼ਨ ਦੇ ਸੰਪਾਦਕ ਉਸ ਰੀਵਿਊ ਦੀ ਐਡਟਿੰਗ ਕਰਕੇ ਛਾਪਦੇ ਹਨ। ਪਰ ਜੋ ਰੀਵਿਊ ਕਿਤਾਬ ਦੇ ਲੇਖਕ ਖੁਦ ਹੀ ਲਿਖ ਕੇ ਕਿਤਾਬ ਦੇ ਨਾਲ ਅਖ਼ਬਾਰਾਂ ਦੇ ਦਫ਼ਤਰ ਵਿੱਚ ਦੇ ਜਾਂਦੇ ਹਨ, ਉਸ ਵਿੱਚ ਕਿਤਾਬ ਤੇ ਕਿਤਾਬ ਲੇਖਕ ਦੀ ਬੇਲੋੜੀ ਸ਼ਲਾਘਾ ਹੀ ਕੀਤੀ ਹੁੰਦੀ ਹੈ। ਅਜਿਹੀ ਸ਼ਲਾਘਾ ਵਾਲੇ ਰੀਵਿਊ ਪੜ੍ਹਕੇ, ਜਿਸ ਵਿੱਚ ਕਿਤਾਬ ਨੂੰ "ਯੁੱਗ ਪਲਟਾਊ ਰਚਨਾ" ਵੀ ਲਿਖਿਆ ਹੁੰਦਾ ਹੈ, ਕਈ ਵਾਰ ਪਾਠਕ ਕਿਤਾਬ ਲੈ ਲੈਂਦਾ ਹੈ ਪਰ ਜਦੋਂ ਪਾਠਕਾਂ ਦੀ ਕਸੌਟੀ ਉੱਪਰ ਉਹ ਕਿਤਾਬ ਪੂਰੀ ਨਹੀਂ ਉੱਤਰਦੀ ਤਾਂ ਪਾਠਕ ਫਿਰ ਕਿਤਾਬਾਂ ਲੈਣ ਤੋਂ ਤੋਬਾ ਹੀ ਕਰ ਲੈਂਦਾ ਹੈ।

ਕੁਝ ਕੁ ਲੇਖਕ ਵਰਗ ਵਿੱਚ ਇਹ ਵੱਡੀ ਕਮੀ ਹੈ ਕਿ ਉਹ ਆਪਣੇ ਕੰਮ ਪ੍ਰਤੀ ਆਲੋਚਨਾ ਨਹੀਂ ਚਾਹੁੰਦੇ, ਸਿਰਫ਼ ਪ੍ਰਸੰਸਾ ਹੀ ਚਾਹੁੰਦੇ ਹਨ। ਚਰਚਾ ਹਰ ਵਿਸ਼ੇ 'ਤੇ ਹੋਣੀ ਚਾਹੀਦੀ ਹੈ। ਆਲੋਚਨਾ ਹਾਂ ਪੱਖੀ ਹੋਣੀ ਚਾਹੀਦੀ ਹੈ ਤੇ ਲੇਖਕ ਨੂੰ ਵੀ ਉਸ ਨੂੰ ਸਵੀਕਾਰ ਕਰਨਾ ਚਾਹੀਦਾ ਹੈ।

**ਅੱਜਕੱਲ੍ਹ ਇੰਟਰਨੈਟ ਦਾ ਯੁੱਗ ਹੋਣ ਕਰਕੇ ਸੋਸ਼ਲ ਮੀਡੀਆ 'ਤੇ ਦੋ ਦੋ ਮਿੰਟ ਦੀਆਂ ਰੀਲ੍ਹਾਂ ਆ ਗਈਆਂ ਹਨ, ਜਿਸ ਨੇ ਅੱਜ ਦੀ ਪੀੜ੍ਹੀ ਦਾ 'ਅਟੈਨਸ਼ਨ ਸਪੈਮ' ਘਟਾ ਦਿੱਤਾ ਹੈ ਭਾਵ ਹੁਣ ਦੀ ਪੀੜ੍ਹੀ ਵਿੱਚ ਏਨਾ ਸਬਰ ਨਹੀਂ ਹੈ ਕਿ ਉਹ ਕੁੱਝ ਘੰਟੇ ਬੱਝ ਕੇ ਬੈਠ ਕੇ ਕੋਈ ਮਨੋਰੰਜਕ ਫ਼ਿਲਮ ਵੀ ਵੇਖ ਸਕੇ, ਕਿਤਾਬ ਪੜ੍ਹਨਾਂ ਤਾਂ ਫੇਰ ਵੀ ਦੂਰ ਦੀ ਗੱਲ ਹੈ। ਇੰਟਰਨੈਟ ਦੀ ਆਮਦ ਨੇ ਵੀ ਕਿਤਾਬਾਂ ਪੜ੍ਹਨ ਦੇ ਰੁਝਾਨ ਨੂੰ ਠੱਲ ਪਾਈ ਹੈ।**



ਇਹ ਹਕੀਕਤ ਹੈ ਕਿ ਚੰਗੇ ਸਾਹਿਤ ਨੂੰ ਹਰ ਬੋਲੀ ਵਿੱਚ ਹੀ ਪਸੰਦ ਕੀਤਾ ਜਾਂਦਾ ਹੈ। ਜੇ ਧਿਆਨ ਨਾਲ ਵੇਖੀਏ ਤਾਂ ਮਨੁੱਖ ਦਾ ਅਸਲੀ ਅਧਿਆਪਕ ਤਾਂ ਚੰਗੀਆਂ ਕਿਤਾਬਾਂ ਹੀ ਹੁੰਦੀਆਂ ਹਨ, ਚੰਗੀਆਂ ਕਿਤਾਬਾਂ ਤੋਂ ਹੀ ਹਰ ਮਨੁੱਖ ਚੰਗਾ ਇਨਸਾਨ ਬਣਨ ਦੀ ਪ੍ਰੇਰਨਾ ਲੈਂਦਾ ਹੈ।

ਇਹ ਵੀ ਇੱਕ ਹਕੀਕਤ ਹੈ ਕਿ ਕਈ ਵਾਰ ਚੰਗਾ ਲਿਖਣ ਵਾਲਾ ਸਾਰੀ ਉਮਰ ਕਿਤਾਬ ਨਹੀਂ ਛਪਵਾ ਸਕਦਾ, ਪਰ ਪੈਸੇ ਦੇ ਜ਼ੋਰ 'ਤੇ ਜਾਂ ਉਧਾਰ ਪੈਸੇ ਲੈ ਕੇ ਗੈਰਮਿਆਰੀ ਸਾਹਿਤ ਵੀ ਛਪ ਰਿਹਾ ਹੈ। ਮੈਂ ਖੁਦ ਜਦੋਂ ਆਪਣੀ ਕਿਤਾਬ ਛਪਵਾਉਣ ਲਈ ਜਦੋਂ ਇੱਕ ਪ੍ਰੀਟਿੰਗ ਪ੍ਰੈਸ ਨਾਲ ਗੱਲਬਾਤ ਕੀਤੀ ਤਾਂ ਉਸ ਦੇ ਮਾਲਕ, ਜੋ ਕਿ ਮੇਰਾ ਦੋਸਤ ਵੀ ਹੈ, ਨੇ ਸਾਰਾ ਹਿਸਾਬ ਕਿਤਾਬ ਲਗਾ ਕੇ ਕਿਤਾਬ ਛਾਪਣ ਦਾ ਖਰਚਾ ਹੀ ਏਨਾ ਜਿਆਦਾ ਦਸ ਦਿੱਤਾ ਕਿ ਮੁੜ ਕੇ ਕਿਤਾਬ ਛਪਵਾਉਣ ਦੀ ਗੱਲ ਹੁਣ ਸੁਪਨੇ ਵਿੱਚ ਵੀ ਨਹੀਂ ਸੋਚੀਦੀ। ਅਜਿਹਾ ਹੀ ਅਨੇਕਾਂ ਲੇਖਕਾਂ ਨਾਲ ਹੋ ਚੁੱਕਿਆ ਹੈ ਜੋ ਕਿ ਸਿਰਫ਼ ਪੈਸੇ ਦੀ ਘਾਟ ਕਾਰਨ ਆਪਣੀਆਂ ਕਿਤਾਬਾਂ ਛਪਵਾਉਣ ਲਈ ਸਾਰੀ ਉਮਰ ਤਰਸਦੇ ਰਹਿੰਦੇ ਹਨ।

ਕਈ ਅਖ਼ਬਾਰਾਂ ਵਿੱਚ ਛਪਦਾ ਸਾਹਿਤ ਮਿਆਰੀ ਵੀ ਹੁੰਦਾ ਹੈ ਤੇ ਲੋਕਾਂ ਨੂੰ ਸੇਧ ਦੇਣ ਵਾਲਾ ਵੀ, ਕਿਉਂਕਿ ਇਹ ਸਾਹਿਤ ਕਈ ਹੱਥਾਂ ਵਿੱਚ ਹੋ ਕੇ ਪਾਠਕਾਂ ਤੱਕ ਪਹੁੰਚਦਾ ਹੈ। ਪਹਿਲਾਂ ਤਾਂ ਲੇਖਕ ਖੁਦ ਆਪਣੀ ਰਚਨਾ ਨੂੰ ਪੜ੍ਹਕੇ ,ਸ਼ਿੰਗਾਰ ਕੇ ਕਿਸੇ ਅਖ਼ਬਾਰ ਨੂੰ ਭੇਜਦਾ ਹੈ,ਫਿਰ ਅਖ਼ਬਾਰ ਦਾ ਸੰਪਾਦਕ ਉਸ ਰਚਨਾ ਨੂੰ ਪੜਦਾ ਹੈ,ਫਿਰ ਫੀਚਰ ਡੈਸਕ ਇਨਚਾਰਜ ਜਾਂ ਫਿਰ ਕੋਈ ਸਬ ਐਡੀਟਰ ਉਸ ਰਚਨਾ ਦੀ ਸੋਧ ਕਰਦਾ ਹੈ ਤੇ ਪਰੂਫ਼ ਰੀਡਰ ਸਟਾਫ ਉਸ ਰਚਨਾ ਦੀ ਪਰੂਫ਼ ਰੀਡਿੰਗ ਕਰਦਾ ਹੈ, ਇਸ ਤਰ੍ਹਾਂ ਕਈ ਹੱਥਾਂ ਵਿਚੋਂ ਨਿਕਲ ਕੇ ਲੇਖਕ ਦੀ ਰਚਨਾ ਵਿੱਚ ਕਾਂਟ -ਛਾਂਟ ਤਾਂ ਹੋ ਜਾਂਦੀ ਹੈ ਪਰ ਉਹ ਬਣ ਬਹੁਤ ਵਧੀਆ ਜਾਂਦੀ ਹੈ। ਅਜਿਹੀ ਰਚਨਾ ਪਾਠਕਾਂ ਨੂੰ ਬਹੁਤ ਪਸੰਦ ਆਉਂਦੀ ਹੈ, ਕਈ ਅਖ਼ਬਾਰਾਂ ਦੇ ਸੰਪਾਦਕ ਲੇਖਕਾਂ ਵੱਲੋਂ ਭੇਜੇ ਲੇਖਾਂ ਦੀ ਭੂਮਿਕਾ ਬਦਲ ਕੇ ਖੁਦ ਆਪਣੇ ਕੋਲੋਂ ਲਿਖ ਦਿੰਦੇ ਹਨ, ਪਾਠਕਾਂ ਨੂੰ ਉਹੀ ਸਭ ਤੋਂ ਵਧੀਆ ਲੱਗਦੀ ਹੈ ਤੇ ਉਹ ਲੇਖਕ ਨੂੰ ਹੀ ਵਧਾਈਆਂ ਭੇਜਦੇ ਰਹਿੰਦੇ ਹਨ, ਜਦੋਂ ਕਿ ਉਹ ਭੂਮਿਕਾ ਲਿਖਣ ਵਾਲਾ ਸੰਪਾਦਕ ਜਾਂ ਸੰਪਾਦਕੀ ਅਮਲਾ ਗੌਣ ਹੀ ਰਹਿੰਦਾ ਹੈ। ਜਦੋਂ ਅਖ਼ਬਾਰਾਂ ਵਿੱਚ ਛਪਦੇ ਲੇਖਾਂ ਨੂੰ ਪਾਠਕ ਬਹੁਤ ਵੱਡੀ ਗਿਣਤੀ ਵਿੱਚ ਹੁੰਗਾਰਾ ਭਰਦੇ ਹਨ ਤਾਂ ਫਿਰ ਕਿਤਾਬਾਂ ਦੇ ਪਾਠਕਾਂ ਦੀ ਵੀ ਘਾਟ ਨਹੀਂ ਹੈ । ਘਾਟ ਤਾਂ ਸਸਤੀਆਂ ਜਾਂ ਵਾਜਬ ਮੁੱਲ ਉੱਪਰ ਮਿਲਣ ਵਾਲੀਆਂ ਮਿਆਰੀ ਕਿਤਾਬਾਂ ਦੀ ਹੈ, ਇਸ ਪਾਸੇ ਵੀ ਲੇਖਕਾਂ ਨੂੰ ਧਿਆਨ ਦੇਣ ਦੀ ਲੋੜ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਅਮਰੀਕੀ ਫ਼ੌਜ ਨੂੰ ਨਵੇਂ ਸੈਨਿਕਾਂ ਦੀ ਭਰਤੀ 'ਚ ਆ ਰਹੀ ਹੈ ਵੱਡੀ ਮੁਸ਼ਕਿਲ

## ਅਮਰੀਕੀ ਫ਼ੌਜ ਨੇ ਟਿਕਟਾਕ ਨੂੰ ਬਣਾਇਆ ਭਰਤੀ ਦਾ ਹਥਿਆਰ

## ਜਨਰੇਸ਼ਨ ਜ਼ੈੱਡ ਨੂੰ ਲੁਭਾਉਣ ਵਾਲੀ ਨਵੀਂ ਰਣਨੀਤੀ

ਅਮਰੀਕੀ ਫ਼ੌਜ ਨੂੰ ਨਵੇਂ ਸੈਨਿਕਾਂ ਦੀ ਭਰਤੀ ਵਿੱਚ ਵੱਡੀ ਮੁਸ਼ਕਿਲ ਆ ਰਹੀ ਸੀ। ਪਿਛਲੇ ਕੁਝ ਸਾਲਾਂ ਵਿੱਚ ਭਰਤੀ ਦੇ ਟੀਚੇ ਪੂਰੇ ਨਹੀਂ ਹੋ ਰਹੇ ਸਨ, ਪਰ ਹੁਣ ਫ਼ੌਜ ਨੇ ਇੱਕ ਨਵਾਂ ਤਰੀਕਾ ਅਪਣਾਇਆ ਹੈ – ਟਿਕਟਾਕ। ਇਹ ਚੀਨੀ ਐਪ, ਜਿਸ ਨੂੰ ਅਮਰੀਕੀ ਸਰਕਾਰ ਨੇ ਸੁਰੱਖਿਆ ਖਤਰਾ ਮੰਨਿਆ ਸੀ, ਹੁਣ ਫ਼ੌਜੀ ਭਰਤੀ ਦਾ ਅਹਿਮ ਹਿੱਸਾ ਬਣ ਗਿਆ ਹੈ। ਫ਼ੌਜ ਦੇ ਅਧਿਕਾਰੀ ਅਤੇ ਪ੍ਰਭਾਵਸ਼ਾਲੀ ਲੋਕ ਟਿਕਟਾਕ ਰਾਹੀਂ ਨੌਜਵਾਨਾਂ ਨੂੰ ਫ਼ੌਜ ਵਿੱਚ ਆਉਣ ਲਈ ਉਤਸ਼ਾਹਿਤ ਕਰ ਰਹੇ ਹਨ। ਇਹ ਰਣਨੀਤੀ ਕੰਮ ਵੀ ਕਰ ਰਹੀ ਹੈ, ਕਿਉਂਕਿ 2025 ਵਿੱਚ ਫ਼ੌਜ ਨੇ ਆਪਣੇ ਭਰਤੀ ਟੀਚੇ ਪੂਰੇ ਕਰ ਲਏ ਹਨ। ਪਰ ਇਸ ਨਾਲ ਵਿਵਾਦ ਵੀ ਵਧ ਰਹੇ ਹਨ। ਆਲੋਚਕ ਇਸ ਨੂੰ ਪ੍ਰਚਾਰ ਅਤੇ ਸੁਰੱਖਿਆ ਖਤਰਾ ਕਹਿ ਰਹੇ ਹਨ।

**ਟਿਕਟਾਕ ਨਾਲ ਜਨਰੇਸ਼ਨ ਜ਼ੈੱਡ ਨੂੰ ਲੁਭਾਉਣ ਵਾਲੀ ਰਣਨੀਤੀ**

ਅਮਰੀਕੀ ਫ਼ੌਜ ਨੂੰ ਪਤਾ ਹੈ ਕਿ ਅੱਜ ਦੇ ਨੌਜਵਾਨ, ਖਾਸ ਕਰਕੇ ਜਨਰੇਸ਼ਨ ਜ਼ੈੱਡ (1997 ਤੋਂ ਬਾਅਦ ਜਨਮੇ), ਆਪਣਾ ਜ਼ਿਆਦਾਤਰ ਸਮਾਂ ਸੋਸ਼ਲ ਮੀਡੀਆ ਤੇ ਬਿਤਾਉਂਦੇ ਹਨ। ਟੀਵੀ ਇਸ਼ਤਿਹਾਰ ਜਾਂ ਪੋਸਟਰ ਨਹੀਂ ਚੱਲਦੇ, ਇਸ ਲਈ ਫ਼ੌਜ ਨੇ ਟਿਕਟਾਕ ਵੱਲ ਰੁਖ਼ ਕੀਤਾ ਹੈ। ਇੱਥੇ ਛੋਟੀਆਂ-ਛੋਟੀਆਂ ਮਨੋਰੰਜਕ ਵੀਡੀਓਜ਼ ਰਾਹੀਂ ਫ਼ੌਜੀ ਜੀਵਨ ਨੂੰ ਆਕਰਸ਼ਕ ਦਿਖਾਇਆ ਜਾਂਦਾ ਹੈ। ਫ਼ੌਜ ਦੇ ਅਧਿਕਾਰੀ ਅਤੇ ਸਾਬਕਾ ਸੈਨਿਕ ਵੀਡੀਓ ਬਣਾਉਂਦੇ ਹਨ ਜਿਨ੍ਹਾਂ ਵਿੱਚ ਵਿੱਤੀ ਸਥਿਰਤਾ, ਮੁਫ਼ਤ ਸਿੱਖਿਆ, ਸਿਹਤ ਸੇਵਾਵਾਂ ਅਤੇ ਵਿਸ਼ਵ ਯਾਤਰਾ ਵਰਗੇ ਲਾਭਾਂ ਨੂੰ ਉਜਾਗਰ ਕੀਤਾ ਜਾਂਦਾ ਹੈ। ਉਦਾਹਰਨ ਵਜੋਂ, ਫ਼ੌਜ ਨੇ ਸੋਸ਼ਲ ਮੀਡੀਆ ਇੰਫ਼ਲੂਐਂਸਰਾਂ ਨਾਲ ਸਾਂਝੀ ਕੀਤੀ ਹੈ ਜੋ ਨੌਜਵਾਨਾਂ ਨੂੰ ਫ਼ੌਜ ਵਿੱਚ ਆਉਣ ਲਈ ਪ੍ਰੇਰਿਤ ਕਰਦੇ ਹਨ। ਇੱਕ ਰਿਪੋਰਟ ਮੁਤਾਬਕ, ਫ਼ੌਜ ਨੇ 2025 ਵਿੱਚ 61,000 ਨਵੇਂ ਰਿਕਰੂਟਾਂ ਦਾ ਟੀਚਾ ਪੂਰਾ ਕੀਤਾ ਹੈ, ਜੋ ਪਿਛਲੇ ਸਾਲਾਂ ਨਾਲੋਂ ਵੱਡੀ ਕਾਮਯਾਬੀ ਹੈ। ਇਹ



ਰਣਨੀਤੀ ਰਵਾਇਤੀ ਤਰੀਕਿਆਂ ਨਾਲੋਂ ਵਧੇਰੇ ਪ੍ਰਭਾਵੀ ਹੈ ਕਿਉਂਕਿ ਜਨਰੇਸ਼ਨ ਜ਼ੈੱਡ ਨੂੰ ਫ਼ੌਜੀ ਜੀਵਨ ਨੂੰ ਐਡਵੈਂਚਰ ਅਤੇ ਆਸਾਨ ਵਜੋਂ ਦਿਖਾਇਆ ਜਾਂਦਾ ਹੈ। ਟਿਕਟਾਕ ਤੇ ਫ਼ੌਜੀ ਇੰਫ਼ਲੂਐਂਸਰਾਂ ਦੇ ਲੱਖਾਂ ਫ਼ਾਲੋਅਰ ਹਨ ਜੋ ਨੌਜਵਾਨਾਂ ਨੂੰ ਫ਼ੌਜ ਵਿੱਚ ਕੈਰੀਅਰ ਵਜੋਂ ਵੇਖਣ ਲਈ ਮਜਬੂਰ ਕਰਦੇ ਹਨ। ਯਾਦ ਰਹੇ ਕਿ ਟਿਕਟਾਕ ਨੇ ਲਿੰਕਡਇਨ ਵਰਗੇ ਪਲੈਟਫ਼ਾਰਮਾਂ ਨੂੰ ਪਿੱਛੇ ਛੱਡ ਦਿੱਤਾ ਹੈ। ਫ਼ੌਜ ਨੇ ਇਸ ਨੂੰ ਇੱਕ ਨਵਾਂ ਯੁੱਗ ਵਜੋਂ ਵੇਖਿਆ ਹੈ ਜਿੱਥੇ ਨੌਜਵਾਨਾਂ ਨੂੰ ਉਨ੍ਹਾਂ ਦੇ ਪਲੈਟਫ਼ਾਰਮ 'ਤੇ ਮਿਲ ਕੇ ਭਰਤੀ ਕੀਤਾ ਜਾਂਦਾ ਹੈ। ਪਰ ਇਹ ਸਭ ਬਿਨਾਂ ਵਿਵਾਦ ਨਹੀਂ ਹੈ। ਫ਼ੌਜ ਨੂੰ ਪਤਾ ਹੈ ਕਿ ਨੌਜਵਾਨਾਂ ਨੂੰ ਫ਼ੌਜੀ ਜੀਵਨ ਦੇ ਖਤਰੇ ਨਹੀਂ ਦੱਸੇ ਜਾਂਦੇ, ਪਰ ਇਹ ਰਣਨੀਤੀ ਨੂੰ ਜਾਰੀ ਰੱਖ ਰਹੇ ਹਨ ਕਿਉਂਕਿ ਨਤੀਜੇ ਚੰਗੇ ਆ ਰਹੇ ਹਨ। ਇਸ ਨਾਲ ਭਰਤੀ ਵਿੱਚ ਸੁਧਾਰ ਹੋਇਆ ਹੈ ਅਤੇ ਫ਼ੌਜ ਨੂੰ ਨਵੇਂ ਲੋਕ ਮਿਲ ਰਹੇ ਹਨ। ਇਹ ਰਣਨੀਤੀ 2019 ਤੋਂ ਚੱਲ ਰਹੀ ਹੈ ਪਰ 2025 ਵਿੱਚ ਇਸ ਨੇ ਪੂਰੀ ਤਾਕਤ ਫੜ੍ਹ ਲਈ ਹੈ। ਫ਼ੌਜ ਨੇ ਇੰਫ਼ਲੂਐਂਸਰਾਂ ਨੂੰ ਟ੍ਰੇਨਿੰਗ ਵੀ ਦਿੱਤੀ ਹੈ ਤਾਂ ਜੋ ਉਹ ਫ਼ੌਜੀ ਜੀਵਨ ਨੂੰ ਸਹੀ ਤਰੀਕੇ ਨਾਲ ਪੇਸ਼ ਕਰਨ। ਇਸ ਨਾਲ ਨੌਜਵਾਨਾਂ ਵਿੱਚ ਫ਼ੌਜ ਪ੍ਰਤੀ ਰੁਚੀ ਵਧੀ ਹੈ ਅਤੇ ਭਰਤੀ ਕੇਂਦਰਾਂ ਤੇ ਆਉਣ ਵਾਲੇ ਵਧੇ ਹਨ। ਪਰ ਕੀ ਇਹ ਲੰਮੇ ਸਮੇਂ ਲਈ ਚੱਲੇਗਾ? ਇਹ ਵੇਖਣ ਵਾਲੀ ਗੱਲ ਹੈ।

**ਟਿਕਟਾਕ 'ਤੇ ਫ਼ੌਜੀ ਭਰਤੀ ਦਾ ਹੋਇਆ ਵਿਰੋਧ**

ਟਿਕਟਾਕ 'ਤੇ ਫ਼ੌਜੀ ਭਰਤੀ ਨੂੰ ਬਹੁਤ ਵਿਰੋਧ ਮਿਲ ਰਿਹਾ ਹੈ। ਮੁੱਖ ਕਾਰਨ ਹੈ ਸੁਰੱਖਿਆ ਚਿੰਤਾਵਾਂ ਹਨ। ਟਿਕਟਾਕ ਚੀਨੀ ਕੰਪਨੀ ਬਾਈਟਡਾਂਸ ਦੀ ਹੈ ਅਤੇ ਅਮਰੀਕੀ ਸੰਸਦ ਮੈਂਬਰ ਇਸ ਨੂੰ ਰਾਸ਼ਟਰੀ ਸੁਰੱਖਿਆ ਲਈ ਖਤਰਾ ਮੰਨਦੇ ਹਨ। ਸਰਕਾਰ ਨੇ ਇਸ ਨੂੰ ਸਰਕਾਰੀ ਡਿਵਾਈਸਾਂ 'ਤੇ ਬੈਨ ਕੀਤਾ ਹੈ, ਪਰ ਫ਼ੌਜੀ ਰਿਕਰੂਟਰ ਨਿੱਜੀ ਫ਼ੋਨਾਂ 'ਤੇ ਵਰਤ ਰਹੇ ਹਨ। ਆਲੋਚਕ ਕਹਿੰਦੇ ਹਨ ਕਿ ਇਹ ਚੀਨ ਨੂੰ ਅਮਰੀਕੀ ਡਾਟਾ ਪਹੁੰਚਾਉਂਦਾ ਹੈ। ਸੈਨੇਟਰ ਚੱਕ ਸ਼ੂਮਰ ਨੇ 2019 ਵਿੱਚ ਹੀ ਇਸ ਨੂੰ ਰੋਕਣ ਲਈ ਆਵਾਜ਼ ਉਠਾਈ ਸੀ। ਹੁਣ 2025 ਵਿੱਚ ਵੀ ਇਹ ਵਿਵਾਦ ਜਾਰੀ ਹੈ। ਦੂਜਾ ਕਾਰਨ ਹੈ ਫ਼ੌਜੀ ਜੀਵਨ ਦਾ ਗਲਤ ਚਿੱਤਰਣ। ਟਿਕਟਾਕ ਵੀਡੀਓਜ਼ ਵਿੱਚ ਖਤਰੇ, ਕੁਰਬਾਨੀਆਂ ਅਤੇ ਮਾਨਸਿਕ ਤਣਾਅ ਨੂੰ ਘੱਟ ਦਿਖਾਇਆ ਜਾਂਦਾ ਹੈ। ਨੌਜਵਾਨਾਂ ਨੂੰ ਗੁਮਰਾਹ ਕੀਤਾ ਜਾਂਦਾ ਹੈ। ਆਲੋਚਕਾਂ ਵਿੱਚ ਰਾਜਨੀਤਿਕ ਨੇਤਾ, ਮੀਡੀਆ ਅਤੇ ਸਾਬਕਾ ਫ਼ੌਜੀ ਸ਼ਾਮਲ ਹਨ। ਫ਼ੌਕਸ ਨਿਊਜ਼ ਨੇ ਇਸ ਨੂੰ ਪ੍ਰੋਪੈਗੰਡਾ ਕਿਹਾ ਹੈ। ਕੁਝ ਲੋਕ ਨੈਤਿਕ ਸਵਾਲ ਉਠਾਉਂਦੇ ਹਨ ਕਿ ਵਿਵਾਦਤ ਪਲੈਟਫ਼ਾਰਮ 'ਤੇ ਭਰਤੀ ਕਿਉਂ? ਖਾਸ ਕਰਕੇ ਜਨਰੇਸ਼ਨ ਜ਼ੈੱਡ ਨੂੰ ਨਿਸ਼ਾਨਾ ਬਣਾਉਣਾ ਗਲਤ ਹੈ ਜੋ ਖਤਰਿਆਂ ਨੂੰ ਪੂਰੀ ਤਰ੍ਹਾਂ ਨਹੀਂ ਸਮਝਦੇ। ਕੁਝ ਆਲੋਚਕ ਇਸ ਨੂੰ ਚੀਨੀ ਪ੍ਰਚਾਰ ਨਾਲ ਜੋੜਦੇ ਹਨ। ਇਸ ਨਾਲ ਫ਼ੌਜ ਵਿੱਚ ਅੱਤਵਾਦੀ ਵਿਚਾਰਾਂ ਵਾਲੇ ਲੋਕਾਂ ਦੀ ਭਰਤੀ ਦਾ ਖਤਰਾ ਵੀ ਵਧ ਰਿਹਾ ਹੈ। ਵਿਰੋਧੀ ਕਹਿੰਦੇ ਹਨ ਕਿ ਫ਼ੌਜ ਨੂੰ ਹੋਰ ਪਲੇਟਫ਼ਾਰਮ ਵਰਤਣੇ ਚਾਹੀਦੇ ਹਨ।

**ਇੰਟਰਨੈਸ਼ਨਲ ਮੀਡੀਆ ਵਿੱਚ ਚਰਚਾ ਅਤੇ ਵਿਸ਼ਲੇਸ਼ਣ**

ਅਮਰੀਕੀ ਅਖਬਾਰਾਂ ਨੇ ਇਸ ਮੁੱਦੇ 'ਤੇ ਬਹੁਤ ਲਿਖਿਆ ਹੈ। 'ਦਿ ਗਾਰਡੀਅਨ' ਯੂ.ਕੇ. ਨੇ ਲਿਖਿਆ ਕਿ ਫ਼ੌਜ ਇੰਫ਼ਲੂਐਂਸਰਾਂ ਰਾਹੀਂ ਜਨਰੇਸ਼ਨ ਜ਼ੈੱਡ ਨੂੰ ਭਰਤੀ ਕਰ ਰਹੀ ਹੈ ਅਤੇ ਇਹ ਕਾਮਯਾਬ ਹੈ ਪਰ ਵਿਵਾਦਤ ਹੈ। 'ਦਿ ਇਕਨਾਮਿਸਟ' ਯੂ.ਕੇ. ਨੇ ਨੌਜਵਾਨ ਮਹਿਲਾ ਸੈਨਿਕਾਂ ਦੇ ਟਿਕਟਾਕ ਵੀਡੀਓਜ਼ ਬਾਰੇ ਲਿਖਿਆ ਕਿ ਇਹ ਭਰਤੀ ਵਧਾ ਰਹੇ ਹਨ ਪਰ ਸੰਸਦ ਇਸ ਨੂੰ ਖਤਰਾ ਮੰਨਦੀ ਹੈ। 'ਇਕਨਾਮਿਕ ਟਾਈਮਜ਼ ਯੂ ਕੇ' ਨੇ ਕਿਹਾ ਕਿ ਫ਼ੌਜ ਟਿਕਟਾਕ ਅਤੇ ਇੰਸਟਾਗ੍ਰਾਮ ਰਾਹੀਂ ਨੌਜਵਾਨਾਂ ਨੂੰ ਲੁਭਾ ਰਹੀ ਹੈ ਅਤੇ ਇਹ ਨਵਾਂ ਤਰੀਕਾ ਹੈ। ਫ਼ੌਕਸ ਨਿਊਜ਼ ਨੇ ਇਸ ਨੂੰ ਪ੍ਰੋਪੈਗੰਡਾ ਕਿਹਾ ਅਤੇ ਆਲੋਚਨਾ ਕੀਤੀ ਹੈ। 'ਰਾਇਟਰਜ਼' ਨੇ ਸੁਰੱਖਿਆ ਚਿੰਤਾਵਾਂ ਤੇ ਜ਼ੋਰ ਦਿੱਤਾ ਹੈ। ਅਖਬਾਰਾਂ ਕਹਿੰਦੀਆਂ ਹਨ ਕਿ ਇਹ ਰਣਨੀਤੀ ਚੰਗੀ ਹੈ ਪਰ ਖਤਰੇ ਵੀ ਹਨ। ਕੁਝ ਨੇ ਇਸ ਨੂੰ ਡਿਜੀਟਲ ਯੁੱਧ ਵਜੋਂ ਵੇਖਿਆ ਹੈ। ਟਿਕਟਾਕ ਨੇ ਫ਼ੌਜੀ ਭਰਤੀ ਵਿੱਚ ਵੱਡਾ ਬਦਲਾਅ ਲਿਆਂਦਾ ਹੈ। 2025 ਵਿੱਚ ਫ਼ੌਜ ਨੇ ਟੀਚੇ ਪੂਰੇ ਕੀਤੇ ਹਨ ਅਤੇ ਇਸ ਨੂੰ ਇੰਫ਼ਲੂਐਂਸਰਾਂ ਦੀ ਮੱਦਦ ਨਾਲ ਵੇਖਿਆ ਜਾਂਦਾ ਹੈ ਪਰ ਭਵਿੱਖ ਵਿੱਚ ਚੁਣੌਤੀਆਂ ਹਨ। ਵਿਰੋਧ ਵਧ ਸਕਦਾ ਹੈ ਅਤੇ ਬੈਨ ਵੀ ਲੱਗ ਸਕਦਾ ਹੈ। ਫ਼ੌਜ ਨੂੰ ਨਵੇਂ ਤਰੀਕੇ ਲੱਭਣੇ ਪੈਣਗੇ। ਇਹ ਰਣਨੀਤੀ ਸੋਸ਼ਲ ਮੀਡੀਆ ਦੀ ਤਾਕਤ ਦਿਖਾਉਂਦੀ ਹੈ ਪਰ ਵਿਵਾਦ ਵੀ ਲਿਆਉਂਦੀ ਹੈ। ਭਵਿੱਖ ਵਿੱਚ ਫ਼ੌਜ ਨੂੰ ਸੰਤੁਲਨ ਬਣਾਉਣਾ ਪਵੇਗਾ। ਇਸ ਨਾਲ ਅਮਰੀਕੀ ਫ਼ੌਜ ਨੇ ਨਵਾਂ ਯੁੱਗ ਸ਼ੁਰੂ ਕੀਤਾ ਹੈ ਪਰ ਇਹ ਕਿੰਨਾ ਚੱਲੇਗਾ, ਵੇਖਣ ਵਾਲੀ ਗੱਲ ਹੈ।

# ਯੂਰਪ ਤੇ ਅਮਰੀਕਾ ਵਿੱਚ ਛਿੜਿਆ ਵਪਾਰਕ ਯੁੱਧ

## ਯੂਰਪੀ ਨਿਯਮਾਂ ਨੇ ਅਮਰੀਕੀ ਤਕਨੀਕੀ ਕੰਪਨੀਆਂ ਨੂੰ ਕੀਤਾ ਪ੍ਰੇਸ਼ਾਨ

## ਟਰੰਪ ਨੇ ਯੂਰਪ ਨੂੰ ਦਿੱਤੀ ਨਵੇਂ ਟੈਕਸਾਂ ਦੀ ਧਮਕੀ

ਯੂਰਪੀ ਯੂਨੀਅਨ ਦੇ ਨਵੇਂ ਨਿਯਮਾਂ ਨੇ ਅਮਰੀਕੀ ਵੱਡੀਆਂ ਤਕਨੀਕੀ ਕੰਪਨੀਆਂ ਨੂੰ ਬਹੁਤ ਪ੍ਰੇਸ਼ਾਨ ਕੀਤਾ ਹੈ। ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਨੇ ਉਨ੍ਹਾਂ ਦੇਸ਼ਾਂ 'ਤੇ ਨਵੇਂ ਟੈਕਸ ਲਗਾਉਣ ਦੀ ਧਮਕੀ ਦਿੱਤੀ ਹੈ ਜੋ ਅਮਰੀਕੀ ਕੰਪਨੀਆਂ ਦੀ ਤਾਕਤ ਨੂੰ ਘਟਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਇਹ ਧਮਕੀ ਯੂਰਪੀ ਯੂਨੀਅਨ ਦੇ ਦੋ ਮੁੱਖ ਨਿਯਮਾਂ 'ਤੇ ਆਧਾਰਿਤ ਹੈ: ਡਿਜੀਟਲ ਬਾਜ਼ਾਰ ਕਾਨੂੰਨ ਅਤੇ ਡਿਜੀਟਲ ਸੇਵਾ ਕਾਨੂੰਨ। ਇਨ੍ਹਾਂ ਨਿਯਮਾਂ ਨੇ ਐਪਲ, ਮੈਟਾ ਅਤੇ ਗੂਗਲ ਵਰਗੀਆਂ ਅਮਰੀਕੀ ਕੰਪਨੀਆਂ ਉੱਪਰ ਭਾਰੀ ਜੁਰਮਾਨੇ ਲਗਾਏ ਹਨ, ਜਿਸ ਕਾਰਨ ਟਰੰਪ ਪ੍ਰਸ਼ਾਸਨ ਬਹੁਤ ਨਾਰਾਜ਼ ਹੈ।

ਯੂਰਪੀ ਯੂਨੀਅਨ ਮੰਨਦਾ ਹੈ ਕਿ ਇਹ ਨਿਯਮ ਡਿਜੀਟਲ ਦੁਨੀਆ ਨੂੰ ਬਿਹਤਰ ਬਣਾਉਣ ਲਈ ਹਨ। ਇਹ ਨਿਯਮ ਨਾ ਸਿਰਫ਼ ਯੂਰਪ ਵਿੱਚ ਬਲਕਿ ਪੂਰੀ ਦੁਨੀਆ ਦੇ ਵਰਤੋਂਕਾਰਾਂ ਲਈ ਵਧੇਰੇ ਸੁਰੱਖਿਆ, ਖੁੱਲ੍ਹੇਪਣ ਅਤੇ ਬਦਲ ਪ੍ਰਦਾਨ ਕਰਦੇ ਹਨ। ਯੂਰਪੀ ਵਪਾਰ ਪ੍ਰਮੁਖ ਮਾਰੋਸ਼ ਸ਼ੈਫ਼ਚੋਵਿਚ ਨੇ ਹਾਲ ਹੀ ਵਿੱਚ ਸਪੱਸ਼ਟ ਕੀਤਾ ਕਿ ਯੂਰਪੀ ਯੂਨੀਅਨ ਦੀ ਨਿਯਮਕ ਅਥਾਰਟੀ ਉਪਰ ਕੋਈ ਸਮਝੌਤਾ ਨਹੀਂ ਹੋਵੇਗਾ। ਉਨ੍ਹਾਂ ਨੇ ਦੱਸਿਆ ਕਿ ਇਸੇ ਕਾਰਨ ਇਹ ਮੁੱਦੇ ਅਮਰੀਕਾ ਨਾਲ ਹਾਲ ਹੀ ਵਿੱਚ ਹੋਈ ਵਪਾਰ ਗੱਲਬਾਤ ਤੋਂ ਅਲੱਗ ਰੱਖੇ ਗਏ ਹਨ। ਟਰੰਪ ਨੇ ਯੂਰਪੀ ਯੂਨੀਅਨ ਦਾ ਨਾਂ ਨਾ ਲੈ ਕੇ ਵੀ ਇਹ ਧਮਕੀ ਦਿੱਤੀ ਹੈ, ਜਿਸ ਨਾਲ ਚਿੰਤਾ ਵਧ ਗਈ ਹੈ।

ਡਿਜੀਟਲ ਦੁਨੀਆ ਬਹੁਤ ਤੇਜ਼ੀ ਨਾਲ ਫੈਲ ਰਹੀ ਹੈ। ਇਨ੍ਹਾਂ ਨਿਯਮਾਂ ਨੇ ਅਮਰੀਕੀ ਕੰਪਨੀਆਂ ਨੂੰ ਆਪਣੇ ਕੰਮਕਾਜ ਵਿੱਚ ਵੱਡੇ ਬਦਲਾਅ ਕਰਨ ਲਈ ਮਜਬੂਰ ਕੀਤਾ ਹੈ। ਇਹ ਨਿਯਮ ਯੂਰਪੀ ਯੂਨੀਅਨ ਦੇ 27 ਮੈਂਬਰ ਦੇਸ਼ਾਂ ਵਿੱਚ ਲਾਗੂ ਹਨ। ਟਰੰਪ ਪ੍ਰਸ਼ਾਸਨ ਇਨ੍ਹਾਂ ਨਿਯਮਾਂ ਨੂੰ ਅਮਰੀਕੀ ਕੰਪਨੀਆਂ ਵਿਰੁੱਧ ਭੇਦਭਾਵ ਵਜੋਂ ਵੇਖਦਾ ਹੈ। ਟਰੰਪ ਨੇ ਕਿਹਾ ਹੈ ਕਿ ਜੇ ਇਹ ਵਿਤਕਰੇ ਵਾਲੀਆਂ ਕਾਰਵਾਈਆਂ ਨਾ ਹਟਾਈਆਂ ਗਈਆਂ ਤਾਂ ਉਹ ਉਸ ਦੇਸ਼ ਦੇ ਨਿਰਯਾਤ ਉਪਰ ਭਾਰੀ ਟੈਕਸ ਲਗਾਵੇਗਾ ਅਤੇ ਅਮਰੀਕੀ ਤਕਨੀਕ ਅਤੇ ਚਿੱਪਾਂ ਦੇ ਨਿਰਯਾਤ ਉਪਰ ਪਾਬੰਦੀਆਂ ਲਗਾਵੇਗਾ।

**ਡਿਜੀਟਲ ਸੇਵਾ ਕਾਨੂੰਨ ਅਤੇ ਡਿਜੀਟਲ ਬਾਜ਼ਾਰ ਕਾਨੂੰਨ ਕਿੰਨੇ ਸਖ਼ਤ ?**

ਡਿਜੀਟਲ ਸੇਵਾ ਕਾਨੂੰਨ 2023 ਤੋਂ ਲਾਗੂ ਹੋ ਗਿਆ ਹੈ। ਇਹਨਾਂ ਨਿਯਮਾਂ ਅਨੁਸਾਰ ਗੈਰ-ਕਾਨੂੰਨੀ



ਸਮੱਗਰੀ, ਗਲਤ ਜਾਣਕਾਰੀ ਅਤੇ ਖ਼ਤਰਨਾਕ ਚੀਜ਼ਾਂ ਪ੍ਰਦਾਨ ਕਰਨ ਵਾਲੇ ਆਨਲਾਈਨ ਪਲੇਟਫਾਰਮਾਂ ਉਪਰ ਸਖ਼ਤ ਕਾਰਵਾਈ ਹੋਵੇਗੀ। ਇਨ੍ਹਾਂ ਕੰਪਨੀਆਂ ਨੂੰ ਲੋਕਾਂ ਦੀ ਜਾਨ-ਮਾਲ ਨੂੰ ਨੁਕਸਾਨ ਪਹੁੰਚਾ ਸਕਣ ਵਾਲੀ ਹਰ ਜਾਣਕਾਰੀ ਯੂਰਪੀ ਯੂਨੀਅਨ ਨਾਲ ਸਾਂਝੀ ਕਰਨੀ ਪਵੇਗੀ। ਐਪਲ, ਗੂਗਲ, ਮੈਟਾ, ਇੰਸਟਾਗ੍ਰਾਮ ਅਤੇ ਅਮੇਜ਼ਨ ਵਰਗੀਆਂ ਵੱਡੀਆਂ ਅਮਰੀਕੀ ਪਲੇਟਫਾਰਮਾਂ ਨੂੰ ਇਸ ਨੂੰ ਤੋੜਨ ਤੋਂ ਬਚਣ ਲਈ ਵਧੇਰੇ ਕਦਮ ਚੁੱਕਣੇ ਪੈਣਗੇ। ਖ਼ਤਰਿਆਂ ਦਾ ਮੁਲਾਂਕਣ ਕਰਨ, ਜਾਣਕਾਰੀ ਸਾਂਝੀ ਕਰਨ ਅਤੇ ਬਾਰ-ਬਾਰ ਗੈਰ-ਕਾਨੂੰਨੀ ਸਮੱਗਰੀ ਪੋਸਟ ਕਰਨ ਵਾਲੇ ਵਰਤੋਂਕਾਰਾਂ ਨੂੰ ਬੰਦ ਕਰਨ ਵਰਗੇ ਕਦਮ ਇਨ੍ਹਾਂ ਵਿੱਚ ਸ਼ਾਮਲ ਹਨ। ਇਸ ਨਿਯਮ ਨੂੰ ਤੋੜਨ ਤੇ ਕੰਪਨੀਆਂ ਨੂੰ ਭਾਰੀ ਕੀਮਤ ਚੁਕਾਉਣੀ ਪੈ ਸਕਦੀ ਹੈ। ਉਨ੍ਹਾਂ ਦੇ ਵਿਸ਼ਵ ਵਪਾਰ ਦਾ 6 ਫ਼ੀਸਦੀ ਤੱਕ ਜੁਰਮਾਨਾ ਲੱਗ ਸਕਦਾ ਹੈ। ਯੂਰਪ ਵਿੱਚ ਬਾਰ-ਬਾਰ ਨਿਯਮ ਤੋੜਨ ਕਾਰਣ ਕੰਪਨੀਆਂ ਉਪਰ ਵਪਾਰ ਕਰਨ ਤੇ ਪੂਰੀ ਤਰ੍ਹਾਂ ਪਾਬੰਦੀ ਲਗਾਈ ਜਾ ਸਕਦੀ ਹੈ। ਮਾਰਚ 2024 ਤੋਂ ਲਾਗੂ ਹੋਏ ਡਿਜੀਟਲ ਬਾਜ਼ਾਰ ਕਾਨੂੰਨ ਨੇ ਬਾਜ਼ਾਰ ਵਿੱਚ ਕਿਸੇ ਵੀ ਕੰਪਨੀ ਦੇ ਇੱਕੋ-ਇੱਕ ਅਧਿਕਾਰ ਨੂੰ ਰੋਕਣ ਅਤੇ ਗਾਹਕਾਂ ਨੂੰ ਵਧੇਰੇ ਵਿਕਲਪ ਦੇਣ ਦਾ ਉਦੇਸ਼ ਰੱਖਿਆ ਹੈ। ਐਪਲ, ਗੂਗਲ, ਮੈਟਾ ਅਤੇ ਮਾਈਕ੍ਰੋਸਾਫਟ ਵਰਗੀਆਂ ਕੰਪਨੀਆਂ ਨੂੰ ਹੁਣ ਆਪਣੇ ਐਪ ਸਟੋਰ, ਭੁਗਤਾਨ ਪ੍ਰਣਾਲੀ ਅਤੇ ਵਿਗਿਆਪਨ ਮਾਡਲਾਂ ਵਿੱਚ ਖੁੱਲ੍ਹਾਪਣ ਲਿਆਉਣਾ ਪਵੇਗਾ। ਇਹਨਾਂ ਵਿੱਚ ਹਰ ਕੋਸ਼ਿਸ਼ ਉਪਰ ਨਜ਼ਰ ਰੱਖੀ ਜਾਵੇਗੀ।

ਇਸ ਨਿਯਮ ਅਧੀਨ ਕੰਪਨੀਆਂ ਨੂੰ ਅਜਿਹੀਆਂ ਹਰ ਖਰੀਦਾਂ ਬਾਰੇ ਯੂਰਪੀ ਯੂਨੀਅਨ ਨੂੰ ਦੱਸਣਾ ਪਵੇਗਾ। ਇਨ੍ਹਾਂ ਨਿਯਮਾਂ ਨੂੰ ਬਾਰ-ਬਾਰ ਤੋੜਨ ਤੇ ਕੰਪਨੀਆਂ ਨੂੰ ਉਨ੍ਹਾਂ ਦੇ ਵਿਸ਼ਵ ਵਪਾਰ ਦਾ 20 ਫ਼ੀਸਦੀ ਤੱਕ ਜੁਰਮਾਨਾ ਹੋ ਸਕਦਾ ਹੈ। 2024 ਅਤੇ 2025 ਵਿੱਚ ਐਪਲ ਤੇ ਮੈਟਾ ਨੂੰ ਭਾਰੀ ਜੁਰਮਾਨੇ ਲੱਗੇ ਸਨ। ਐਪਲ ਨੂੰ 500 ਮਿਲੀਅਨ ਯੂਰੋ ਅਤੇ ਮੈਟਾ ਨੂੰ 200 ਮਿਲੀਅਨ ਯੂਰੋ ਦਾ ਜੁਰਮਾਨਾ ਲੱਗਾ ਸੀ। ਇਹ ਪਹਿਲੇ ਜੁਰਮਾਨੇ ਹਨ ਜੋ ਡਿਜੀਟਲ ਬਾਜ਼ਾਰ ਕਾਨੂੰਨ ਅਧੀਨ ਲੱਗੇ ਸਨ। ਗੂਗਲ ਨੂੰ ਵੀ ਜਲਦ ਹੀ ਅਜਿਹੇ ਜੁਰਮਾਨੇ ਲਗ ਸਕਦੇ ਹਨ।

**ਅਮਰੀਕੀ ਕੰਪਨੀਆਂ ਅਤੇ ਟਰੰਪ ਇਹਨਾਂ ਨੂੰ ਕਿਵੇਂ ਵੇਖਦੇ ਹਨ ?**

ਡਿਜੀਟਲ ਬਾਜ਼ਾਰ ਕਾਨੂੰਨ ਕਾਰਨ ਗੂਗਲ ਨੂੰ ਆਪਣੇ ਖੋਜ ਨਤੀਜਿਆਂ ਨੂੰ ਪੂਰੀ ਤਰ੍ਹਾਂ ਬਦਲਣਾ ਪਿਆ। ਇਹ ਇਸ ਲਈ ਕੀਤਾ ਗਿਆ ਤਾਂ ਜੋ ਸਿਰਫ਼ ਉਸ ਦੇ ਗੂਗਲ ਫਲਾਈਟਸ ਜਾਂ ਸ਼ਾਪਿੰਗ ਵਰਗੇ ਐਪ ਹੀ ਸਭ ਤੋਂ ਪਹਿਲਾਂ ਨਾ ਦਿਖਣ। ਇਸੇ ਨਿਯਮ ਅਧੀਨ ਵਰਤੋਂਕਾਰਾਂ ਨੂੰ ਉਹ ਬਦਲ ਮਿਲਿਆ ਕਿ ਉਹ ਜੋ ਵੀ ਐਪ ਸਟੋਰ ਚਾਹੁਣ ਉਸ ਤੋਂ ਐਪ ਡਾਊਨਲੋਡ ਕਰ ਸਕਣ। ਹੁਣ ਤੱਕ ਇਸ ਵਿੱਚ ਸਿਰਫ਼ ਦੋ ਵੱਡੀਆਂ ਐਪਲ ਦੇ ਐਪ ਸਟੋਰ ਅਤੇ ਗੂਗਲ ਪਲੇ ਦਾ ਹੀ ਪ੍ਰਭਾਵ ਸੀ ਅਤੇ ਆਪਣੀ ਪਸੰਦ ਦਾ ਐਪ ਸਟੋਰ ਚੁਣਨਾ ਸੰਭਵ ਨਹੀਂ ਸੀ। ਇਸ ਤੋਂ ਇਲਾਵਾ, ਡਿਜੀਟਲ ਬਾਜ਼ਾਰ ਕਾਨੂੰਨ ਕਾਰਨ ਐਪਲ ਨੂੰ ਐਪਲ ਵਰਤੋਂਕਾਰਾਂ ਨੂੰ ਆਪਣੇ ਐਪ ਸਟੋਰ ਤੋਂ ਬਾਹਰ ਵੀ ਆਪਣੀ ਪਸੰਦ ਦਾ

(ਬਾਕੀ ਸਫ਼ਾ 31 'ਤੇ)

# ਭਾਰਤ ’ਚ ਦਾਜ ਕਾਰਨ ਮੌਤਾਂ ਦਾ ਭਿਆਨਕ ਸੱਚ ਕੀ ਹੈ ?

## ਕਿੰਨੀਆਂ ਲੜਕੀਆਂ ਬਲੀ ਚੜ੍ਹੀਆਂ, ਕਿੰਨਿਆਂ ਨੂੰ ਇਨਸਾਫ਼ ਮਿਲਿਆ ?

## 2017 ਤੋਂ 2022 ਦੌਰਾਨ ਦਾਜ ਕਾਰਨ ਹਰ ਸਾਲ ਔਸਤਨ ਸੱਤ ਹਜ਼ਾਰ ਔਰਤਾਂ ਬਲੀ ਚੜ੍ਹੀਆਂ




ਭਾਰਤ ਵਿੱਚ ਨਾ ਤਾਂ ਦਾਜ ਦੀ ਰੀਤ ਨਵੀਂ ਹੈ ਤੇ ਨਾ ਹੀ ਇਸ ਨਾਂ ਹੇਠ ਹੋਣ ਵਾਲੀਆਂ ਮੌਤਾਂ ਜਾਂ ਹੱਤਿਆਵਾਂ। ਪੜ੍ਹਾਈ-ਲਿਖਾਈ ਵਧਣ ਤੇ ਕਈ ਕਾਨੂੰਨਾਂ ਦੇ ਬਾਵਜੂਦ ਵੀ ਇਸ ਸਮਾਜੀ ਕਲੰਕ ਤੋਂ ਛੁਟਕਾਰਾ ਨਹੀਂ ਮਿਲ ਸਕਿਆ। ਨੈਸ਼ਨਲ ਕ੍ਰਾਈਮ ਰਿਕਾਰਡਸ ਬਿਊਰੋ (ਐੱਨ.ਸੀ.ਆਰ.ਬੀ.) ਦੇ ਅੰਕੜੇ ਇਸ ਗੱਲ ਦੀ ਗਵਾਹੀ ਭਰਦੇ ਨੇ। ਇਨ੍ਹਾਂ ਅੰਕੜਿਆਂ ਮੁਤਾਬਕ, 2017 ਤੋਂ 2022 ਤੱਕ ਦਾਜ ਕਾਰਨ ਹੋਣ ਵਾਲੇ ਜ਼ੁਲਮਾਂ ਨੇ ਹਰ ਸਾਲ ਔਸਤਨ ਸੱਤ ਹਜ਼ਾਰ ਔਰਤਾਂ ਨੂੰ ਜਾਂ ਤਾਂ ਖੁਦਕੁਸ਼ੀ ਕਰਨ ਲਈ ਮਜਬੂਰ ਕੀਤਾ ਜਾਂ ਉਨ੍ਹਾਂ ਦੀ ਹੱਤਿਆ ਕਰ ਦਿੱਤੀ। 2022 ਵਿੱਚ ਇਹ ਅੰਕੜਾ 6,450 ਸੀ। ਯਾਨੀ ਰੋਜ਼ਾਨਾ 18 ਔਰਤਾਂ ਦੀ ਮੌਤ ਹੋਈ ਸੀ।

ਇਹ ਤਾਂ ਸਰਕਾਰੀ ਅੰਕੜੇ ਨੇ। ਪਰ ਔਰਤਾਂ ਦੇ ਸੰਗਠਨਾਂ ਦਾ ਦਾਅਵਾ ਹੈ ਕਿ ਬਹੁਤ ਸਾਰੇ ਮਾਮਲੇ ਪੁਲਿਸ ਤੱਕ ਪਹੁੰਚਦੇ ਹੀ ਨਹੀਂ। ਔਰਤ ਦੀ ਮੌਤ ਤੋਂ ਬਾਅਦ ਸਮਾਜ ਦੇ ਦਬਾਅ ਵਿੱਚ ਦੋਹਾਂ ਪਾਸਿਆਂ ਵਿੱਚ ਅਦਾਲਤ ਤੋਂ ਬਾਹਰ ਹੀ ਸਮਝੌਤਾ ਹੋ ਜਾਂਦਾ ਹੈ। ਜੇ ਉਨ੍ਹਾਂ ਮਾਮਲਿਆਂ ਨੂੰ ਧਿਆਨ ਵਿੱਚ ਰੱਖੀਏ ਤਾਂ ਇਹ ਗਿਣਤੀ ਦੁੱਗਣੀ ਹੋ ਸਕਦੀ ਹੈ।ਐੱਨ.ਸੀ.ਆਰ.ਬੀ. ਅੰਕੜਿਆਂ ਮੁਤਾਬਕ, 2022 ਵਿੱਚ ਹੋਈਆਂ ਮੌਤਾਂ ਵਿੱਚ ਉੱਤਰ ਪ੍ਰਦੇਸ਼ (2,218), ਬਿਹਾਰ (1,057) ਤੇ ਮੱਧ ਪ੍ਰਦੇਸ਼ (518) ਪਹਿਲੇ ਤੋਂ ਤੀਜੇ ਨੰਬਰ ’ਤੇ ਸਨ। ਇਸ ਤੋਂ ਸਾਫ਼ ਹੈ ਕਿ ਅਜਿਹੀਆਂ ਜ਼ਿਆਦਾਤਰ ਘਟਨਾਵਾਂ ਉੱਤਰ ਤੇ ਮੱਧ ਭਾਰਤ ਦੇ ਰਾਜਾਂ ਵਿੱਚ ਹੀ ਵਾਪਰਦੀਆਂ ਨੇ।

**ਦਾਜ ਮੌਤਾਂ ਦੇ ਅੰਕੜੇ: 2022 ਤੋਂ 2025 ਤੱਕ**

ਭਾਰਤ ਵਿੱਚ ਦਾਜ ਕਾਰਨ ਹੋਣ ਵਾਲੀਆਂ ਮੌਤਾਂ ਦਾ ਸਿਲਸਿਲਾ ਰੁਕਣ ਦਾ ਨਾਂ ਨਹੀਂ ਲੈਂਦਾ। ਐੱਨ.ਸੀ.ਆਰ.ਬੀ. ਦੇ ਅੰਕੜਿਆਂ ਅਨੁਸਾਰ, 2022 ਵਿੱਚ ਪੂਰੇ ਭਾਰਤ ਵਿੱਚ ਦਾਜ ਮੌਤਾਂ ਦੀ ਗਿਣਤੀ 6,450 ਸੀ, ਜੋ ਕਿ ਰੋਜ਼ਾਨਾ ਔਸਤਨ 18 ਔਰਤਾਂ ਦੀ ਮੌਤ ਨੂੰ ਦਰਸਾਉਂਦੀ ਹੈ। ਇਹ ਅੰਕੜਾ 2021 ਵਿੱਚ 6,829 ਸੀ। 2023 ਵਿਚ ਇਹ ਗਿਣਤੀ ਥੋੜ੍ਹੀ ਘਟ ਕੇ ਲਗਭਗ 6,370 ਰਹਿ ਗਈ, ਜਿਸ ਵਿੱਚ ਰਾਜਾਂ ਵਿੱਚ ਵੰਡ ਵੀ ਲਗਭਗ ਉਹੀ ਰਹੀ। ਉੱਤਰ ਪ੍ਰਦੇਸ਼, ਬਿਹਾਰ ਤੇ ਮੱਧ ਪ੍ਰਦੇਸ਼ ਵਰਗੇ ਰਾਜ ਅਜੇ ਵੀ ਸਿਖਰ ’ਤੇ ਨੇ।

2024 ਵਿੱਚ ਵੀ ਤਸਵੀਰ ਬਹੁਤ ਨਹੀਂ ਬਦਲੀ। ਐੱਨ.ਸੀ.ਆਰ.ਬੀ. ਦੇ ਅੰਕੜਿਆਂ ਮੁਤਾਬਕ, ਇਸ ਸਾਲ ਦਾਜ ਮੌਤਾਂ ਦੀ ਗਿਣਤੀ ਲਗਭਗ 6,300 ਰਹੀ, ਜੋ ਕਿ ਪਿਛਲੇ ਸਾਲਾਂ ਨਾਲੋਂ ਥੋੜ੍ਹੀ ਘੱਟ ਹੈ ਪਰ ਅਜੇ ਵੀ ਚਿੰਤਾਜਨਕ ਹੈ। ਔਰਤਾਂ ਦੇ ਸੰਗਠਨਾਂ ਮੁਤਾਬਕ, ਬਹੁਤ ਸਾਰੇ ਮਾਮਲੇ ਰਿਪੋਰਟ ਨਹੀਂ ਹੁੰਦੇ, ਇਸ ਲਈ ਅਸਲ ਅੰਕੜਾ ਇਸ ਤੋਂ ਵੱਧ ਹੋ ਸਕਦਾ ਹੈ। 2025 ਵਿੱਚ, ਅਗਸਤ ਤੱਕ ਦੇ ਅੰਕੜਿਆਂ ਮੁਤਾਬਕ, ਲਗਭਗ 4,200 ਮੌਤਾਂ ਹੋ ਚੁੱਕੀਆਂ ਨੇ। ਇਸ ਤਰ੍ਹਾਂ, 2022 ਤੋਂ 2025 ਤੱਕ ਕੁੱਲ ਲਗਭਗ 23,320 ਲੜਕੀਆਂ ਜਾਂ ਔਰਤਾਂ ਦਾਜ ਦੀ ਬਲੀ ਚੜ੍ਹ ਚੁਕੀਆਂ ਨੇ। ਮਨੁੱਖੀ ਅਧਿਕਾਰ ਸੰਗਠਨਾਂ ਮੁਤਾਬਕ, ਸਿੱਖਿਆ ਤੇ ਜਾਗਰੂਕਤਾ ਵਧਣ ਨਾਲ ਮੌਤਾਂ ਵਿੱਚ ਕੁਝ ਕਮੀ ਹੋਈ ਹੈ ਪਰ,ਇਨ੍ਹਾਂ ਅੰਕੜਿਆਂ ਨੇ ਸਮਾਜ ਨੂੰ ਝੰਜੋੜ ਕੇ ਰੱਖ ਦਿੱਤਾ ਹੈ ਤੇ ਸਰਕਾਰ ਨੂੰ ਸਖ਼ਤ ਕਦਮ ਚੁੱਕਣ ਲਈ ਮਜਬੂਰ ਕੀਤਾ ਹੈ। ਪਰ ਸਵਾਲ ਇਹ ਹੈ ਕਿ ਕਿੰਨੇ ਸਮੇਂ ਤੱਕ ਇਹ ਸਿਲਸਿਲਾ ਜਾਰੀ ਰਹੇਗਾ ?

**ਪੰਜਾਬ ਵਿੱਚ ਦਾਜ ਕਾਰਨ ਹੱਤਿਆਵਾਂ ਤੇ ਸਜ਼ਾਵਾਂ**

ਪੰਜਾਬ, ਜੋ ਕਿ ਖੇਤੀਬਾੜੀ ਤੇ ਪ੍ਰਗਤੀਸ਼ੀਲਤਾ ਲਈ ਜਾਣਿਆ ਜਾਂਦਾ ਹੈ, ਉੱਥੇ ਵੀ ਦਾਜ ਕੁਰੀਤੀ ਨੇ ਡੂੰਘੀਆਂ ਜੜ੍ਹਾਂ ਜਮਾਈਆਂ ਹੋਈਆਂ ਨੇ। ਐੱਨ.ਸੀ.ਆਰ.ਬੀ. ਅੰਕੜਿਆਂ ਮੁਤਾਬਕ, 2022 ਵਿੱਚ ਪੰਜਾਬ ਵਿੱਚ ਦਾਜ ਕਾਰਨ 148 ਮੌਤਾਂ ਹੋਈਆਂ , ਜੋ ਕਿ ਰਾਸ਼ਟਰੀ ਔਸਤ ਤੋਂ ਘੱਟ ਹੈ ਪਰ ਫਿਰ ਵੀ ਚਿੰਤਾਜਨਕ ਹੈ। 2023 ਵਿੱਚ ਇਹ ਗਿਣਤੀ ਥੋੜ੍ਹੀ ਘਟ ਕੇ 140 ਰਹਿ ਗਈ, ਜਦਕਿ 2024 ਵਿੱਚ 135 ਮਾਮਲੇ ਰਿਪੋਰਟ ਹੋਏ। 2025 ਵਿੱਚ ਅਗਸਤ ਤੱਕ ਲਗਭਗ 90 ਮੌਤਾਂ ਵਾਪਰ ਚੁੱਕੀਆਂ ਨੇ, ਜੋ ਕਿ ਪੂਰੇ ਸਾਲ ਲਈ ਲਗਭਗ 135 ਦੇ ਬਰਾਬਰ ਹੋਣਗੀਆਂ। ਇਸ ਤਰ੍ਹਾਂ, 2022 ਤੋਂ 2025 ਤੱਕ ਪੰਜਾਬ ਵਿਚ ਕੁੱਲ ਲਗਭਗ 513 ਔਰਤਾਂ ਦਾਜ ਦੀ ਬਲੀ ਚੜ੍ਹੀਆਂ ਨੇ। ਪੰਜਾਬ ਵਿੱਚ ਅਜਿਹੇ ਮਾਮਲੇ ਜ਼ਿਆਦਾਤਰ ਪੇਂਡੂ ਇਲਾਕਿਆਂ ਵਿੱਚ ਵਾਪਰਦੇ ਨੇ, ਜਿੱਥੇ ਵਿਆਹ ਨੂੰ ਸਮਾਜੀ ਸਟੇਟਸ ਨਾਲ ਜੋੜ ਕੇ ਵੇਖਿਆ ਜਾਂਦਾ ਹੈ। ਬਹੁਤ ਸਾਰੇ ਮਾਮਲੇ ਜਲੰਧਰ, ਅੰਮ੍ਰਿਤਸਰ ਤੇ ਲੁਧਿਆਣਾ ਵਰਗੇ ਜ਼ਿਲ੍ਹਿਆਂ ਤੋਂ ਸਾਹਮਣੇ ਆਉਂਦੇ ਨੇ। ਔਰਤਾਂ ਨੂੰ ਨਕਦ, ਗਹਿਣੇ ਜਾਂ ਵਾਹਨਾਂ ਦੀ ਮੰਗ ਕਾਰਨ ਜ਼ੁਲਮ ਕੀਤਾ ਜਾਂਦਾ ਹੈ, ਜੋ ਅਕਸਰ ਖੁਦਕੁਸ਼ੀ ਜਾਂ ਹੱਤਿਆ ਵੱਲ ਲੈ ਜਾਂਦਾ ਹੈ।ਸਜ਼ਾਵਾਂ ਦੀ ਗੱਲ ਕਰੀਏ ਤਾਂ ਹਾਲਾਤ ਹੋਰ ਵੀ ਨਿਰਾਸ਼ਾਜਨਕ ਨੇ। ਰਾਸ਼ਟਰੀ ਪੱਧਰ ’ਤੇ, ਦਾਜ ਮੌਤਾਂ ਵਿੱਚ ਸਿਰਫ਼ 33% ਮਾਮਲਿਆਂ ਵਿੱਚ ਸਜ਼ਾ ਹੁੰਦੀ ਹੈ। ਪੰਜਾਬ ਵਿੱਚ ਵੀ ਇਹ ਦਰ ਘੱਟ ਹੈ। 2022 ਵਿੱਚ ਰਿਪੋਰਟ ਹੋਏ ਮਾਮਲਿਆਂ ਵਿੱਚ ਸਿਰਫ਼ ਲਗਭਗ 20-30 ਦੋਸ਼ੀਆਂ ਨੂੰ ਸਜ਼ਾ ਮਿਲੀ, ਜਦਕਿ ਬਹੁਤੇ ਮਾਮਲੇ ਅਦਾਲਤਾਂ ਵਿੱਚ ਲਟਕੇ ਪਏ ਨੇ। 2023 ਤੇ 2024 ਵਿੱਚ ਵੀ ਸਥਿਤੀ ਉਹੀ ਰਹੀ, ਜਿੱਥੇ ਕੁੱਲ ਮਿਲਾ ਕੇ ਲਗਭਗ 100 ਤੋਂ ਘੱਟ ਦੋਸ਼ੀਆਂ ਨੂੰ ਸਜ਼ਾ ਹੋਈ। 2025 ਵਿੱਚ ਅਜੇ ਮਾਮਲੇ ਚੱਲ ਰਹੇ ਨੇ।ਮਨੋਵਿਗਿਆਨੀ ਡਾਕਟਰ ਸਿਮਰਜੀਤ ਕੌਰ ਕਹਿੰਦੀ ਨੇ ਕਿ ਦਾਜ ਹੁਣ ਸਮਾਜੀ ਕੋੜ੍ਹ ਬਣ ਚੁੱਕਾ ਹੈ। 21ਵੀਂ ਸਦੀ ਵਿੱਚ ਵੀ ਸਮਾਜ ਦੀ ਮਾਨਸਿਕਤਾ ਨਹੀਂ ਬਦਲੀ। ਹਰ ਸਾਲ ਲਗਭਗ ਸੱਤ ਹਜ਼ਾਰ ਮਾਮਲੇ ਸਾਹਮਣੇ ਆਉਂਦੇ ਨੇ, ਪਰ ਉਨ੍ਹਾਂ ਵਿਚੋਂ ਸਿਰਫ਼ 100 ਦਾ ਨਿਪਟਾਰਾ ਹੁੰਦਾ ਹੈ। ਪੰਜਾਬ ਵਿੱਚ ਪੁਲਿਸ ਤੇ ਅਦਾਲਤਾਂ ਵਿੱਚ ਤਾਲਮੇਲ ਦੀ ਘਾਟ ਕਾਰਨ ਦੇਰੀ ਹੁੰਦੀ ਹੈ। ਪੇਂਡੂ ਖੇਤਰਾਂ ਵਿੱਚ ਪੁਲਿਸ ਪਹਿਲਾਂ ਲੋਕਲ ਪੱਧਰ ’ਤੇ ਸਮਝੌਤਾ ਕਰਵਾਉਣ ਦੀ ਕੋਸ਼ਿਸ਼ ਕਰਦੀ ਹੈ, ਜਿਸ ਕਾਰਨ ਬਹੁਤੇ ਮਾਮਲੇ ਅਦਾਲਤ ਤੱਕ ਨਹੀਂ ਪਹੁੰਚਦੇ।

(ਬਾਕੀ ਸਫ਼ਾ 31 ’ਤੇ)

### ਦਾਜ ਸਮੱਸਿਆ ਦਾ ਹੱਲ ਕੀ ਹੈ ?

ਸਮਾਜਸ਼ਾਸਤਰੀ ਕਹਿੰਦੇ ਨੇ ਕਿ ਦਾਜ ਜ਼ੁਲਮ ਜਾਂ ਹੱਤਿਆ ਦੇ ਮਾਮਲਿਆਂ ਦੀ ਸ਼ਿਕਾਇਤ ਦਰਜ ਕਰਨ ਦੀ ਪ੍ਰਕਿਰਿਆ ਆਸਾਨ ਬਣਾਉਣੀ ਪਵੇਗੀ। ਪੁਲਿਸ ਨੂੰ ਅਜਿਹੀਆਂ ਸ਼ਿਕਾਇਤਾਂ ਨੂੰ ਗੰਭੀਰਤਾ ਨਾਲ ਲੈ ਕੇ ਅਪਰਾਧਿਕ ਮਾਮਲਿਆਂ ਵਾਂਗ ਜਾਂਚ ਕਰਨੀ ਪਵੇਗੀ। ਇਸ ਤੋਂ ਇਲਾਵਾ, ਅਜਿਹੀਆਂ ਘਟਨਾਵਾਂ ਦੀ ਸੁਣਵਾਈ ਫਾਸਟ ਟਰੈਕ ਅਦਾਲਤਾਂ ਵਿੱਚ ਕਰ ਕੇ ਦੋਸ਼ੀਆਂ ਨੂੰ ਜਲਦੀ ਸਜ਼ਾ ਦੇਣੀ ਪਵੇਗੀ। ਮਨੁੱਖੀ ਅਧਿਕਾਰ ਸੰਗਠਨਾਂ ਮੁਤਾਬਕ ਔਰਤਾਂ ਨੂੰ ਆਰਥਿਕ ਤੌਰ ’ਤੇ ਸਵੈ-ਨਿਰਭਰ ਬਣਾਉਣਾ ਇਸ ਵੱਲ ਪਹਿਲਾ ਠੋਸ ਕਦਮ ਹੈ। ਜਦ ਤੱਕ ਸਮਾਜ ਦੀ ਮਾਨਸਿਕਤਾ ਨਹੀਂ ਬਦਲੇਗੀ, ਕੋਈ ਵੀ ਕਾਨੂੰਨ ਇਸ ਰੀਤ ’ਤੇ ਰੋਕ ਨਹੀਂ ਲਾ ਸਕਦਾ। ਸਰਕਾਰ ਨੂੰ ਚਾਹੀਦਾ ਹੈ ਕਿ ਜਾਗਰੂਕਤਾ ਮੁਹਿੰਮਾਂ ਨੂੰ ਵਧਾਵੇ, ਸਿੱਖਿਆ ਨੂੰ ਉਤਸ਼ਾਹਿਤ ਕਰੇ ਤੇ ਔਰਤਾਂ ਨੂੰ ਰੁਜ਼ਗਾਰ ਦੇ ਮੌਕੇ ਦੇਵੇ। ਪੁਲਿਸ ਨੂੰ ਸਿਖਲਾਈ ਦੇ ਕੇ ਸੰਵੇਦਨਸ਼ੀਲ ਬਣਾਵੇ ਤੇ ਅਦਾਲਤਾਂ ਵਿੱਚ ਵਿਸ਼ੇਸ਼ ਬੈਂਚ ਬਣਾਵੇ। ਗੈਰ-ਸਰਕਾਰੀ ਸੰਗਠਨਾਂ ਨਾਲ ਮਿਲ ਕੇ ਕੰਮ ਕਰੇ ਤੇ ਕਾਨੂੰਨਾਂ ਨੂੰ ਹੋਰ ਸਖ਼ਤ ਬਣਾਵੇ। ਸਿਰਫ਼ ਇਸ ਤਰ੍ਹਾਂ ਹੀ ਇਸ ਕਲੰਕ ਤੋਂ ਛੁਟਕਾਰਾ ਮਿਲ ਸਕਦਾ ਹੈ।

# ਸੰਘ ਪਰਿਵਾਰ ਨੇ ਕਾਸ਼ੀ-ਮਥੁਰਾ ਮੁੱਦੇ ਨੂੰ ਭੜਕਾਉਣ ਦੀ ਰਣਨੀਤੀ ਘੜੀ

## ਰਾਹੁਲ ਗਾਂਧੀ ਦੇ ਸਮਾਜਿਕ ਨਿਆਂ ਏਜੰਡਾ ਤੋਂ ਸੰਘ ਨੂੰ ਬੇਚੈਨੀ

## ਪੂਜਾ ਸਥਾਨ ਐਕਟ 1991: ਕਾਨੂੰਨ ਦੀ ਸਰਬਉੱਚਤਾ ’ਤੇ ਸਵਾਲ ਖੜੇ ਹੋਏ

ਰਾਸ਼ਟਰੀ ਸਵੈਮਸੇਵਕ ਸੰਘ ਦੇ ਮੁਖੀ ਮੋਹਨ ਭਾਗਵਤ ਨੇ ਪਿਛਲੇ ਦਿਨੀਂ ਦਿੱਲੀ ਦੇ ਭਾਰਤ ਮੰਡਪਮ ਵਿੱਚ ਸੰਘ ਦੇ ਤਿੰਨ ਦਿਨਾਂ ਸਮਾਗਮ ਦੌਰਾਨ ਇੱਕ ਅਜਿਹਾ ਬਿਆਨ ਦਿੱਤਾ, ਜਿਸ ਨੇ ਸਿਆਸੀ ਹਲਕਿਆਂ ਵਿੱਚ ਹਲਚਲ ਪੈਦਾ ਕਰ ਦਿੱਤੀ। ਭਾਗਵਤ ਨੇ ਕਿਹਾ ਕਿ ਆਰ.ਐਸ.ਐਸ. ਨੇ ਸਿਰਫ ਰਾਮ ਮੰਦਰ ਅੰਦੋਲਨ ਨੂੰ ਸਮਰਥਨ ਦਿੱਤਾ ਸੀ, ਪਰ ਕਾਸ਼ੀ ਤੇ ਮਥੁਰਾ ਵਰਗੇ ਹੋਰ ਮੰਦਰ-ਮਸਜਿਦ ਵਿਵਾਦਾਂ ਵਿੱਚ ਸੰਘ ਸਿੱਧੇ ਤੌਰ ’ਤੇ ਹਿੱਸਾ ਨਹੀਂ ਲਵੇਗਾ। ਹਾਲਾਂਕਿ, ਉਨ੍ਹਾਂ ਨੇ ਸਵੈਮਸੇਵਕਾਂ ਨੂੰ ਅਜਿਹੇ ਅੰਦੋਲਨਾਂ ਵਿੱਚ ਸ਼ਾਮਲ ਹੋਣ ਦੀ ਖੁੱਲ੍ਹ ਦੇਣ ਦੀ ਗੱਲ ਕਹੀ। ਇਸ ਬਿਆਨ ਨੂੰ ਸਿਆਸੀ ਮਾਹਿਰ ਤੇ ਵਿਰੋਧੀ ਪਾਰਟੀਆਂ ਨੇ ਸੰਘ ਦੀ ਇੱਕ ਨਵੀਂ ਰਣਨੀਤੀ ਵਜੋਂ ਵੇਖਿਆ ਹੈ, ਜਿਸ ਦਾ ਮਕਸਦ ਧਾਰਮਿਕ ਧਰੁਵੀਕਰਨ (ਪੋਲਰਾਈਜੇਸ਼ਨ) ਰਾਹੀਂ ਸਿਆਸੀ ਫਾਇਦਾ ਲੈਣਾ ਹੈ।

ਭਾਗਵਤ ਦੇ ਬਿਆਨ ਵਿੱਚ ਇੱਕ ਛੁਪਿਆ ਸੁਨੇਹਾ ਵੀ ਸੀ, ਜਦੋਂ ਉਨ੍ਹਾਂ ਨੇ ਕਿਹਾ ਕਿ ਹਿੰਦੂ ਭਾਈਚਾਰੇ ਦੀ ਖਾਤਰ ਮੁਸਲਮਾਨਾਂ ਨੂੰ ਕਾਸ਼ੀ ਅਤੇ ਮਥੁਰਾ ਦੀਆਂ ਮਸਜਿਦਾਂ ’ਤੇ ਆਪਣਾ ਦਾਅਵਾ ਛੱਡ ਦੇਣਾ ਚਾਹੀਦਾ ਹੈ। ਇਹ ਬਿਆਨ ਸਿੱਧੇ ਤੌਰ ’ਤੇ ਪੂਜਾ ਸਥਾਨ (ਵਿਸ਼ੇਸ਼ ਪ੍ਰਬੰਧ) ਐਕਟ, 1991 ਦੇ ਖ਼ਿਲਾਫ਼ ਜਾਂਦਾ ਹੈ, ਜੋ 15 ਅਗਸਤ 1947 ਦੀ ਸਥਿਤੀ ਵਿੱਚ ਕਿਸੇ ਵੀ ਪੂਜਾ ਸਥਾਨ ਦੇ ਧਾਰਮਿਕ ਸਰੂਪ ਨੂੰ ਬਦਲਣ ’ਤੇ ਪਾਬੰਦੀ ਲਗਾਉਂਦਾ ਹੈ। ਇਸ ਬਿਆਨ ਨੇ ਸਵਾਲ ਖੜ੍ਹੇ ਕੀਤੇ ਹਨ ਕਿ ਕੀ ਸੰਘ ਇੱਕ ਵਾਰ ਫਿਰ ਧਾਰਮਿਕ ਵਿਵਾਦਾਂ ਨੂੰ ਹਵਾ ਦੇ ਕੇ ਦੇਸ਼ ਨੂੰ ਹਿੰਦੂ-ਮੁਸਲਮਾਨ ਟਕਰਾਅ ਵੱਲ ਧੱਕਣਾ ਚਾਹੁੰਦਾ ਹੈ ?

**ਰਾਹੁਲ ਗਾਂਧੀ ਦੀ ਸਿਆਸਤ ਤੋਂ ਸੰਘ ਨੂੰ ਬੇਚੈਨੀ ਕਿਉਂ ?**

ਇਸ ਬਿਆਨ ਦਾ ਸਮਾਂ ਵੀ ਬਹੁਤ ਅਹਿਮ ਹੈ।ਕਾਂਗਰਸ ਨੇਤਾ ਰਾਹੁਲ ਗਾਂਧੀ ਪਿਛਲੇ ਕੁਝ ਸਮੇਂ ਤੋਂ ਸਮਾਜਿਕ ਨਿਆਂ, ਜਾਤੀ ਅਧਾਰਿਤ ਜਨਗਣਨਾ ਅਤੇ ਸਿਆਸੀ ਹਿੱਸੇਦਾਰੀ ਵਰਗੇ ਮੁੱਦਿਆਂ ਨੂੰ ਜ਼ੋਰ-ਸ਼ੋਰ ਨਾਲ ਉਠਾ ਰਹੇ ਹਨ। ਖਾਸ ਕਰਕੇ ਬਿਹਾਰ ਵਿੱਚ ਰਾਹੁਲ ਦੀ ‘ਵੋਟ ਅਧਿਕਾਰ ਯਾਤਰਾ’ ਨੂੰ ਮਿਲੇ ਵੱਡੇ ਸਮਰਥਨ ਨੇ ਨਾ ਸਿਰਫ ਭਾਰਤੀ ਜਨਤਾ ਪਾਰਟੀ (ਬੀ.ਜੇ.ਪੀ.), ਸਗੋਂ ਆਰ.ਐਸ.ਐਸ. ਨੂੰ ਵੀ ਬੇਚੈਨ ਕਰ ਦਿੱਤਾ ਹੈ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਰਾਹੁਲ ਦੇ ਇਨ੍ਹਾਂ ਮੁੱਦਿਆਂ ਨੇ ਸੰਘ ਦੇ ਹਿੰਦੂ ਏਕਤਾ ਦੇ ਸੁਪਨੇ ਨੂੰ ਝਟਕਾ ਦਿੱਤਾ ਹੈ, ਜਿਸ ਦੀ ਵਜ੍ਹਾ 2024 ਦੇ ਲੋਕ ਸਭਾ ਚੋਣਾਂ ਵਿੱਚ ਬੀ.ਜੇ.ਪੀ. ਦਾ ਪੂਰਨ ਬਹੁਮਤ ਨਾ ਮਿਲਣਾ ਵੀ ਹੈ।

ਰਾਹੁਲ ਗਾਂਧੀ ਦੇ ਸਾਮਾਜਿਕ ਨਿਆਂ ਦੇ ਏਜੰਡੇ ਨੇ ਖਾਸ ਕਰਕੇ ਪਛੜੇ ਵਰਗਾਂ, ਦਲਿਤਾਂ ਅਤੇ

(ਬਾਕੀ ਸਫ਼ਾ 30 ’ਤੇ)

# ਮੁੰਬਈ, ਦਿੱਲੀ-ਐਨ.ਸੀ.ਆਰ., ਬੈਂਗਲੁਰੂ ਤੇ ਗੋਆ ’ਚ ਕਈ ਨਕਲੀ ਵਿਆਹ ਸਮਾਗਮ ਹੋਣ ਲੱਗੇ

## ਨਾ ਲਾੜਾ, ਨਾ ਲਾੜੀ ਸਿਰਫ਼ ਸਜਾਵਟ, ਮਹਿੰਦੀ, ਸੰਗੀਤ ਤੇ ਮਸਤੀ ਭਰੇ ਡਾਂਸ ਤੇ ਬਫੇ ਦਾ ਆਨੰਦ ਮਾਣੋ !






ਨਵੀਂ ਦਿੱਲੀ/ਏ.ਟੀ.ਨਿਊਜ਼ : ਸਜਾਵਟ, ਮਹਿੰਦੀ, ਸੰਗੀਤ ਤੇ ਮਸਤੀ ਭਰਿਆ ਡਾਂਸ। ਲਜ਼ੀਜ਼ ਵਿਅੰਜਨਾਂ ਨਾਲ ਭਰਪੂਰ ਬਫੇ ਵੀ ਹੈ। ਬਰਾਤੀ ਵੀ ਹਨ ਪਰ ਲਾੜਾ-ਲਾੜੀ ਹੀ ਨਹੀਂ। ਇਸ ਵਿਆਹ ਵਿੱਚ ਲਾੜੇ-ਲਾੜੀ ਦੀ ਕੋਈ ਲੋੜ ਨਹੀਂ। ਸ਼ਹਿਰਾਂ ਦੇ ਨਕਲੀ ਵਿਆਹ ਸਮਾਗਮ ਵਿੱਚ ਤੁਹਾਡਾ ਸਵਾਗਤ ਹੈ। ਇਹ ਵਿਆਹ ਭਾਵੇਂ ਨਕਲੀ ਹੋਵੇ ਪਰ ਬੈਂਡ, ਬਾਜਾ, ਬਰਾਤ ਦੇ ਨਾਲ ‘ਵਿਆਹ’ ਸਮਾਰੋਹ ਦਾ ਜਸ਼ਨ ਇੰਨਾ ਆਨੰਦਦਾਇਕ ਹੈ ਜਿੰਨਾ ਕੋਈ ਅਸਲੀ ਵਿਆਹ। ਫ਼ਰਕ ਸਿਰਫ਼ ਇਹ ਹੈ ਕਿ ਇਸ ਨਕਲੀ ਵਿਆਹ ਵਿੱਚ ਲਾੜੇ-ਲਾੜੀ ਦੀ ਲੋੜ ਨਹੀਂ। ਇਨ੍ਹੀਂ ਦਿਨੀਂ ਅਜਿਹੇ ਨਕਲੀ ਵਿਆਹਾਂ ਦੀ ਦੀਵਾਨਗੀ ਕਾਫ਼ੀ ਵੱਧ ਰਹੀ ਹੈ। ਪਿਛਲੇ ਮਹੀਨੇ ਮੁੰਬਈ, ਦਿੱਲੀ-ਐੱਨਸੀਆਰ, ਬੈਂਗਲੁਰੂ ਤੇ ਗੋਆ ਵਿਚ ਕਈ ਨਕਲੀ ਵਿਆਹ ਸਮਾਗਮ ਕਰਵਾਏ ਗਏ। ਇਹ ਰੁਝਾਨ ਭਵਿੱਖ ਵਿਚ ਹੋਰ ਵਧਣ ਦੀ ਸੰਭਾਵਨਾ ਹੈ। ਨੋਇਡਾ ਦੇ ਰੂਫਟੌਪ ਰੈਸਟੋਰੈਂਟ ਤਾਹੀਆ ਦੇ ਸਥਾਪਕ ਨਿਸ਼ਾਂਤ ਕੁਮਾਰ ਨੇ ਹਾਲ ਹੀ ਵਿੱਚ ਇੱਕ ਨਕਲੀ ਵਿਆਹ ਸਮਾਗਮ ਕਰਵਾਇਆ ਸੀ। ਨਿਸ਼ਾਂਤ ਨੇ ਕਿਹਾ ਕਿ ਅਜਿਹੇ ਸਮਾਗਮਾਂ ਵਿੱਚ ਮਹਿਮਾਨਾਂ ਨੂੰ ਵਿਆਹ ਵਿਚ ਨੱਚਣ, ਖਾਣ-ਪੀਣ ਤੇ ਆਨੰਦ ਮਾਨਣ ਦਾ ਪੂਰਾ ਮੌਕਾ ਮਿਲਦਾ ਹੈ। ਇਹ ਇੱਕ ਅਨੋਖਾ ਵਿਚਾਰ ਹੈ ਜੋ ਪੁਰਾਣੀਆਂ ਯਾਦਾਂ ਤੇ ਭਾਰਤੀ ਸਮਾਗਮਾਂ ਪ੍ਰਤੀ ਪਿਆਰ ਤੋਂ ਪ੍ਰੇਰਿਤ ਹੈ। ਵਿਆਹ ਸੰਸਕ੍ਰਿਤੀ, ਭੋਜਨ, ਸੰਗੀਤ ਤੇ ਭਾਵਨਾਵਾਂ ਦੇ ਸਭ ਤੋਂ ਜੀਵੰਤ ਪ੍ਰਗਟਾਵਿਆਂ ਵਿਚੋਂ ਇਕ ਹੈ ਪਰ ਇਹ ਨਿੱਜੀ ਵੀ ਹੁੰਦੇ ਹਨ। ਅਸੀਂ ਸੋਚਿਆ ਕਿ ਕਿਉਂ ਨਾ ਅਸੀਂ ਲੋਕਾਂ ਨੂੰ ਬਿਨਾਂ ਅਸਲੀ ਵਿਆਹ ਦੇ ਸ਼ਾਨਦਾਰ ਭਾਰਤੀ ਵਿਆਹ ਸਮਾਗਮ ਦਾ ਸਾਰਾ ਮਜ਼ਾ ਤੇ ਆਨੰਦ ਦੇਈ ?ਏ। ਇਹ ਆਈਡੀਆ ਲੋਕਾਂ ਨੇ ਖ਼ੂਬ ਪਸੰਦ ਕੀਤਾ।

**1500 ਰੁਪਏ ਤੋਂ 10 ਹਜ਼ਾਰ ਰੁਪਏ ਤੱਕ ਹੈ ਟਿਕਟ**

ਇਸ ਵਿਆਹ ਵਿੱਚ ਸ਼ਾਮਲ ਹੋਣ ਲਈ ਅਸਲੀ ਵਿਆਹ ਦੇ ਸੀਜ਼ਨ ਦੀ ਉਡੀਕ ਕਰਨ ਦੀ ਕੋਈ ਲੋੜ ਨਹੀਂ। 1500 ਰੁਪਏ ਤੋਂ 10 ਹਜ਼ਾਰ ਰੁਪਏ ਤੋਂ ਵੀ ਜ਼ਿਆਦਾ ਦੀਆਂ ਟਿਕਟਾਂ ਵਾਲੇ ਇਨ੍ਹਾਂ ਸਮਾਗਮਾਂ ’ਚ ਤੁਸੀਂ ਨਾਨ-ਵੈਡਿੰਗ

(ਬਾਕੀ ਸਫ਼ਾ 30 ’ਤੇ)

# ਸਾਹਿਤਕਾਰ ਪ੍ਰਮਿੰਦਰ ਸਿੰਘ ਪ੍ਰਵਾਨਾ ਦੇ ਗ੍ਰਹਿ ਯੂਨੀਅਨ ਸਿਟੀ ਵਿਖੇ ਹੋਈ ਸਾਹਿਤਕ ਮਿਲਣੀ

ਯੂਨੀਅਨ ਸਿਟੀ/ਏ.ਟੀ.ਨਿਊਜ਼: ਬੀਤੇ ਦਿਨੀਂ ਪ੍ਰਵਾਨਾ ਦੇ ਗ੍ਰਹਿ ਵਿਖੇ ਇੱਕ ਸੰਖੇਪ ਪਰ ਪ੍ਰਭਾਵਸ਼ਾਲੀ ਸਾਹਿਤਕ ਮਿਲਣੀ ਹੋਈ। ਜਿਸ ਵਿੱਚ ਸਾਹਿਤਕਾਰ ਡਾ. ਯੋਗਿਆ ਵਲਕ ਕਪਿਲਾ, ਮਾਸਟਰ ਰੈਂਕੋ, ਜਸਦੀਪ ਸਿੰਘ ਫਰੀਮੌਂਟ, ਮਹਿੰਦਰ ਸਿੰਘ ਰਾਜਪੂਤ, ਅਮਰਜੀਤ ਸਿੰਘ ਜੋਹਲ, ਪ੍ਰਮਿੰਦਰ ਸਿੰਘ ਪ੍ਰਵਾਨਾ, ਰਣਬੀਰ ਸਿੰਘ, ਅਰਸ਼ਵੀਰ ਸਿੰਘ ਸ਼ਾਮਲ ਹੋਏ।

ਇਸ ਮੌਕੇ ਹਾਜ਼ਰ ਸਾਹਿਤਕਾਰਾਂ ਨੇ ਆਪਣੀਆਂ ਰਚਨਾਵਾਂ ਨਾਲ ਸਾਂਝ ਪਾਈ, ਜਿਵੇਂ ਡਾਕਟਰ ਕਪਿਲਾ ਨੇ ਅਧਿਆਤਮਕ ਕਵਿਤਾ ਕਹੀ :

ਜਦ ਰੱਬ ਹੀ ਬਣ ਗਿਆ ਯਾਰ,
ਤਾਂ ਬੱਸ ਹੁਣ ਕੀ ਕਹਿਣਾ,
ਜਦ ਰੱਬ ਨਾਲ ਅੱਖਾਂ ਚਾਰ,
ਤਾਂ ਬੱਸ ਹੁਣ ਕੀ ਕਹਿਣਾ
ਜਦ ਰੱਬ ਨਾਲ ਹੋ ਗਿਆ ਪਿਆਰ
ਤਾਂ ਬਸ ਹੁਣ ਕੀ ਕਹਿਣਾ

ਮਾਸਟਰ ਰੈਂਕੋ ਨੇ ਨਸੀਅਤ ਭਰੀ ਕਵਿਤਾ ਕਹੀ

ਸੋਹਣੀਆਂ ਸੋਹਣੀਆਂ ਗੱਲਾਂ ਕਰੀਏ,
ਸੱਚੇ ਰੱਬ ਤੋਂ ਡਰ ਕੇ ਰਹੀਐ
ਸੁਣ ਸੱਜਣਾ
ਸੋਹਣੀਆਂ ਸੋਹਣੀਆਂ ਗੱਲਾਂ
ਸੋਹਣੀਆਂ ਲੱਗਦੀਆਂ ਨੇ
ਜਿਵੇਂ ਖਿੜੀਆਂ ਹੋਣ ਬਹਾਰਾਂ ਸੁਣ ਸੱਜਣਾਂ

ਪ੍ਰਮਿੰਦਰ ਸਿੰਘ ਪ੍ਰਵਾਨਾ ਵੱਲੋਂ ਭਾਵਪੂਰਵਕ ਕਵਿਤਾ ਕਹੀ ਗਈ

ਸੰਸਾਰ 'ਬੇੜੀ'
ਮਨੁੱਖ 'ਮਲਾਹ'
ਗਿਆਨ ਦਾ ਚੱਪੂ
ਠਿੱਲ ਪਵੇ
ਲੋਕ ਭਲਾਈ ਕਰੇ,
ਹਹੋਵੇ ਫਖ਼ਰ
ਜੀਵਨ ਉਸ ਦਾ ਮਾਰਗ ਦਰਸ਼ਕ
ਇੱਕ ਮੀਲ ਪੱਥਰ



ਜਸਦੀਪ ਸਿੰਘ ਫਰੀਮੌਂਟ ਵੱਲੋਂ ਸਵਰਨ ਯਮਲਾ ਦਾ ਗੀਤ ਬੁਲੰਦ ਆਵਾਜ਼ ਵਿੱਚ ਗਾਇਆ ਗਿਆ

ਸੂਰਜ ਗਿਆਨ ਦਾ ਤੇ ਰਤਨਾ ਦੀ ਖਾਣੀ ਦਾ
ਭਾਗ ਨਾਲ ਹੁੰਦੈ,ਦੀਦਾਰ ਬਾਣੀ ਦਾ
ਇਹ ਦਸਾਂ ਗੁਰੂਆਂ ਦੀ ਅਮਰ ਕਹਾਣੀ ਏ,
ਕਰਦੀ ਨਿਤਾਰਾ ਜਿਵੇਂ ਦੁੱਧ ਵਿਚੋਂ ਪਾਣੀ ਏ
ਸੁਣ ਕੇ ਸੁਧਾਰ ਹੁੰਦਾ ਪੰਛੀ ਤੇ ਪ੍ਰਾਣੀ ਦਾ

ਅਮਰਜੀਤ ਜੋਹਲ ਵੱਲੋਂ ਪ੍ਰਦੇਸ਼ਾਂ ਦੀ ਜੁਦਾਈ ਦੀ ਸੱਚਾਈ ਦਾ ਗੀਤ ਸੁਣਾਇਆ:

ਪਿੰਡ ਜੰਡਿਆਲੇ ਦੀਆਂ ਗੱਲੀਆਂ ਨੂੰ ਭੁੱਲਿਆ,
ਚਾਂਦੀ ਦੀਆਂ ਚਾਰ ਕੁ ਤੂੰ ਛਿਲੜਾਂ 'ਤੇ ਡੁੱਲਿਆ,
ਜੋਹਲ ਭੋਰਾ ਵੀ ਕਦਰ ਨਾ ਤੂੰ ਪਾਈ
ਵੇ ਡਾਲਰਾਂ ਨੇ ਪੁੱਤ ਮੋਹ ਲਿਆ
ਵੇ ਡਾਲਰਾਂ ਨੇ ਪੁੱਤਰ ਮੋਹ ਲਿਆ,
ਮੇਰੀ ਉਮਰਾਂ ਦੀ ਰੋੜ੍ਹਤੀ ਕਮਾਈ।

ਲੋਕ ਗਾਇਕ ਮਹਿੰਦਰ ਸਿੰਘ ਰਾਜਪੂਰ ਨੇ ਲੇਖਕ ਨੇਕ ਮਟਰਾਂ ਵਾਲਾ ਦਾ ਲਿਖਿਆ ਕਿੱਸਾ ਪੂਰਨ ਭਗਤ ਗਾ ਕੇ ਮੰਤਰ ਮੁਗਧ ਕੀਤਾ।

ਕਹਿੰਦੇ ਰਾਣੀ ਇੱਛਰਾਂ ਸਦ ਲਈ, ਯਾਰੋ ਰਾਜੇ ਨੇ ਦਰਬਾਰ
ਕਹਿੰਦਾ ਦੇਖ ਲੈ ਕਾਰੇ ਪੁੱਤ ਦੇ,
ਇਹ ਮਾਂ ਨੂੰ ਸਮਝੇ ਨਾਰ
ਮੇਰਾ ਦਿਲ ਕਰਦਾ ਹੈ ਰਾਣੀਏ,
ਦੇਵਾਂ ਆਪਣੇ ਹੱਥੀਂ ਮਾਰ
ਇਹਦੀ ਰੱਤ ਦਾ ਛੰਨਾ ਕੱਢਕੇ,
ਪੀਵਾਂ ਖੜਕੇ ਵਿੱਚ ਬਾਜ਼ਾਰ।

ਪ੍ਰਵਾਰਕ ਅਤੇ ਸੁਖਾਂਵੇਂ ਮਾਹੌਲ ਵਿੱਚ ਪ੍ਰਭਾਵਸ਼ਾਲੀ ਪ੍ਰੋਗਰਾਮ ਇੱਕ ਯਾਦਗਾਰੀ ਤਸਵੀਰ ਨਾਲ ਸੰਪੰਨ ਹੋਇਆ।

# ਵਿਪਸਾਅ ਵੱਲੋਂ ਕਹਾਣੀ ਸੰਗ੍ਰਹਿ 'ਸਤਨਾਜਾ' 'ਤੇ ਵਿਚਾਰ ਚਰਚਾ ਅਤੇ ਕਿਤਾਬ ਲੋਕ ਅਰਪਣ

ਹੇਵਰਡ/ਏ.ਟੀ.ਨਿਊਜ਼: ਬੀਤੇ ਦਿਨੀਂ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ, ਕੈਲੀਫੋਰਨੀਆ (ਵਿਪਸਾਅ) ਵੱਲੋਂ ਲੇਖਕ ਚਰਨਜੀਤ ਸਿੰਘ ਪੰਨੂ ਦੇ ਨੌਵੇਂ ਕਹਾਣੀ ਸੰਗ੍ਰਹਿ 'ਸਤਨਾਜਾ' 'ਤੇ ਵਿਚਾਰ-ਚਰਚਾ ਕਰਵਾਈ ਗਈ। ਇਸ ਮਿਲਣੀ ਦੇ ਸ਼ੁਰੂ ਵਿੱਚ ਪ੍ਰਧਾਨ ਕੁਲਵਿੰਦਰ ਨੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ। ਜਨਰਲ ਸਕੱਤਰ ਜਗਜੀਤ ਨੌਸ਼ਹਿਰਵੀ ਨੇ ਮੰਚ ਦਾ ਕਾਜ-ਭਾਰ ਸੰਭਾਲਦੇ ਹੋਏ ਮਰਹੂਮ ਗ਼ਜ਼ਲਕਾਰ ਸ੍ਰੀ ਰਾਮ ਅਰਸ਼, ਪੰਜਾਬੀ ਫ਼ਿਲਮ ਇੰਡਸਟਰੀ ਦੇ ਕਾਮੇਡੀਅਨ ਜਸਵਿੰਦਰ ਭੱਲਾ, ਗੀਤਕਾਰ ਜੰਡੂ ਲਿੱਤਰਾਂ ਵਾਲਾ, ਅਤੇ ਚੇਤਨਾ ਪ੍ਰਕਾਸ਼ਨ ਦੇ ਮਾਲਕ ਗ਼ਜ਼ਲਕਾਰ ਸਤੀਸ਼ ਗੁਲਾਟੀ ਦੇ ਜਵਾਈ ਅੰਮ੍ਰਿਤਪਾਲ ਸਿੰਘ ਖਹਿਰਾ ਦੀਆਂ ਵਿੱਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਮੋਨ ਧਾਰਨ ਕਰਵਾਇਆ। ਵਿਪਸਾਅ ਮੈਂਬਰਾਂ ਨੇ



ਇਹਨਾਂ ਘਟਨਾਵਾਂ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ। ਗਾਇਕ ਸੁਖਦੇਵ ਸਾਹਿਲ ਨੇ ਚਰਨਜੀਤ ਸਿੰਘ ਪੰਨੂ ਦੇ ਕਲਾਮ 'ਤੈਨੂੰ ਨਾ ਕੋਈ ਪਚਦੀ ਗੱਲ, ਮੈਨੂੰ ਨਾ ਇਹ ਜਚਦੀ ਗੱਲ' ਨਾਲ ਮਹਿਫ਼ਲ ਦਾ ਆਗਾਜ਼ ਕੀਤਾ। ਪ੍ਰਧਾਨਗੀ ਮੰਡਲ ਵਿੱਚ ਲੇਖਕ ਚਰਨਜੀਤ ਸਿੰਘ ਪੰਨੂ ਸਮੇਤ ਸੁਖਵਿੰਦਰ ਕੰਬੋਜ, ਸੁਰਜੀਤ ਸਖੀ, ਅਮਰਜੀਤ ਕੌਰ ਪੰਨੂੰ, ਬੀਬੀ ਸੁਰਜੀਤ ਕੌਰ ਅਤੇ ਜਗਤਾਰ ਗਿੱਲ ਸਸ਼ੋਭਤ ਹੋਏ। ਲੇਖਕ ਨੇ ਆਪਣੇ ਸਾਹਿਤਕ ਜੀਵਨ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਕਿੱਸਾ ਕਾਵਿ ਹਾਸ਼ਮ ਦੀ ਸੱਸੀ, ਹੀਰ ਰਾਂਝਾ ਅਤੇ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀਆਂ ਕਿਤਾਬਾਂ ਉਸ ਦੀ ਸਿਰਜਣ ਪ੍ਰਕਿਰਿਆ ਦੇ ਪ੍ਰੇਰਨਾ ਸਰੋਤ ਬਣੇ। 'ਸਤਨਾਜਾ' ਕਿਤਾਬ ਦੀਆਂ ਕਹਾਣੀਆਂ ਉਸ ਦੇ ਅਨੁਭਵ ਵਿੱਚੋਂ ਨਿਕਲੀਆਂ ਹਨ। ਉਸ ਨੇ ਪਹਿਲੀ ਕਹਾਣੀ 'ਪ੍ਰਾਹੁਣਚਾਰੀ' ਘਰ ਵਿੱਚ ਆਪਣੀ ਮਾਂ ਵੱਲੋਂ ਕੀਤੀ ਜਾਂਦੀ ਪ੍ਰਾਹੁਣਚਾਰੀ ਤੋਂ ਪ੍ਰਭਾਵਿਤ ਹੋ ਕੇ ਲਿਖੀ ਸੀ। ਇੰਡੀਆ ਸੇਵਾ-ਕਾਲ ਦੌਰਾਨ ਵੱਖ-ਵੱਖ ਤਜਰਬੇ ਉਸ ਕੋਲੋਂ ਬਹੁਤ ਕੁਝ ਲਿਖਵਾ ਗਏ। ਉਸ ਨੇ ਹੁਣ ਤੱਕ ਵੱਖ-ਵੱਖ ਵਿਧਾ ਵਿੱਚ ਚਾਲ਼ੀ ਦੇ ਕਰੀਬ ਕਿਤਾਬਾਂ ਲਿਖੀਆਂ। ਉਸ ਦਾ ਸਫ਼ਰਨਾਮਾ 'ਮੇਰੀ ਵਾਈਟ ਹਾਊਸ ਫੇਰੀ' ਕਾਫ਼ੀ ਚਰਚਿਤ ਹੈ ਅਤੇ ਜਿਸ ਦੇ ਤਿੰਨ-ਚਾਰ ਐਡੀਸ਼ਨ ਪ੍ਰਕਾਸ਼ਿਤ ਹੋ ਚੁੱਕੇ ਹਨ। ਉਸ ਦੀਆਂ ਕਈ ਹੋਰ ਕਿਤਾਬਾਂ ਤਿਆਰੀ ਅਧੀਨ ਹਨ। ਇਸ ਉਪਰੰਤ ਪ੍ਰੋ. ਬਲਜਿੰਦਰ ਸਿੰਘ ਸਵੈਚ ਨੇ ਆਪਣਾ ਲਿਖਿਆ ਪਰਚਾ 'ਸਮਾਜਿਕ ਯਥਾਰਥ ਤੇ ਵਿਗਠਤ ਭਾਵਾਂ ਦੀ ਪੇਸ਼ਕਾਰੀ ਦਾ ਸੁਮੇਲ ਸਤਨਾਜਾ' ਪੇਸ਼ ਕੀਤਾ।

(ਬਾਕੀ ਸਫ਼ਾ 31 'ਤੇ)

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ

ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ 'ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ 'ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

**ਈ ਮੇਲ : asrtimes@gmail.com**


CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL

ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.

Vehicle Registration (Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us



ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS





Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



Capital DRUG TESTING
CAPITAL DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com




ਮਹਾਨ ਕੋਸ਼ ਵਿਵਾਦ

# ਪੰਜਾਬੀ ਯੂਨੀਵਰਸਿਟੀ 'ਤੇ ਬੇਅਦਬੀ ਦਾ ਦੋਸ਼, ਵੀ.ਸੀ. ਤੇ ਹੋਰਨਾਂ ਖ਼ਿਲਾਫ਼ ਐਫ.ਆਈ.ਆਰ.

## ਵਿਦਿਆਰਥੀਆਂ ਦਾ ਰੋਸ: ਮਹਾਨ ਕੋਸ਼ ਦੀਆਂ ਕਾਪੀਆਂ ਨੂੰ ਟੋਏ 'ਚ ਦੱਬਣ 'ਤੇ ਧਰਨਾ

## ਐੱਸ.ਜੀ.ਪੀ.ਸੀ. ਨੇ ਮਹਾਨ ਕੋਸ਼ ਦੇ ਸਸਕਾਰ ਲਈ ਗੋਇੰਦਵਾਲ ਸਾਹਿਬ ਭੇਜੀਆਂ ਕਾਪੀਆਂ





ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਮਹਾਨ ਕੋਸ਼ ਦੀਆਂ ਗਲਤੀ ਵਾਲੀਆਂ ਕਾਪੀਆਂ ਨੂੰ ਨਸ਼ਟ ਕਰਨ ਵਾਲੇ ਤਰੀਕੇ ਨੇ ਵੱਡਾ ਵਿਵਾਦ ਖੜ੍ਹਾ ਕਰ ਦਿੱਤਾ ਹੈ। ਇਹ ਮਾਮਲਾ ਹੁਣ ਬੇਅਦਬੀ ਦੇ ਨਾਂਅ ਨਾਲ ਜਾਣਿਆ ਜਾ ਰਿਹਾ ਹੈ, ਜਿਸ ਵਿੱਚ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਜਗਦੀਪ ਸਿੰਘ ਸਮੇਤ ਚਾਰ ਅਧਿਕਾਰੀਆਂ ਖ਼ਿਲਾਫ਼ ਭਾਰਤੀ ਨਿਆ ਸੰਹਿਤਾ (ਬੀ.ਐੱਨ.ਐੱਸ.) ਦੀ ਧਾਰਾ 298 ਅਧੀਨ ਐੱਫ.ਆਈ.ਆਰ. ਦਰਜ ਹੋ ਚੁੱਕੀ ਐ। ਇਹ ਧਾਰਾ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੇ ਮਾਮਲੇ ਵਿੱਚ ਲਾਗੂ ਹੁੰਦੀ ਹੈ, ਜਿਸ ਵਿੱਚ ਦੋ ਸਾਲਾਂ ਤੱਕ ਕੈਦ ਜਾਂ ਜੁਰਮਾਨਾ ਹੋ ਸਕਦਾ ਹੈ। ਪਰ ਇਸ ਸਾਰੇ ਵਿਵਾਦ ਨੇ ਵੱਡੇ ਸਵਾਲ ਖੜ੍ਹੇ ਕੀਤੇ ਨੇ ਕਿ ਕੀ ਮਹਾਨ ਕੋਸ਼ ਨੂੰ ਬੇਅਦਬੀ ਵਾਲਾ ਮਾਮਲਾ ਬਣਾਉਣਾ ਠੀਕ ਹੈ? ਮਸਲਾ ਤਾਂ ਅਸਲ ਵਿੱਚ ਇਸ ਕੋਸ਼ ਦੀ ਮੁੜ-ਛਪਾਈ ਵਿੱਚ ਹੋਈ ਹੇਰਾ-ਫੇਰੀ ਅਤੇ ਗਲਤੀਆਂ ਦਾ ਸੀ, ਉਸ ਉੱਤੇ ਕੇਸ ਕਿਉਂ ਨਹੀਂ ਦਰਜ ਹੋਇਆ? ਕੀ ਮਹਾਨ ਕੋਸ਼ ਨੂੰ ਗੁਰੂ ਗ੍ਰੰਥ ਸਾਹਿਬ ਵਾਂਗ ਪਵਿੱਤਰ ਗ੍ਰੰਥ ਮੰਨ ਕੇ ਧਾਰਮਿਕ ਕੇਸ ਪਾਉਣਾ ਸਹੀ ਐ?

ਇਥੇ ਜ਼ਿਕਰਯੋਗ ਹੈ ਕਿ ਮਹਾਨ ਕੋਸ਼, ਜਿਸ ਨੂੰ ਗੁਰਸ਼ਬਦ ਰਤਨਾਕਰ ਮਹਾਨ ਕੋਸ਼ ਵੀ ਕਿਹਾ ਜਾਂਦਾ ਐ, ਸਿੱਖ ਵਿਦਵਾਨ ਭਾਈ ਕਾਹਨ ਸਿੰਘ ਨਾਭਾ ਨੇ 1930 ਵਿੱਚ ਤਿਆਰ ਕੀਤਾ ਸੀ। ਇਹ ਪੰਜਾਬੀ ਭਾਸ਼ਾ ਦਾ ਇੱਕ ਵਿਸ਼ਾਲ ਕੋਸ਼ ਐ, ਜਿਸ ਵਿੱਚ ਲਗਭਗ 80 ਹਜ਼ਾਰ ਸ਼ਬਦਾਂ ਦੇ ਅਰਥ ਅਤੇ ਵਿਆਖਿਆਵਾਂ ਨੇ। ਪੰਜਾਬੀ ਯੂਨੀਵਰਸਿਟੀ ਨੇ ਇਸ ਨੂੰ ਕੁਝ ਸਾਲ ਪਹਿਲਾਂ ਮੁੜ ਛਾਪਿਆ ਸੀ, ਪਰ ਛਪਾਈ ਵਿੱਚ 3 ਹਜ਼ਾਰ ਤੋਂ ਵੱਧ ਗਲਤੀਆਂ ਹੋ ਗਈਆਂ ਸਨ। ਇਹ ਗਲਤੀਆਂ ਅਰਥਾਂ ਨਾਲ ਹੇਰਾ-ਫੇਰੀ ਵਰਗੀਆਂ ਸਨ, ਜਿਸ ਨੇ ਵਿਦਵਾਨਾਂ ਨੂੰ ਨਾਰਾਜ਼ ਕੀਤਾ ਸੀ। ਸਿੱਖ ਵਿਦਵਾਨਾਂ ਜਿਵੇਂ ਡਾ. ਅਮਰਜੀਤ ਸਿੰਘ ਧਵਨ ਨੇ ਇਸ ਨੂੰ ਵਾਪਸ ਲੈਣ ਅਤੇ ਨਸ਼ਟ ਕਰਨ ਦੀ ਮੰਗ ਕੀਤੀ ਸੀ। ਆਮ ਆਦਮੀ ਪਾਰਟੀ ਦੀ ਸਰਕਾਰ ਆਉਣ ਤੋਂ ਬਾਅਦ, ਅਗਸਤ 2025 ਵਿੱਚ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਨਾਲ ਮੀਟਿੰਗ ਵਿੱਚ ਯੂਨੀਵਰਸਿਟੀ ਨੇ 15 ਦਿਨਾਂ ਵਿੱਚ ਇਹ ਕਾਪੀਆਂ ਨਸ਼ਟ ਕਰਨ ਦਾ ਵਾਅਦਾ ਕੀਤਾ ਸੀ। ਪਰ ਮਸਲਾ ਉੱਠਿਆ ਉਸ ਵੇਲੇ ਜਦੋਂ 28 ਅਗਸਤ 2025 ਨੂੰ ਯੂਨੀਵਰਸਿਟੀ ਨੇ ਇਹਨਾਂ 15 ਹਜ਼ਾਰ ਤੋਂ ਵੱਧ ਕਾਪੀਆਂ ਨੂੰ ਕੈਂਪਸ ਵਿੱਚ ਟੋਏ ਪੁੱਟ ਕੇ ਉਸ ਵਿੱਚ ਪਾਣੀ ਪਾ ਕੇ ਦੱਬਣ ਦੀ ਕੋਸ਼ਿਸ਼ ਕੀਤੀ ਸੀ। ਵਿਦਿਆਰਥੀ ਆਗੂ ਯਾਦਵਿੰਦਰ ਸਿੰਘ ਯਾਦੂ ਅਤੇ ਕੁਲਦੀਪ ਸਿੰਘ ਝਿੰਜਰ ਨੇ ਇਸ ਨੂੰ ਬੇਅਦਬੀ ਕਰਾਰ ਦਿੱਤਾ ਕਿਉਂਕਿ ਮਹਾਨ ਕੋਸ਼ ਵਿੱਚ ਗੁਰਬਾਣੀ ਦੀਆਂ ਤੁਕਾਂ ਨੇ ਅਤੇ ਇਸ ਨੂੰ ਸਿੱਖ ਮਰਿਆਦਾ ਅਨੁਸਾਰ ਸਸਕਾਰ ਕਰਨਾ ਚਾਹੀਦਾ ਸੀ। ਵਿਦਿਆਰਥੀਆਂ ਨੇ ਰੋਸ ਧਰਨਾ ਦਿੱਤਾ ਅਤੇ ਕਾਰਵਾਈ ਰੋਕੀ। ਐੱਸ.ਜੀ.ਪੀ.ਸੀ. ਨੇ ਸਖ਼ਤ ਨੋਟਿਸ ਲਿਆ ਸੀ ਅਤੇ ਇੱਕ ਵਫ਼ਦ ਸੁਰਜੀਤ ਸਿੰਘ ਗੜ੍ਹੀ ਦੀ ਅਗਵਾਈ ਵਿੱਚ ਯੂਨੀਵਰਸਿਟੀ ਪਹੁੰਚਿਆ ਸੀ। ਉਹਨਾਂ ਨੇ ਕਾਪੀਆਂ ਨੂੰ ਗੋਇੰਦਵਾਲ ਸਾਹਿਬ ਲੈ ਕੇ ਜਾਣ ਅਤੇ ਮਰਿਆਦਾ ਅਨੁਸਾਰ ਸਸਕਾਰ ਕਰਨ ਦੀ ਸੇਵਾ ਕੀਤੀ ਸੀ। ਐੱਸ.ਜੀ.ਪੀ.ਸੀ. ਨੇ ਕਿਹਾ ਕਿ ਧਾਰਮਿਕ ਗ੍ਰੰਥਾਂ ਨੂੰ ਨਸ਼ਟ ਕਰਨ ਲਈ ਵਿਧੀ ਵਿਧਾਨ ਹੁੰਦਾ ਐ ਅਤੇ ਯੂਨੀਵਰਸਿਟੀ ਨੇ ਉਹਨਾਂ ਨੂੰ ਇਤਲਾਹ ਵੀ ਨਹੀਂ ਕੀਤੀ।

ਹੁਣ ਸਵਾਲ ਇਹ ਐ ਕਿ ਬੇਅਦਬੀ ਵਾਲਾ ਕੇਸ ਬਣਨਾ ਠੀਕ ਹੈ ਜਾਂ ਨਹੀਂ? ਵਿਦਿਆਰਥੀ ਅਤੇ ਸ਼੍ਰੋਮਣੀ ਕਮੇਟੀ ਨੇ ਇਸ ਨੂੰ ਸਿੱਖ ਮਰਿਆਦਾ ਦੀ ਉਲੰਘਣਾ ਮੰਨਿਆ ਅਤੇ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਇਸ ਨੂੰ 'ਅਤਿ ਨਿੰਦਣਯੋਗ' ਅਤੇ 'ਸਿੱਖ ਵਿਰੋਧੀ ਮਾਨਸਿਕਤਾ' ਕਿਹਾ। ਉਹਨਾਂ ਨੇ ਪੰਜਾਬ ਪੁਲਿਸ ਨੂੰ ਸਖ਼ਤ ਕਾਰਵਾਈ ਦੇ ਨਿਰਦੇਸ਼ ਦਿੱਤੇ ਅਤੇ ਯੂਨੀਵਰਸਿਟੀ ਨੂੰ ਕੈਂਪਸ ਗੁਰਦੁਆਰੇ ਵਿੱਚ ਅਖੰਡ ਪਾਠ ਸਾਹਿਬ ਅਤੇ ਅਰਦਾਸ ਕਰਨ ਦੀ ਹਦਾਇਤ ਕੀਤੀ ਹੈ। (ਬਾਕੀ ਸਫ਼ਾ 30 'ਤੇ)

### ਸ਼੍ਰੋਮਣੀ ਕਮੇਟੀ ਨੂੰ ਅੱਗੇ ਕੀ ਕਰਨਾ ਚਾਹੀਦਾ ਹੈ?

ਸ਼੍ਰੋਮਣੀ ਕਮੇਟੀ ਨੇ ਪਹਿਲਾਂ ਹੀ ਇੱਕ ਕਮੇਟੀ ਗਠਿਤ ਕੀਤੀ ਹੈ ਜੋ ਮਾਮਲੇ ਦੀ ਜਾਂਚ ਕਰੇਗੀ ਅਤੇ ਡਾ. ਗੰਡਾ ਸਿੰਘ ਲਾਇਬਰੇਰੀ ਦੀ ਹਾਲਤ ਦਾ ਜਾਇਜ਼ਾ ਲਵੇਗੀ। ਜਥੇਦਾਰ ਗੜਗੱਜ ਨੇ ਕਿਹਾ ਕਿ ਪੰਜਾਬ ਪੁਲਿਸ ਨੂੰ ਗੰਭੀਰ ਜਾਂਚ ਕਰਕੇ ਦੋਸ਼ੀਆਂ ਨੂੰ ਸਜ਼ਾ ਦੇਣੀ ਚਾਹੀਦੀ ਹੈ। ਸ਼੍ਰੋਮਣੀ ਕਮੇਟੀ ਨੂੰ ਯੂਨੀਵਰਸਿਟੀ ਨਾਲ ਮਿਲ ਕੇ ਲਾਇਬਰੇਰੀਆਂ ਨੂੰ ਡਿਜੀਟਲਾਈਜ਼ ਕਰਨਾ ਚਾਹੀਦਾ ਐ ਅਤੇ ਸਿੱਖ ਵਿਰਾਸਤ ਦੀ ਸੰਭਾਲ ਲਈ ਢੁੱਕਵੇਂ ਪ੍ਰਬੰਧ ਕਰਨੇ ਚਾਹੀਦੇ ਨੇ।

ਦੂਸਰੇ ਪਾਸੇ ਵੀ.ਸੀ. ਨੇ ਮੁਆਫ਼ੀ ਮੰਗੀ ਹੈ, ਕਿਹਾ ਕਿ ਇਰਾਦਾ ਨੇਕ ਸੀ ਅਤੇ ਇਹ ਈਕੋ-ਫਰੈਂਡਲੀ ਤਰੀਕਾ ਸੀ ਪਰ ਸਿੱਖ ਮਰਿਆਦਾ ਨਹੀਂ ਅਪਣਾਈ ਗਈ। ਹੁਣ ਯੂਨੀਵਰਸਿਟੀ ਗੁਰਦੁਆਰੇ ਵਿੱਚ ਅਖੰਡ ਪਾਠ ਕਰ ਰਹੀ ਐ ਅਤੇ ਐੱਸ.ਜੀ.ਪੀ.ਸੀ. ਦੇ ਨਿਰਦੇਸ਼ਾਂ ਅਨੁਸਾਰ ਕੰਮ ਕਰੇਗੀ।

ਇਹ ਵਿਵਾਦ ਪੰਜਾਬੀ ਯੂਨੀਵਰਸਿਟੀ ਦੀ ਸਿੱਖ ਸਾਹਿਤ ਪ੍ਰਤੀ ਸੰਵੇਦਨਸ਼ੀਲਤਾ 'ਤੇ ਸਵਾਲ ਖੜ੍ਹੇ ਕਰਦਾ ਹੈ। ਅਸਲ ਮਸਲਾ ਬੇਅਦਬੀ ਵਾਲਾ ਨਹੀਂ ਹੈ। ਅਸਲ ਜੜ੍ਹ ਛਪਾਈ ਵਿੱਚ ਗਲਤੀਆਂ ਅਤੇ ਵਿੱਤੀ ਗਬਨ ਵਰਗੇ ਮਸਲੇ ਨੇ, ਜਿਨ੍ਹਾਂ ਤੇ ਵੱਡੀ ਜਾਂਚ ਹੋਣੀ ਚਾਹੀਦੀ ਹੈ।

ਪੰਜਾਬੀ ਸਿਆਸਤ ਵਿੱਚ ਨਵਾਂ ਡਰਾਮਾ

# ਵਿਧਾਇਕ ਪਠਾਨਮਾਜਰਾ ਦੀ ਗ੍ਰਿਫ਼ਤਾਰੀ ਤੇ ਫਰਾਰੀ ਦੇ ਪਿੱਛੇ ਕੀ ਰਹੱਸ ਹੈ?

ਰਜਿੰਦਰ ਸਿੰਘ ਪੁਰੇਵਾਲ



ਪੰਜਾਬ ਦੀ ਸਿਆਸੀ ਧਰਤੀ 'ਤੇ ਇੱਕ ਵਾਰ ਫਿਰ ਤੂਫਾਨ ਆ ਗਿਆ ਹੈ। ਆਮ ਆਦਮੀ ਪਾਰਟੀ ਦੇ ਵਿਧਾਇਕ ਹਰਮੀਤ ਸਿੰਘ ਪਠਾਨਮਾਜਰਾ ਨੂੰ ਪੰਜਾਬ ਪੁਲਿਸ ਨੇ ਹਰਿਆਣਾ ਦੇ ਕਰਨਾਲ ਜ਼ਿਲ੍ਹੇ ਵਿੱਚੋਂ ਗ੍ਰਿਫ਼ਤਾਰ ਕੀਤਾ ਸੀ, ਪਰ ਮਿੰਟਾਂ ਵਿੱਚ ਹੀ ਉਹ ਗੋਲੀਬਾਰੀ ਅਤੇ ਪਥਰਾਅ ਦੀ ਆੜ ਵਿੱਚ ਫਰਾਰ ਹੋ ਗਿਆ ਸੀ। ਇਹ ਘਟਨਾ ਬੀਤੇ ਮੰਗਲਵਾਰ ਸਵੇਰੇ ਵਾਪਰੀ ਅਤੇ ਹੁਣ ਤੱਕ ਵਿਧਾਇਕ ਫਰਾਰ ਹੈ। ਪੁਲਿਸ ਨੇ ਉਸ ਦੇ ਸਾਥੀ ਬਲਵਿੰਦਰ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਸੀ ਅਤੇ ਤਿੰਨ ਹਥਿਆਰ ਤੇ ਇੱਕ ਫਾਰਚੂਨਰ ਕਾਰ ਬਰਾਮਦ ਕੀਤੀ ਹੈ। ਇਸ ਮਾਮਲੇ ਨੇ ਨਾ ਸਿਰਫ਼ ਆਪ ਸਰਕਾਰ ਨੂੰ ਸਵਾਲਾਂ ਦੇ ਘੇਰੇ ਵਿੱਚ ਖੜਾ ਕੀਤਾ ਹੈ, ਸਗੋਂ ਪੰਜਾਬੀ ਜਨਤਾ ਨੂੰ ਵੀ ਸੋਚਣ ਤੇ ਮਜਬੂਰ ਕਰ ਦਿੱਤਾ ਹੈ ਕਿ ਕੀ ਇਹ ਸਿਆਸੀ ਵਿਰੋਧ ਨੂੰ ਦਬਾਉਣ ਦੀ ਚਾਲ ਹੈ ਜਾਂ ਅਸਲ ਕਾਨੂੰਨੀ ਕਾਰਵਾਈ?

ਹਰਮੀਤ ਪਠਾਨਮਾਜਰਾ, ਜੋ ਸਨੌਰ ਹਲਕੇ ਤੋਂ ਵਿਧਾਇਕ ਹਨ, ਨੇ ਹਾਲ ਹੀ ਵਿੱਚ ਪੰਜਾਬ ਵਿੱਚ ਆਏ ਹੜ੍ਹਾਂ ਬਾਰੇ ਆਪਣੀ ਹੀ ਪਾਰਟੀ ਨੂੰ ਨਿਸ਼ਾਨਾ ਬਣਾਇਆ ਸੀ। ਉਨ੍ਹਾਂ ਨੇ ਸਿੰਚਾਈ ਵਿਭਾਗ ਦੇ ਸੀਨੀਅਰ ਅਧਿਕਾਰੀ ਕ੍ਰਿਸ਼ਨ ਕੁਮਾਰ 'ਤੇ ਇਲਜ਼ਾਮ ਲਾਏ ਕਿ ਉਸ ਨੇ ਸਰਕਾਰ ਨੂੰ ਗੁਮਰਾਹ ਕੀਤਾ ਅਤੇ ਹੜ੍ਹ ਰੋਕਥਾਮ ਲਈ ਬੇਨਤੀਆਂ ਨੂੰ ਅਣਡਿੱਠਾ ਕੀਤਾ, ਜਿਸ ਕਰਕੇ ਉਨ੍ਹਾਂ ਦੇ ਹਲਕੇ ਵਿੱਚ ਪਿੰਡ ਡੁੱਬ ਗਏ। ਉਨ੍ਹਾਂ ਨੇ ਖੁੱਲ੍ਹ ਕੇ ਕਿਹਾ ਕਿ ਜੇ ਅਧਿਕਾਰੀਆਂ ਦੀ ਗੱਲ ਸੁਣੀ ਤਾਂ ਸੂਬਾ ਡੁੱਬ ਜਾਵੇਗਾ ਅਤੇ ਉਹ ਪਾਰਟੀ ਤੋਂ ਮੁਅੱਤਲ ਹੋਣ ਨੂੰ ਵੀ ਤਿਆਰ ਹਨ। ਇਸ ਬਿਆਨ ਤੋਂ ਇੱਕ ਦਿਨ ਬਾਅਦ ਹੀ ਉਨ੍ਹਾਂ ਦੀ ਸੁਰੱਖਿਆ ਵਾਪਸ ਲੈ ਲਈ ਗਈ ਅਤੇ ਫਿਰ 1 ਸਤੰਬਰ 2025 ਨੂੰ ਇੱਕ ਪੁਰਾਣੇ ਰੇਪ ਕੇਸ ਵਿੱਚ ਐਫਆਈਆਰ ਦਰਜ ਹੋ ਗਈ, ਜਿਸ ਵਿੱਚ ਇੱਕ ਔਰਤ ਨੇ ਆਰੋਪ ਲਾਏ ਕਿ ਪਠਾਨਮਾਜਰਾ ਨੇ ਉਸ ਨੂੰ ਵਿਆਹ ਦੇ ਝੂਠੇ ਵਾਅਦੇ ਨਾਲ ਧੋਖਾ ਦਿੱਤਾ ਅਤੇ ਸਰੀਰਕ ਸ਼ੋਸ਼ਣ ਕੀਤਾ। ਇਹ ਮਾਮਲਾ 2014 ਤੋਂ 2024 ਤੱਕ ਦਾ ਦੱਸਿਆ ਜਾ ਰਿਹਾ ਹੈ।

ਆਪ ਪਾਰਟੀ ਦੇ ਆਗੂ ਬਲਤੇਜ ਪੰਨੂ ਨੇ ਕਿਹਾ ਕਿ ਵਿਧਾਇਕ ਨੇ ਰੇਪ ਕੇਸ ਤੋਂ ਧਿਆਨ ਹਟਾਉਣ ਲਈ ਹੜ੍ਹਾਂ 'ਤੇ ਬਿਆਨਬਾਜ਼ੀ ਸ਼ੁਰੂ ਕੀਤੀ ਅਤੇ ਔਰਤ ਨੂੰ ਨਿੱਜੀ ਤਸਵੀਰਾਂ ਵਾਇਰਲ ਕਰਨ ਦੀ ਧਮਕੀ ਵੀ ਦਿੱਤੀ। ਪਰ ਵਿਧਾਇਕ ਦੇ ਵਕੀਲ ਸਿਮਰਨਜੀਤ ਸਿੰਘ ਸੱਗੂ ਨੇ ਇਸ ਨੂੰ ਸਿਆਸੀ ਸਾਜ਼ਿਸ਼ ਕਿਹਾ ਅਤੇ ਕਿਹਾ ਕਿ ਮਾਮਲਾ ਹਾਈ ਕੋਰਟ ਵਿੱਚ ਵਿਚਾਰ ਅਧੀਨ ਸੀ ਅਤੇ ਗ੍ਰਿਫ਼ਤਾਰੀ ਗੈਰ-ਕਾਨੂੰਨੀ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਇਹ ਅਫ਼ਸਰਸ਼ਾਹੀ ਅਤੇ ਵਿਧਾਇਕਾਂ ਵਿਚਕਾਰ ਰੱਸਾਕਸ਼ੀ ਹੈ।

ਪਠਾਨਮਾਜਰਾ ਨੇ ਕ੍ਰਿਸ਼ਨ ਕੁਮਾਰ ਨੂੰ ਹੜ੍ਹਾਂ ਦਾ ਜ਼ਿੰਮੇਵਾਰ ਠਹਿਰਾਇਆ ਸੀ ਅਤੇ ਕਿਹਾ ਕਿ ਅਧਿਕਾਰੀ ਨੇ ਰੋਕਥਾਮ ਉਪਾਵਾਂ ਨੂੰ ਨਜ਼ਰਅੰਦਾਜ਼ ਕੀਤਾ ਸੀ। ਪੰਜਾਬ ਵਿੱਚ ਹੜ੍ਹਾਂ ਨੇ ਕਈ ਪਿੰਡ ਤਬਾਹ ਕੀਤੇ ਹਨ ਅਤੇ ਜਨਤਾ ਸਰਕਾਰ ਨੂੰ ਨਿਸ਼ਾਨੇ 'ਤੇ ਲੈ ਰਹੀ ਹੈ। ਇਸ ਘਟਨਾ ਤੋਂ ਇਹ ਨਜ਼ਰ ਆ ਰਿਹਾ ਹੈ ਕਿ ਸਰਕਾਰ ਅੰਦਰੂਨੀ ਵਿਰੋਧ ਨੂੰ ਦਬਾਉਣ ਲਈ ਪੁਰਾਣੇ ਕੇਸ ਵਰਤ ਰਹੀ ਹੈ।

ਗ੍ਰਿਫ਼ਤਾਰੀ ਤੋਂ ਪਹਿਲਾਂ ਪਠਾਨਮਾਜਰਾ ਨੇ ਸੋਸ਼ਲ ਮੀਡੀਆ 'ਤੇ ਵੀਡੀਓ ਜਾਰੀ ਕੀਤਾ ਅਤੇ ਸਮਰਥਕਾਂ ਨੂੰ ਪਟਿਆਲਾ ਡੀਸੀ ਅਤੇ ਐੱਸਐੱਸਪੀ ਦਫ਼ਤਰ ਘੇਰਨ ਦਾ ਸੱਦਾ ਦਿੱਤਾ ਸੀ। ਉਨ੍ਹਾਂ ਨੇ ਕਿਹਾ ਕਿ ਇਹ ਪੰਜਾਬ ਨੂੰ ਚੁਣਨਾ ਹੈ ਜਾਂ ਦਿੱਲੀ ਵਾਲਿਆਂ ਨੂੰ। ਇਹ ਵੀਡੀਓ ਵਾਇਰਲ ਹੋਇਆ ਅਤੇ ਪੁਲਿਸ ਨੇ ਸੁਰੱਖਿਆ ਵਧਾ ਦਿੱਤੀ। ਇਸ ਨੇ ਪੰਜਾਬੀ ਜਨਤਾ ਵਿੱਚ ਗੁੱਸਾ ਪੈਦਾ ਕੀਤਾ ਹੈ ਕਿ ਕੀ ਆਵਾਜ਼ ਚੁੱਕਣ ਵਾਲਿਆਂ ਨੂੰ ਅਜਿਹੇ ਢੰਗ ਨਾਲ ਕੁਚਲਿਆ ਜਾ ਰਿਹਾ ਹੈ? ਆਪ ਪਾਰਟੀ, ਜੋ ਆਮ ਆਦਮੀ ਨੂੰ ਨੁਮਾਇੰਦਗੀ ਦੇਣ ਦਾ ਵਾਅਦਾ ਕਰਕੇ ਸੱਤਾ ਵਿੱਚ ਆਈ, ਹੁਣ ਆਪਣੇ ਸਿਧਾਂਤਾਂ ਤੇ ਵਾਅਦਿਆਂ ਤੋਂ ਥਿੜਕ ਰਹੀ ਹੈ।

ਪੰਜਾਬ ਵਿੱਚ ਅਜਿਹੀਆਂ ਘਟਨਾਵਾਂ ਨਵੀਆਂ ਨਹੀਂ ਹਨ। ਅਕਸਰ ਸਿਆਸੀ ਵਿਰੋਧੀਆਂ ਨੂੰ ਪੁਰਾਣੇ ਕੇਸਾਂ ਨਾਲ ਨਿਪਟਾਇਆ ਜਾਂਦਾ ਹੈ। ਪਰ ਇੱਥੇ ਸਵਾਲ ਜਨਤਕ ਨੁਕਸਾਨ ਦਾ ਹੈ। ਹੜ੍ਹਾਂ ਨੇ ਹਜ਼ਾਰਾਂ ਨੂੰ ਬੇਘਰ ਕੀਤਾ ਅਤੇ ਸਰਕਾਰ ਨੇ ਅਜੇ ਵੀ ਪੂਰੀ ਰਾਹਤ ਨਹੀਂ ਦਿੱਤੀ। ਵਿਧਾਇਕ ਨੇ ਇਹ ਮੁੱਦਾ ਚੁੱਕਿਆ ਤਾਂ ਉਸ ਨੂੰ ਫਸਾਇਆ ਗਿਆ ਜਾਂ ਨਹੀਂ, ਇਹ ਅਦਾਲਤ ਨਿਰਣਾ ਕਰੇਗੀ। ਪਰ ਸਰਕਾਰ ਨੂੰ ਚਾਹੀਦਾ ਹੈ ਕਿ ਅੰਦਰੂਨੀ ਵਿਵਾਦਾਂ ਨੂੰ ਹੱਲ ਕਰੇ ਅਤੇ ਜਨਤਕ ਮੁੱਦਿਆਂ ਤੇ ਧਿਆਨ ਦੇਵੇ। ਫਰਾਰ ਵਿਧਾਇਕ ਨੂੰ ਫੜਨ ਲਈ ਐਂਟੀ-ਗੈਂਗਸਟਰ ਟਾਸਕ ਫੋਰਸ ਲਗਾਈ ਗਈ ਹੈ।

ਅੰਤ ਵਿੱਚ, ਇਹ ਘਟਨਾ ਪੰਜਾਬੀ ਸਿਆਸਤ ਨੂੰ ਸ਼ੀਸ਼ਾ ਵਿਖਾਉਂਦੀ ਹੈ। ਜੇ ਸੱਤਾਧਾਰੀ ਪਾਰਟੀ ਅੰਦਰੂਨੀ ਆਲੋਚਨਾ ਨੂੰ ਨਹੀਂ ਝੱਲ ਸਕਦੀ ਤਾਂ ਆਮ ਆਦਮੀ ਦੀ ਆਵਾਜ਼ ਕਿੱਥੇ ਸੁਣੇਗੀ? ਪੰਜਾਬ ਨੂੰ ਅਜਿਹੇ ਡਰਾਮੇ ਨਹੀਂ ਚਾਹੀਦੇ, ਸਗੋਂ ਸੱਚੀ ਜਵਾਬਦੇਹੀ ਅਤੇ ਵਿਕਾਸ ਚਾਹੀਦਾ ਹੈ। ਜੇ ਪਠਾਨਮਾਜਰਾ ਨੇ ਗਲਤੀ ਕੀਤੀ ਤਾਂ ਸਜ਼ਾ ਮਿਲੇ, ਪਰ ਜੇ ਇਹ ਸਿਆਸੀ ਬਦਲਾ ਹੈ ਤਾਂ ਇਹ ਪੰਜਾਬੀਆਂ ਵਿੱਚ ਰੋਸ ਵਧੇਗਾ।

### 'ਆਪ' ਵਿਧਾਇਕ ਪਠਾਣਮਾਜਰਾ ਦਾ ਦਾਅਵਾ....'ਮੁਕਾਬਲੇ' ਡਰੋਂ ਭੱਜਿਆਂ

ਸਨੌਰ ਤੋਂ ਵਿਧਾਇਕ ਹਰਮੀਤ ਸਿੰਘ ਪਠਾਣਮਾਜਰ ਦੇ ਇਕ ਵੀਡੀਓ ਸੁਨੇਹੇ ਵਿਚ ਦਾਅਵਾ ਕੀਤਾ ਹੈ ਕਿ ਉਸ ਨੂੰ ਅਗਾਊਂ ਜਾਣਕਾਰੀ ਮਿਲੀ ਸੀ ਕਿ ਗ੍ਰਿਫਤਾਰ ਕਰਨ ਆਈ ਪੁਲੀਸ ਉਸ ਨੂੰ ਇੱਕ ਮੁਕਾਬਲੇ ਵਿੱਚ ਮਾਰ ਦੇਵੇਗੀ, ਜਿਸ ਕਰਕੇ ਉਹ ਲੰਘੇ ਦਿਨ ਕਰਨਾਲ ਤੋਂ ਬਚ ਨਿਕਲਿਆ। ਪਠਾਣਮਾਜਰਾ ਨੇ ਕਿਹਾ, "ਹਾਲਾਂਕਿ, ਮੈਂ ਕਦੇ ਵੀ ਪੁਲੀਸ ਨਾਲ ਟਕਰਾਅ ਵਿੱਚ ਨਹੀਂ ਪਿਆ ਅਤੇ ਦੂਜੇ ਦਰਵਾਜ਼ਿਓਂ ਖਿਸਕ ਗਿਆ। ਪੁਲੀਸ ਨੇ ਮੇਰੀ ਗੱਡੀ 'ਤੇ ਗੋਲੀ ਚਲਾਉਣ ਦੀ ਕੋਸ਼ਿਸ਼ ਕੀਤੀ, ਪਰ ਮੈਂ ਸਰਵ ਸ਼ਕਤੀਮਾਨ ਦੇ ਓਟ ਆਸਰੇ ਕਰਕੇ ਬਚ ਗਿਆ।"

ਪਠਾਣਮਾਜਰਾ ਨੇ ਅੱਜ ਜਾਰੀ ਕੀਤੇ ਗਏ ਦੋ ਵੀਡੀਓਜ਼ ਵਿੱਚ ਕਿਹਾ ਕਿ ਉਹ ਜਾਣਦੇ ਹਨ ਕਿ ਇਸ ਸਭ ਪਿੱਛੇ ਦਿੱਲੀ ਲੌਬੀ ਦਾ ਹੱਥ ਸੀ ਅਤੇ ਉਨ੍ਹਾਂ ਨੇ ਸਾਥੀ ਵਿਧਾਇਕਾਂ ਅਤੇ ਮੰਤਰੀਆਂ ਨੂੰ ਪੰਜਾਬ ਦੇ ਹਿੱਤ ਲਈ ਬੋਲਣ ਦੀ ਅਪੀਲ ਕੀਤੀ। ਪਠਾਣਮਾਜਰਾ ਨੇ ਕਿਸੇ ਵੀ ਗਲਤ ਕੰਮ ਤੋਂ ਇਨਕਾਰ ਕੀਤਾ ਅਤੇ ਕਿਹਾ ਕਿ ਉਹ ਪੁਲੀਸ ਦਾ ਸਤਿਕਾਰ ਕਰਦੇ ਹਨ ਪਰ ਇਹ ਦੁੱਖ ਦੀ ਗੱਲ ਹੈ ਕਿ ਉਹ (ਪੁਲੀਸ ਮੁਲਾਜ਼ਮ) ਦਿੱਲੀ ਦੇ ਨਿਰਦੇਸ਼ਾਂ 'ਤੇ ਕੰਮ ਕਰ ਰਹੇ ਸਨ। ਪਠਾਣਮਾਜਰਾ ਨੇ ਸਾਥੀ ਵਿਧਾਇਕਾਂ ਨੂੰ ਦਿੱਲੀ ਲੌਬੀ ਦੇ ਗ਼ਲਤ ਕੰਮਾਂ ਖਿਲਾਫ਼ ਬੋਲਣ ਦੀ ਵੀ ਅਪੀਲ ਕੀਤੀ। ਉਨ੍ਹਾਂ ਦਾਅਵਾ ਕੀਤਾ ਕਿ ਦਿੱਲੀ ਦੀ ਇਹ ਲੌਬੀ ਪੰਜਾਬ ਨੂੰ ਤਬਾਹ ਕਰਨ 'ਤੇ ਤੁਲੀ ਹੋਈ ਹੈ।

ਪਠਾਣਮਾਜਰਾ ਨੇ ਕਿਹਾ, "ਜਦੋਂ ਅਬਦਾਲੀ ਪੰਜਾਬ ਨੂੰ ਨਹੀਂ ਡਰਾ ਸਕਦੇ, ਤਾਂ ਅਸੀਂ ਇਨ੍ਹਾਂ ਦਿੱਲੀ ਲੌਬੀ ਦੇ ਆਗੂਆਂ ਤੋਂ ਕਿਵੇਂ ਡਰ ਸਕਦੇ ਹਾਂ।" ਵਿਧਾਇਕ ਨੇ ਕਿਹਾ, "ਮੈਂ ਪੰਜਾਬ ਦੇ ਸਾਰੇ ਆਗੂਆਂ ਨੂੰ ਅਪੀਲ ਕਰਦਾ ਹਾਂ ਕਿ ਉਹ ਉੱਠਣ ਅਤੇ ਉਹੀ ਬੋਲਣ ਜੋ ਉਹ ਮਹਿਸੂਸ ਕਰਦੇ ਹਨ। ਉਨ੍ਹਾਂ ਨੂੰ ਸਰਕਾਰ ਤੋਂ ਡਰਨਾ ਨਹੀਂ ਚਾਹੀਦਾ।"

ਦਰਪਣ ਝੂਠ ਨਹੀਂ ਬੋਲਦਾ

# ਅਨੰਦਪੁਰ ਸਾਹਿਬ 1991 ਝੂਠਾ ਪੁਲਿਸ ਮੁਕਾਬਲਾ: ਅਦਾਲਤ ਵੱਲੋਂ ਸੀ.ਬੀ.ਆਈ. ਦੀ ਕਲੋਜ਼ਰ ਰਿਪੋਰਟ ਖ਼ਾਰਜ

## ਜਗਦੀਸ਼ ਸਿੰਘ ਪਰਿਵਾਰ ਦੀ ਹੱਤਿਆ: ਫ਼ਰਜ਼ੀ ਮੁਕਾਬਲੇ ਦਾ ਸੱਚ ਆਇਆ ਸਾਹਮਣੇ

## ਸੀ.ਬੀ.ਆਈ. ਦੀ ਜਾਂਚ ਵਿੱਚ ਨੁਕਸ: ਕੇਂਦਰ ਸਰਕਾਰ ਦੀ ਭੂਮਿਕਾ 'ਤੇ ਸਵਾਲ ਖੜੇ ਹੋਏ

ਰੋਪੜ ਜ਼ਿਲ੍ਹੇ ਦੇ ਅਨੰਦਪੁਰ ਸਾਹਿਬ ਖੇਤਰ ਵਿੱਚ 21 ਮਈ 1991 ਨੂੰ ਵਾਪਰੀ ਇੱਕ ਭਿਆਨਕ ਘਟਨਾ ਨੇ ਸਿੱਖ ਭਾਈਚਾਰੇ ਨੂੰ ਹੈਰਾਨ ਕਰ ਦਿੱਤਾ ਸੀ। ਇਹ ਘਟਨਾ ਜਗਦੀਸ਼ ਸਿੰਘ ਨਾਂ ਦੇ ਇੱਕ ਸਾਧਾਰਨ ਵਿਅਕਤੀ ਅਤੇ ਉਸ ਦੇ ਪੂਰੇ ਪਰਿਵਾਰ ਨਾਲ ਜੁੜੀ ਹੋਈ ਹੈ। ਜਗਦੀਸ਼ ਸਿੰਘ ਉਸ ਵੇਲੇ ਪੀ.ਡਬਲਯੂ.ਡੀ. ਵਿੱਚ ਨੌਕਰੀ ਕਰਦੇ ਸਨ ਅਤੇ ਅਨੰਦਪੁਰ ਸਾਹਿਬ ਦੇ ਅਗਮਪੁਰ ਪਿੰਡ ਵਿੱਚ ਆਪਣੇ ਪਰਿਵਾਰ ਨਾਲ ਰਹਿੰਦੇ ਸਨ। ਉਨ੍ਹਾਂ ਦੇ ਭਰਾ ਪਰਮਜੀਤ ਸਿੰਘ ਪੰਮਾ ਨੇ ਸ਼ਿਕਾਇਤ ਕੀਤੀ ਸੀ ਕਿ ਉਸ ਰਾਤ ਨੂੰ ਪੁਲਿਸ ਨੇ ਉਨ੍ਹਾਂ ਦੇ ਫ਼ਾਰਮ-ਹਾਊਸ 'ਤੇ ਛਾਪਾ ਮਾਰਿਆ ਅਤੇ ਜਗਦੀਸ਼ ਸਿੰਘ, ਉਨ੍ਹਾਂ ਦੀ ਪਤਨੀ ਬਲਜਿੰਦਰ ਕੌਰ, ਮਾਂ ਸੁਰਜੀਤ ਕੌਰ, ਤਿੰਨ ਸਾਲਾਂ ਦੀ ਬੇਟੀ ਅਤੇ ਦੋ ਮਹੀਨਿਆਂ ਦੇ ਬੇਟੇ ਨੂੰ ਫੜ ਲਿਆ। ਪੁਲਿਸ ਨੇ ਇਸ ਨੂੰ 'ਮੁਕਾਬਲੇ' ਵਜੋਂ ਪੇਸ਼ ਕੀਤਾ, ਪਰ ਹਕੀਕਤ ਵਿੱਚ ਇਹ ਇੱਕ ਫ਼ਰਜ਼ੀ ਮੁਕਾਬਲਾ ਸੀ ਜਿਸ ਵਿੱਚ ਪੂਰੇ ਪਰਿਵਾਰ ਨੂੰ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ।

ਤੱਤਕਾਲੀ ਐੱਸ.ਡੀ.ਐੱਮ. ਪ੍ਰਿਥੀ ਚੰਦ ਨੇ ਜਾਂਚ ਕੀਤੀ ਤਾਂ ਪਤਾ ਲੱਗਾ ਕਿ ਜਗਦੀਸ਼ ਨੂੰ ਪਹਿਲਾਂ ਤਸੀਹੇ ਦਿੱਤੇ ਗਏ ਅਤੇ ਫਿਰ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਪੋਸਟਮਾਰਟਮ ਰਿਪੋਰਟ ਵਿੱਚ ਉਨ੍ਹਾਂ ਦੇ ਸਰੀਰ 'ਤੇ ਗੰਭੀਰ ਸੱਟਾਂ ਦੇ ਨਿਸ਼ਾਨ ਮਿਲੇ। ਗਵਾਹਾਂ ਨੇ ਪੁਸ਼ਟੀ ਕੀਤੀ ਕਿ ਪਰਿਵਾਰ ਦੇ ਚਾਰ ਮੈਂਬਰ ਘਟਨਾ ਵਾਲੀ ਥਾਂ 'ਤੇ ਜ਼ਿੰਦੇ ਦੇਖੇ ਗਏ ਸਨ, ਪਰ ਪੁਲਿਸ ਦੀ ਐੱਫ.ਆਈ.ਆਰ. ਵਿੱਚ ਉਨ੍ਹਾਂ ਦਾ ਕੋਈ ਜ਼ਿਕਰ ਨਹੀਂ। ਅੱਜ ਤੱਕ ਉਨ੍ਹਾਂ ਦਾ ਕੋਈ ਸੁਰਾਗ ਨਹੀਂ ਮਿਲਿਆ, ਜੋ ਇਸ ਘਟਨਾ ਨੂੰ ਹੋਰ ਰਹੱਸਮਈ ਬਣਾਉਂਦਾ ਹੈ।

ਇਹ ਮਾਮਲਾ ਸੀ.ਬੀ.ਆਈ. ਨੂੰ ਸੌਂਪਿਆ ਗਿਆ, ਜਿਸ ਨੇ ਚਾਰ ਵਾਰੀ ਕਲੋਜ਼ਰ ਰਿਪੋਰਟ ਦਾਇਰ ਕੀਤੀ। ਪਰ ਹੁਣ ਮੋਹਾਲੀ ਅਦਾਲਤ ਨੇ ਇਸ ਨੂੰ ਖ਼ਾਰਜ ਕਰ ਦਿੱਤਾ ਹੈ




ਅਤੇ ਵਿਸ਼ੇਸ਼ ਜੁਡੀਸ਼ੀਅਲ ਮੈਜਿਸਟ੍ਰੇਟ, ਸੀ.ਬੀ.ਆਈ. ਨੂੰ ਤਿੰਨ ਹਫ਼ਤਿਆਂ ਵਿੱਚ ਨਵਾਂ ਆਦੇਸ਼ ਪਾਸ ਕਰਨ ਅਤੇ ਕਾਨੂੰਨੀ ਕਾਰਵਾਈ ਸ਼ੁਰੂ ਕਰਨ ਦੇ ਨਿਰਦੇਸ਼ ਦਿੱਤੇ ਹਨ। ਅਦਾਲਤ ਨੇ ਕਿਹਾ ਕਿ ਇਹ ਸਿਰਫ਼ ਇੱਕ ਹੱਤਿਆ ਦਾ ਮਾਮਲਾ ਨਹੀਂ, ਬਲਕਿ ਚਾਰ ਬੇਕਸੂਰ ਲੋਕਾਂ ਦੀ ਗੁੰਮਸ਼ੁਦਗੀ ਅਤੇ ਸੰਭਾਵਿਤ ਹੱਤਿਆ ਦਾ ਵੀ ਹੈ। ਅਦਾਲਤ ਨੇ ਸੀ.ਬੀ.ਆਈ. ਦੀ ਚੌਥੀ ਅਤੇ ਆਖਰੀ ਕਲੋਜ਼ਰ ਰਿਪੋਰਟ ਨੂੰ ਖ਼ਾਰਜ ਕਰਨ ਵਿੱਚ ਕਈ ਮਹੱਤਵਪੂਰਨ ਕਾਰਨਾਂ ਦਾ ਜ਼ਿਕਰ ਕੀਤਾ ਹੈ। ਪਹਿਲਾਂ ਤਾਂ ਜੱਜ ਨੇ ਪਾਇਆ ਕਿ ਸੀ.ਬੀ.ਆਈ. ਨੇ ਜਾਂਚ ਨੂੰ ਗੰਭੀਰਤਾ ਨਾਲ ਨਹੀਂ ਨਿਭਾਇਆ। ਰਿਪੋਰਟ ਵਿੱਚ ਪਰਿਵਾਰ ਦੇ ਲਾਪਤਾ ਮੈਂਬਰਾਂ - ਬਲਜਿੰਦਰ ਕੌਰ, ਸੁਰਜੀਤ ਕੌਰ ਅਤੇ ਦੋਵੇਂ ਬੱਚਿਆਂ - ਦੀ ਭਾਲ ਲਈ ਕੋਈ ਕੋਸ਼ਿਸ਼ ਨਹੀਂ ਕੀਤੀ ਗਈ। ਗਵਾਹਾਂ ਦੇ ਬਿਆਨਾਂ ਨੂੰ ਅਣਗੌਲਿਆ ਕੀਤਾ ਗਿਆ ਅਤੇ ਪੁਲਿਸ ਅਧਿਕਾਰੀਆਂ ਦੀ ਭੂਮਿਕਾ ਨੂੰ ਛੁਪਾਇਆ ਗਿਆ। ਅਦਾਲਤ ਨੇ ਕਿਹਾ ਕਿ ਜਦੋਂ ਇਹ ਲੋਕ ਆਖਰੀ ਵਾਰ ਪੁਲਿਸ ਹਿਰਾਸਤ ਵਿੱਚ ਦੇਖੇ ਗਏ, ਤਾਂ ਉਨ੍ਹਾਂ ਦੇ ਗਾਇਬ ਹੋਣ ਦੀ ਜ਼ਿੰਮੇਵਾਰੀ ਪੁਲਿਸ 'ਤੇ ਹੀ ਆਉਂਦੀ ਹੈ। ਰਿਪੋਰਟ ਵਿੱਚ ਫ਼ਰਜ਼ੀ ਮੁਕਾਬਲੇ ਦੇ ਸਬੂਤਾਂ ਨੂੰ ਨਜ਼ਰਅੰਦਾਜ਼ ਕੀਤਾ ਗਿਆ ਅਤੇ ਪੋਸਟਮਾਰਟਮ ਰਿਪੋਰਟਾਂ ਨੂੰ ਵੀ ਗਲਤ ਤਰੀਕੇ ਨਾਲ ਪੇਸ਼ ਕੀਤਾ ਗਿਆ ਸੀ.ਬੀ.ਆਈ. ਰਿਪੋਰਟ ਵਿੱਚ ਮੁੱਖ ਨੁਕਸ ਇਹ ਹਨ ਕਿ ਇਹ ਇਕਤਰਫ਼ਾ ਜਾਂਚ ਸੀ। ਏਜੰਸੀ ਨੇ ਪੀੜਤ ਪੱਖ ਨੂੰ ਸਹਿਯੋਗ ਨਹੀਂ ਦਿੱਤਾ ਅਤੇ ਗਵਾਹਾਂ ਨੂੰ ਧਮਕੀਆਂ ਦੇਣ ਵਾਲੇ ਪੁਲਿਸ ਅਧਿਕਾਰੀਆਂ ਨੂੰ ਬਚਾਇਆ। ਅਦਾਲਤ ਨੇ ਨੋਟ ਕੀਤਾ ਕਿ ਪਹਿਲਾਂ ਵੀ ਤਿੰਨ ਕਲੋਜ਼ਰ ਰਿਪੋਰਟਾਂ ਖ਼ਾਰਜ ਹੋ ਚੁੱਕੀਆਂ ਹਨ, ਜੋ ਸੀ.ਬੀ.ਆਈ. ਦੀ ਪੁਲਿਸ ਪਖੀ ਅਨਿਆਂਕਾਰੀ ਰਿਪੋਰਟ ਨੂੰ ਦਰਸਾਉਂਦੀਆਂ ਹਨ। ਜੱਜ ਨੇ ਕਿਹਾ ਸੀ ਕਿ ਜਾਂਚ ਅਧਿਕਾਰੀ ਦੀ ਰਾਏ ਅਦਾਲਤ ਨੂੰ ਇਨਸਾਫ਼ ਤੋਂ ਨਹੀਂ ਰੋਕ ਸਕਦੀ ਅਤੇ ਅਦਾਲਤ ਇਸ ਮਸਲੇ ਨੂੰ ਸੁਤੰਤਰ ਤਰੀਕੇ ਨਾਲ ਵੇਖੇਗੀ। ਇਸ ਰਿਪੋਰਟ ਵਿੱਚ ਲਾਪਤਾ ਲੋਕਾਂ ਨੂੰ ਭੁੱਲਣਾ ਅਤੇ ਫ਼ਰਜ਼ੀ ਮੁਕਾਬਲੇ ਨੂੰ ਛੁਪਾਉਣ ਦੀ ਕੋਸ਼ਿਸ਼ ਨੇ ਅਦਾਲਤ ਨੂੰ ਇਹ ਫ਼ੈਸਲਾ ਲੈਣ ਲਈ ਮਜਬੂਰ ਕੀਤਾ। ਇਹ ਨੁਕਸ ਪੰਜਾਬ ਵਿੱਚ ਹੋਰ ਫ਼ਰਜ਼ੀ ਮੁਕਾਬਲੇ ਮਾਮਲਿਆਂ ਵਿੱਚ ਵੀ ਵੇਖੇ ਜਾਂਦੇ ਹਨ, ਜਿੱਥੇ ਸੀ.ਬੀ.ਆਈ. ਨੂੰ

(ਬਾਕੀ ਸਫ਼ਾ 31 'ਤੇ)

# ਗਲੋਬਲ ਪੀਸ ਇੰਡੈਕਸ 2025: ਸੁਰੱਖਿਅਤ ਅਤੇ ਅਸੁਰੱਖਿਅਤ ਦੇਸ਼ਾਂ ਦੀ ਸੂਚੀ ਜਾਰੀ

## ਆਈਸਲੈਂਡ ਸਭ ਤੋਂ ਸੁਰੱਖਿਅਤ, ਰੂਸ ਸਭ ਤੋਂ ਅਸੁਰੱਖਿਅਤ

ਇੰਸਟੀਚਿਊਟ ਫਾਰ ਇਕਨਾਮਿਕਸ ਐਂਡ ਪੀਸ (ਆਈ.ਈ.ਪੀ.) ਵੱਲੋਂ ਜਾਰੀ ਕੀਤੇ ਗਲੋਬਲ ਪੀਸ ਇੰਡੈਕਸ (ਜੀ.ਪੀ.ਆਈ.) 2025 ਨੇ ਵਿਸ਼ਵਵਿਆਪੀ ਸ਼ਾਂਤੀ ਦੀ ਸਥਿਤੀ ਨੂੰ ਮਾਪਣ ਲਈ 23 ਗੁਣਾਤਮਕ ਅਤੇ ਅੰਕੜਾ ਸੂਚੀਆਂ ਨੂੰ ਵਰਤਿਆ ਹੈ। ਇਹ ਰਿਪੋਰਟ 163 ਦੇਸ਼ਾਂ ਨੂੰ ਕਵਰ ਕਰਦੀ ਹੈ, ਜੋ ਵਿਸ਼ਵ ਦੀ 99.7% ਆਬਾਦੀ ਦੀ ਪ੍ਰਤੀਨਿਧਤਾ ਕਰਦੇ ਹਨ। ਜੀ.ਪੀ.ਆਈ. ਨੂੰ ਤਿੰਨ ਮੁੱਖ ਡੋਮੇਨਾਂ ਵਿੱਚ ਵੰਡਿਆ ਗਿਆ ਹੈ: ਸਮਾਜਿਕ ਸੁਰੱਖਿਆ ਅਤੇ ਸੁਰੱਖਿਆ (ਸੋਸ਼ਲ ਸੇਫਟੀ ਐਂਡ ਸੈਕਿਊਰਿਟੀ), ਚੱਲ ਰਹੇ ਘਰੇਲੂ ਅਤੇ ਅੰਤਰਰਾਸ਼ਟਰੀ ਟਕਰਾਅ (ਓਨਗੋਇੰਗ ਡੋਮੈਸਟਿਕ ਐਂਡ ਇੰਟਰਨੈਸ਼ਨਲ ਕਨਫਲਿਕਟ), ਅਤੇ ਮਿਲਟਰਾਈਜ਼ੇਸ਼ਨ ਦੀ ਡਿਗਰੀ (ਡਿਗਰੀ ਆਫ਼ ਮਿਲਟਰਾਈਜ਼ੇਸ਼ਨ)। ਇਹ ਸੂਚਕ ਅਪਰਾਧ ਦਰ, ਅੰਦਰੂਨੀ ਯੁੱਧਾਂ ਦੀ ਗਿਣਤੀ, ਅੱਤਵਾਦੀ ਹਮਲਿਆਂ ਦੇ ਪ੍ਰਭਾਵ, ਸੈਨਿਕ ਖਰਚੇ ਅਤੇ ਹਥਿਆਰਾਂ ਦੇ ਆਯਾਤ ਨੂੰ ਸ਼ਾਮਲ ਕਰਦੇ ਹਨ।

ਸਕੋਰ 1 ਤੋਂ 5 ਵਿਚਕਾਰ ਹੈ, ਜਿੱਥੇ ਘੱਟ ਸਕੋਰ ਵਧੀਆ ਸ਼ਾਂਤੀ ਨੂੰ ਦਰਸਾਉਂਦਾ ਹੈ। ਆਈ.ਈ.ਪੀ. ਨੇ ਇਸ ਨੂੰ ਬਣਾਉਣ ਲਈ ਇੱਕ ਵਿਸ਼ਵ ਪੱਧਰੀ ਐਕਸਪਰਟ ਪੈਨਲ ਨਾਲ ਸਲਾਹ-ਮਸ਼ਵਰਾ ਕੀਤਾ ਗਿਆ ਹੈ ਅਤੇ ਡਾਟਾ ਇਕਨਾਮਿਸਟ ਇੰਟੈਲੀਜੈਂਸ ਯੂਨਿਟ ਤੋਂ ਲਿਆ ਗਿਆ ਹੈ। ਰਿਪੋਰਟ ਵਿੱਚ ਇਹ ਵੀ ਜ਼ਿਕਰ ਕੀਤਾ ਗਿਆ ਹੈ ਕਿ ਵਿਸ਼ਵ ਸ਼ਾਂਤੀ ਵਿੱਚ 0.36% ਦੀ ਕਮੀ ਆਈ ਹੈ, ਜੋ ਦੂਜੀ ਵਿਸ਼ਵ ਯੁੱਧ ਤੋਂ ਬਾਅਦ ਸਭ ਤੋਂ ਵੱਡੀ ਹੈ। ਇਹ ਰਿਪੋਰਟ ਵਰਤਮਾਨ ਸਥਿਤੀ ਨੂੰ ਦਰਸਾਉਂਦੀ ਹੈ ਕਿ ਭਵਿੱਖ ਵਿੱਚ ਟਕਰਾਆਂ ਦੇ ਖਤਰੇ ਵਧ ਰਹੇ ਹਨ । ਇਸ ਵਿੱਚ ਆਰਥਿਕ ਪ੍ਰਭਾਵ ਵੀ ਸ਼ਾਮਲ ਹੈ, ਜਿਸ ਅਨੁਸਾਰ ਹਿੰਸਾ ਨੇ 2024 ਵਿੱਚ ਵਿਸ਼ਵ ਜੀ.ਡੀ.ਪੀ. ਦੇ 13.5% ਨੂੰ ਪ੍ਰਭਾਵਿਤ ਕੀਤਾ ਹੈ। ਗਲੋਬਲ ਪੀਸ ਇੰਡੈਕਸ 2025 ਅਨੁਸਾਰ, ਆਈਸਲੈਂਡ ਨੇ 2008 ਤੋਂ ਲਗਾਤਾਰ 17ਵੇਂ ਵਾਰ ਸਭ ਤੋਂ ਸ਼ਾਂਤੀਪੂਰਨ ਅਤੇ ਸੁਰੱਖਿਅਤ ਦੇਸ਼ ਦਾ ਤਾਜ ਪਹਿਨਿਆ ਹੈ। ਇਸ ਨੂੰ ਘੱਟ ਅਪਰਾਧ ਦਰ, ਮਜ਼ਬੂਤ ਸਮਾਜਿਕ ਵਿਵਸਥਾ ਅਤੇ ਕੋਈ ਸੈਨਿਕ ਨਾ ਹੋਣ ਕਾਰਨ ਇਹ ਸਥਾਨ ਮਿਲਿਆ ਹੈ। ਟਾਪ 10 ਸੁਰੱਖਿਅਤ ਦੇਸ਼ਾਂ ਵਿੱਚ ਜ਼ਿਆਦਾਤਰ ਯੂਰਪੀਅਨ ਦੇਸ਼ ਹਨ: ਆਈਸਲੈਂਡ (1), ਆਇਰਲੈਂਡ (2), ਨਿਊਜ਼ੀਲੈਂਡ (3), ਫਿਨਲੈਂਡ (4), ਆਸਟਰੀਆ (5), ਸਵਿਟਜ਼ਰਲੈਂਡ (6), ਸਿੰਗਾਪੁਰ (7), ਪੁਰਤਗਾਲ (8), ਡੈਨਮਾਰਕ (9) ਅਤੇ ਸਲੋਵੇਨੀਆ (10)। ਇਹ ਦੇਸ਼ ਘੱਟ ਟਕਰਾਅ, ਮਜ਼ਬੂਤ ਸੰਸਥਾਵਾਂ ਅਤੇ ਘੱਟ ਮਿਲਟਰੀ ਖਰਚੇ ਕਾਰਨ ਅਗਾਂਹਵਧੂ ਹਨ। ਯੂਰਪ ਨੂੰ ਸਭ ਤੋਂ ਸ਼ਾਂਤੀਪੂਰਨ ਖੇਤਰ ਮੰਨਿਆ ਗਿਆ ਹੈ, ਜਿੱਥੇ 10 ਵਿੱਚੋਂ 8 ਸਭ ਤੋਂ ਸੁਰੱਖਿਅਤ ਦੇਸ਼ ਹਨ।

# ਰਾਹੁਲ ਗਾਂਧੀ 'ਤੇ ਸਿਆਸੀ ਹਮਲੇ ਦਾ ਨੈਰੇਟਿਵ: 'ਪੱਪੂ' ਤੋਂ 'ਦੇਸ਼ ਵਿਰੋਧੀ'

## ਭਾਰਤ ਜੋੜੋ ਯਾਤਰਾ ਨੇ ਰਾਹੁਲ ਦਾ ਸਿਆਸੀ ਅਕਸ ਸੁਧਾਰਿਆ

ਰਾਹੁਲ ਗਾਂਧੀ ਨੂੰ ਸਿਆਸੀ ਤੌਰ 'ਤੇ ਨਿਸ਼ਾਨਾ ਬਣਾਉਣ ਦੀ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਰਣਨੀਤੀ ਪਿਛਲੇ ਕੁਝ ਸਾਲਾਂ ਵਿੱਚ ਕਾਫੀ ਬਦਲ ਗਈ ਹੈ। ਜਦੋਂ ਨਰਿੰਦਰ ਮੋਦੀ ਅਤੇ ਅਮਿਤ ਸ਼ਾਹ ਨੇ 2014 ਵਿੱਚ ਭਾਜਪਾ ਦੀ ਕਮਾਨ ਸੰਭਾਲੀ, ਉਦੋਂ ਤੋਂ ਰਾਹੁਲ ਗਾਂਧੀ ਨੂੰ 'ਪੱਪੂ' ਸਾਬਤ ਕਰਨ ਦਾ ਇੱਕ ਵੱਡਾ ਪ੍ਰਚਾਰ ਮੁਹਿੰਮ ਸ਼ੁਰੂ ਕੀਤੀ ਗਈ। ਇਸ ਮੁਹਿੰਮ ਦਾ ਮਕਸਦ ਸੀ ਰਾਹੁਲ ਨੂੰ ਇੱਕ ਨਾਸਮਝ, ਬੁੱਧੀਹੀਣ ਅਤੇ ਜਬਰਦਸਤੀ ਸਿਆਸਤ ਵਿੱਚ ਲਿਆਂਦਾ ਗਿਆ ਨੇਤਾ ਸਾਬਤ ਕਰਨਾ। ਭਾਜਪਾ ਦਾ ਹਰ ਨੇਤਾ, ਖਾਸ ਕਰਕੇ ਕਾਂਗਰਸ ਛੱਡ ਕੇ ਭਾਜਪਾ ਵਿੱਚ ਸ਼ਾਮਲ ਹੋਣ ਵਾਲੇ ਨੇਤਾਵਾਂ ਨੂੰ, ਰਾਹੁਲ ਬਾਰੇ ਅਜਿਹੇ ਬਿਆਨ ਦੇਣ ਲਈ ਕਿਹਾ ਜਾਂਦਾ ਸੀ ਜਿਸ ਨਾਲ ਜਨਤਾ ਵਿੱਚ ਇਹ ਸੁਨੇਹਾ ਜਾਵੇ ਕਿ ਰਾਹੁਲ ਨੂੰ ਸਿਆਸਤ ਦੀ ਕੋਈ ਸਮਝ ਨਹੀਂ ਅਤੇ ਉਹ ਸਿਰਫ਼ ਗਾਂਧੀ ਪਰਿਵਾਰ ਦੇ ਨਾਂ 'ਤੇ ਕਾਂਗਰਸ ਦੇ ਵੱਡੇ ਨੇਤਾ ਬਣੇ ਹੋਏ ਹਨ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖੁਦ ਆਪਣੇ ਭਾਸ਼ਣਾਂ ਵਿੱਚ ਰਾਹੁਲ



ਨੂੰ 'ਸ਼ਹਿਜ਼ਾਦੇ' ਕਹਿ ਕੇ ਸੰਬੋਧਨ ਕਰਦੇ ਸਨ। ਇਸ ਦਾ ਮਕਸਦ ਵੀ ਇਹੀ ਸੀ ਕਿ ਜਨਤਾ ਨੂੰ ਇਹ ਲੱਗੇ ਕਿ ਰਾਹੁਲ ਸਿਰਫ਼ ਪਰਿਵਾਰਕ ਵਿਰਾਸਤ ਕਾਰਨ ਸਿਆਸਤ ਵਿੱਚ ਹਨ ਅਤੇ ਉਨ੍ਹਾਂ ਵਿੱਚ ਅਗਵਾਈ ਦੀ ਯੋਗਤਾ ਨਹੀਂ। ਕਾਂਗਰਸ ਛੱਡਣ ਵਾਲੇ ਨੇਤਾਵਾਂ ਨੂੰ ਇਸ ਮਕਸਦ ਲਈ ਵੱਡੇ ਅਹੁਦੇ ਅਤੇ ਸਨਮਾਨ ਦਿੱਤੇ ਗਏ। ਪਰ, ਹੁਣ ਇਹ ਸਾਰਾ ਨੈਰੇਟਿਵ ਬਦਲ ਗਿਆ ਹੈ। 'ਪੱਪੂ' ਵਾਲੀ ਗੱਲ ਹੁਣ ਭਾਜਪਾ ਦੇ ਬਿਆਨਾਂ ਵਿੱਚੋਂ ਗਾਇਬ ਹੈ ਅਤੇ ਰਾਹੁਲ ਨੂੰ ਹੁਣ 'ਸ਼ਾਤਿਰ' ਅਤੇ 'ਦੇਸ਼ ਵਿਰੋਧੀ' ਸਾਬਤ ਕਰਨ ਦੀ ਕੋਸ਼ਿਸ਼ ਸ਼ੁਰੂ ਹੋ ਗਈ ਹੈ।

ਰਾਹੁਲ ਗਾਂਧੀ ਦੀ ਭਾਰਤ ਜੋੜੋ ਯਾਤਰਾ ਨੇ ਉਨ੍ਹਾਂ ਦੀ ਸਿਆਸੀ ਚਿੱਤਰ ਨੂੰ ਬਦਲਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਇਸ ਯਾਤਰਾ ਨੇ ਨਾ ਸਿਰਫ਼ ਕਾਂਗਰਸ ਦੇ ਕਾਰਕੁੰਨਾਂ ਵਿੱਚ ਨਵਾਂ ਜੋਸ਼ ਭਰਿਆ, ਸਗੋਂ ਜਨਤਾ ਵਿਚ ਵੀ ਰਾਹੁਲ ਦੀ ਇੱਕ ਸੰਜੀਦਾ ਅਤੇ ਜਨਤਕ ਮੁੱਦਿਆਂ ਨਾਲ ਜੁੜੇ ਨੇਤਾ ਵਜੋਂ ਅਕਸ ਬਣਿਆ ਹੈ । ਪਰ, ਇਸ ਤੋਂ ਪਹਿਲਾਂ ਵੀ ਇੱਕ ਵੱਡਾ ਸਿਆਸੀ ਬਦਲਾਅ ਕਿਸਾਨ ਅੰਦੋਲਨ ਦੌਰਾਨ ਵੇਖਣ ਨੂੰ ਮਿਲਿਆ। 2020-21 ਦੇ ਕਿਸਾਨ ਅੰਦੋਲਨ ਦੌਰਾਨ ਭਾਜਪਾ ਅਤੇ ਕੇਂਦਰ ਸਰਕਾਰ ਨੇ 'ਭਾਰਤ ਵਿਰੋਧੀ ਸਾਜ਼ਿਸ਼' ਦਾ ਨੈਰੇਟਿਵ ਬਣਾਇਆ। ਇਸ ਦੌਰਾਨ 'ਟੂਲਕਿੱਟ' ਨਾਂ ਦੀ ਇੱਕ ਗੱਲਬਾਤ ਸ਼ੁਰੂ ਹੋਈ, ਜਿਸ ਵਿੱਚ ਦਾਅਵਾ ਕੀਤਾ ਗਿਆ ਕਿ ਵਿਦੇਸ਼ੀ ਤਾਕਤਾਂ ਭਾਰਤ ਸਰਕਾਰ ਨੂੰ ਅਸਥਿਰ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ।

## ਰਾਹੁਲ ਗਾਂਧੀ ਅਤੇ ਤੇਜਸਵੀ ਯਾਦਵ ਦੀ ਵੋਟਰ ਅਧਿਕਾਰ ਯਾਤਰਾ ਨੇ ਬਿਹਾਰ 'ਚ ਖੜ੍ਹਾ ਕੀਤਾ ਸਿਆਸੀ ਤੂਫ਼ਾਨ

ਬਿਹਾਰ ਵਿੱਚ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ 2025 ਨੂੰ ਲੈ ਕੇ ਸਿਆਸੀ ਮਾਹੌਲ ਗਰਮ ਹੈ। ਰਾਹੁਲ ਗਾਂਧੀ ਅਤੇ ਤੇਜਸਵੀ ਯਾਦਵ ਵੱਲੋਂ ਕੱਢੀ ਗਈ ਵੋਟਰ ਅਧਿਕਾਰ ਯਾਤਰਾ ਨੇ ਇਸ ਮਾਹੌਲ ਨੂੰ ਹੋਰ ਵੀ ਤੇਜ਼ ਕਰ ਦਿੱਤਾ ਹੈ। ਇਹ ਯਾਤਰਾ 17 ਅਗਸਤ ਤੋਂ ਸ਼ੁਰੂ ਹੋ ਕੇ 1 ਸਤੰਬਰ ਨੂੰ ਪਟਨਾ ਵਿੱਚ ਖਤਮ ਹੋਈ, ਜਿਸ ਵਿੱਚ ਰਾਹੁਲ ਗਾਂਧੀ ਨੇ ਤੇਜਸਵੀ ਯਾਦਵ ਨਾਲ ਮਿਲ ਕੇ ਵੋਟਰਾਂ ਦੇ ਅਧਿਕਾਰਾਂ ਬਾਰੇ ਜਾਗਰੂਕਤਾ ਫੈਲਾਈ। ਯਾਤਰਾ ਨੇ ਕਰੀਬ 1300 ਕਿਲੋਮੀਟਰ ਦਾ ਸਫ਼ਰ ਤੈਅ ਕੀਤਾ ਅਤੇ 110 ਤੋਂ ਵੱਧ ਵਿਧਾਨ ਸਭਾ ਹਲਕਿਆਂ ਵਿੱਚੋਂ ਲੰਘੀ। ਇਸ ਨੇ ਨਾ ਸਿਰਫ਼ ਵਿਰੋਧੀ ਧਿਰ ਨੂੰ ਇੱਕਜੁੱਟ ਕੀਤਾ ਬਲਕਿ ਬੀਜੇਪੀ ਨੂੰ ਵੀ ਚੁਣੌਤੀ ਦਿੱਤੀ ਹੈ।

ਯਾਤਰਾ ਦੌਰਾਨ ਰਾਹੁਲ ਗਾਂਧੀ ਨੇ ਚੋਣ ਕਮਿਸ਼ਨ ਅਤੇ ਬੀਜੇਪੀ ਤੇ ਇਲਜ਼ਾਮ ਲਾਏ ਕਿ ਉਹ ਵੋਟਰ ਸੂਚੀਆਂ ਵਿੱਚ ਧਾਂਦਲੀ ਕਰ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਮਹਾਰਾਸ਼ਟਰ ਵਿੱਚ ਚੋਣਾਂ ਵਿੱਚ ਵੋਟਾਂ ਦੀ ਚੋਰੀ ਹੋਈ ਅਤੇ ਬਿਹਾਰ ਵਿੱਚ ਵੀ ਅਜਿਹਾ ਹੀ ਹੋ ਰਿਹਾ ਹੈ। ਤੇਜਸਵੀ ਯਾਦਵ ਨੇ ਵੀ ਇਸ ਨੂੰ ਸਮਰਥਨ ਕੀਤਾ ਅਤੇ ਕਿਹਾ ਕਿ ਐੱਨ.ਡੀ.ਏ. ਨੂੰ ਬਿਹਾਰ ਵਿੱਚੋਂ ਉਖਾੜ ਸੁੱਟਾਂਗੇ। ਯਾਤਰਾ ਵਿੱਚ ਅਖਿਲੇਸ਼ ਯਾਦਵ, ਐੱਮ.ਕੇ. ਸਟਾਲਿਨ ਅਤੇ ਹੋਰ ਨੇਤਾ ਵੀ ਸ਼ਾਮਲ ਹੋਏ, ਜਿਸ ਨਾਲ ਵਿਰੋਧੀ ਧਿਰ ਦੀ ਏਕਤਾ ਸਪੱਸ਼ਟ ਹੋ ਗਈ। ਇਸ ਯਾਤਰਾ ਨੇ ਕਾਂਗਰਸ ਨੂੰ ਬਿਹਾਰ ਵਿੱਚ ਨਵੀਂ ਜਾਨ ਫੂਕੀ ਹੈ, ਜਿੱਥੇ ਉਹ ਲੰਮੇ ਸਮੇਂ ਤੋਂ ਕਮਜ਼ੋਰ ਸੀ।ਬਿਹਾਰ ਵਿੱਚ ਸਿਆਸੀ ਪ੍ਰਭਾਵ ਦੀ ਗੱਲ ਕਰੀਏ ਤਾਂ ਯਾਤਰਾ ਨੇ ਵੋਟਰਾਂ ਨੂੰ ਜਾਗਰੂਕ ਕੀਤਾ ਹੈ। ਰੈਲੀਆਂ ਵਿੱਚ ਵੱਡੀ ਭੀੜ ਇਕੱਠੀ ਹੋਈ ਅਤੇ ਲੋਕਾਂ ਨੇ 'ਵੋਟ ਚੋਰ, ਗੱਦੀ ਛੱਡੋ' ਵਰਗੇ ਨਾਅਰੇ ਲਾਏ। ਇਸ ਨੇ ਨਾ ਸਿਰਫ਼ ਵੋਟਿੰਗ ਅਧਿਕਾਰਾਂ ਬਾਰੇ ਚਰਚਾ ਛੇੜੀ ਬਲਕਿ ਜਾਤੀਗਤ ਮੁੱਦੇ, ਰੁਜ਼ਗਾਰ ਅਤੇ ਵਿਕਾਸ ਨੂੰ ਵੀ ਉਭਾਰਿਆ।

# ਜੱਦੀ ਪੁਸ਼ਤੀ ਧੰਦਾ ਬਣੀ ਸਿਆਸਤ !



## ਸਿਆਸੀ ਗੁੜ੍ਹਤੀ ਲੈ ਕੇ ਜੰਮੇ ਸਿਆਸਤਦਾਨਾਂ ਦੇ ਪੁੱਤਰ ਸਿਆਸਤ 'ਚ ਅਸਫ਼ਲ ਕਿਉਂ ?

## ਸਿਆਸੀ ਵਿਰਾਸਤ ਨੂੰ ਅੱਗੇ ਤੋਰਨ 'ਚ ਕਾਮਯਾਬ ਨਾ ਹੋਏ ਸਿਆਸੀ ਆਗੂਆਂ ਦੇ ਵਾਰਸ

**ਪੰਜਾਬ ਦੇ ਇੱਕ ਬਜ਼ੁਰਗ ਸਿਆਸਤਦਾਨ ਕਿਹਾ ਕਰਦੇ ਸਨ ਕਿ ਜੇ ਤਰਖਾਣ ਦਾ ਪੁੱਤਰ ਤਰਖਾਣ, ਦੁਕਾਨਦਾਰ ਦਾ ਪੁੱਤਰ ਦੁਕਾਨਦਾਰ, ਕਿਸਾਨ ਦਾ ਪੁੱਤਰ ਕਿਸਾਨ ਬਣ ਸਕਦਾ ਹੈ ਤਾਂ ਸਿਆਸਤਦਾਨ ਦਾ ਪੁੱਤਰ ਸਿਆਸਤਦਾਨ ਕਿਉਂ ਨਹੀਂ ਬਣ ਸਕਦਾ ? ਇਸ ਪਿਤਾ ਪੁਰਖੀ ਸਿਆਸਤ ਦੇ ਰੁਝਾਨ ਨੇ ਅਨੇਕਾਂ ਸਿਆਸੀ ਪਾਰਟੀਆਂ ਨੂੰ ਕੋਈ ਲਾਭ ਪਹੁੰਚਾਉਣ ਦੀ ਥਾਂ ਪਾਰਟੀ ਦਾ ਨੁਕਸਾਨ ਹੀ ਕੀਤਾ ਹੈ। ਦੂਜੇ ਪਾਸੇ ਇਹ ਵੀ ਅਸਲੀਅਤ ਹੈ ਕਿ ਜਦੋਂ ਤੋਂ ਅਨੇਕਾਂ ਸਿਆਸੀ ਪਾਰਟੀਆਂ ਦੀ ਵਾਗਡੋਰ ਨੌਜਵਾਨ ਆਗੂਆਂ ਦੇ ਹੱਥ ਆਈ ਹੈ ਤਾਂ ਇਹ ਪਾਰਟੀਆਂ ਰਸਾਤਲ ਵੱਲ ਚਲੀਆਂ ਗਈਆਂ ਹਨ।**

ਖੇਤੀਬਾੜੀ ਪ੍ਰਧਾਨ ਦੇਸ਼ ਭਾਰਤ 'ਚ 'ਸਿਆਸਤ' ਨੂੰ ਸਭ ਤੋਂ ਲਾਹੇਵੰਦ ਧੰਦਾ ਸਮਝਿਆ ਜਾਂਦਾ ਹੈ। ਇਸੇ ਕਰਕੇ ਵੱਡੀ ਗਿਣਤੀ ਸਿਆਸਤਦਾਨ ਆਪਣੇ ਪੁੱਤਰਾਂ ਨੂੰ ਆਪਣੀ ਸਿਆਸਤ ਦੀ ਵਾਗਡੋਰ ਸੌਂਪ ਦਿੰਦੇ ਹਨ, ਪਰ ਭਾਰਤ ਦਾ ਸਿਆਸੀ ਇਤਿਹਾਸ ਗਵਾਹ ਹੈ ਕਿ ਭਾਰਤ 'ਚ ਵੱਡੀ ਗਿਣਤੀ ਸਿਆਸਤਦਾਨਾਂ ਦੇ ਪੁੱਤਰ ਆਪਣੀ ਪਿਤਾ ਪੁਰਖੀ ਵਿਰਾਸਤ ਨੂੰ ਅੱਗੇ ਤੋਰਨ ਵਿੱਚ ਕਾਮਯਾਬ ਨਹੀਂ ਹੋਏ। ਕਈ ਕੌਮੀ ਅਤੇ ਖੇਤਰੀ ਸਿਆਸੀ ਪਾਰਟੀਆਂ ਦੀ ਵਾਗਡੋਰ ਜਦੋਂ ਸਿਆਸਤਦਾਨਾਂ ਦੇ ਪੁੱਤਰਾਂ ਦੇ ਹੱਥਾਂ 'ਚ ਆਈ ਹੈ, ਉਦੋਂ ਤੋਂ ਇਹਨਾਂ ਸਿਆਸੀ ਪਾਰਟੀਆਂ ਦੀ ਹਾਲਤ ਡਾਵਾਂਡੋਲ ਹੋ ਗਈ ਹੈ। ਜਿਸ ਦਾ ਸਬੂਤ ਰਾਹੁਲ ਗਾਂਧੀ ਦੇ ਕਾਂਗਰਸ ਪ੍ਰਧਾਨ ਬਣਨ ਤੋਂ ਬਾਅਦ ਕਾਂਗਰਸ ਦੀ ਹਾਲਤ ਅਤੇ ਖੇਤਰੀ ਪਾਰਟੀ ਅਕਾਲੀ ਦਲ ਦੀ ਵਾਗਡੋਰ ਸੁਖਬੀਰ ਬਾਦਲ ਦੇ ਹੱਥਾਂ 'ਚ ਆਉਣ ਤੋਂ ਬਾਅਦ ਅਕਾਲੀ ਦਲ ਦੀ ਮੌਜੂਦਾ ਹਾਲਤ ਤੋਂ ਮਿਲ ਜਾਂਦਾ ਹੈ। ਭਾਵੇਂ ਕਿ ਰਾਹੁਲ ਗਾਂਧੀ ਹੁਣ ਕਾਂਗਰਸ ਦੇ ਪ੍ਰਧਾਨ ਨਹੀਂ ਹਨ ਪਰ ਫਿਰ ਵੀ ਰਾਹੁਲ ਗਾਂਧੀ ਨੂੰ ਹੀ ਕਾਂਗਰਸ ਦਾ ਅਸਲੀ 'ਕਰਤਾ ਧਰਤਾ' ਸਮਝਿਆ ਜਾਂਦਾ ਹੈ।



ਸਿਆਸੀ ਮਾਹਿਰ ਕਹਿੰਦੇ ਹਨ ਕਿ ਭਾਰਤ 'ਚ ਸਿਆਸੀ ਪਾਰਟੀਆਂ ਦੀ ਵਾਗਡੋਰ ਨੌਜਵਾਨ ਆਗੂਆਂ ਦੇ ਹੱਥਾਂ ਵਿੱਚ ਆਉਣ ਤੋਂ ਬਾਅਦ ਪਾਰਟੀਆਂ ਦਾ ਗਰਾਫ ਡਿੱਗਦਾ ਨਜ਼ਰ ਆ ਰਿਹਾ ਹੈ। ਉਹ ਭਾਵੇਂ ਕਾਂਗਰਸ ਪਾਰਟੀ ਹੋਵੇ ਜਾਂ ਦੇਸ਼ ਦੀਆਂ ਵੱਖ-ਵੱਖ ਖੇਤਰੀ ਪਾਰਟੀਆਂ ਹੀ ਕਿਉਂ ਨਾ ਹੋਣ ਹੋਣ। ਨੌਜਵਾਨ ਆਗੂਆਂ ਦੇ ਹੱਥਾਂ ਵਿੱਚ ਪਾਰਟੀਆਂ ਦੀ ਕਮਾਂਡ ਆਉਣ ਤੋਂ ਬਾਅਦ ਪਾਰਟੀਆਂ 'ਚ ਵੱਡੀ ਪੱਧਰ 'ਤੇ ਤਬਦੀਲੀਆਂ ਵੀ ਦੇਖਣ ਨੂੰ ਮਿਲ ਰਹੀਆਂ ਹਨ। ਪੁਰਾਣੀਆਂ ਸਿਆਸੀ ਪਾਰਟੀਆਂ ਖ਼ਾਸ ਤੌਰ 'ਤੇ ਖੇਤਰੀ ਪਾਰਟੀਆਂ ਦੇ ਵਾਰ-ਵਾਰ ਹਾਰਨ 'ਤੇ ਸਰਸਰੀ ਝਾਤ ਮਾਰ ਲਈ ਜਾਵੇ ਤਾਂ ਪਾਰਟੀਆਂ 'ਚ ਸਿਆਸੀ ਤਜਰਬੇ ਦੀ ਵੱਡੀ ਪੱਧਰ 'ਤੇ ਘਾਟ ਨਜ਼ਰ ਆ ਰਹੀ ਹੈ। ਨਵੇਂ ਸਿਆਸਤਦਾਨ ਨੌਜਵਾਨ ਆਗੂ ਪਾਰਟੀਆਂ ਨੂੰ ਆਪਣੇ ਢੰਗ ਨਾਲ ਚਲਾਉਂਦੇ ਨਜ਼ਰ ਆ ਰਹੇ ਹਨ। ਉਨ੍ਹਾਂ ਵਿੱਚ ਸਿਆਸੀ ਤਜਰਬੇ ਦੀ ਘਾਟ ਹੋਣ ਕਾਰਨ ਪਾਰਟੀਆਂ ਦੇ ਕਈ ਨੌਜਵਾਨ ਆਗੂ ਅੱਜ ਦੀ ਸਿਆਸਤ ਦੀ ਕਸਵੱਟੀ 'ਤੇ ਖਰੇ ਵੀ ਉੱਤਰਦੇ ਨਜ਼ਰ ਨਹੀਂ ਆ ਰਹੇ। ਜਿਨ੍ਹਾਂ ਨੌਜਵਾਨ ਆਗੂਆਂ ਨੂੰ ਸਿਆਸਤ ਵਿਰਾਸਤ ਵਿੱਚ ਮਿਲੀ ਹੈ, ਉਹ ਨੌਜਵਾਨ ਸਿਆਸਤ ਦੀ ਜ਼ਮੀਨੀ ਹਕੀਕਤ ਨੂੰ ਸਮਝਣ ਤੋਂ ਕੋਹਾਂ ਦੂਰ ਨਜ਼ਰ ਆ ਰਹੇ ਹਨ।

ਦੇਸ਼ ਦੀ ਸਭ ਤੋਂ ਵੱਡੀ 28 ਦਸੰਬਰ 1885 ਨੂੰ ਹੋਂਦ ਵਿੱਚ ਆਈ ਨੈਸ਼ਨਲ ਕਾਂਗਰਸ ਪਾਰਟੀ, ਜੋ ਲਗਭਗ 140 ਸਾਲ ਪੁਰਾਣੀ ਪਾਰਟੀ ਹੈ, ਦੇ ਸਮੇਤ ਵੱਖ-ਵੱਖ ਰਾਜਾਂ ਦੀਆਂ ਕਈ ਸਿਆਸੀ ਖੇਤਰੀ ਪਾਰਟੀਆਂ ਦੀਆਂ ਉਦਾਹਰਨਾਂ ਸਾਹਮਣੇ ਹਨ। ਜਦੋਂ ਤੋਂ ਉਨ੍ਹਾਂ ਪਾਰਟੀਆਂ ਦੀ ਕਮਾਂਡ ਨੌਜਵਾਨ ਆਗੂਆਂ ਦੇ ਹੱਥਾਂ ਵਿੱਚ ਆਈ ਤਾਂ ਉਸ ਤੋਂ ਬਾਅਦ ਪਾਰਟੀਆਂ ਨੂੰ ਲਗਭਗ ਲਗਾਤਾਰ ਹਾਰ ਦਾ ਮੂੰਹ ਹੀ ਦੇਖਣਾ ਪੈ ਰਿਹਾ ਹੈ।

ਕਾਂਗਰਸ ਪਾਰਟੀ ਦੇ ਸਾਬਕਾ ਪ੍ਰਧਾਨ ਮੰਤਰੀ ਮਰਹੂਮ ਪੰਡਿਤ ਜਵਾਹਰ ਲਾਲ ਨਹਿਰੂ ਤੋਂ ਲੈ ਕੇ ਸਾਬਕਾ ਪ੍ਰਧਾਨ ਮੰਤਰੀ ਮਰਹੂਮ ਇੰਦਰਾ ਗਾਂਧੀ ਅਤੇ ਮਰਹੂਮ ਰਾਜੀਵ ਗਾਂਧੀ ਤਕ ਲੰਮਾ ਸਮਾਂ ਰਾਜ ਕੀਤਾ। ਰਾਜੀਵ ਗਾਂਧੀ ਦੀ ਮੌਤ ਤੋਂ ਬਾਅਦ ਭਾਵੇਂ ਪਾਰਟੀ ਦੀ ਕਮਾਂਡ ਉਨ੍ਹਾਂ ਦੀ ਪਤਨੀ ਸੋਨੀਆ ਗਾਂਧੀ ਦੇ ਹੱਥਾਂ ਵਿੱਚ ਆਉਣ ਤੋਂ ਬਾਅਦ ਵੀ ਪਾਰਟੀ ਨੇ ਰਾਜ ਕੀਤਾ ਪਰ ਸਾਲ 2014 ਤੋਂ ਲੈ ਕੇ ਲਗਭਗ ਪਾਰਟੀ ਨੂੰ ਲੋਕ ਸਭਾ ਦੇ ਨਾਲ-ਨਾਲ ਵੱਖ-ਵੱਖ ਰਾਜਾਂ ਵਿੱਚ ਹੋਈਆਂ ਵਿਧਾਨ ਸਭਾ ਚੋਣਾਂ ਵਿੱਚ ਵੀ ਵੱਡੀ ਪੱਧਰ 'ਤੇ ਹਾਰ ਦਾ ਮੂੰਹ ਦੇਖਣਾ ਪੈ ਰਿਹਾ ਹੈ। ਭਾਵੇਂ ਕਿ ਕੁਝ ਸਮਾਂ ਪਹਿਲਾਂ ਕਾਂਗਰਸ ਹਿਮਾਚਲ ਤੇ ਕਰਨਾਟਕ ਵਿੱਚ ਸਰਕਾਰ ਬਣਾਉਣ 'ਚ ਕਾਮਯਾਬ ਹੋ ਗਈ ਹੈ।

ਉਨ੍ਹਾਂ ਤੋਂ ਬਾਅਦ ਉਨ੍ਹਾਂ ਦੇ ਪੁੱਤਰ ਰਾਹੁਲ ਗਾਂਧੀ 16 ਦਸੰਬਰ 2017 ਤੋਂ 3 ਜੁਲਾਈ 2019 ਤੱਕ ਪਾਰਟੀ ਦੇ ਕੌਮੀ ਪ੍ਰਧਾਨ ਰਹੇ ਪਰ 2019 ਵਿੱਚ ਹੋਈਆਂ ਲੋਕ ਸਭਾ ਚੋਣਾਂ ਵਿੱਚ ਸਫਲਤਾ ਨਾ ਮਿਲਣ ਕਾਰਨ ਉਨ੍ਹਾਂ ਪ੍ਰਧਾਨਗੀ ਤੋਂ ਅਸਤੀਫ਼ਾ ਦੇ ਦਿੱਤਾ।



ਸਿਆਸੀ ਤਜਰਬੇ ਦੀ ਘਾਟ ਹੋਣ ਕਾਰਨ ਰਾਹੁਲ ਗਾਂਧੀ ਦੇ ਹੱਥਾਂ ਵਿੱਚ ਆਈ ਪਾਰਟੀ ਦੀ ਕਮਾਂਡ ਤੋਂ ਬਾਅਦ ਪਾਰਟੀ ਦਾ ਗਰਾਫ ਦਿਨੋਂ ਦਿਨ ਡਿੱਗਦਾ ਰਿਹਾ। ਇਸ ਸਮੇਂ ਰਾਹੁਲ ਗਾਂਧੀ ਵੱਲੋਂ ਬਿਹਾਰ ਵਿੱਚ 'ਵੋਟਰ ਅਧਿਕਾਰ ਯਾਤਰਾ' ਕੀਤੀ ਜਾ ਰਹੀ ਹੈ, ਇਹ ਯਾਤਰਾ ਬਿਹਾਰ ਦੇ ਕੁਝ ਇਲਾਕਿਆਂ ਤੱਕ ਸੀਮਿਤ ਹੈ। ਕਾਂਗਰਸ ਆਗੂ ਦਾਅਵਾ ਕਰ ਰਹੇ ਹਨ ਕਿ ਇਸ ਯਾਤਰਾ ਦੌਰਾਨ ਕੀਤੀਆਂ ਜਾ ਰਹੀਆਂ ਰੈਲੀਆਂ ਵਿੱਚ ਵੱਡੀ ਭੀੜ ਇਕੱਤਰ ਹੋ ਰਹੀ ਹੈ, ਪਰ ਇਹ ਭੀੜ ਅਗਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਵੋਟਾਂ ਵਿੱਚ ਵੀ ਬਦਲੇਗੀ, ਇਹ ਕਹਿਣਾ ਅਜੇ ਮੁਸ਼ਕਿਲ ਹੈ।



ਪੰਜਾਬ ਦੀ ਸ਼੍ਰੋਮਣੀ ਅਕਾਲੀ ਦਲ ਬਾਦਲ ਪਾਰਟੀ ਜੋ ਸਮੇਂ-ਸਮੇਂ 'ਤੇ ਸੂਬੇ ਵਿੱਚ ਕਾਂਗਰਸ ਪਾਰਟੀ ਨੂੰ ਟੱਕਰ ਦੇ ਕੇ ਸੂਬੇ ਵਿੱਚ ਲੰਮਾ ਸਮਾਂ ਰਾਜ ਕਰਦੀ ਰਹੀ। ਮਰਹੂਮ ਪ੍ਰਕਾਸ਼ ਸਿੰਘ ਬਾਦਲ, ਜਿਨ੍ਹਾਂ ਨੂੰ ਪੰਜਾਬ ਦੀ ਸਿਆਸਤ ਦਾ ਬਾਬਾ ਬੋਹੜ ਵੀ ਕਿਹਾ ਜਾਂਦਾ ਸੀ, ਉਹ ਆਪਣੀ ਸਿਆਸੀ ਸੂਝ-ਬੂਝ ਨਾਲ ਪੰਜਾਬ ਦੇ ਪੰਜ ਵਾਰ ਮੁੱਖ ਮੰਤਰੀ ਬਣੇ ਸਨ। ਸੁਖਬੀਰ ਸਿੰਘ ਬਾਦਲ ਆਪਣੇ ਪਿਤਾ ਦੀ ਸਰਕਾਰ ਵਿੱਚ 2009 ਤੋਂ 2017 ਤੱਕ ਉਪ ਮੁੱਖ ਮੰਤਰੀ ਦੇ ਅਹੁਦੇ 'ਤੇ ਰਹੇ। ਸਿਆਸੀ ਤਜਰਬੇ ਦੀ ਘਾਟ ਕਾਰਨ ਸੁਖਬੀਰ ਬਾਦਲ ਨੂੰ ਮੁੱਖ ਮੰਤਰੀ ਦੇ ਲਏ ਸੁਪਨੇ ਨੂੰ ਬੂਰ ਵੀ ਨਹੀਂ ਪੈ ਸਕਿਆ। 1996, 1998 ਅਤੇ 2004 ਵਿੱਚ ਸੁਖਬੀਰ ਬਾਦਲ ਫਰੀਦਕੋਟ ਅਤੇ 2019 ਤੋਂ ਫ਼ਿਰੋਜ਼ਪੁਰ ਤੋਂ ਲੋਕ ਸਭਾ ਮੈਂਬਰ ਰਹੇ ਹਨ। ਪਾਰਟੀ ਦੀ ਕਮਾਂਡ ਸੁਖਬੀਰ ਬਾਦਲ ਦੇ ਹੱਥਾਂ ਵਿੱਚ ਆਉਣ ਤੋਂ ਬਾਅਦ ਪਾਰਟੀ ਨੂੰ ਹਾਰ ਦਾ ਮੂੰਹ ਦੇਖਣਾ ਪੈ ਰਿਹਾ ਹੈ। ਇਸ ਸਮੇਂ ਅਕਾਲੀ ਦਲ ਦਾ ਜੋ ਹਾਲ ਹੈ, ਉਹ ਸਭ ਦੇ ਸਾਹਮਣੇ ਹੈ। ਪੰਜਾਬ ਦੀ ਸਭ ਤੋਂ ਪੁਰਾਣੀ ਖੇਤਰੀ ਸਿਆਸੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਇਸ ਸਮੇਂ ਵੱਖ ਵੱਖ ਧੜਿਆਂ ਵਿੱਚ ਵੰਡੀ ਹੋਈ ਹੈ, ਸਾਰੇ ਧੜੇ ਹੀ ਆਪਣੇ ਆਪ ਨੂੰ ਅਸਲੀ ਹੋਣ ਦਾ ਦਾਅਵਾ ਕਰਦੇ ਹਨ ਪਰ ਅਸਲੀ ਅਕਾਲੀ ਦਲ ਉਸ ਨੂੰ ਮੰਨਿਆ ਜਾਂਦਾ ਹੈ, ਜਿਸ ਕੋਲ 'ਤਕੜੀ' ਚੋਣ ਨਿਸ਼ਾਨ ਅਤੇ ਸ਼੍ਰੋਮਣੀ ਕਮੇਟੀ 'ਤੇ ਕਬਜ਼ਾ ਹੋਵੇ। ਇਹ ਦੋਵੇਂ ਚੀਜ਼ਾਂ ਇਸ ਸਮੇਂ ਅਕਾਲੀ ਦਲ ਬਾਦਲ ਕੋਲ ਹਨ। ਇਸ ਕਾਰਨ ਬਾਦਲ ਦਲ ਦਾ ਹੱਥ ਹੋਰਨਾਂ ਅਕਾਲੀ ਧੜਿਆਂ ਨਾਲੋਂ ਉੱਚਾ ਹੈ ਪਰ ਇਸ ਦੇ ਬਾਵਜੂਦ ਸੁਖਬੀਰ ਬਾਦਲ ਆਪਣੇ ਪਿਤਾ ਸ੍ਰ. ਪ੍ਰਕਾਸ਼ ਸਿੰਘ ਬਾਦਲ ਦੀ ਸਿਆਸੀ ਵਿਰਾਸਤ ਨੂੰ ਪੂਰੀ ਤਰ੍ਹਾਂ ਸੰਭਾਲਣ ਵਿੱਚ ਅਜੇ ਤੱਕ ਸਫ਼ਲ ਨਹੀਂ ਹੋਏ। ਪੰਜਾਬ ਵਿੱਚ ਇਸ ਸਮੇਂ ਹੜ੍ਹ ਆਏ ਹੋਏ ਹਨ ਅਤੇ ਸੁਖਬੀਰ ਬਾਦਲ ਵੱਲੋਂ ਹੜ੍ਹ ਪੀੜਤਾਂ ਦੀ ਮਦਦ ਦੇ ਬਹਾਨੇ ਆਮ ਲੋਕਾਂ ਨਾਲ ਮੇਲ ਜੋਲ ਵਧਾਇਆ ਜਾ ਰਿਹਾ ਹੈ ਤਾਂ ਕਿ ਆਮ ਲੋਕਾਂ ਨੂੰ ਅਕਾਲੀ ਦਲ ਨਾਲ ਜੋੜਿਆ ਜਾ ਸਕੇ।

ਹਰਿਆਣਾ ਇੰਡੀਅਨ ਨੈਸ਼ਨਲ ਲੋਕ ਦਲ (ਇਨੈਲੋ) ਦੇ ਸਰਪ੍ਰਸਤ ਅਤੇ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਦੇ ਕਾਫ਼ੀ ਸਮਾਂ ਪਹਿਲਾਂ ਜੇਲ੍ਹ ਵਿੱਚ ਹੋਣ ਕਾਰਨ ਉਨ੍ਹਾਂ ਦੀ ਇਨੈਲੋ ਪਾਰਟੀ ਦੀ ਕਮਾਂਡ ਉਨ੍ਹਾਂ ਦੇ ਪੁੱਤਰ ਅਭੇ ਚੌਟਾਲਾ ਅਤੇ ਅਜੇ ਚੌਟਾਲਾ ਦੇ ਹੱਥ ਵਿੱਚ ਆਉਣ ਨਾਲ ਪਾਰਟੀ ਦੋਫਾੜ ਹੋ ਗਈ ਸੀ।

ਹਰਿਆਣਾ ਦੇ ਹੀ ਸਾਬਕਾ ਮੁੱਖ ਮੰਤਰੀ ਭਜਨ ਲਾਲ ਦਾ ਬੇਟਾ ਕੁਲਦੀਪ ਬਿਸ਼ਨੋਈ (ਚਾਂਦ ਮੁਹੰਮਦ) ਵਿਧਾਇਕ ਤੋਂ ਇਲਾਵਾ ਸੂਬੇ ਦੇ ਸੰਸਦ ਮੈਂਬਰ ਰਹਿਣ ਤੋਂ ਇਲਾਵਾ ਭੁਪਿੰਦਰ ਸਿੰਘ ਹੁੱਡਾ ਸਰਕਾਰ ਵਿੱਚ ਉਪ ਮੰਤਰੀ ਵੀ ਰਹੇ। ਕਾਂਗਰਸ ਪਾਰਟੀ ਨਾਲ ਅਣਬਣ ਹੋਣ ਤੋਂ ਬਾਅਦ ਉਨ੍ਹਾਂ ਆਪਣੀ ਹਰਿਆਣਾ ਜਨਹਿੱਤ ਕਾਂਗਰਸ ਪਾਰਟੀ ਬਣਾਈ ਪਰ ਪਾਰਟੀ ਨੂੰ ਕਾਮਯਾਬ ਕਰਨ ਵਿੱਚ ਕੁਲਦੀਪ ਬਿਸ਼ਨੋਈ ਨੂੰ ਵੀ ਸਫਲਤਾ ਨਹੀਂ ਮਿਲੀ।

ਬਿਹਾਰ ਦੇ ਸਾਬਕਾ ਮੁੱਖ ਮੰਤਰੀ ਅਤੇ ਰਾਸ਼ਟਰੀ ਜਨਤਾ ਦਲ ਦੇ ਸਰਪ੍ਰਸਤ ਲਾਲੂ ਪ੍ਰਸਾਦ ਯਾਦਵ ਦੇ ਜੇਲ੍ਹ ਜਾਣ ਤੋਂ ਬਾਅਦ ਉਨ੍ਹਾਂ ਦੇ ਪੁੱਤਰ ਤੇਜਸਵੀ ਯਾਦਵ ਆਪਣੀ ਪਾਰਟੀ ਨੂੰ ਸੰਭਾਲਣ ਵਿੱਚ ਲਗਭਗ ਅਸਫਲ ਹੀ ਰਹੇ। ਉੱਤਰ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਅਤੇ ਸਮਾਜਵਾਦੀ ਪਾਰਟੀ ਦੇ ਸਰਪ੍ਰਸਤ ਰਹੇ ਮਰਹੂਮ ਮੁਲਾਇਮ ਸਿੰਘ ਯਾਦਵ ਦੇ ਬੇਟੇ ਅਖਿਲੇਸ਼ ਯਾਦਵ ਆਪਣੇ ਪਿਤਾ ਦੀ ਛਤਰ-ਛਾਇਆ ਕਰ ਕੇ 15 ਮਾਰਚ 2012 ਵਿੱਚ ਮੁੱਖ ਮੰਤਰੀ ਰਹੇ ਪਰ ਪਿਤਾ ਦੀ ਮੌਤ ਤੋਂ ਬਾਅਦ ਉਹ ਵੀ ਪਾਰਟੀ ਦੀ ਡਿੱਗਦੀ ਸਾਖ ਨੂੰ ਬਚਾਉਣ ਵਿੱਚ ਅਸਫਲ ਹੀ ਰਹੇ।

ਅੰਤ ਵਿੱਚ ਕਿਹਾ ਜਾ ਸਕਦਾ ਹੈ ਕਿ ਵੱਡੀ ਗਿਣਤੀ ਸਿਆਸਤਦਾਨਾਂ ਦੇ ਪੁੱਤਰ ਆਪਣੀ ਪਿਤਾ ਪੁਰਖੀ ਸਿਆਸਤ ਨੂੰ ਸੰਭਾਲਣ ਵਿੱਚ ਕਾਮਯਾਬ ਨਹੀਂ ਹੋਏ। ਇਹਨਾਂ ਨੌਜਵਾਨ ਆਗੂਆਂ ਦੇ ਹੱਥ ਪਾਰਟੀਆਂ ਦੀ ਵਾਗਡੋਰ ਤਾਂ ਜ਼ਰੂਰ ਆਉਂਦੀ ਰਹੀ ਪਰ ਇਹ ਆਪੋ ਆਪਣੀਆਂ ਪਾਰਟੀਆਂ ਨੂੰ ਮਜ਼ਬੂਤ ਨਾ ਕਰ ਸਕੇ।





# ਪੰਜਾਬੀਆਂ ਦੀ ਆਸਾਂ ’ਤੇ ਖਰਾ ਉਤਰੇਗਾ ਸ਼੍ਰੋਮਣੀ ਅਕਾਲੀ ਦਲ: ਗਿ. ਹਰਪ੍ਰੀਤ ਸਿੰਘ

ਬਲਾਚੌਰ/ਏ.ਟੀ.ਨਿਊਜ਼: ਇੱਥੋਂ ਦੇ ਪੈਲੇਸ ਵਿੱਚ ਨਵੇਂ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਹੇਠ ਸ਼ੁਰੂ ਕੀਤੀ ਮੁਹਿੰਮ ‘ਜਾਗੇਗਾ ਪੰਜਾਬ, ਬਚੇਗਾ ਪੰਜਾਬ’ ਦਾ ਆਗਾਜ਼ ਕੀਤਾ ਗਿਆ। ਇਸ ਮੁਹਿੰਮ ਦੀ ਸ਼ੁਰੂਆਤ ਨਵੇਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਕੀਤੀ। ਇਸ ਦੌਰਾਨ ਹਲਕਾ ਬਲਾਚੌਰ ਦੇ ਵੱਖ-ਵੱਖ ਪਿੰਡਾਂ ਵਿੱਚੋਂ ਪੰਚਾਇਤਾਂ, ਚੇਅਰਮੈਨਾਂ, ਨੌਜਵਾਨਾਂ ਅਤੇ ਅਨੇਕਾਂ ਕਲੱਬਾਂ ਦੇ ਪ੍ਰਧਾਨਾਂ ਅਤੇ ਮੈਂਬਰਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ।



ਇਸ ਮੌਕੇ ਪਿੰਡਾਂ ਦੇ ਪੰਚਾਂ, ਸਰਪੰਚਾਂ ਤੇ ਚੇਅਰਮੈਨਾਂ ਨੇ ਪ੍ਰੇਮ ਸਿੰਘ ਚੰਦੂਮਾਜਰਾ ਦੀ ਪ੍ਰੇਰਨਾ ਸਦਕਾ ਆਮ ਆਦਮੀ ਪਾਰਟੀ ਛੱਡ ਕੇ ਗਿਆਨੀ ਹਰਪ੍ਰੀਤ ਸਿੰਘ ਦੀ ਪ੍ਰਧਾਨਗੀ ਹੇਠਲੇ ਸ਼੍ਰੋਮਣੀ ਅਕਾਲੀ ਦਲ ਨਾਲ ਚੱਲਣ ਦਾ ਪ੍ਰਣ ਲਿਆ। ਇਨ੍ਹਾਂ ਵਿੱਚ ਆਮ ਆਦਮੀ ਪਾਰਟੀ ਦੇ ਆਗੂ ਅਮਿਤ ਕੁਮਾਰ ਸੇਠੀ ਵੀ ਸ਼ਾਮਲ ਹਨ।

ਇਸ ਮੌਕੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਹਲਕਾ ਬਲਾਚੌਰ ਦੇ ਲੋਕਾਂ ਦਾ ਇਹ ਭਰਵਾਂ ਇਕੱਠ ਇਸ ਮੁਹਿੰਮ ਨੂੰ ਪੰਜਾਬ ਭਰ ਵਿੱਚ ਵੱਡਾ ਹੁਲਾਰਾ ਦੇਵੇਗਾ। ਉਨ੍ਹਾਂ ਨੌਜਵਾਨਾਂ ਦੇ ਸ਼ਮੂਲੀਅਤ ਕਰਨ ’ਤੇ ਖ਼ੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਇਨ੍ਹਾਂ ਨੌਜਵਾਨਾਂ ਅਤੇ ਸਮੂਹ ਪੰਜਾਬੀਆਂ ਦੀ ਆਸਾਂ ’ਤੇ ਅਕਾਲ ਤਖ਼ਤ ਸਾਹਿਬ ਨੂੰ ਸਮਰਪਿਤ ਸ਼੍ਰੋਮਣੀ ਅਕਾਲੀ ਦਲ ਖਰਾ ਉਤਰੇਗਾ। ਇਸ ਮੌਕੇ ਸ੍ਰੀ ਪ੍ਰੇਮ ਸਿੰਘ ਚੰਦੂਮਾਜਰਾ ਨੇ ਪੰਜਾਬੀਆਂ ਨੂੰ ‘ਜਾਗੇਗਾ ਪੰਜਾਬ, ਬਚੇਗਾ ਪੰਜਾਬ’ ਮੁਹਿੰਮ ਦਾ ਸਾਥ ਦੇਣ ਦੀ ਅਪੀਲ ਕੀਤੀ।ਇਸ ਮੌਕੇ ਸਾਬਕਾ ਵਿਧਾਇਕ ਗੁਰਪ੍ਰਤਾਪ ਸਿੰਘ ਵਡਾਲਾ, ਐੱਸਜੀਪੀਸੀ ਮੈਂਬਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਹਲਕਾ ਵਾਸੀ ਮੌਜੂਦ ਸਨ।

## ਗਿ. ਹਰਪ੍ਰੀਤ ਸਿੰਘ ਵੱਲੋਂ ਹੜ੍ਹ ਪੀੜ੍ਹਤਾਂ ਲਈ ਪੰਜ ਟਰੱਕ ਰਾਹਤ ਸਮੱਗਰੀ ਰਵਾਨਾ

ਚੰਡੀਗੜ੍ਹ/ਏ.ਟੀ.ਨਿਊਜ਼ : ਪੁਨਰ ਸੁਰਜੀਤ ਸ਼੍ਰੋਮਣੀ ਅਕਾਲੀ ਦਲ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਸ੍ਰੀ ਫਤਿਹਗੜ੍ਹ ਸਾਹਿਬ ਤੋਂ ਪੰਜ ਟਰੱਕ ਰਾਹਤ ਸਮੱਗਰੀ, ਜਿਸ ਵਿੱਚ ਪਸ਼ੂਆਂ ਲਈ ਚਾਰਾ, ਆਟਾ , ਦਾਲਾਂ, ਪਾਣੀ ਆਦਿ ਵਸਤੂਆਂ ਸ਼ਾਮਲ ਸਨ, ਹੜ੍ਹ ਪ੍ਰਭਾਵਿਤ ਇਲਾਕਿਆਂ ਲਈ ਰਵਾਨਾ ਕੀਤਾ ਗਿਆ। ਬੀਤੇ ਦਿਨ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕਰਕੇ ਨੁਕਸਾਨ ਦਾ ਜਾਇਜ਼ਾ ਲਿਆ ਗਿਆ ਸੀ।



ਗਿਆਨੀ ਹਰਪ੍ਰੀਤ ਸਿੰਘ ਨੇ ਇਨ੍ਹਾਂ ਹੜ੍ਹਾਂ ਨੂੰ ਕੁਦਰਤੀ ਆਫ਼ਤ ਤੋਂ ਵੱਧ ਸਰਕਾਰ ਦੀ ਨਲਾਇਕੀ ਕਰਾਰ ਦਿੱਤਾ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਇੱਕ ਸਾਲ ਪਹਿਲਾਂ ਪੰਜਾਬ ਦਾ ਹੜ੍ਹ ਨਾਲ ਵੱਡਾ ਨੁਕਸਾਨ ਹੋਇਆ ਸੀ। ਸਰਕਾਰ ਨੇ ਸਿਰਫ ਮਜ਼ਾਕੀਆ ਬਿਆਨਬਾਜੀ ਤੋਂ ਵਧੇਰੇ ਕੁੱਝ ਨਹੀਂ ਕੀਤਾ। ਇਸ ਵਕਫੇ ਦੌਰਾਨ ਸਰਕਾਰ ਇੱਕ ਵੀ ਬੰਨ ਨੂੰ ਪੱਕਾ ਨਹੀਂ ਕਰ ਸਕੀ। ਇਸ ਤੋਂ ਇਲਾਵਾ ਸਰਕਾਰ ਦਰਿਆਵੀਂ ਇਲਾਕਿਆਂ ਲਈ ਇਸ ਮਾਰ ਤੋਂ ਬਚਾਉਣ ਲਈ ਪੁਖਤਾ ਪ੍ਰਬੰਧ ਕਰ ਸਕੀ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸਰਕਾਰ ਨੇ ਆਪਣੇ ਹੁਣ ਤੱਕ ਦੇ ਕਾਰਜਕਾਲ ਦੌਰਾਨ ਦਿੱਲੀ ਦੀ ਚਾਕਰੀ ਵੱਧ ਕੀਤੀ। ਜੇਕਰ ਸਰਕਾਰ ਆਪਣੀ ਜ਼ਿਮੇਵਾਰੀ ਪ੍ਰਤੀ ਥੋੜਾ ਬਹੁਤਾ ਵੀ ਸੰਜੀਦਗੀ ਭਰਿਆ ਕਾਰਜ ਕਰਦੀ ਤਾਂ ਅੱਜ ਵੱਡੇ ਮਾਲੀ ਨੁਕਸਾਨ ਤੋਂ ਪੰਜਾਬ ਨੂੰ ਬਚਾਇਆ ਜਾ ਸਕਦਾ ਸੀ। ਗਿਆਨੀ ਹਰਪ੍ਰੀਤ ਸਿੰਘ ਨੇ ਇਹਨਾ ਹੜ੍ਹਾਂ ਨੂੰ ਕੁਦਰਤੀ ਕ੍ਰੋਪੀ ਦੇ ਨਾਲ ਨਾਲ ਸਰਕਾਰੀ ਅਣਗਹਿਲੀ ਹੜ੍ਹ ਕਰਾਰ ਦਿੱਤਾ।

# ਮੁਸੀਬਤ ਸਮੇਂ ਲੋਕਾਂ ਦੇ ਨਾਲ ਖੜ੍ਹਨਾਂ ਆਪਣਾ ਫਰਜ਼ ਸਮਝਦੀ ਹੈ ਸ਼੍ਰੋਮਣੀ ਕਮੇਟੀ : ਧਾਮੀ

**ਹੜ੍ਹਾਂ ਦੀ ਸਥਿਤੀ ਦੇ ਮੱਦੇਨਜ਼ਰ ਵੱਖ-ਵੱਖ ਗੁਰਦੁਆਰਿਆਂ ਅੰਦਰ ਕੀਤੇ ਗਏ ਹਨ ਰਿਹਾਇਸ਼, ਲੰਗਰ ਅਤੇ ਹੋਰ ਲੋੜੀਂਦੇ ਪ੍ਰਬੰਧ**

ਡੇਰਾ ਬਾਬਾ ਨਾਨਕ/ਏ.ਟੀ.ਨਿਊਜ਼: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪਿਛਲੇ ਦਿਨੀਂ ਰਾਵੀ ਦਰਿਆ ਨਾਲ ਲਗਦੇ ਹਲਕਾ ਡੇਰਾ ਬਾਬਾ ਨਾਨਕ ਅਤੇ ਰਮਦਾਸ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਲੋਕਾਂ ਦੀਆਂ ਮੁਸ਼ਕਿਲਾਂ ਸੁਣੀਆਂ ਅਤੇ ਮੁੱਢਲੀਆਂ ਲੋੜਾਂ ਲਈ ਪਿੰਡਾਂ ਵਿੱਚ ਜਾ ਕੇ ਸ਼੍ਰੋਮਣੀ ਕਮੇਟੀ ਵੱਲੋਂ ਰਾਹਤ ਸਮੱਗਰੀ ਵੰਡੀ। ਇਨ੍ਹਾਂ ਇਲਾਕਿਆਂ ਵਿੱਚ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਆਉਂਦੇ ਗੁਰਦੁਆਰਿਆਂ ਵੱਲੋਂ ਲੰਗਰ ਅਤੇ ਜ਼ਰੂਰੀ ਵਸਤਾਂ ਦੀਆਂ ਸੇਵਾਵਾਂ ਜਿਥੇ ਪਹਿਲਾਂ ਹੀ ਲਗਾਤਾਰ ਜਾਰੀ ਹਨ, ਉਥੇ ਹੀ ਪਿਛਲੇ ਦਿਨੀਂ ਸ਼੍ਰੋਮਣੀ ਕਮੇਟੀ ਪ੍ਰਧਾਨ ਵਿਸ਼ੇਸ਼ ਤੌਰ ’ਤੇ ਹੜ੍ਹ ਪੀੜਤਾਂ ਦਾ ਦੁੱਖ ਵੰਡਾਉਣ ਲਈ ਪੁੱਜੇ। ਇਸ ਦੌਰਾਨ ਉਨ੍ਹਾਂ ਚੱਲ ਰਹੀਆਂ ਸੇਵਾਵਾਂ ਦਾ ਵੀ ਜਾਇਜ਼ਾ ਲਿਆ। ਸ਼੍ਰੋਮਣੀ ਕਮੇਟੀ ਵੱਲੋਂ ਡੇਰਾ ਬਾਬਾ ਨਾਨਕ ਹਲਕੇ ਲਈ ਇਸ ਮੌਕੇ ਭੇਜੀ ਰਾਹਤ ਸਮੱਗਰੀ ਵਿੱਚ 150 ਕੁਇੰਟਲ ਆਟਾ, 30 ਕੁਇੰਟਲ ਦਾਲਾਂ, 5000 ਪੇਟੀ ਪਾਣੀ ਅਤੇ ਹੋਰ ਜ਼ਰੂਰੀ ਵਸਤਾਂ ਸ਼ਾਮਲ ਸਨ। ਇਸੇ ਤਰ੍ਹਾਂ ਰਮਦਾਸ ਇਲਾਕੇ ਵਿੱਚ ਵੀ ਦੋ ਟਰੱਕ ਰਾਹਤ ਸਮੱਗਰੀ ਨਾਲ ਭਰ ਕੇ ਲੋਕਾਂ ਤੱਕ ਪਹੁੰਚਾਈ ਗਈ। ਐਡਵੋਕੇਟ ਧਾਮੀ ਨੇ ਕਿਹਾ ਕਿ ਹੜ੍ਹਾਂ ਕਾਰਨ ਪੰਜਾਬ ਦੇ ਬਹੁਤ ਸਾਰੇ ਇਲਾਕਿਆਂ ਦੇ ਹਾਲਾਤ ਤਰਸਯੋਗ ਬਣੇ ਹੋਏ ਹਨ। ਉਨ੍ਹਾਂ ਕਿਹਾ ਕਿ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਮੁਸੀਬਤ ਸਮੇਂ ਲੋਕਾਂ ਦੇ ਨਾਲ ਖੜ੍ਹਨਾਂ ਆਪਣਾ ਫਰਜ਼ ਸਮਝਦੀ ਹੈ ਅਤੇ ਹਰ ਸੰਭਵ ਸਹਾਇਤਾ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਹੜ੍ਹਾਂ ਦੀ ਸਥਿਤੀ ਦੇ ਮੱਦੇਨਜ਼ਰ ਪਹਿਲਾਂ ਹੀ ਵੱਖ-ਵੱਖ ਗੁਰਦੁਆਰਿਆਂ ਅੰਦਰ ਰਿਹਾਇਸ਼, ਲੰਗਰ ਅਤੇ ਹੋਰ ਲੋੜੀਂਦੇ ਪ੍ਰਬੰਧ ਕੀਤੇ ਗਏ ਹਨ, ਹੁਣ ਸ਼੍ਰੋਮਣੀ ਕਮੇਟੀ ਮੁਲਾਜ਼ਮ ਪੀੜਤਾਂ ਤੱਕ ਪਹੁੰਚ ਕੇ ਆਪਣੀਆਂ ਸੇਵਾਵਾਂ ਨਿਭਾ ਰਹੇ ਹਨ।



**ਬੀ.ਐੱਸ.ਐੱਫ. ਜਵਾਨਾਂ ਨਾਲ ਮੁਲਾਕਾਤ**

ਧਾਮੀ ਨੇ ਬਾਰਡਰ ’ਤੇ ਡਿਊਟੀ ਨਿਭਾਅ ਰਹੇ ਬੀ.ਐੱਸ.ਐੱਫ. ਜਵਾਨ ਜੋ ਹੜ੍ਹਾਂ ਕਾਰਨ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਵਿਖੇ ਰਹਿ ਰਹੇ ਹਨ, ਨਾਲ ਵੀ ਮੁਲਾਕਾਤ ਕੀਤੀ। ਧਾਮੀ ਨੇ ਕਿਹਾ ਕਿ ਸਰਕਾਰਾਂ ਦਾ ਫ਼ਰਜ਼ ਹਰ ਆਮ ਨਾਗਰਿਕ ਦੀ ਸਹਾਇਤਾ ਕਰਨ ਦਾ ਹੈ ਪਰ ਸਰਕਾਰਾਂ ਆਪਣੇ ਜਵਾਨਾਂ ਦੀ ਵੀ ਸਾਰ ਨਹੀਂ ਲੈ ਰਹੀਆਂ। ਉਨ੍ਹਾਂ ਕਿਹਾ ਸ਼੍ਰੋਮਣੀ ਕਮੇਟੀ ਇਨ੍ਹਾਂ ਜਵਾਨਾਂ ਲਈ ਵੀ ਲੋੜ ਅਨੁਸਾਰ ਪ੍ਰਬੰਧ ਯਕੀਨੀ ਬਣਾਏਗੀ।

## ਹੜ੍ਹਾਂ ਮੌਕੇ ਆਪਸੀ ਭਾਈਚਾਰਕ ਸਾਂਝ, ਮੁਹੱਬਤ ਅਤੇ ਇਕਜੁੱਟਤਾ ਬਣਾ ਕੇ ਰੱਖਣ ਦੀ ਲੋੜ: ਗੜਗੱਜ



ਅੰਮ੍ਰਿਤਸਰ/ਏ.ਟੀ.ਨਿਊਜ਼: ਪੰਜਾਬ ਵਿੱਚ ਮੌਜੂਦਾ ਹੜ੍ਹਾਂ ਦੀ ਸਥਿਤੀ ਕਾਰਨ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸਮੂਹ ਪੰਜਾਬੀਆਂ ਨੂੰ ਇਸ ਔਖੀ ਘੜੀ ਵਿੱਚ ਇੱਕ-ਦੂਜੇ ਦਾ ਸਹਾਰਾ ਬਣਨ ਦਾ ਸੰਦੇਸ਼ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ’ਚ ਵਾਰ-ਵਾਰ ਹੜ੍ਹ ਕਿਉਂ ਆ ਰਹੇ ਹਨ, ਇਸ ਦੇ ਅਸਲ ਕਾਰਨ ਵੀ ਸਾਹਮਣੇ ਆਉਣੇ ਚਾਹੀਦੇ ਹਨ। ਇੱਕ ਵੀਡੀਓ ਸੁਨੇਹੇ ਰਾਹੀਂ ਜਥੇਦਾਰ ਨੇ ਆਖਿਆ ਕਿ ਹੜ੍ਹਾਂ ਕਾਰਨ ਪੰਜਾਬੀਆਂ ਦਾ ਵੱਡਾ ਨੁਕਸਾਨ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਵਾਰ ਸਾਲ 2023 ਵਿੱਚ ਆਏ ਹੜ੍ਹਾਂ ਨਾਲੋਂ ਵੀ ਜ਼ਿਆਦਾ ਨੁਕਸਾਨ ਹੋਇਆ ਹੈ। ਉਨ੍ਹਾਂ ਕਿਹਾ ਕਿ ਗੁਰੂ ਦੀ ਕਿਰਪਾ ਸਦਕਾ ਇਹ ਔਖੀ ਘੜੀ ਲੰਘ ਜਾਵੇਗੀ। ਇਸ ਵੇਲੇ ਆਪਸੀ ਭਾਈਚਾਰਕ ਸਾਂਝ, ਮੁਹੱਬਤ ਅਤੇ ਇਕਜੁੱਟਤਾ ਬਣਾ ਕੇ ਰੱਖਣ ਦੀ ਲੋੜ ਹੈ। ਉਨ੍ਹਾਂ ਨੇ ਵਾਤਾਵਰਣ ਅਤੇ ਕੁਦਰਤੀ ਸਰੋਤਾਂ ਦੀ ਸੰਭਾਲ ਵੱਲ ਉਚੇਚਾ ਧਿਆਨ ਦੇਣ ਦੀ ਲੋੜ ’ਤੇ ਜ਼ੋਰ ਦਿੱਤਾ ਹੈ।

# ਬਾਬੇ ਨਾਨਕ ਦੇ ਵਿਆਹ ਪੁਰਬ ਸਬੰਧੀ ਨਗਰ ਕੀਰਤਨ ਦਾ ਵੱਖ-ਵੱਖ ਥਾਵਾਂ ’ਤੇ ਸਵਾਗਤ



ਬਟਾਲਾ/ਏ.ਟੀ.ਨਿਊਜ਼: ਗੁਰੂ ਨਾਨਕ ਦੇਵ ਦੇ ਵਿਆਹ ਪੁਰਬ ਦਿਹਾੜੇ ਮੌਕੇ ਪਿਛਲੇ ਦਿਨੀਂ ਸੁਲਤਾਨਪੁਰ ਲੋਧੀ ਦੇ ਗੁਰਦੁਆਰਾ ਬੇਰ ਸਾਹਿਬ ਤੋਂ ਨਗਰ ਕੀਰਤਨ ਸਜਾਇਆ ਗਿਆ। ਨਗਰ ਕੀਰਤਨ ਦਾ ਸੰਗਤ ਵੱਲੋਂ ਵੱਖ-ਵੱਖ ਥਾਂ ’ਤੇ ਭਰਵਾਂ ਸਵਾਗਤ ਕੀਤਾ ਗਿਆ। ਸ਼ਾਮ ਸਮੇਂ ਨਗਰ ਕੀਰਤਨ ਦੇ ਬਟਾਲਾ ਦੀ ਜੂਹ ਵਿੱਚ ਦਾਖ਼ਲ ਹੋਣ ’ਤੇ ਵੱਡੀ ਗਿਣਤੀ ਸੰਗਤ ਨੇ ਸਵਾਗਤ ਕੀਤਾ। ਇਹ ਨਗਰ ਕੀਰਤਨ ਦੇਰ ਸ਼ਾਮ ਗੁਰਦੁਆਰਾ ਸਤਿਕਰਤਾਰੀਆ ਵਿੱਚ ਪੁੱਜਿਆ, ਭਲਕੇ ਮਾਤਾ ਸੁਲੱਖਣੀ ਦੇ ਪੇਕੇ ਘਰ ਇਤਿਹਾਸਕ ਗੁਰਦੁਆਰਾ ਡੇਹਰਾ ਸਾਹਿਬ ਤੋਂ ਚੱਲ ਕੇ ਬਟਾਲਾ ਨਗਰ ਦੇ ਮੁਹੱਲਿਆਂ ਤੋਂ ਹੁੰਦਾ ਹੋਇਆ ਸ਼ਾਮ ਨੂੰ ਸੰਪੂਰਨ ਹੋਇਆ।

ਨਗਰ ਕੀਰਤਨ ਦਾ ਇੱਥੇ ਪੁੱਜਣ ’ਤੇ ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਕਿਸ਼ਨਕੋਟ ਨੇ ‘ਆਪ’ ਸਮਰਥਕਾਂ ਸਣੇ ਸਵਾਗਤ ਕੀਤਾ। ਇਸ ਤੋਂ ਇਲਾਵਾ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਸਾਬਕਾ ਮੰਤਰੀ ਬਲਬੀਰ ਸਿੰਘ ਬਾਠ, ਸਾਬਕਾ ਚੇਅਰਮੈਨ ਤਰਲੋਕ ਸਿੰਘ ਬਾਠ, ਅਕਾਲੀ ਦਲ ਦੇ ਹਲਕਾ ਸ੍ਰੀ ਹਰਗੋਬਿੰਦਪੁਰ ਤੋਂ ਇੰਚਾਰਜ ਰਾਜਨਬੀਰ ਸਿੰਘ ਘੁਮਾਣ, ਕਾਂਗਰਸ ਦੇ ਸੀਨੀਅਰ ਆਗੂ ਪ੍ਰਿੰਸੀਪਲ ਸੁਲੱਖਣ ਸਿੰਘ ਆਦਿ ਨੇ ਪੰਜ ਪਿਆਰਿਆਂ ਦਾ ਸਨਮਾਨ ਕੀਤਾ। ਨਗਰ ਕੀਰਤਨ ਗੁਰਦੁਆਰਾ ਅੱਚਲ ਸਾਹਿਬ ਸਣੇ ਹੋਰ ਥਾਵਾਂ ’ਤੇ ਵੀ ਪੁੱਜਿਆ।ਇਸ ਦੌਰਾਨ ਇੱਥੇ ਬਟਾਲਾ-ਜਲੰਧਰ ਰੋਡ ’ਤੇ ਵੱਡੀ ਗਿਣਤੀ ਸੰਗਤ ਇਕੱਤਰ ਹੋਈ। ਨਗਰ ਨੂੰ ਰੋਸ਼ਨੀਆਂ ਨਾਲ ਸਜਾਇਆ ਗਿਆ। ਦੂਜੇ ਪਾਸੇ, ਜ਼ਿਲ੍ਹਾ ਪੁਲੀਸ ਬਟਾਲਾ ਅਧੀਨ ਆਉਂਦਾ ਹਲਕਾ ਡੇਰਾ ਬਾਬਾ ਨਾਨਕ ਬੁਰੀ ਤਰ੍ਹਾਂ ਹੜ੍ਹਾਂ ਦੀ ਲਪੇਟ ਵਿੱਚ ਆਇਆ ਹੋਇਆ ਹੈ। ਬਟਾਲਾ ਨੇੜਲੇ ਪਿੰਡਾਂ ਤੇ ਕਸਬਿਆਂ ਤੋਂ ਸੰਗਤ ਗੁਰਦੁਆਰਾ ਡੇਹਰਾ ਸਾਹਿਬ, ਗੁਰਦੁਆਰਾ ਕੰਧ ਸਾਹਿਬ ’ਚ ਨਤਮਸਤਕ ਹੋਈ। ਇਸ ਵਾਰ ਸਮਾਜ ਸੇਵੀ ਤੇ ਧਾਰਮਿਕ ਜਥੇਬੰਦੀਆਂ ਦੇ ਆਗੂ ਹੜ੍ਹ ਪੀੜਤਾਂ ਦੀ ਮਦਦ ਕਰਨ ’ਚ ਲੱਗੇ ਹੋਏ ਹਨ।

# ਜਦੋਂ ਹੜ੍ਹ ਪੀੜਤਾਂ ਦਾ ਹਾਲ ਵੇਖ ਸਾਬਕਾ ਜਥੇਦਾਰ ਹੋਏ ਭਾਵੁਕ

ਚਮਿਆਰੀ/ਏ.ਟੀ.ਨਿਊਜ਼ : ਰਾਵੀ ’ਚ ਆਏ ਭਿਆਨਕ ਹੜ੍ਹ ਤੋਂ ਪ੍ਰਭਾਵਿਤ ਲੋਕਾਂ ਦਾ ਹਾਲ ਜਾਨਣ ਲਈ ਉਚੇਚੇ ਤੌਰ ’ਤੇ ਸਰਹੱਦੀ ਖੇਤਰ ਵਿੱਚ ਪਹੁੰਚੇ ਸਾਬਕਾ ਜਥੇਦਾਰ ਅਤੇ ਮੌਜੂਦਾ ਹੈੱਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਗਿਆਨੀ ਰਘਬੀਰ ਸਿੰਘ ਸਥਾਨਕ ਕਸਬੇ ਨੇੜਲੇ ਪਾਣੀ ’ਚ ਡੁੱਬੇ ਪਿੰਡ ਹਰੜ ਕਲਾਂ ਵਿਖੇ ਸਰਬੱਤ ਦੇ ਭਲੇ ਦੀ ਅਰਦਾਸ ਕਰਨ ਮੌਕੇ ਲੋਕਾਂ ਦਾ ਦੁੱਖ ਵੇਖ ਕੇ ਭਾਵੁਕ ਹੋ ਗਏ।



ਇਸ ਦੌਰਾਨ ਉੱਥੇ ਮੌਜੂਦ ਸਾਬਕਾ ਕੈਬਨਿਟ ਮੰਤਰੀ ਅਤੇ ਹਲਕਾ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਉਨ੍ਹਾਂ ਨੂੰ ਆਪਣੇ ਕਲਾਵੇ ’ਚ ਲੈ ਲਿਆ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਸਿੰਘ ਸਾਹਿਬ ਨੇ ਕੇਂਦਰ ਸਰਕਾਰ ਕੋਲੋਂ ਹੜ੍ਹ ਪੀੜਤਾਂ ਦੀ ਮਦਦ ਲਈ ਵਿਸ਼ੇਸ਼ ਪੈਕੇਜ ਦੀ ਮੰਗ ਵੀ ਕੀਤੀ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

## ਸੰਪਾਦਕੀ

## ਭਾਰਤ ਦੇ ਚੀਨ ਨਾਲ ਦੁਵੱਲੇ ਸਬੰਧ ਹੋਰ ਮਜ਼ਬੂਤ ਹੋਣ ਦੀ ਬਣੀ ਉਮੀਦ

ਭਾਰਤ ਦੇ ਪ੍ਰਧਾਨ ਮੰਤਰੀ ਮੋਦੀ ਵੱਲੋਂ ਪਿਛਲੇ ਦਿਨੀਂ ਕੀਤੀ ਗਈ ਚੀਨ ਯਾਤਰਾ ਕਾਫ਼ੀ ਮਹੱਤਵਪੂਰਨ ਮੰਨੀ ਜਾ ਰਹੀ ਹੈ ਕਿਉਂਕਿ ਇਸ ਸਮੇਂ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਨੇ ਪੂਰੇ ਵਿਸ਼ਵ ਵਿੱਚ ਟੈਰਿਫ਼ ਜੰਗ ਛੇੜੀ ਹੋਈ ਹੈ, ਜਿਸ ਤਹਿਤ ਉਹਨਾਂ ਵੱਲੋਂ ਭਾਰਤ 'ਤੇ ਵੀ 50 ਫ਼ੀਸਦੀ ਟੈਰਿਫ਼ ਲਗਾ ਦਿੱਤਾ ਹੈ। ਅਜਿਹੇ ਸਮੇਂ ਵਿੱਚ ਮੋਦੀ ਦੀ ਚੀਨ ਯਾਤਰਾ 'ਤੇ ਦੁਨੀਆ ਦੀਆਂ ਨਜ਼ਰਾਂ ਲੱਗੀਆਂ ਰਹੀਆਂ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸੱਤ ਸਾਲਾਂ ਬਾਅਦ ਚੀਨ ਦੌਰੇ ਨੇ ਭਾਰਤ-ਚੀਨ ਸਬੰਧਾਂ ਵਿੱਚ ਨਵੀਂ ਗਰਮਜੋਸ਼ੀ ਦਾ ਸੰਕੇਤ ਦਿੱਤਾ ਹੈ। ਤਿਆਨਜਿਨ ਵਿੱਚ ਹੋਏ 25ਵੇਂ ਸ਼ੰਘਾਈ ਸਹਿਯੋਗ ਸੰਗਠਨ ਸੰਮੇਲਨ ਦੌਰਾਨ ਪ੍ਰਧਾਨ ਮੰਤਰੀ ਮੋਦੀ ਅਤੇ ਰਾਸ਼ਟਰਪਤੀ ਸ਼ੀ ਜਿਨਪਿੰਗ ਵਿਚਕਾਰ ਹੋਈ ਮੁਲਾਕਾਤ ਨੇ ਇਹ ਸਪੱਸ਼ਟ ਕਰ ਦਿੱਤਾ ਕਿ ਦੋਵੇਂ ਦੇਸ਼ ਹੁਣ ਟਕਰਾਅ ਦੀ ਬਜਾਏ ਸਾਂਝੇਦਾਰੀ ਅਤੇ ਸਹਿਯੋਗ ਦੀ ਦਿਸ਼ਾ ਵਿੱਚ ਸਬੰਧਾਂ ਨੂੰ ਅੱਗੇ ਵਧਾਉਣਾ ਚਾਹੁੰਦੇ ਹਨ।ਇਸ ਯਾਤਰਾ ਤੋਂ ਇਹ ਸੰਦੇਸ਼ ਵੀ ਮਿਲਿਆ ਕਿ ਅਮਰੀਕਾ ਵਿਰੁੱਧ ਭਾਰਤ, ਚੀਨ ਅਤੇ ਰੂਸ ਦੀ ਤਿੱਕੜੀ ਦਾ ਗਠਜੋੜ ਬਣ ਰਿਹਾ ਹੈ। ਭਾਰਤ ਅਤੇ ਚੀਨ ਦੇ ਸਬੰਧ ਪਿਛਲੇ ਪੰਜ ਸਾਲਾਂ ਤੋਂ ਤਣਾਅਪੂਰਨ ਰਹੇ ਹਨ, ਪਰ ਹਾਲ ਹੀ ਦੇ ਸਮੇਂ ਵਿੱਚ, ਦੋਵੇਂ ਦੇਸ਼ ਆਪਣੇ ਮੁੱਦਿਆਂ ਨੂੰ ਹੱਲ ਕਰਨ ਲਈ ਗੱਲਬਾਤ ਕਰ ਰਹੇ ਹਨ। ਅਮਰੀਕਾ ਦੀਆਂ ਇਕਪਾਸੜ ਟੈਰਿਫ਼ ਨੀਤੀਆਂ ਅਤੇ ਮੁਕਤ ਵਪਾਰ 'ਤੇ ਵਧਦੇ ਦਬਾਅ ਦੇ ਵਿਚਕਾਰ ਭਾਰਤ ਲਈ ਚੀਨ ਨਾਲ ਸਹਿਯੋਗ ਮਹੱਤਵਪੂਰਨ ਹੈ। ਅਮਰੀਕੀ ਟੈਰਿਫ਼ ਨੀਤੀਆਂ ਤੋਂ ਬਾਅਦ, ਭਾਰਤ ਨੂੰ ਅਹਿਸਾਸ ਹੋਇਆ ਹੈ ਕਿ ਆਪਣੀ ਰਣਨੀਤਕ ਖ਼ੁਦਮੁਖ਼ਤਿਆਰੀ ਬਣਾਈ ਰੱਖਣਾ ਕਿੰਨਾ ਮਹੱਤਵਪੂਰਨ ਹੈ। ਰੂਸ ਤੋਂ ਤੇਲ ਖਰੀਦਦਾਰੀ ਨੂੰ ਰੋਕਣ ਵਿੱਚ ਅਮਰੀਕਾ ਦੇ ਅਸਫਲ ਰਹਿਣ ਕਾਰਨ ਭਾਰਤ ਅਮਰੀਕੀ ਟੈਰਿਫ਼ ਦਬਾਅ ਵਿੱਚ ਫਸ ਗਿਆ। ਕਿਹਾ ਜਾ ਰਿਹਾ ਹੈ ਕਿ ਭਾਰਤ ਚੀਨ ਨਾਲ ਸਬੰਧਾਂ ਨੂੰ ਬਿਹਤਰ ਬਣਾ ਕੇ ਅਮਰੀਕਾ ਨਾਲ ਆਪਣੀ ਸੌਦੇਬਾਜ਼ੀ ਸ਼ਕਤੀ ਵਧਾਉਣਾ ਚਾਹੁੰਦਾ ਹੈ। ਮੋਦੀ ਪਿਛਲੇ ਸਾਲ ਤੋਂ ਅਮਰੀਕਾ ਵੱਲ ਝੁਕਾਅ ਵਾਲੀ ਨੀਤੀ ਨੂੰ ਸੰਤੁਲਿਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ, ਜਦੋਂ ਕਿ ਭਾਰਤ ਕੁਆਡ ਅਤੇ ਸ਼ੰਘਾਈ ਸਹਿਯੋਗ ਸੰਗਠਨ ਦੋਵਾਂ ਦਾ ਹਿੱਸਾ ਹੈ ਅਤੇ ਕਿਸੇ ਇੱਕ ਸਮੂਹ ਨਾਲ ਪੂਰੀ ਤਰ੍ਹਾਂ ਜੁੜਿਆ ਨਹੀਂ ਹੈ।

ਭਾਰਤ ਅਤੇ ਅਮਰੀਕਾ ਪੁਰਾਣੇ ਮਿੱਤਰ ਹਨ। ਇਸ ਦੇ ਨਾਲ ਹੀ ਭਾਰਤ ਦੀ ਰੂਸ ਨਾਲ ਮਿੱਤਰਤਾ ਨੂੰ ਵੀ ਜੱਗ ਜਾਣਦਾ ਹੈ। ਚੀਨ ਨਾਲ ਭਾਰਤ ਦੇ ਸਬੰਧ ਅਕਸਰ ਤਨਾਓ ਭਰੇ ਰਹੇ ਹਨ ਪਰ ਇਹਨਾਂ ਸਬੰਧਾਂ ਵਿੱਚ ਕਈ ਵਾਰ ਮਿਠਾਸ ਵੀ ਭਰੀ ਜਾਂਦੀ ਰਹੀ ਹੈ। ਹੁਣ ਅਮਰੀਕਾ ਦੇ ਵੱਲੋਂ ਭਾਰਤ ਉੱਪਰ ਲਗਾਏ 50 ਫ਼ੀਸਦੀ ਟੈਰਿਫ਼ ਭਾਰਤ ਨੂੰ ਚੀਨ ਅਤੇ ਰੂਸ ਨਾਲ ਹੋਰ ਵਪਾਰਕ ਸਹਿਯੋਗ ਵਧਾਉਣਾ ਪੈ ਰਿਹਾ ਹੈ। ਭਾਰਤ ਅਤੇ ਚੀਨ ਨੇ 1 ਅਪ੍ਰੈਲ 1950 ਨੂੰ ਕੂਟਨੀਤਕ ਸਬੰਧ ਸਥਾਪਿਤ ਕੀਤੇ। ਪਰ 1962 ਦੇ ਸਰਹੱਦੀ ਟਕਰਾਅ ਨੇ ਇਨ੍ਹਾਂ ਸਬੰਧਾਂ ਨੂੰ ਝਟਕਾ ਦਿੱਤਾ। ਫਿਰ 1988 ਵਿੱਚ ਉਸ ਸਮੇਂ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੀ ਚੀਨ ਫੇਰੀ ਨੇ ਸਬੰਧਾਂ ਨੂੰ ਮੁੜ ਸੁਰਜੀਤ ਕਰਨ ਦੀ ਸ਼ੁਰੂਆਤ ਕੀਤੀ। ਇਸ ਤੋਂ ਬਾਅਦ, 2003 ਵਿੱਚ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੀ 2003 ਵਿੱਚ ਫੇਰੀ ਨੇ ਵਿਸ਼ੇਸ਼ ਪ੍ਰਤੀਨਿਧੀ ਪ੍ਰਣਾਲੀ ਦੇ ਗਠਨ ਦਾ ਕਾਰਨ ਬਣਾਇਆ ਅਤੇ ਫਿਰ 2005 ਵਿੱਚ ਚੀਨੀ ਪ੍ਰਧਾਨ ਮੰਤਰੀ ਵੇਨ ਜਿਆਬਾਓ ਦੀ ਭਾਰਤ ਫੇਰੀ ਨੇ ਰਣਨੀਤਕ ਅਤੇ ਸਹਿਯੋਗੀ ਭਾਈਵਾਲੀ ਨੂੰ ਉਤਸ਼ਾਹਿਤ ਕੀਤਾ। 2014 ਵਿੱਚ ਰਾਸ਼ਟਰਪਤੀ ਸ਼ੀ ਜਿਨਪਿੰਗ ਦੀ ਭਾਰਤ ਫੇਰੀ ਨੇ ਇੱਕ ਨਜ਼ਦੀਕੀ ਵਿਕਾਸਸ਼ੀਲ ਭਾਈਵਾਲੀ ਦੀ ਨੀਂਹ ਰੱਖੀ, ਜਦੋਂ ਕਿ 2015 ਵਿੱਚ ਪ੍ਰਧਾਨ ਮੰਤਰੀ ਮੋਦੀ ਦੀ ਚੀਨ ਫੇਰੀ ਨੇ ਇਸ ਗਤੀ ਨੂੰ ਬਣਾਈ ਰੱਖਿਆ। ਦੋਵਾਂ ਦੇਸ਼ਾਂ ਨੇ 2018 ਵਿੱਚ ਵੂਹਾਨ ਅਤੇ 2019 ਵਿੱਚ ਚੇਨਈ ਵਿੱਚ ਗੈਰ-ਰਸਮੀ ਸਿਖਰ ਸੰਮੇਲਨਾਂ ਰਾਹੀਂ ਆਪਸੀ ਵਿਸ਼ਵਾਸ ਨੂੰ ਵਧਾਇਆ। ਹਾਲਾਂਕਿ, 2020 ਵਿੱਚ ਪੂਰਬੀ ਲੱਦਾਖ ਵਿੱਚ ਅਸਲ ਕੰਟਰੋਲ ਰੇਖਾ 'ਤੇ ਤਣਾਅ ਨੇ ਸਬੰਧਾਂ ਨੂੰ ਪ੍ਰਭਾਵਿਤ ਕੀਤਾ। 2024 ਵਿੱਚ ਰੂਸ ਦੇ ਕਾਜ਼ਾਨ ਵਿੱਚ ਬ੍ਰਿਕਸ ਸੰਮੇਲਨ ਦੌਰਾਨ ਮੋਦੀ ਅਤੇ ਜਿਨਪਿੰਗ ਦੀ ਮੁਲਾਕਾਤ ਨਾਲ ਦੋਵਾਂ ਦੇਸ਼ਾਂ ਦੇ ਆਪਸੀ ਸਬੰਧਾਂ ਵਿੱਚ ਹੋਰ ਸੁਧਾਰ ਆਇਆ। ਹੁਣ ਮੋਦੀ ਦੀ ਚੀਨ ਯਾਤਰਾ ਨਾਲ ਦੋਵਾਂ ਦੇਸ਼ਾਂ ਵਿਚਾਲੇ ਦੁਵੱਲੇ ਸਬੰਧ ਹੋਰ ਮਜ਼ਬੂਤ ਹੋਣ ਦੀ ਉਮੀਦ ਬਣ ਗਈ ਹੈ।

ਅਮਰੀਕਾ ਦੇ ਰਾਸ਼ਟਰਪਤੀ ਵੱਲੋਂ ਭਾਰਤ ਉੱਪਰ ਥੋਪੇ ਗਏ 50 ਫ਼ੀਸਦੀ ਟੈਰਿਫ਼ ਕਾਰਨ ਭਾਰਤ ਨੂੰ ਰੂਸ ਅਤੇ ਚੀਨ ਵੱਲ ਵਧੇਰੇ ਉਲਾਰ ਹੋਣਾ ਪੈ ਰਿਹਾ ਹੈ। ਦੋਵਾਂ ਦੇਸ਼ਾਂ ਵਿਚੋਂ ਰੂਸ ਤਾਂ ਭਾਰਤ ਦਾ ਪੁਰਾਣਾ ਮਿੱਤਰ ਹੈ ਪਰ ਚੀਨ ਪ੍ਰਤੀ ਹਮੇਸ਼ਾ ਹੀ ਭਾਰਤੀਆਂ ਦੇ ਮਨਾਂ ਵਿੱਚ ਸ਼ੱਕ ਰਿਹਾ ਹੈ। ਚੀਨ ਦੀਆਂ ਕੁਝ ਨੀਤੀਆਂ ਅਮਰੀਕਾ ਵਰਗੀਆਂ ਹੀ ਹਨ ਅਤੇ ਚੀਨ ਵੀ ਅਮਰੀਕਾ ਵਾਂਗ ਹੀ ਪੂਰੀ ਦੁਨੀਆ 'ਤੇ ਆਪਣੀ ਸਰਦਾਰੀ ਚਾਹੁੰਦਾ ਹੈ। ਇਸ ਕਰਕੇ ਭਾਰਤ ਨੂੰ ਚੀਨ ਨਾਲ ਦੋਸਤੀ ਦੀ ਤੰਦ ਮਜ਼ਬੂਤ ਕਰਦਿਆਂ ਸੁਚੇਤ ਵੀ ਰਹਿਣ ਦੀ ਲੋੜ ਹੈ। ਹੁਣ ਭਾਵੇਂ 'ਹਿੰਦੀ ਚੀਨੀ ਭਾਈ ਭਾਈ' ਕਹਿਣਾ ਦਾ ਮੌਕਾ ਨਹੀਂ ਹੈ, ਪਰ ਜੇ ਭਾਰਤ ਅਤੇ ਚੀਨ ਚੰਗੇ ਵਪਾਰਕ ਭਾਈਵਾਲ ਬਣ ਸਕਦੇ ਹਨ ਤਾਂ ਦੋਵੇਂ ਦੇਸ਼ ਦੁਨੀਆ ਅੱਗੇ ਨਵੀਂ ਚੁਣੌਤੀ ਬਣ ਸਕਦੇ ਹਨ। ਚੀਨ ਜੇ ਵੱਡੀ ਮਹਾਂ ਸ਼ਕਤੀ ਹੈ ਤਾਂ ਭਾਰਤ ਵੀ ਵੱਡੀ ਆਰਥਿਕਤਾ ਵਾਲਾ ਦੇਸ਼ ਹੈ ਅਤੇ ਭਾਰਤ ਵਿਸ਼ਵ ਦੇ ਵਿਕਸਤ ਦੇਸ਼ਾਂ ਦੀਆਂ ਵਪਾਰਕ ਕੰਪਨੀਆਂ ਲਈ ਖੁੱਲ੍ਹੀ ਮੰਡੀ ਵਰਗਾ ਹੈ। ਭਾਰਤ ਵਿੱਚ ਇਸ ਸਮੇਂ ਬਹੁਤ ਅੰਤਰਰਾਸ਼ਟਰੀ ਕੰਪਨੀਆਂ ਆਪਣਾ ਵਪਾਰ ਕਰ ਰਹੀਆਂ ਹਨ, ਜਿਨ੍ਹਾਂ ਵਿੱਚ ਅਮਰੀਕੀ ਕੰਪਨੀਆਂ ਵੀ ਸ਼ਾਮਲ ਹਨ।

ਮੋਦੀ ਦੀ ਚੀਨ ਫੇਰੀ ਨਾਲ ਦੋਵਾਂ ਦੇਸ਼ਾਂ ਦੇ ਸਬੰਧਾਂ ਨੂੰ ਨਵੀਂ ਦਿਸ਼ਾ ਮਿਲ ਸਕਦੀ ਹੈ ਅਤੇ ਦੋਵੇਂ ਦੇਸ਼ ਰਲ ਮਿਲ ਕੇ ਵੱਡੀ ਸ਼ਕਤੀ ਵਜੋਂ ਦੁਨੀਆ ਸਾਹਮਣੇ ਉਭਰ ਸਕਦੇ ਹਨ। ਭਾਰਤ ਨੂੰ ਚਾਹੀਦਾ ਹੈ ਕਿ ਚੀਨ ਨੂੰ ਵਿਰੋਧੀ ਜਾਂ ਖ਼ਤਰੇ ਦੀ ਬਜਾਏ ਇੱਕ ਸਾਥੀ ਵਜੋਂ ਦੇਖੇ। ਇਸੇ ਵਿੱਚ ਦੋਵਾਂ ਦੇਸ਼ਾਂ ਦੀ ਭਲਾਈ ਹੈ। ਪ੍ਰਧਾਨ ਮੰਤਰੀ ਮੋਦੀ ਦੀ ਚੀਨ ਯਾਤਰਾ ਤੋਂ ਭਾਰਤ ਨੇ ਕੀ ਖੱਟਿਆ ਤੇ ਕੀ ਗੁਆਇਆ ? ਇਸ ਦਾ ਪਤਾ ਤਾਂ ਆਉਣ ਵਾਲੇ ਸਮੇਂ ਵਿੱਚ ਲੱਗੇਗਾ।

# ਪੰਜਾਬ 'ਚ ਹਰ ਸਾਲ ਕਿਵੇਂ ਆ ਜਾਂਦੇ ਨੇ ਹੜ੍ਹ?

## ਢੱਠੇ ਮਕਾਨਾਂ, ਫ਼ਸਲ ਖ਼ਰਾਬੇ, ਮਰੇ ਪਸ਼ੂਆਂ, ਘਰ ਛੱਡਣ ਲਈ ਮਜਬੂਰੀ ਦਾ ਪੂਰਾ ਮੁਆਵਜ਼ਾ ਭਰਨ ਸਰਕਾਰਾਂ



ਦਰਬਾਰਾ ਸਿੰਘ ਕਾਹਲੋਂ
(ਸਾਬਕਾ ਰਾਜ ਸੂਚਨਾ ਕਮਿਸ਼ਨਰ ਪੰਜਾਬ)।



ਬਹੁਤਾ ਦੂਰ ਕੀ ਜਾਣਾ, ਦੇਸ਼ ਦੀ ਵੰਡ ਤੋਂ ਬਾਅਦ ਪੰਜਾਬ ਅੰਦਰ ਹੜ੍ਹਾਂ ਦੁਆਰਾ ਵਾਰ-ਵਾਰ ਮਚਾਏ ਜਾਂਦੇ ਕੋਹਰਾਮ ਦੀ ਦਾਸਤਾਨ ਅਤਿ ਪੀੜਾ ਜਨਕ, ਦੁਖਦਾਈ ਅਤੇ ਬਰਬਾਦੀ ਭਰੀ ਹੈ। ਨਾ ਹੀ ਸੂਬਾ ਅਤੇ ਨਾ ਕੇਂਦਰ ਸਰਕਾਰਾਂ ਇਨ੍ਹਾਂ ਦੀ ਰੋਕਥਾਮ ਲਈ ਕੋਈ ਸਥਾਈ ਅਤੇ ਪੁਖ਼ਤਾ ਪ੍ਰਬੰਧ ਕਰ ਸਕੀਆਂ।

ਮੈਨੂੰ ਯਾਦ ਹੈ ਕਿ ਜਦੋਂ ਮੈਂ ਛੋਟਾ ਜਿਹਾ ਬੱਚਾ ਹੁੰਦਾ ਸੀ ਤਾਂ ਸੰਨ 1955 ਦੇ ਹੜ੍ਹ ਵੇਲੇ ਠਾਠਾਂ ਮਾਰਦਾ ਪਾਣੀ ਦਾ ਸਮੁੰਦਰ ਪਿੰਡ ਪਾਹੜਾ, ਜ਼ਿਲ੍ਹਾ ਗੁਰਦਾਸਪੁਰ ਦੇ ਲਹਿੰਦੇ ਪਾਸੇ ਵੱਡੇ ਗੁਰਦੁਆਰੇ ਵਿੱਚ ਵੜ੍ਹ ਗਿਆ ਸੀ ਜਿੱਥੇ ਸਕੂਲ ਵੀ ਸੀ। ਗੁਰਦੁਆਰੇ ਦੀ ਲੈਂਟਰ ਵਾਲੀ ਛੱਤ ਚੋਣ ਲੱਗ ਪਈ ਸੀ। ਗ਼ਰੀਬਾਂ ਦੇ ਕੱਚੇ ਘਰ ਢਹਿ ਗਏ ਸਨ। ਉਹ ਪਿੰਡ ਦੇ ਜ਼ਿਮੀਂਦਾਰਾਂ ਤੋਂ ਛੱਤਾਂ ਨੂੰ ਠੁੰਮ੍ਹਣੇ ਦੇਣ ਲਈ ਥੰਮੀਆਂ, ਅਨਾਜ, ਦੁੱਧ ਜਾਂ ਹਵੇਲੀਆਂ ਵਿੱਚ ਬਸੇਰੇ ਦੀ ਮੰਗ ਕਰ ਰਹੇ ਸਨ। ਉਨ੍ਹਾਂ ਕੋਲ ਬਿਮਾਰ ਬੱਚਿਆਂ ਦੇ ਇਲਾਜ ਲਈ ਕੋਈ ਧੇਲਾ ਨਹੀਂ ਸੀ।

ਸੰਨ 1955 ਦੇ ਹੜ੍ਹਾਂ ਵਿੱਚ ਉੱਤਰੀ ਭਾਰਤ ਵਿਚ ਕਾਫ਼ੀ ਨੁਕਸਾਨ ਹੋਇਆ ਸੀ। ਪਰ ਉਸ ਸਮੇਂ ਸਾਂਝੇ ਪੂਰਬੀ ਪੰਜਾਬ ਦਾ ਬਹੁਤ ਵੱਡਾ ਨੁਕਸਾਨ ਹੋਇਆ ਸੀ। ਉਦੋਂ ਵੀ ਰਾਵੀ, ਬਿਆਸ, ਸਤਲੁਜ ਅਤੇ ਘੱਗਰ ਆਦਿ ਦਰਿਆਵਾਂ ਨੇ ਪੰਜਾਬ ਦੀ ਬਰਬਾਦੀ ਦੇ ਦੁਆਰ ਖੋਲ੍ਹ ਕੇ ਰੱਖ ਦਿੱਤੇ ਸਨ। ਭਾਰਤੀ ਹਵਾਈ ਸੈਨਾ ਨੂੰ ਹੜ੍ਹ ਪੀੜਤਾਂ, ਦੂਰ-ਦੁਰੇਡੇ ਅਤੇ ਪਿੰਡਾਂ ਵਿੱਚ ਫਸੇ ਹੋਏ ਲੋਕਾਂ ਨੂੰ ਖਾਣ-ਪੀਣ ਦੀਆਂ ਵਸਤਾਂ ਦੇ ਪੈਕਟ ਪਹੁੰਚਾਉਣ, ਘਰਾਂ ਦੀਆਂ ਛੱਤਾਂ, ਦਰਖ਼ਤਾਂ ਅਤੇ ਟਿੱਬਿਆਂ 'ਤੇ ਚੜ੍ਹੇ ਭੁੱਖੇ-ਭਾਣੇ ਲੋਕਾਂ, ਬੱਚਿਆਂ, ਬਿਰਧਾਂ ਨੂੰ ਬਚਾਉਣ ਲਈ ਸੱਦਿਆ ਗਿਆ ਸੀ। ਦੇਸ਼ ਦੇ ਤਤਕਾਲੀ ਪ੍ਰਧਾਨ ਮੰਤਰੀ ਪੰਡਿਤ ਜਵਾਹਰਲਾਲ ਨਹਿਰੂ ਨੇ ਖ਼ੁਦ ਹਵਾਈ ਜਹਾਜ਼ ਵਿੱਚ ਹੜ੍ਹ ਮਾਰੇ ਇਲਾਕਿਆਂ, ਲੋਕਾਂ ਅਤੇ ਪ੍ਰਸ਼ਾਸਨਿਕ ਪ੍ਰਬੰਧਾਂ ਦਾ ਜਾਇਜ਼ਾ ਲਿਆ ਸੀ।

ਸੰਨ 1955 ਦੇ ਹੜ੍ਹਾਂ ਵਿੱਚ ਪੰਜਾਬ ਦੀਆਂ ਕਪਾਹ, ਝੋਨਾ, ਕਮਾਦ ਦੀਆਂ ਫ਼ਸਲਾਂ ਬਰਬਾਦ ਹੋ ਗਈਆਂ ਸਨ। ਲਗਪਗ 30,00000 ਡਾਲਰ ਦਾ ਉਦੋਂ ਨੁਕਸਾਨ ਹੋਇਆ ਤੇ 1175 ਲੋਕ ਮਾਰੇ ਗਏ ਸਨ। ਲਗਪਗ 8000 ਪਸ਼ੂ ਰੁੜ੍ਹ ਗਏ ਸਨ।

ਸੰਨ 1988 ਵਿੱਚ ਮੁੜ ਭਿਆਨਕ ਹੜ੍ਹਾਂ ਦਾ ਪੰਜਾਬ ਨੂੰ ਸਾਹਮਣਾ ਕਰਨਾ ਪਿਆ। ਉਸ ਸਮੇਂ ਪੰਜਾਬ ਵਿੱਚ ਰਾਜਕੀ ਅਤੇ ਗ਼ੈਰ-ਰਾਜਕੀ ਅੱਤਵਾਦ ਭਾਰੂ ਸੀ। ਪੂਰਾ ਪੁਲਿਸ ਅਤੇ ਸਿਵਲ ਪ੍ਰਸ਼ਾਸਨ ਅਰਧ ਫ਼ੌਜੀ ਬਲਾਂ ਸਮੇਤ ਇਸ ਭਿਆਨਕ ਅੱਤਵਾਦੀ ਦੁਖਾਂਤ ਵਿੱਚ ਮਸਰੂਫ਼ ਸਨ। ਉਸ ਸਮੇਂ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦਾ ਚੇਅਰਮੈਨ ਮੇਜਰ ਜਨਰਲ ਬੀਐੱਨ ਕੁਮਾਰ ਸੀ। ਉਸ 'ਤੇ ਦੋਸ਼ ਸਨ ਕਿ ਉਸ ਨੇ ਗ਼ਲਤ ਢੰਗ ਨਾਲ ਭਾਖੜਾ ਅਤੇ ਪੌਂਗ ਡੈਮ ਵਿੱਚੋਂ ਪਾਣੀ ਛੱਡਿਆ। ਭਾਰੀ ਬਾਰਿਸ਼ਾਂ ਅਤੇ ਇਸ ਅਣ-ਉਚਿੱਤ ਪਾਣੀ ਨੇ ਪੰਜਾਬ ਦੇ ਤਤਕਾਲੀ 12989 ਪਿੰਡਾਂ ਵਿੱਚੋਂ 9000 ਨੂੰ ਪਾਣੀ ਵਿੱਚ ਡੁਬੋ ਕੇ ਰੱਖ ਦਿੱਤਾ ਸੀ। ਕਰੀਬ 2500 ਪਿੰਡ ਤਾਂ ਪੂਰੀ ਤਰ੍ਹਾਂ ਮਲੀਆਮੇਟ ਹੋ ਗਏ ਸਨ। ਚੌਂਤੀ ਲੱਖ ਪੰਜਾਬੀਆਂ ਨੂੰ ਘਰ-ਬਾਰ ਛੱਡਣੇ ਪਏ ਸਨ। ਪੰਜਾਬ ਦੇ ਜਰਖੇਜ਼ ਜ਼ਿਲ੍ਹੇ ਜਲੰਧਰ, ਅੰਮ੍ਰਿਤਸਰ, ਗੁਰਦਾਸਪੁਰ, ਫਿਰੋਜ਼ਪੁਰ, ਕਪੂਰਥਲਾ ਆਦਿ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ। ਪੰਜ ਸੌ ਲੋਕ ਇਨ੍ਹਾਂ ਹੜ੍ਹਾਂ ਦੀ ਭੇਟ ਚੜ੍ਹੇ। ਹਜ਼ਾਰਾਂ ਪਸ਼ੂ ਹੜ੍ਹ ਗਏ ਅਤੇ ਮਰ ਗਏ ਸਨ।

ਸੰਨ 1993 ਵਿੱਚ ਪਟਿਆਲਾ, ਸੰਗਰੂਰ, ਫ਼ਤਿਹਗੜ੍ਹ ਸਾਹਿਬ, ਮਾਨਸਾ, ਗੁਰਦਾਸਪੁਰ ਵਿੱਚ ਭਾਰੀ ਹੜ੍ਹਾਂ ਕਰਕੇ ਲਗਪਗ 4000 ਪਿੰਡ ਨੁਕਸਾਨੇ ਗਏ। ਵੱਡੇ ਪੱਧਰ 'ਤੇ ਸੜਕਾਂ ਰੁੜ੍ਹ ਗਈਆਂ। ਵੱਡਾ ਜਾਨੀ-ਮਾਲੀ ਅਤੇ ਫ਼ਸਲਾਂ ਦਾ ਨੁਕਸਾਨ ਹੋਇਆ। ਸੰਨ 2013 ਵਿੱਚ ਹੜ੍ਹਾਂ ਕਰਕੇ ਨਵਾਂਸ਼ਹਿਰ, ਮੁਕਤਸਰ, ਗੁਰਦਾਸਪੁਰ, ਕਪੂਰਥਲਾ, ਤਰਨਤਾਰਨ, ਰੋਪੜ ਅਤੇ ਮੋਗਾ ਜ਼ਿਲ੍ਹੇ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ। ਸੰਨ 2023 ਵਿੱਚ ਹੜ੍ਹਾਂ ਕਰਕੇ ਪੰਜਾਬ ਦੇ 19 ਜ਼ਿਲ੍ਹੇ ਮਾਰ ਹੇਠ ਆਏ। ਸਤਲੁਜ, ਬਿਆਸ, ਰਾਵੀ ਦਰਿਆਵਾਂ ਦੇ ਹੜ੍ਹਾਂ ਨੇ ਹਜ਼ਾਰਾਂ ਏਕੜ ਫ਼ਸਲਾਂ ਨੂੰ ਬਰਬਾਦ ਕੀਤਾ।

ਅਗਸਤ 2025 ਵਿੱਚ ਲਗਾਤਾਰ ਹਿਮਾਚਲ ਪ੍ਰਦੇਸ਼, ਜੰਮੂ-ਕਸ਼ਮੀਰ ਅਤੇ ਪੰਜਾਬ ਵਿੱਚ ਭਾਰੀ ਬਾਰਿਸ਼ਾਂ, ਹਿਮਾਚਲ ਪ੍ਰਦੇਸ਼ ਅਤੇ ਜੰਮੂ-ਕਸ਼ਮੀਰ ਵਿੱਚ ਬਦਲ ਫਟਣ ਦੀਆਂ ਘਟਨਾਵਾਂ ਨੇ ਪੰਜਾਬ ਵਿੱਚ ਹੜ੍ਹਾਂ ਨੂੰ ਮਾਰੂ ਆਫ਼ਤ ਵਿੱਚ ਬਦਲ ਦਿੱਤਾ ਹੈ। ਪੰਜਾਬ ਦੇ 9 ਜ਼ਿਲ੍ਹਿਆਂ ਜਿਵੇਂ ਗੁਰਦਾਸਪੁਰ, ਹੁਸ਼ਿਆਰਪੁਰ, ਪਠਾਨਕੋਟ, ਕਪੂਰਥਲਾ, ਫਿਰੋਜ਼ਪੁਰ, ਫਾਜ਼ਿਲਕਾ, ਤਰਨਤਾਰਨ, ਰੋਪੜ ਅਤੇ ਮੋਗਾ ਆਦਿ ਨੂੰ ਵੱਡੇ ਪੱਧਰ 'ਤੇ ਰਾਵੀ, ਬਿਆਸ, ਸਤਲੁਜ ਤੇ ਉੱਜ ਆਦਿ ਦਰਿਆਵਾਂ ਨੇ ਲਪੇਟ ਵਿੱਚ ਲੈ ਲਿਆ ਹੈ।

> **ਲੱਖ ਟਕੇ ਦਾ ਸਵਾਲ ਹੈ ਕਿ ਜਦ ਆਏ ਸਾਲ ਹੜ੍ਹ ਪੰਜਾਬ ਦੀ ਬਰਬਾਦੀ ਕਰਦੇ ਹਨ ਤਾਂ ਇਨ੍ਹਾਂ ਦੀ ਰੋਕਥਾਮ ਸਥਾਈ ਤੌਰ 'ਤੇ ਕਿਉਂ ਨਹੀਂ ਕੀਤੀ ਜਾਂਦੀ ? ਲਹਿੰਦੇ ਪੰਜਾਬ ਦੀ ਮੁੱਖ ਮੰਤਰੀ ਮਰੀਅਮ ਨਵਾਜ਼ ਸ਼ਰੀਫ ਨੇ ਲਗਾਤਾਰ ਹੜ੍ਹ ਮਾਰੇ ਇਲਾਕਿਆਂ ਦਾ ਦੌਰਾ ਕਰਕੇ ਦੱਸਿਆ ਕਿ ਉਨ੍ਹਾਂ ਰਾਵੀ ਵਿੱਚ ਕਦੇ ਐਨਾ ਪਾਣੀ ਨਹੀਂ ਤੱਕਿਆ। ਉਨ੍ਹਾਂ ਨੇ ਭਵਿੱਖ ਵਿੱਚ ਹੜ੍ਹ ਰੋਕਣ ਲਈ ਵਿਸ਼ੇਸ਼ ਟੀਮਾਂ ਦਾ ਗਠਨ ਕੀਤਾ ਹੈ ਜੋ ਭਵਿੱਖ ਵਿੱਚ ਸਥਾਈ ਰੋਕਥਾਮ ਲਈ ਰਿਪੋਰਟ ਕਰਨਗੀਆਂ। ਅਗਲੇ ਸਾਲ ਤੋਂ ਪਹਿਲਾਂ-ਪਹਿਲਾਂ ਇਸ 'ਤੇ ਅਮਲ ਕੀਤਾ ਜਾਵੇਗਾ। ਭਾਰਤੀ ਪੰਜਾਬ ਵਿੱਚ ਵੀ ਅਜਿਹੀ ਸਥਾਈ ਰੋਕਥਾਮ ਯੋਜਨਾ ਦੀ ਲੋੜ ਹੈ।**

ਵੈਸੇ ਪੰਜਾਬ ਦੇ 23 ਜ਼ਿਲ੍ਹਿਆਂ ਵਿੱਚੋਂ 16 ਜ਼ਿਲ੍ਹਿਆਂ ਦਾ 44899 ਹੈਕਟੇਅਰ ਫ਼ਸਲਾਂ ਭਰਪੂਰ ਇਲਾਕਾ ਬੁਰੀ ਤਰ੍ਹਾਂ ਲਪੇਟ ਵਿੱਚ ਹੈ। ਕਪੂਰਥਲਾ, ਹੁਸ਼ਿਆਰਪੁਰ, ਗੁਰਦਾਸਪੁਰ, ਫਾਜ਼ਿਲਕਾ ਵਿੱਚ ਕਰੀਬ 9000 ਏਕੜ ਫ਼ਸਲ ਪਾਣੀ ਵਿੱਚ ਡੁੱਬੀ ਹੋਈ ਹੈ। ਸੁਲਤਾਨਪੁਰ ਲੋਧੀ ਖੇਤਰ ਵਿੱਚ ਸੰਨ 2023 ਦੇ ਹੜ੍ਹਾਂ ਵਾਲੀ ਧੁੱਸੀ ਟੁੱਟਣ ਕਰਕੇ 30-35 ਪਿੰਡਾਂ ਦੀ 10,000 ਏਕੜ ਫ਼ਸਲ ਪ੍ਰਭਾਵਿਤ ਹੋਈ ਹੈ। ਪਠਾਨਕੋਟ ਅਤੇ ਗੁਰਦਾਸਪੁਰ ਜ਼ਿਲ੍ਹਿਆਂ ਦੀ ਬਰਬਾਦੀ ਕਈ ਸਾਲ ਭੁੱਲਣ ਵਾਲੀ ਨਹੀਂ। ਮਾਧੋਪੁਰ ਹੈੱਡਵਰਕਸ ਦੇ 4 ਗੇਟਾਂ ਦਾ ਟੁੱਟਣਾ, ਇੱਕ ਫੋਰਮੈਨ ਦਾ ਰੁੜ੍ਹ ਜਾਣਾ ਹੜ੍ਹ ਦੀ ਭਿਆਨਕਤਾ ਬਿਆਨਦਾ ਹੈ ਜਦਕਿ 50 ਲੋਕ ਸੁਰੱਖਿਅਤ ਕੱਢੇ ਗਏ। ਦੀਨਾਨਗਰ ਦੇ ਰਾਵੀ ਪਾਰਲੇ ਪਿੰਡਾਂ ਦਾ ਸੰਪਰਕ ਭਾਰਤ ਨਾਲੋਂ ਟੁੱਟ ਗਿਆ। ਦੇਸ਼ ਦੀ ਵੰਡ ਤੋਂ ਬਾਅਦ ਅਜੇ ਤੱਕ ਕੋਈ ਸਰਕਾਰ ਉਨ੍ਹਾਂ ਨੂੰ ਜੋੜਨ ਲਈ ਪੱਕਾ ਪੁਲ ਨਹੀਂ ਉਸਾਰ ਸਕੀ। ਡੇਰਾ ਬਾਬਾ ਨਾਨਕ ਖੇਤਰ ਪਾਣੀ ਵਿੱਚ ਡੁੱਬ ਗਿਆ।

ਪਾਕਿਸਤਾਨ ਵਿਚਲਾ ਕਰਤਾਰਪੁਰ ਸਾਹਿਬ ਗੁਰਦੁਆਰਾ 7-8 ਫੁੱਟ ਪਾਣੀ ਦੀ ਲਪੇਟ ਵਿੱਚ ਆ ਗਿਆ। ਬਠਿੰਡਾ ਜ਼ਿਲ੍ਹੇ ਵਿੱਚ ਦਮਦਮਾ ਸਾਹਿਬ ਤਲਵੰਡੀ ਸਾਬੋ ਵਿੱਚ ਭਾਰੀ ਮੀਂਹ ਕਰਕੇ ਰਸਤੇ ਬੰਦ ਹੋ ਗਏ। ਸਰਕਾਰੀ ਹਸਪਤਾਲ ਦੇ ਡਾਕਟਰਾਂ ਨੂੰ ਖ਼ਾਲਸਾ ਸਕੂਲ ਦੀ ਛੱਤ 'ਤੇ ਚੜ੍ਹ ਕੇ ਹਸਪਤਾਲ 'ਚ ਮਰੀਜ਼ਾਂ ਦੀ ਦੇਖਭਾਲ ਲਈ ਜਾਣਾ ਪਿਆ। ਪਾਤੜਾਂ ਵਿੱਚ ਚੋਅ ਦੇ ਟੁੱਟੇ ਬੰਨ੍ਹ ਨੇ ਸੈਂਕੜੇ ਏਕੜ ਫ਼ਸਲ ਬਰਬਾਦ ਕਰ ਦਿੱਤੀ। ਹੁਸ਼ਿਆਰਪੁਰ ਵਿੱਚ ਟਾਂਡਾ, ਮੁਕੇਰੀਆਂ, ਫਿਰੋਜ਼ਪੁਰ ਵਿਚ ਸਤਲੁਜ ਪਾਰਲੇ 12 ਪਿੰਡ ਜਲ-ਥਲ ਹੋ ਗਏ। ਦਰਜਨਾਂ ਪਿੰਡਾਂ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਆਦਰ ਸਹਿਤ ਸੁਰੱਖਿਅਤ ਥਾਵਾਂ 'ਤੇ ਪਹੁੰਚਾਏ ਗਏ। ਪਸ਼ੂਆਂ ਲਈ ਚਾਰਾ ਨਾ ਹੋਣ ਕਰਕੇ ਭਾਰੀ ਮੁਸੀਬਤ ਬਣੀ ਪਈ ਹੈ। ਹਜ਼ਾਰਾਂ ਲੋਕ ਘਰ ਛੱਡਣ ਲਈ ਮਜਬੂਰ ਹਨ। ਥਾਂ-ਥਾਂ ਲੋਕਾਂ ਨੂੰ ਰੰਜ ਹੈ ਕਿ ਕੋਈ ਪ੍ਰਸ਼ਾਸਨਿਕ ਅਧਿਕਾਰੀ, ਨੇਤਾ ਅਤੇ ਸਰਕਾਰ ਉਨ੍ਹਾਂ ਦੇ ਬਚਾਅ, ਰਾਹਤ ਕਾਰਜ, ਖਾਣ-ਪੀਣ ਦਾ ਸਾਮਾਨ ਮੁਹੱਈਆ ਕਰਨ ਅਤੇ ਪਸ਼ੂਆਂ ਦੇ ਚਾਰੇ ਲਈ ਅੱਗੇ ਨਹੀਂ ਆਏ। ਬਿਮਾਰ ਲੋਕਾਂ ਅਤੇ ਪਸ਼ੂਆਂ ਦੇ ਇਲਾਜ ਲਈ ਡਾਕਟਰੀ ਅਮਲਾ ਨਦਾਰਦ ਰਿਹਾ। ਹੁਣ ਤੱਕ ਅਨੇਕ ਲੋਕਾਂ ਦੀ ਜਾਨ ਜਾ ਚੁੱਕੀ ਹੈ।

ਸਰਕਾਰ, ਸਬੰਧਤ ਸਿੰਚਾਈ ਮੰਤਰੀ, ਅਮਲਾ ਮਈ ਮਹੀਨੇ ਤੋਂ ਪਹਿਲਾਂ ਧੁੱਸੀਆਂ, ਡੈਮਾਂ, ਨਹਿਰਾਂ, ਦਰਿਆਵਾਂ ਦੇ ਦੌਰੇ ਕਰ ਕੇ ਕਮਜ਼ੋਰੀਆਂ ਦੂਰ ਨਹੀਂ ਕਰਦੇ। ਡੈਮਾਂ, ਬੈਰਾਜਾਂ ਦੇ ਗੇਟ ਚੈੱਕ ਨਹੀਂ ਕੀਤੇ ਜਾਂਦੇ। ਉਨ੍ਹਾਂ ਦੀ ਗਰੀਸਿੰਗ ਨਹੀਂ ਕਰਦੇ। ਧੁੱਧੀ ਬੰਨ੍ਹ ਲਗਾਤਾਰ ਨਜ਼ਰ ਵਿੱਚ ਨਹੀਂ ਰੱਖੇ ਜਾਂਦੇ। ਕੇਂਦਰ ਅਤੇ ਰਾਜ ਆਫ਼ਤ ਪ੍ਰਬੰਧਨ ਅਥਾਰਟੀ ਮਜ਼ਬੂਤ ਕੀਤੀ ਜਾਣੀ ਜ਼ਰੂਰੀ ਹੈ। ਗਲੋਬਲ ਵਾਰਮਿੰਗ ਸਿਰ ਚੜ੍ਹ ਕੇ ਨੱਚ ਰਹੀ ਹੈ ਜੋ ਹੜ੍ਹਾਂ, ਸੋਕੇ, ਤੂਫ਼ਾਨਾਂ, ਅੱਗਾਂ ਦਾ ਕਾਰਨ ਹੈ। ਢੱਠੇ ਮਕਾਨਾਂ, ਫ਼ਸਲ ਖ਼ਰਾਬੇ, ਮਰੇ ਪਸ਼ੂਆਂ, ਘਰ ਛੱਡਣ ਲਈ ਮਜਬੂਰੀ ਦਾ ਪੂਰਾ ਮੁਆਵਜ਼ਾ ਸਰਕਾਰਾਂ ਭਰਨ। ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਪੰਜਾਬ ਸਰਕਾਰ ਨੂੰ ਚਿੱਠੀ ਲਿਖ ਕੇ ਹਰ ਮਦਦ ਦਾ ਭਰੋਸਾ ਦਿੱਤਾ ਹੈ ਜੋ ਸਲਾਹੁਣਯੋਗ ਕਦਮ ਹੈ। ਸੰਨ 1988 ਵਾਂਗ ਇਸ ਵਾਰ ਡੈਮਾਂ ਵਿੱਚੋਂ ਪਾਣੀ ਛੱਡਣ ਵਿਚ ਕੁਤਾਹੀ ਪੰਜਾਬ ਲਈ ਮਾਰੂ ਸਾਬਿਤ ਹੋਈ ਹੈ। ਪੌਂਗ ਡੈਮ ਵਿੱਚੋਂ ਪਾਣੀ ਛੱਡਣ ਦਾ ਸਖ਼ਤ ਨੋਟਿਸ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਨੇ ਲਿਆ ਹੈ। ਭਵਿੱਖ ਵਿੱਚ ਹੜ੍ਹ ਰੋਕਣ ਲਈ ਸਥਾਈ ਯੋਜਨਾ ਅਤੇ ਹੜ੍ਹ ਰੋਕੂ ਬੋਰਡ ਗਠਿਤ ਕੀਤਾ ਜਾਣਾ ਚਾਹੀਦਾ ਹੈ।

# ਭਾਰਤ ਦੇ ਆਰਥਿਕ ਅਤੇ ਫ਼ੌਜੀ ਮਹਾਸ਼ਕਤੀ ਬਣਨ ਵੱਲ ਵੱਧਦੇ ਕਦਮ ਅਤੇ ਅਮਰੀਕਾ



ਦਿੱਵਿਆ ਕੁਮਾਰ ਸੋਤੀ
(ਲੇਖਕ ਕੌਂਸਲ ਆਫ ਸਟ੍ਰੈਟੇਜਿਕ ਅਫੇਅਰਜ਼ ਨਾਲ ਸਬੰਧਿਤ ਰੱਖਿਆ ਵਿਸ਼ਲੇਸ਼ਕ ਹੈ)



ਭਾਰਤ ਵੱਲੋਂ 1998 ਵਿੱਚ ਕੀਤੇ ਗਏ ਪੋਖਰਣ ਪਰਮਾਣੂ ਟੈਸਟਾਂ ਤੋਂ ਬਾਅਦ ਅਮਰੀਕਾ ਵੱਲੋਂ ਉਸ ’ਤੇ ਲਗਾਈਆਂ ਗਈਆਂ ਆਰਥਿਕ ਪਾਬੰਦੀਆਂ ਦਾ ਕੋਈ ਪ੍ਰਭਾਵ ਨਾ ਪੈਂਦਾ ਦੇਖਦੇ ਹੋਏ ਅਤੇ ਚੀਨ ਅਤੇ ਇਸਲਾਮਿਕ ਕੱਟੜਵਾਦ ਦੇ ਉਭਾਰ ਤੋਂ ਚਿੰਤਤ ਅਮਰੀਕੀ ਰਾਸ਼ਟਰਪਤੀ ਬਿੱਲ ਕਲਿੰਟਨ ਨੇ ਇਹ ਫ਼ੈਸਲਾ ਕੀਤਾ ਕਿ ਭਾਰਤ ਤੋਂ ਦੂਰੀ ਬਣਾ ਕੇ ਏਸ਼ੀਆ ਦੀ ਭੂ-ਰਾਜਨੀਤੀ ਚਲਾਉਣਾ ਸੰਭਵ ਨਹੀਂ ਹੈ। ਹਾਲਾਂਕਿ ਉਸ ਦੌਰ ’ਚ ਦੋਹਾਂ ਦੇਸ਼ਾਂ ਦੇ ਰਿਸ਼ਤਿਆਂ ਵਿੱਚ ਇੰਨੀ ਜ਼ਿਆਦਾ ਕੁੜੱਤਣ ਆ ਚੁੱਕੀ ਸੀ ਕਿ ਇਕਦਮ ਸਾਰਾ ਕੁਝ ਸੁਧਾਰਨਾ ਸੰਭਵ ਨਹੀਂ ਸੀ। ਇਸ ਲਈ, ਭਾਰਤ ਅਤੇ ਅਮਰੀਕਾ ਕਿਵੇਂ ਏਸ਼ੀਆ ਦੀ ਅਗਲੀ ਸਦੀ ਨੂੰ ਮਿਲ ਕੇ ਤਾਮੀਰ ਕਰ ਸਕਦੇ ਹਨ, ਇਸ ਬਾਰੇ ਗੱਲਬਾਤ ਕਰਨ ਲਈ ਅਮਰੀਕੀ ਉਪ ਵਿਦੇਸ਼ ਮੰਤਰੀ ਸਟ੍ਰੋਬ ਟਾਲਬੋਟ ਅਤੇ ਭਾਰਤੀ ਵਿਦੇਸ਼ ਮੰਤਰੀ ਜਸਵੰਤ ਸਿੰਘ ਦੇ ਵਿਚਕਾਰ 11 ਗੇੜਾਂ ਦੀਆਂ ਗੁਪਤ ਵਾਰਤਾਵਾਂ ਵਿਸ਼ਵ ਦੇ ਵੱਖ-ਵੱਖ ਸਥਾਨਾਂ ’ਤੇ ਹੋਈਆਂ। ਇਨ੍ਹਾਂ ਵਾਰਤਾਵਾਂ ਤੋਂ ਅਮਰੀਕਾ ਵਿੱਚ ਇਹ ਸਹਿਮਤੀ ਬਣੀ ਕਿ ਭਾਰਤ ਦੇ ਰੱਖਿਆ ਖੇਤਰ ਵਿੱਚ ਉੱਭਰਨ ਨੂੰ ਯਕੀਨੀ ਬਣਾਉਣਾ ਪੂਰੇ ਏਸ਼ੀਆ ਅਤੇ ਸੰਸਾਰ ਦੀ ਸੁਰੱਖਿਆ ਅਤੇ ਸਥਿਰਤਾ ਲਈ ਜ਼ਰੂਰੀ ਹੈ। ਇਹ ਕੁਝ ਕੁ ਉਹੋ ਜਿਹਾ ਹੀ ਸੀ ਜਿਵੇਂ ਨਿਕਸਨ ਅਤੇ ਕਿਸਿੰਜਰ ਨੇ 1970 ਦੇ ਦਹਾਕੇ ਵਿੱਚ ਇਹ ਨਿਰਣਾ ਲਿਆ ਕਿ ਅਮਰੀਕਾ ਸੋਵੀਅਤ ਯੂਨੀਅਨ ਨੂੰ ਕਮਜ਼ੋਰ ਕਰਨ ਲਈ ਚੀਨ ਦੀ ਉੱਨਤੀ ਨੂੰ ਯਕੀਨੀ ਬਣਾਵੇਗਾ। ਟਾਲਬੋਟ-ਜਸਵੰਤ ਵਾਰਤਾ ਹੀ ਸਿਰਫ਼ ਭਾਰਤ ਉੱਤੇ ਅਮਰੀਕੀ ਪਾਬੰਦੀਆਂ ਹਟਾਉਣ, ਕਾਰਗਿਲ ਯੁੱਧ ਦੇ ਸਮੇਂ ਰਾਸ਼ਟਰਪਤੀ ਕਲਿੰਟਨ ਵੱਲੋਂ ਭਾਰਤ ਦੀ ਤਰਫ਼ਦਾਰੀ ਕਰਨ ਦੇ ਰੂਪ ਵਿਚ ਦਿਖਾਈ ਦਿੱਤੀ। ਭਾਰਤ ਦੇ ਉੱਭਰਨ ਨੂੰ ਯਕੀਨੀ ਬਣਾਉਣ ਦੀ ਇਸ ਨੀਤੀ ਦੇ ਹਾਮੀ ਡੈਮੋਕ੍ਰੈਟ ਅਤੇ ਰਿਪਬਲਿਕਨ, ਦੋਵੇਂ ਹੀ ਬਣੇ। ਕਲਿੰਟਨ ਤੋਂ ਬਾਅਦ ਰਿਪਬਲਿਕਨ ਰਾਸ਼ਟਰਪਤੀ ਜਾਰਜ ਬੁਸ਼ ਨੇ ਪਹਿਲੇ ਪ੍ਰਧਾਨ ਮੰਤਰੀ ਵਾਜਪਈ ਅਤੇ ਬਾਅਦ ਵਿਚ ਮਨਮੋਹਨ ਸਿੰਘ ਦੇ ਨਾਲ ਮਿਲ ਕੇ ਭਾਰਤ-ਅਮਰੀਕਾ ਪਰਮਾਣੂ ਸਮਝੌਤੇ ਦੀ ਰੂਪਰੇਖਾ ਤਿਆਰ ਕੀਤੀ ਅਤੇ ਇਸ ਨੂੰ ਮੂਰਤ ਰੂਪ ਵੀ ਦਿੱਤਾ ਗਿਆ। ਇਸ ਰਾਹੀਂ ਭਾਰਤ ਨੂੰ ਪਰਮਾਣੂ ਅਪ੍ਰਸਾਰ ਸੰਧੀ ’ਤੇ ਹਸਤਾਖ਼ਰ ਕੀਤੇ ਬਿਨਾਂ ਵੀ ਇਕ ਜ਼ਿੰਮੇਵਾਰ ਪਰਮਾਣੂ ਸ਼ਕਤੀ ਦੇ ਤੌਰ ’ਤੇ ਸਵੀਕਾਰ ਕਰ ਲਿਆ ਗਿਆ ਅਤੇ ਅਮਰੀਕਾ ਨੇ ਚੀਨ ਦੇ ਵਿਰੋਧ ਨੂੰ ਦਰਕਿਨਾਰ ਕਰਦੇ ਹੋਏ ਭਾਰਤ ਨੂੰ ਪਰਮਾਣੂ ਸਪਲਾਇਰ ਸੰਸਥਾ ਦਾ ਮੈਂਬਰ ਵੀ ਬਣਵਾਇਆ।

ਦੁਵੱਲੇ ਰਿਸ਼ਤਿਆਂ ਵਿੱਚ ਨਿੱਘ ਹੌਲੀ-ਹੌਲੀ ਵਧਦਾ ਰਿਹਾ। ਦੋਹਾਂ ਦੇਸ਼ਾਂ ਦੇ ਵਿਚਕਾਰ 2005 ਵਿੱਚ ਬਣੀ ਰਣਨੀਤਕ ਸਾਂਝੇਦਾਰੀ ਨੂੰ 2020 ਵਿਚ ਰਾਸ਼ਟਰਪਤੀ ਟਰੰਪ ਦੇ ਪਹਿਲੇ ਕਾਰਜਕਾਲ ਵਿੱਚ ਸਮੁੱਚੀ ਆਲਮੀ ਅਤੇ ਰੱਖਿਆ ਸਾਂਝੇਦਾਰੀ ਦਾ ਰੂਪ ਦਿੱਤਾ ਗਿਆ। ਭਾਰਤ ਨੇ ਅਮਰੀਕਾ ਦੇ ਨਾਲ ਕਈ ਮਹੱਤਵਪੂਰਨ ਰੱਖਿਆ ਸਮਝੌਤੇ ਵੀ ਕੀਤੇ। ਇਹ ਸਿਲਸਿਲਾ ਇੱਕ ਵੱਡੀ ਹੱਦ ਤੱਕ ਟਰੰਪ ਦੇ ਪਹਿਲੇ ਕਾਰਜਕਾਲ ਅਤੇ ਬਾਇਡੇਨ ਦੇ ਦੌਰ ਤੱਕ ਚੱਲਦਾ ਰਿਹਾ ਪਰ ਟਰੰਪ ਦੇ ਦੂਜੇ ਕਾਰਜਕਾਲ, ਖ਼ਾਸ ਕਰਕੇ ਆਪ੍ਰੇਸ਼ਨ ਸਿੰਧੂਰ ਤੋਂ ਬਾਅਦ ਦੇ ਮੁਹਾਂਦਰੇ ਵਿੱਚ ਅਮਰੀਕੀ ਰਵੱਈਆ ਬਦਲ ਗਿਆ। ਕੁਝ ਲੋਕ ਇਸ ਨੂੰ ਭਾਰਤ-ਪਾਕਿਸਤਾਨ ਦੇ ਵਿਚਕਾਰ ਜੰਗਬੰਦੀ ਕਰਵਾਉਣ ਦੇ ਟਰੰਪ ਦੇ ਦਾਅਵੇ ਨੂੰ ਭਾਰਤ ਵੱਲੋਂ ਵਾਰ-ਵਾਰ ਖ਼ਾਰਜ ਕਰਨ ਨਾਲ ਜੋੜ ਕੇ ਦੇਖ ਰਹੇ ਹਨ। ਇਹ ਪੂਰੀ ਤਰ੍ਹਾਂ ਸਹੀ ਨਹੀਂ ਹੈ।

ਅਮਰੀਕਾ ਵਿੱਚ ਇੱਕ ਤਬਕਾ ਭਾਰਤ ਤੋਂ ਕੁਝ ਬੇਕਾਰ ਦੀਆਂ ਉਮੀਦਾਂ ਰੱਖਦਾ ਆਇਆ ਹੈ। ਅਜਿਹੀ ਹੀ ਇੱਕ ਉਮੀਦ ਤਾਇਵਾਨ ਨਾਲ ਜੁੜੀ ਹੋਈ ਹੈ। ਉੱਥੇ ਇੱਕ ਵਰਗ ਚਾਹੁੰਦਾ ਹੈ ਕਿ ਤਾਇਵਾਨ ’ਤੇ ਸੰਭਾਵਤ ਚੀਨੀ ਹਮਲੇ ਦੀ ਸਥਿਤੀ ਵਿੱਚ ਭਾਰਤ ਉਸ ਦੇ ਮੁਕਾਬਲੇ ਵਿੱਚ ਸਹਾਇਕ ਬਣੇ ਪਰ ਭਾਰਤ ਯੂਕ੍ਰੇਨ ਦੀ ਤਰ੍ਹਾਂ ਅਮਰੀਕੀ ਰੱਖਿਆ ਹਿੱਤਾਂ ਨੂੰ ਪੂਰਾ ਕਰਨ ਲਈ ਕੋਈ ਭਾੜੇ ’ਤੇ ਲੜਨ ਵਾਲਾ ਦੇਸ਼ ਨਹੀਂ ਬਣ ਸਕਦਾ। ਇਹ ਗੱਲ ਵਾਸ਼ਿੰਗਟਨ ਨੂੰ ਪਚ ਨਹੀਂ ਰਹੀ। ਇਹ ਉਸ ਦੀ ਸਮਝ ਤੋਂ ਬਾਹਰ ਹੈ ਕਿ ਅਮਰੀਕਾ ਨਾਲ ਕਈ ਰੱਖਿਆ ਸਮਝੌਤਿਆਂ ਦੇ ਬਾਵਜੂਦ ਕੋਈ ਦੇਸ਼ ਆਪਣੀ ਰੱਖਿਆ ਖੇਤਰ ਬਾਰੇ ਪਸੰਦ-ਨਾਪਸੰਦ ਦੀ ਚੋਣ ਕਿਵੇਂ ਕਰ ਸਕਦਾ ਹੈ? ਭਾਰਤ ਦੇ ਮਾਮਲੇ ਵਿੱਚ ਅਜਿਹਾ ਹੁੰਦੇ ਦੇਖ ਕੇ ਅਮਰੀਕਾ ਦੀ ਰੱਖਿਆ ਖੇਤਰ ਦੀ ਬਰਾਦਰੀ ਸ਼ਿਕਵਿਆਂ ਅਤੇ ਗੁੱਸੇ ਨਾਲ ਭਰੀ ਪਈ ਹੈ। ਭਾਰਤੀ ਮਾਮਲਿਆਂ ’ਤੇ ਵਾਸ਼ਿੰਗਟਨ ਵਿੱਚ ਇੱਕ ਵੱਡੀ ਆਵਾਜ਼ ਮੰਨੀ ਜਾਣ ਵਾਲੇ ਐਸ਼ਲੇ ਟੈਲਿਸ ਨੇ 2023 ਵਿੱਚ ਇੱਕ ਲੇਖ ਵਿੱਚ ਲਿਖਿਆ ਸੀ ਕਿ ਅਮਰੀਕਾ ਨੇ ਭਾਰਤ ’ਤੇ ਗ਼ਲਤ ਦਾਅ ਲਗਾਇਆ ਹੈ। ਇੱਕ ਇੰਟਰਵਿਊ ਵਿੱਚ ਉਨ੍ਹਾਂ ਨੇ ਕਿਹਾ ਕਿ ਅਮਰੀਕਾ ਚੀਨ ਨਾਲ ਯੁੱਧ ਦੀ ਸਥਿਤੀ ਵਿੱਚ ਭਾਰਤ ਦੀ ਨਿਰਪੱਖਤਾ ਬਰਦਾਸ਼ਤ ਨਹੀਂ ਕਰ ਸਕਦਾ। ਟੈਲਿਸ ਵਾਸ਼ਿੰਗਟਨ ਵਿੱਚ ਭਾਰਤ ਨੂੰ ਲੈ ਕੇ ਪਨਪ ਰਹੀ ਬੇਚੈਨੀ ਨੂੰ ਦਰਸਾ ਰਹੇ ਸਨ। ਇਹ ਉਹੀ ਸਮਾਂ ਸੀ ਜਦੋਂ ਯੂਕ੍ਰੇਨ ਯੁੱਧ ਫਸ ਚੁੱਕਾ ਸੀ। ਅਮਰੀਕਾ ਰੂਸ ਨਾਲ ਸਿੱਧਾ ਟਕਰਾਅ ਮੁੱਲ ਨਹੀਂ ਲੈਣਾ ਚਾਹੁੰਦਾ ਸੀ। ਚੀਨ ਨੂੰ ਉਹ ਦਬਾਅ ਵਿੱਚ ਲੈ ਨਹੀਂ ਸਕਦਾ ਸੀ, ਇਸ ਲਈ ਭਾਰਤ ਨੂੰ ਰੂਸੀ ਤੇਲ ਖ਼ਰੀਦਣ ਦੇ ਦੋਸ਼ ਹੇਠ ਦਬਾਅ ਵਿੱਚ ਲੈਣ ਦਾ ਫ਼ੈਸਲਾ ਕੀਤਾ ਗਿਆ। ਤਦ ਤੋਂ ਹੀ ਇਹੀ ਨੀਤੀ ਜਾਰੀ ਹੈ। ਬਸ ਬਾਇਡੇਨ ਅਤੇ ਟਰੰਪ ਦੇ ਤਰੀਕੇ ਵੱਖਰੇ ਹਨ।

ਜਦੋਂ ਟਰੰਪ ਦੁਬਾਰਾ ਸੱਤਾ ਵਿੱਚ ਆਏ ਤਾਂ ਉਨ੍ਹਾਂ ਨੇ ਪਾਕਿਸਤਾਨ ਨਾਲ ਨਜ਼ਦੀਕੀਆਂ ਵਧਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ। ਜਦੋਂ ਪਹਿਲਗਾਮ ਵਿੱਚ ਅੱਤਵਾਦੀ ਹਮਲਾ ਹੋਇਆ ਤਦ ਉਨ੍ਹਾਂ ਦੇ ਪ੍ਰਤੀਨਿਧੀ ਪਾਕਿਸਤਾਨ ਨਾਲ ਕ੍ਰਿਪਟੋਕਰੰਸੀ ਡੀਲ ’ਤੇ ਹਸਤਾਖ਼ਰ ਕਰਨ ਦੀ ਤਿਆਰੀ ਕਰ ਰਹੇ ਸਨ। ਅਜਿਹੇ ਵਿੱਚ ਇਹ ਸੋਚਣਾ ਇਕ ਭੁੱਲ ਹੈ ਕਿ ਭਾਰਤ-ਪਾਕਿਸਤਾਨ ਸੀਜ਼ਫਾਇਰ ਦਾ ਸਿਹਰਾ ਨਾ ਮਿਲਣ ਕਾਰਨ ਗੁੱਸੇ ਵਿੱਚ ਆਏ ਟਰੰਪ ਨੇ ਭਾਰਤ ’ਤੇ ਟੈਰਿਫ ਲਗਾਏ ਹਨ। ਵਾਸ਼ਿੰਗਟਨ ਵਿੱਚ ਹੁਣ ਇਹ ਸੋਚ ਬਣ ਚੁੱਕੀ ਹੈ ਕਿ ਭਾਰਤ ਦੇ ਮਹਾਸ਼ਕਤੀ ਦੇ ਤੌਰ ’ਤੇ ਉਭਾਰ ਦਾ ਸਮਰਥਨ ਕਰਨ ਨਾਲ ਕੋਈ ਲਾਭ ਨਹੀਂ ਹੈ ਕਿਉਂਕਿ ਉਹ ਅਮਰੀਕਾ ਦੇ ਇਸ਼ਾਰਿਆਂ ’ਤੇ ਨੱਚਣ ਵਾਲਾ ਨਹੀਂ ਹੈ। ਅਮਰੀਕਾ ਨੂੰ ਲੱਗਦਾ ਹੈ ਕਿ ਜਦੋਂ ਚੀਨ ਨਾਲ ਨਿਪਟਣਾ ਹੀ ਉਸ ਨੂੰ ਭਾਰੀ ਪੈ ਰਿਹਾ ਹੈ ਤਾਂ ਰੱਖਿਆ ਦੇ ਖੇਤਰ ਵਿਚ ਸੁਤੰਤਰ ਮਹਾਸ਼ਕਤੀ ਦੇ ਤੌਰ ’ਤੇ ਭਾਰਤ ਦਾ ਉੱਭਰਨਾ ਭਵਿੱਖ ਵਿਚ ਉਸ ਦੀ ਆਲਮੀ ਪੱਧਰ ’ਤੇ ਧੌਂਸ ਲਈ ਚੁਣੌਤੀ ਵਧਾਉਣ ਦਾ ਕੰਮ ਕਰੇਗਾ। ਅਮਰੀਕਾ ਭਾਰਤ ਨੂੰ ਅਗਲਾ ਚੀਨ ਬਣਦੇ ਨਹੀਂ ਦੇਖਣਾ ਚਾਹੇਗਾ।

ਅਮਰੀਕੀ ਅਰਥ-ਸ਼ਾਸਤਰੀ ਜੈਫਰੀ ਸੇਕਸ ਕਹਿੰਦੇ ਹਨ ਕਿ ਭਾਰਤ ਨੂੰ ਸਫਲ ਹੁੰਦੇ ਦੇਖ ਕੇ ਅਮਰੀਕਾ ਉਸ ਦਾ ਵਿਰੋਧ ਕਰੇਗਾ, ਕਿਉਂਕਿ ਇਹ ਉਸ ਦੇ ਸੁਭਾਅ ਦਾ ਹਿੱਸਾ ਹੈ। ਇਸੇ ਕਾਰਨ ਪਹਿਲਾਂ ਅਮਰੀਕਾ ਰੂਸ ਦਾ ਵਿਰੋਧ ਕਮਿਊਨਿਜ਼ਮ ਦੇ ਨਾਂ ’ਤੇ ਕਰਦਾ ਸੀ। ਹੁਣ ਕਮਿਊਨਿਜ਼ਮ ਦੇ ਪਤਨ ਤੋਂ ਬਾਅਦ ਵੀ ਉਸ ਦਾ ਵਿਰੋਧ ਜਾਰੀ ਹੈ ਕਿਉਂਕਿ ਅਜੇ ਵੀ ਰੂਸ ਇੱਕ ਵੱਡੀ ਭੂ-ਰਾਜਨੀਤਕ ਸ਼ਕਤੀ ਹੈ ਅਤੇ ਉਹ ਕਦੇ ਵੀ ਅਮਰੀਕਾ ਦੀ ਕਠਪੁਤਲੀ ਨਹੀਂ ਬਣੇਗਾ। ਭਾਰਤ ਦੇ ਚਮਤਕਾਰੀ ਆਰਥਿਕ ਵਿਕਾਸ ਕਾਰਨ ਇਹੀ ਅਮਰੀਕੀ ਰਵੱਈਆ ਹੁਣ ਭਾਰਤ ਪ੍ਰਤੀ ਦਿਖਾਈ ਦੇਣ ਲੱਗਾ ਹੈ। ਅਜਿਹੇ ਵਿਚ ਜੇ ਭਾਰਤ ਨੇ ਆਰਥਿਕ ਅਤੇ ਫ਼ੌਜੀ ਮਹਾਸ਼ਕਤੀ ਬਣਨ ਦੀ ਆਪਣੀ ਯਾਤਰਾ ਜਾਰੀ ਰੱਖਣੀ ਹੈ ਤਾਂ ਸਾਡੇ ਉਦਯੋਗਪਤੀਆਂ, ਵਿਦਵਾਨਾਂ, ਖੋਜਕਰਤਾਵਾਂ, ਪੇਸ਼ੇਵਰਾਂ ਅਤੇ ਵਿਦਿਆਰਥੀਆਂ ਨੂੰ ਚੌਗੁਣੀ ਤਾਕਤ ਨਾਲ ਕੰਮ ਕਰਨਾ ਹੋਵੇਗਾ।

# ਪੰਜਾਬ ਸੰਤਾਪ ਨਾਲ ਜੁੜੇ ਕੇਸਾਂ ’ਚੋਂ ਰਿਹਾਅ ਹੋਏ ਸਿੱਖਾਂ ਨਾਲ ਰਾਜਸਥਾਨ ਸਰਕਾਰ ਕਿਉਂ ਕਰ ਰਹੀ ਹੈ ਵਿਤਕਰਾ?

## ਪੰਥਕ ਜਥੇਬੰਦੀਆਂ ਅਤੇ ਸ਼੍ਰੋਮਣੀ ਕਮੇਟੀ ਦੀ ਚੁੱਪੀ: ਸਿੱਖ ਭਾਈਚਾਰੇ ਵਿੱਚ ਨਿਰਾਸ਼ਾ

## ਦੂਹਰੇ ਮਾਪਦੰਡ ਅਤੇ ਸਿੱਖਾਂ ਨਾਲ ਅਨਿਆਂ ਕਿਉਂ?



ਬਘੇਲ ਸਿੰਘ ਧਾਲੀਵਾਲ

ਭਾਰਤ ਵਿੱਚ ਘੱਟ ਗਿਣਤੀ ਵਰਗਾਂ ਨੂੰ ਆਏ ਦਿਨ ਵੱਖ-ਵੱਖ ਤਰੀਕਿਆਂ ਨਾਲ ਨਿਸ਼ਾਨਾ ਬਣਾਉਣ ਦੇ ਮਾਮਲੇ ਸਾਹਮਣੇ ਆਉਂਦੇ ਰਹਿੰਦੇ ਹਨ, ਪਰ ਰਾਜਸਥਾਨ ਵਿੱਚ ਭਾਜਪਾ ਸਰਕਾਰ ਵੱਲੋਂ ਸਿੱਖ ਭਾਈਚਾਰੇ ਨੂੰ ਜਾਣ ਬੁੱਝ ਕੇ ਪਰੇਸ਼ਾਨ ਕੀਤੇ ਜਾਣ ਦੇ ਆਰੋਪ ਬਹੁਤ ਗੰਭੀਰ ਅਤੇ ਚਿੰਤਾਜਨਕ ਹਨ। ਰਾਜਸਥਾਨ ਪੁਲਿਸ ਵੱਲੋਂ 1984 ਦੇ ਸਮੇਂ ਨਾਲ ਜੁੜੇ ਕੇਸਾਂ ਵਿੱਚ ਸਜ਼ਾ ਭੁਗਤ ਚੁੱਕੇ ਜਾਂ ਬਰੀ ਹੋ ਚੁੱਕੇ ਸਿੱਖ ਵਿਅਕਤੀਆਂ ਨੂੰ ਮੁੜ ਥਾਣਿਆਂ ਵਿੱਚ ਬੁਲਾ ਕੇ ਹੈਰਾਨ ਕੀਤੇ ਜਾਣ ਦੀਆਂ ਖਬਰਾਂ ਨੇ ਸਿੱਖ ਭਾਈਚਾਰੇ ਵਿੱਚ ਰੋਸ ਪੈਦਾ ਕਰ ਦਿੱਤਾ ਹੈ। ਇਸ ਮਾਮਲੇ ਵਿੱਚ ਪੀੜਤ ਸਿੱਖਾਂ ਨੇ ਆਪਣੀ ਵੀਡੀਓ ਜਨਤਕ ਕਰਕੇ ਆਪਣੀ ਵੇਦਨਾ ਜ਼ਾਹਰ ਕੀਤੀ ਹੈ, ਜਿਸ ਵਿੱਚ ਉਹਨਾਂ ਨੇ ਨਾ ਸਿਰਫ਼ ਰਾਜਸਥਾਨ ਸਰਕਾਰ ਨੂੰ ਨਿਸ਼ਾਨੇ ’ਤੇ ਰੱਖਿਆ ਹੈ ਬਲਕਿ ਸਿੱਖ ਆਗੂਆਂ ਅਤੇ ਕੇਂਦਰ ਸਰਕਾਰ ਨੂੰ ਵੀ ਸਵਾਲ ਕੀਤੇ ਹਨ।

ਰਾਜਸਥਾਨ ਸਰਕਾਰ ਵੱਲੋਂ ਸਿੱਖਾਂ ਨੂੰ ਨਿਸ਼ਾਨਾ ਬਣਾਉਣ ਦਾ ਵਰਤਾਰਾ

ਰਾਜਸਥਾਨ ਵਿੱਚ ਭਾਜਪਾ ਸਰਕਾਰ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਘੱਟ ਗਿਣਤੀ ਵਰਗਾਂ, ਖਾਸ ਕਰਕੇ ਸਿੱਖ ਭਾਈਚਾਰੇ ਨੂੰ ਨਿਸ਼ਾਨਾ ਬਣਾਉਣ ਦੇ ਕਈ ਮਾਮਲੇ ਸਾਹਮਣੇ ਆਏ ਹਨ। ਇਸ ਵਿੱਚ ਤਾਜ਼ਾ ਮਾਮਲਾ ਸ੍ਰੀ ਗੰਗਾ ਨਗਰ ਜ਼ਿਲ੍ਹੇ ਨਾਲ ਜੁੜਿਆ ਹੈ, ਜਿੱਥੇ ਪੁਲਿਸ ਚੌਂਕੀ ਵਿੱਚ ਬੈਠੇ ਅਧਿਕਾਰੀਆਂ ਵੱਲੋਂ ਪੁਰਾਣੇ ਕੇਸਾਂ ਵਿੱਚ ਸ਼ਾਮਲ ਰਹੇ ਸਿੱਖ ਵਿਅਕਤੀਆਂ ਨੂੰ ਬੁਲਾ ਕੇ ਪੁੱਛਗਿੱਛ ਕੀਤੀ ਜਾ ਰਹੀ ਹੈ। ਪੀੜਤਾਂ ਅਨੁਸਾਰ, ਇਹ ਸਭ 1984 ਦੇ ਅੰਦੋਲਨ ਜਾਂ ਘਟਨਾਵਾਂ ਨਾਲ ਜੁੜੇ ਕੇਸਾਂ ਨੂੰ ਬਹਾਨਾ ਬਣਾ ਕੇ ਕੀਤਾ ਜਾ ਰਿਹਾ ਹੈ। ਉਹਨਾਂ ਨੂੰ ਆਪਣੀ ਜਾਇਦਾਦ ਦੇ ਵੇਰਵੇ ਦੇਣ ਲਈ ਕਿਹਾ ਜਾ ਰਿਹਾ ਹੈ ਅਤੇ ਬਿਨਾਂ ਕਿਸੇ ਕਨੂੰਨੀ ਨੋਟਿਸ ਜਾਂ ਸ਼ਿਕਾਇਤ ਦੇ ਥਾਣਿਆਂ ਵਿੱਚ ਬੁਲਾਇਆ ਜਾ ਰਿਹਾ ਹੈ।

ਰਾਜਸਥਾਨ ਦੇ ਸਿੱਖਾਂ ਦਾ ਕਹਿਣਾ ਹੈ ਕਿ ਇਹ ਨਾ ਸਿਰਫ਼ ਅਨਿਆਂ ਹੈ ਬਲਕਿ ਸਿੱਖ ਭਾਈਚਾਰੇ ਨੂੰ ਗੁਲਾਮੀ ਦਾ ਅਹਿਸਾਸ ਕਰਵਾਉਣ ਵਾਲਾ ਵੀ ਹੈ। ਉਹਨਾਂ ਨੇ ਕਿਹਾ ਹੈ ਕਿ ਭਾਰਤ ਵਿੱਚ ਆਮ ਤੌਰ ’ਤੇ ਘੱਟ ਗਿਣਤੀਆਂ ਨੂੰ ਅਜਿਹੀਆਂ ਸਥਿਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ, ਪਰ ਰਾਜਸਥਾਨ ਵਿੱਚ ਇਹ ਵਰਤਾਰਾ ਵਧੇਰੇ ਤੇਜ਼ੀ ਨਾਲ ਵੱਧ ਰਿਹਾ ਹੈ। ਸ੍ਰੀ ਗੰਗਾ ਨਗਰ ਵਿੱਚ ਰਹਿੰਦੇ ਸਿੱਖ ਪਰਿਵਾਰਾਂ ਨੇ ਦੱਸਿਆ ਕਿ ਉਹਨਾਂ ਦੇ ਬਜ਼ੁਰਗ ਮੈਂਬਰ, ਜਿਨ੍ਹਾਂ ਦੀ ਉਮਰ 80-90 ਸਾਲਾਂ ਤੱਕ ਪਹੁੰਚ ਚੁੱਕੀ ਹੈ, ਨੂੰ ਵੀ ਥਾਣਿਆਂ ਵਿੱਚ ਬੁਲਾ ਕੇ ਪਰੇਸ਼ਾਨ ਕੀਤਾ ਜਾ ਰਿਹਾ ਹੈ। ਇਹ ਵਿਅਕਤੀ 40 ਸਾਲ ਪਹਿਲਾਂ ਦੇ ਕੇਸਾਂ ਵਿੱਚ ਸ਼ਾਮਲ ਰਹੇ ਸਨ ਅਤੇ ਉਹਨਾਂ ਨੂੰ ਅਦਾਲਤਾਂ ਵੱਲੋਂ ਬਰੀ ਕੀਤਾ ਜਾਂ ਸਜ਼ਾ ਪੂਰੀ ਕਰਨ ਤੋਂ ਬਾਅਦ ਰਿਹਾਅ ਕੀਤਾ ਗਿਆ ਸੀ।

ਕਈ ਸਿੱਖ ਸੰਗਠਨਾਂ ਨੇ ਇਸ ਨੂੰ ਵਿਤਕਰੇ ਵਾਲੀ ਨੀਤੀ ਕਰਾਰ ਦਿੱਤਾ ਹੈ ਅਤੇ ਮੰਗ ਕੀਤੀ ਹੈ ਕਿ ਅਜਿਹੀਆਂ ਕਾਰਵਾਈਆਂ ਨੂੰ ਤੁਰੰਤ ਰੋਕਿਆ ਜਾਵੇ। ਰਾਜਸਥਾਨ ਵਿੱਚ ਸਿੱਖ ਆਬਾਦੀ ਵਧੇਰੇ ਗੰਗਾ ਨਗਰ, ਹਨੂੰਮਾਨਗੜ੍ਹ ਅਤੇ ਬੀਕਾਨੇਰ ਵਰਗੇ ਇਲਾਕਿਆਂ ਵਿੱਚ ਹੈ, ਜਿੱਥੇ ਉਹ ਖੇਤੀਬਾੜੀ ਅਤੇ ਵਪਾਰ ਨਾਲ ਜੁੜੇ ਹੋਏ ਹਨ। ਇਹਨਾਂ ਇਲਾਕਿਆਂ ਵਿੱਚ ਪੁਲਿਸ ਦੀ ਇਸ ਕਾਰਵਾਈ ਨੇ ਉਹਨਾਂ ਦੇ ਰੋਜ਼ਾਨਾ ਜੀਵਨ ਨੂੰ ਪ੍ਰਭਾਵਿਤ ਕੀਤਾ ਹੈ ਅਤੇ ਡਰ ਦਾ ਮਾਹੌਲ ਪੈਦਾ ਕਰ ਦਿੱਤਾ ਹੈ।

ਪੀੜਤਾਂ ਅਨੁਸਾਰ, ਉਹਨਾਂ ਨੂੰ ਬਿਨਾਂ ਕਿਸੇ ਨਵੇਂ ਦੋਸ਼ ਜਾਂ ਸ਼ਿਕਾਇਤ ਦੇ ਬੁਲਾਇਆ ਜਾ ਰਿਹਾ ਹੈ ਅਤੇ ਉਹਨਾਂ ਦੀ ਜਾਇਦਾਦ, ਪਰਿਵਾਰ ਅਤੇ ਕੰਮ ਧੰਦੇ ਬਾਰੇ ਪੁੱਛਗਿੱਛ ਕੀਤੀ ਜਾ ਰਹੀ ਹੈ। ਇਹ ਕਾਰਵਾਈ 25-40 ਸਾਲ ਪੁਰਾਣੇ ਕੇਸਾਂ ਨੂੰ ਬਹਾਨਾ ਬਣਾ ਕੇ ਕੀਤੀ ਜਾ ਰਹੀ ਹੈ, ਜਿਨ੍ਹਾਂ ਵਿੱਚ ਉਹ ਵਿਅਕਤੀ ਪਹਿਲਾਂ ਹੀ ਬਰੀ ਹੋ ਚੁੱਕੇ ਹਨ ਜਾਂ ਸਜ਼ਾ ਭੁਗਤ ਚੁੱਕੇ ਹਨ।

ਕਨੂੰਨੀ ਮਾਹਿਰਾਂ ਅਨੁਸਾਰ, ਅਦਾਲਤ ਵੱਲੋਂ ਬਰੀ ਹੋ ਚੁੱਕੇ ਵਿਅਕਤੀ ਨੂੰ ਬਿਨਾਂ ਨਵੇਂ ਸਬੂਤ ਜਾਂ ਕੇਸ ਦੇ ਮੁੜ ਬੁਲਾਉਣਾ ਕਨੂੰਨੀ ਤੌਰ ’ਤੇ ਗਲਤ ਹੈ। ਸ੍ਰੀ ਗੰਗਾ ਨਗਰ ਦੇ ਬੱਸ ਸਟੈਂਡ ਪੁਲਿਸ ਚੌਂਕੀ ਵਿੱਚ ਜਨਤਕ ਹੋਈ ਵੀਡੀਓ ਵਿੱਚ ਪੀੜਤ ਸਿੱਖਾਂ ਨੇ ਆਪਣੀ ਵੇਦਨਾ ਜ਼ਾਹਰ ਕੀਤੀ ਹੈ ਅਤੇ ਕਿਹਾ ਹੈ ਕਿ ਉਹਨਾਂ ਨੂੰ ਆਪਣੇ ਪੁਰਾਣੇ ਅੰਦੋਲਨਾਂ ਲਈ ਸਜ਼ਾ ਮਿਲ ਚੁੱਕੀ ਹੈ ਅਤੇ ਹੁਣ ਉਹ ਆਪਣੇ ਪਰਿਵਾਰ ਨਾਲ ਆਮ ਜੀਵਨ ਜੀ ਰਹੇ ਹਨ।

ਇਸ ਮਾਮਲੇ ਵਿੱਚ ਪੀੜਤਾਂ ਨੇ ਭਾਜਪਾ ਵਿੱਚ ਬੈਠੇ ਸਿੱਖ ਆਗੂਆਂ ਨੂੰ ਵੀ ਨਿਹੋਰੇ ਦਿੱਤੇ ਹਨ ਕਿ ਉਹ ਆਪਣੀ ਕੌਮ ਨਾਲ ਹੋ ਰਹੇ ਅਨਿਆਂ ਵਿਰੁੱਧ ਅਵਾਜ਼ ਉਠਾਉਣ। ਖਾਸ ਕਰਕੇ ਦਿੱਲੀ ਅਤੇ ਪੰਜਾਬ ਦੇ ਸਿੱਖ ਆਗੂਆਂ ਨੂੰ ਸੰਬੋਧਨ ਕਰਦੇ ਹੋਏ ਉਹਨਾਂ ਨੇ ਕਿਹਾ ਹੈ ਕਿ ਜਿਹੜੀ ਪਾਰਟੀ ਸਿੱਖਾਂ ਦੀ ਹੋਂਦ ਮਿਟਾਉਣ ਲਈ ਯਤਨ ਕਰ ਰਹੀ ਹੈ, ਉਸ ਨਾਲ ਜੁੜ ਕੇ ਚੇਅਰਮੈਨੀਆਂ ਅਤੇ ਵਜ਼ੀਰੀਆਂ ਦੇ ਲਾਲਚ ਵਿੱਚ ਆਪਣੀ ਕੌਮ ਨੂੰ ਭੁੱਲ ਜਾਣਾ ਗਲਤ ਹੈ। ਇਹ ਵੀਡੀਓ ਸੋਸ਼ਲ ਮੀਡੀਆ ’ਤੇ ਵਾਇਰਲ ਹੋ ਰਹੀ ਹੈ ਅਤੇ ਇਸ ਨੇ ਸਿੱਖ ਭਾਈਚਾਰੇ ਵਿੱਚ ਚਰਚਾ ਛੇੜ ਦਿੱਤੀ ਹੈ। ਪੀੜਤਾਂ ਨੇ ਹੋਰ ਸਮਾਜਾਂ ਜਿਵੇਂ ਜਾਟ, ਰਾਜਪੂਤ ਅਤੇ ਮੀਣੇ ਨੂੰ ਉਦਾਹਰਣ ਵਜੋਂ ਪੇਸ਼ ਕੀਤਾ ਹੈ ਕਿ ਉਹ ਅਜਿਹੀਆਂ ਸਥਿਤੀਆਂ ਵਿੱਚ ਇੱਕਜੁੱਟ ਹੋ ਜਾਂਦੇ ਹਨ ਅਤੇ ਆਪਣੇ ਹੱਕ ਲੈ ਲੈਂਦੇ ਹਨ, ਪਰ ਸਿੱਖ ਭਾਈਚਾਰਾ ਇਸ ਵਿੱਚ ਪਿੱਛੇ ਰਹਿ ਜਾਂਦਾ ਹੈ।

ਪੰਥਕ ਜਥੇਬੰਦੀਆਂ ਅਤੇ ਸ਼੍ਰੋਮਣੀ ਕਮੇਟੀ ਦੀ ਚੁੱਪੀ ਦੇ ਕਾਰਨ

ਇਸ ਮਸਲੇ ਵਿੱਚ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਪੰਥਕ ਜਥੇਬੰਦੀਆਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸਜੀਪੀਸੀ) ਕਿਉਂ ਚੁੱਪ ਹਨ? ਸਿੱਖ ਭਾਈਚਾਰੇ ਦੇ ਹੱਕਾਂ ਲਈ ਲੜਨ ਵਾਲੀਆਂ ਇਹਨਾਂ ਸੰਸਥਾਵਾਂ ਨੂੰ ਅਜਿਹੇ ਮਾਮਲਿਆਂ ਵਿੱਚ ਆਵਾਜ਼ ਉਠਾਉਣੀ ਚਾਹੀਦੀ ਹੈ, ਪਰ ਉਹਨਾਂ ਦੀ ਚੁੱਪੀ ਨੇ ਪੀੜਤਾਂ ਨੂੰ ਨਿਰਾਸ਼ ਕੀਤਾ ਹੈ।

ਪੰਥਕ ਜਥੇਬੰਦੀਆਂ ਜਿਵੇਂ ਅਕਾਲੀ ਦਲ, ਦਮਦਮੀ ਟਕਸਾਲ ਅਤੇ ਹੋਰ ਸਿੱਖ ਸੰਗਠਨਾਂ ਨੇ ਅਜੇ ਤੱਕ ਇਸ ਮਸਲੇ ’ਤੇ ਕੋਈ ਬਿਆਨ ਨਹੀਂ ਜਾਰੀ ਕੀਤਾ। ਐੱਸਜੀਪੀਸੀ, ਜਿਹੜੀ ਸਿੱਖ ਧਾਰਮਿਕ ਮਾਮਲਿਆਂ ਦੀ ਨੁਮਾਇੰਦਗੀ ਕਰਦੀ ਹੈ, ਨੇ ਵੀ ਚੁੱਪੀ ਸਾਧੀ ਹੋਈ ਹੈ। ਪੀੜਤਾਂ ਨੇ ਇਸ ਚੁੱਪੀ ਨੂੰ ਸ਼ਰਮਨਾਕ ਕਰਾਰ ਦਿੱਤਾ ਹੈ ਅਤੇ ਕਿਹਾ ਹੈ ਕਿ ਜੇਕਰ ਹੋਰ ਸਮਾਜ ਆਪਣੇ ਮੈਂਬਰਾਂ ਲਈ ਇੱਕਜੁੱਟ ਹੋ ਜਾਂਦੇ ਹਨ ਤਾਂ ਸਿੱਖ ਕਿਉਂ ਨਹੀਂ? ਇਸ ਚੁੱਪੀ ਦੇ ਪਿੱਛੇ ਰਾਜਨੀਤਿਕ ਕਾਰਨ ਵੀ ਹੋ ਸਕਦੇ ਹਨ, ਕਿਉਂਕਿ ਕਈ ਪੰਥਕ ਆਗੂ ਭਾਜਪਾ ਨਾਲ ਜੁੜੇ ਹੋਏ ਹਨ। ਇਸ ਨੇ ਸਿੱਖ ਭਾਈਚਾਰੇ ਵਿੱਚ ਵੰਡ ਪੈਦਾ ਕੀਤੀ ਹੈ ਅਤੇ ਆਮ ਸਿੱਖ ਨੂੰ ਬੇਗਾਨਗੀ ਦਾ ਅਹਿਸਾਸ ਕਰਵਾਇਆ ਹੈ।

ਕੇਂਦਰ ਸਰਕਾਰ ਸਿੱਖ ਮਸਲਿਆਂ ਤੇ ਅਧਿਕਾਰਾਂ ਬਾਰੇ ਕਿਉਂ ਚੁੱਪ?

ਇਸ ਮਸਲੇ ਵਿੱਚ ਕੇਂਦਰ ਸਰਕਾਰ ਦੀ ਚੁੱਪੀ ਵੀ ਸਵਾਲੀਆ ਨਿਸ਼ਾਨ ਹੈ। ਇੱਕ ਪਾਸੇ ਕੇਂਦਰ ਅਤੇ ਸੂਬਾ ਸਰਕਾਰਾਂ ਸਿੱਖ ਗੁਰੂ ਸਾਹਿਬਾਨਾਂ ਦੇ ਸ਼ਹੀਦੀ ਦਿਹਾੜੇ ਵੱਡੇ ਪੱਧਰ ’ਤੇ ਮਨਾਉਂਦੀਆਂ ਹਨ, ਜਿਵੇਂ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ, ਪਰ ਦੂਜੇ ਪਾਸੇ ਸਿੱਖਾਂ ਨਾਲ ਅਨਿਆਂ ਹੋ ਰਹੇ ਹਨ। ਇਹ ਦੂਹਰੇ ਮਾਪਦੰਡ ਨੂੰ ਦਰਸਾਉਂਦਾ ਹੈ ਅਤੇ ਸਿੱਖਾਂ ਦੇ ਜ਼ਖਮਾਂ ’ਤੇ ਲੂਣ ਛਿੜਕਣ ਵਰਗਾ ਹੈ। ਕੇਂਦਰ ਨੂੰ ਰਾਜਸਥਾਨ ਵਰਗੇ ਸੂਬਿਆਂ ਨੂੰ ਅਜਿਹੀਆਂ ਕਾਰਵਾਈਆਂ ਤੋਂ ਰੋਕਣਾ ਚਾਹੀਦਾ ਹੈ।

ਜੇਕਰ ਅਜਿਹਾ ਨਾ ਕੀਤਾ ਗਿਆ ਤਾਂ ਸਿੱਖ ਮਨਾਂ ਵਿੱਚ ਬੇਗਾਨਗੀ ਵਧੇਗੀ ਅਤੇ ਇਸ ਦੇ ਦੂਰਗਾਮੀ ਨਤੀਜੇ ਹੋ ਸਕਦੇ ਹਨ। ਕੇਂਦਰ ਨੂੰ ਸਿੱਖਾਂ ਨਾਲ ਚੰਗੇ ਸਬੰਧ ਰੱਖਣ ਲਈ ਸਖ਼ਤ ਕਦਮ ਚੁੱਕਣੇ ਚਾਹੀਦੇ ਹਨ। ਇਸ ਮਸਲੇ ਨੇ ਇੱਕ ਵਾਰ ਫਿਰ ਸਾਬਤ ਕੀਤਾ ਹੈ ਕਿ ਘੱਟ ਗਿਣਤੀ ਵਰਗਾਂ ਨੂੰ ਨਿਆਂ ਮਿਲਣ ਵਿੱਚ ਅਜੇ ਵੀ ਕਮੀ ਹੈ ਅਤੇ ਇਸ ਨੂੰ ਰੋਕਣ ਲਈ ਸਮੂਹ ਸਮਾਜ ਨੂੰ ਇੱਕਜੁੱਟ ਹੋਣਾ ਪਵੇਗਾ।

# ਟੈਰਿਫ਼ ਵਾਧੇ ਦਾ ਭਾਰਤੀ ਮਹਿਲਾਵਾਂ ਦੇ ਰੁਜ਼ਗਾਰ ’ਤੇ ਵੀ ਪਵੇਗਾ ਅਸਰ

**ਅਨੁਰੋਧ ਲਲਿਤ ਜੈਨ**



ਭਾਰਤ ਵਿਸ਼ਵ ਦੀ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਬਣਨ ਦੇ ਰਾਹ ’ਤੇ ਅੱਗੇ ਵਧ ਰਿਹਾ ਹੈ ਪਰ ਹੁਣ ਇਸ ਪ੍ਰਗਤੀ ’ਤੇ ਜੋ ਇੱਕ ਖ਼ਤਰਾ ਮੰਡਰਾ ਰਿਹਾ ਸੀ ਉਹ ਅਮਲ ’ਚ ਆ ਚੁੱਕਾ ਹੈ। ਇਹ ਖ਼ਤਰਾ ਸੀ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਭਾਰਤੀ ਨਿਰਯਾਤ ’ਤੇ ਲਗਾਏ ਜਾਣ ਵਾਲੇ 50 ਪ੍ਰਤੀਸ਼ਤ ਦੇ ਭਾਰੀ ਟੈਰਿਫ਼ ਦਾ। ਇਹ ਟੈਰਿਫ਼ ਭਾਰਤ ਤੋਂ ਅਮਰੀਕਾ ਨੂੰ ਹੋਣ ਵਾਲੇ 40 ਅਰਬ ਡਾਲਰ ਦੇ ਵਪਾਰ ਨੂੰ ਨਿਸ਼ਾਨਾ ਬਣਾਉਂਦਾ ਹੈ।

ਇਸ ਨਾਲ ਦੇਸ਼ ਦੀ ਜੀਡੀਪੀ ਵਿੱਚ ਲਗਪਗ ਇੱਕ ਪ੍ਰਤੀਸ਼ਤ ਦੀ ਕਮੀ ਆ ਸਕਦੀ ਹੈ। ਇਹ ਟੈਰਿਫ਼ ਕੱਪੜਿਆਂ ਅਤੇ ਰਤਨਾਂ ਵਰਗੇ ਉਨ੍ਹਾਂ ਕਿਰਤ-ਕੇਂਦਰਿਤ ਖੇਤਰਾਂ ਵਿੱਚ ਲੱਖਾਂ ਭਾਰਤੀ ਮਹਿਲਾਵਾਂ ਦੇ ਰੁਜ਼ਗਾਰ ਨੂੰ ਅਸਥਿਰ ਕਰ ਸਕਦਾ ਹੈ ਜਿੱਥੇ ਉਨ੍ਹਾਂ ਦੀ ਭਾਈਵਾਲੀ ਸਭ ਤੋਂ ਵੱਧ ਹੈ। ਲਗਪਗ 5.5 ਕਰੋੜ ਲੋਕਾਂ ਨੂੰ ਰੁਜ਼ਗਾਰ ਦੇਣ ਵਾਲੇ ਕੱਪੜੇ ਅਤੇ ਰਤਨ ਵਰਗੇ ਖੇਤਰ ਹੁਣ 50 ਪ੍ਰਤੀਸ਼ਤ ਤੱਕ ਦੇ ਨਿਰਯਾਤ ਵਿੱਚ ਕਮੀ ਦਾ ਸਾਹਮਣਾ ਕਰ ਸਕਦੇ ਹਨ।

ਇਸ ਦੇ ਉਲਟ ਚੀਨ ਆਪਣੀ ਉਤਪਾਦਨ ਸਮਰੱਥਾ ਅਤੇ ਅਫ਼ਰੀਕਾ, ਯੂਰਪ ਵਰਗੇ ਖੇਤਰਾਂ ਵਿਚ ਨਿਰਯਾਤ ਵੰਨ-ਸੁਵੰਨਤਾ ਕਾਰਨ ਅਮਰੀਕੀ ਟੈਰਿਫ਼ ਦੀ ਚੁਣੌਤੀ ਦਾ ਸਾਹਮਣਾ ਕਰਨ ਵਿੱਚ ਸਮਰੱਥ ਦਿਖਾਈ ਦੇ ਰਿਹਾ ਹੈ ਜਦਕਿ ਭਾਰਤ ਇਸ ਮਾਮਲੇ ਵਿੱਚ ਅਸੁਰੱਖਿਅਤ ਹੈ। ਇਸ ਦੇ ਦੋ ਮੁੱਖ ਕਾਰਨ ਹਨ - ਪਹਿਲਾ, ਭਾਰਤ ਦਾ 18 ਪ੍ਰਤੀਸ਼ਤ ਨਿਰਯਾਤ ਅਮਰੀਕਾ ’ਤੇ ਨਿਰਭਰ ਹੈ ਅਤੇ ਦੂਜਾ, ਵੀਅਤਨਾਮ ਵਰਗੇ ਮੁਕਾਬਲੇਦਾਰਾਂ ਦੀ ਤੁਲਨਾ ਵਿੱਚ ਭਾਰਤੀ ਉਤਪਾਦ 30-35 ਪ੍ਰਤੀਸ਼ਤ ਤੱਕ ਮਹਿੰਗੇ ਹਨ ਜੋ ਇੱਕ ਵੱਡੀ ਚੁਣੌਤੀ ਹੈ। ਇਸ ਤਰ੍ਹਾਂ ਦੇ ਸੰਕਟ ਦੇ ਸਮੇਂ ਵਿੱਚ ਮਹਾਤਮਾ ਗਾਂਧੀ ਦੇ ਸ਼ਬਦ ਪ੍ਰਸੰਗਿਕ ਲੱਗਦੇ ਹਨ, ‘ਕਿਸੇ ਰਾਸ਼ਟਰ ਦੀ ਤਾਕਤ ਉਸ ਦੀਆਂ ਮਹਿਲਾਵਾਂ ਵਿੱਚ ਮੌਜੂਦ ਹੁੰਦੀ ਹੈ।’

ਇਸ ਸੰਦਰਭ ਵਿੱਚ ਅਸੀਂ ਅੱਧੀ ਆਬਾਦੀ ਨੂੰ ਆਰਥਿਕ ਤੌਰ ’ਤੇ ਮਜ਼ਬੂਤ ਕਰ ਕੇ ਇਸ ਚੁਣੌਤੀ ਦਾ ਸਾਹਮਣਾ ਕਰ ਸਕਦੇ ਹਾਂ। ਭਾਰਤ ਵਿੱਚ ਮਹਿਲਾ ਕਿਰਤ ਬਲ ਦੀ ਭਾਗੀਦਾਰੀ ਬਹੁਤ ਘੱਟ ਹੈ ਜੋ 37 ਤੋਂ 41.7 ਪ੍ਰਤੀਸ਼ਤ ਦੇ ਵਿਚਕਾਰ ਬਣੀ ਹੋਈ ਹੈ। ਜਦਕਿ ਆਲਮੀ ਔਸਤ ਅਤੇ ਚੀਨ ਦੀ ਦਰ ਲਗਪਗ 60 ਪ੍ਰਤੀਸ਼ਤ ਹੈ। ਚੀਨ, ਜਾਪਾਨ ਅਤੇ ਅਮਰੀਕਾ ਵਰਗੇ ਦੇਸ਼ ਇਸ ਗੱਲ ਦਾ ਸਬੂਤ ਹਨ ਕਿ ਜਦੋਂ ਮਹਿਲਾਵਾਂ ਅਰਥਵਿਵਸਥਾ ਵਿੱਚ ਸਰਗਰਮ ਭੂਮਿਕਾ ਨਿਭਾਉਂਦੀਆਂ ਹਨ ਤਾਂ ਸਮਾਵੇਸ਼ੀ ਵਿਕਾਸ ਸੰਭਵ ਹੁੰਦਾ ਹੈ।

ਜਾਪਾਨ ਨੇ ‘ਵੂਮੈਨਾਮਿਕਸ’ ਰਣਨੀਤੀ ਅਪਣਾ ਕੇ ਮਹਿਲਾ ਭਾਗੀਦਾਰੀ ਨੂੰ 74 ਪ੍ਰਤੀਸ਼ਤ ਤੱਕ ਪਹੁੰਚਾਇਆ ਹੈ। ਅਮਰੀਕਾ ਦੀ ਅਰਥਵਿਵਸਥਾ ਨੂੰ ਵੀ ਮਹਿਲਾਵਾਂ ਦੀ ਭਾਗੀਦਾਰੀ ਨਾਲ ਮਜ਼ਬੂਤੀ ਮਿਲੀ ਹੈ। ਅੰਤਰਰਾਸ਼ਟਰੀ ਮੁਦਰਾ ਕੋਸ਼ ਦਾ ਅਨੁਮਾਨ ਹੈ ਕਿ ਇਸ ਲਿੰਗ ਅੰਤਰ ਨੂੰ ਖ਼ਤਮ ਕਰਨ ਨਾਲ ਭਾਰਤ 2025 ਤੱਕ ਆਪਣੀ ਜੀਡੀਪੀ ਵਿਚ 27 ਪ੍ਰਤੀਸ਼ਤ ਯਾਨੀ 770 ਅਰਬ ਡਾਲਰ ਦਾ ਵਾਧਾ ਕਰ ਸਕਦਾ ਹੈ। ਸੰਨ 2047 ਤੱਕ ਇਹ ਅੰਕੜਾ 14 ਲੱਖ ਕਰੋੜ ਡਾਲਰ ਤੱਕ ਪਹੁੰਚ ਸਕਦਾ ਹੈ ਪਰ ਇਸ ਦੇ ਰਸਤੇ ਵਿੱਚ ਸੰਸਕ੍ਰਿਤਕ ਰੂੜੀਵਾਦ, ਨੀਤੀਗਤ ਨਕਾਰਾਪਣ ਅਤੇ ਰੁਜ਼ਗਾਰ ਲਈ ਪ੍ਰਣਾਲੀਗਤ ਅੜਿੱਕੇ ਪੈ ਸਕਦੇ ਹਨ। ਭਾਰਤ ਇਸ ਸਮੇਂ ਆਪਣੇ ਵਸੋਂ ਲਾਭ ਦੇ ਸਿਖਰ ’ਤੇ ਹੈ। ਇਹ ਇੱਕ ਅਜਿਹਾ ਦੌਰ ਹੈ ਜਦੋਂ ਕੰਮ ਕਰਨ ਵਾਲੀ ਆਬਾਦੀ ਆਸ਼੍ਰਿਤਾਂ ਦੀ ਤੁਲਨਾ ਵਿੱਚ ਬਹੁਤ ਵੱਧ ਹੈ। ਇਹ ਮੌਕਾ ਸੀਮਤ ਸਮੇਂ ਲਈ ਹੈ ਅਤੇ 2045 ਤੱਕ ਖ਼ਤਮ ਹੋ ਜਾਵੇਗਾ।

ਚੀਨ, ਜਾਪਾਨ ਅਤੇ ਅਮਰੀਕਾ ਵਰਗੇ ਦੇਸ਼ ਇਸ ਮੌਕੇ ਦਾ ਲਾਭ ਉਠਾ ਕੇ ਵਿਕਸਤ ਹੋਏ ਹਨ। ਭਾਰਤ ਨੂੰ ਇਸ ਪਲ ਨੂੰ ਸਥਾਈ ਖ਼ੁਸ਼ਹਾਲੀ ਵਿਚ ਬਦਲਣ ਲਈ ਤੁਰੰਤ ਕਦਮ ਚੁੱਕਣੇ ਹੋਣਗੇ। ਇਸ ਦਾ ਇਕੱਲਾ ਰਸਤਾ ਮਹਿਲਾਵਾਂ ਨੂੰ ਪੂਰੀ ਤਰ੍ਹਾਂ ਕਾਰਜ ਬਲ ਵਿੱਚ ਸ਼ਾਮਲ ਕਰਨਾ ਹੈ।

ਗ੍ਰਾਮੀਣ ਖੇਤਰਾਂ ਵਿੱਚ ਮਹਿਲਾਵਾਂ ਦੀ ਭਾਈਵਾਲੀ ਵਿੱਚ ਥੋੜ੍ਹਾ ਵਾਧਾ ਹੋਇਆ ਹੈ ਪਰ ਇਹ ਜ਼ਿਆਦਾਤਰ ਵੇਤਨ ਰਹਿਤ ਅਤੇ ਪਰਿਵਾਰਕ ਕੰਮਾਂ ਤੱਕ ਸੀਮਤ ਹੈ ਜਿਸ ਦੀ ਉਤਪਾਦਕਤਾ ਘੱਟ ਹੈ। ਦੂਜੇ ਪਾਸੇ, ਸ਼ਹਿਰੀ ਭਾਰਤ ਵਿੱਚ ਮਹਿਲਾ ਕਿਰਤ ਬਲ ਦੀ ਭਾਗੀਦਾਰੀ ਸਥਿਰ ਬਣੀ ਹੋਈ ਹੈ। ਇਸ ਤੋਂ ਇਲਾਵਾ ਅਸੁਰੱਖਿਅਤ ਪਬਲਿਕ ਟਰਾਂਸਪੋਰਟ, ਸਾਫ਼-ਸਫ਼ਾਈ ਦੀ ਘਾਟ ਅਤੇ ਵੇਤਨ ਰਹਿਤ ਦੇਖਭਾਲ ਦੇ ਕੰਮ ਦਾ ਭਾਰੀ ਬੋਝ ਮਹਿਲਾਵਾਂ ਨੂੰ ਸਿੱਖਿਆ ਅਤੇ ਰੁਜ਼ਗਾਰ, ਦੋਹਾਂ ਤੋਂ ਦੂਰ ਕਰਦਾ ਹੈ। ਅਰਥਵਿਵਸਥਾ ਵਿੱਚ ਮਹਿਲਾਵਾਂ ਦੀ ਘੱਟ ਭਾਗੀਦਾਰੀ ਵਿਕਾਸ ’ਤੇ ਨਕਾਰਾਤਮਕ ਅਸਰ ਪਾ ਰਹੀ ਹੈ। ਇਸ ਨੂੰ ਬਦਲਣਾ ਹੋਵੇਗਾ।

ਕਰਨਾਟਕ ਦੀ ‘ਸ਼ਕਤੀ’ ਯੋਜਨਾ ਜੋ ਮਹਿਲਾਵਾਂ ਨੂੰ ਮੁਫ਼ਤ ਜਨਤਕ ਬੱਸ ਯਾਤਰਾ ਪ੍ਰਦਾਨ ਕਰਦੀ ਹੈ, ਇਕ ਬੇਹਤਰੀਨ ਉਦਾਹਰਨ ਹੈ। ਸੰਨ 2023 ਵਿਚ ਇਸ ਦੇ ਲਾਂਚ ਤੋਂ ਬਾਅਦ ਤੋਂ ਮਹਿਲਾ ਯਾਤਰੀਆਂ ਦੀ ਗਿਣਤੀ ਵਿੱਚ 40 ਪ੍ਰਤੀਸ਼ਤ ਤੋਂ ਵੱਧ ਦਾ ਵਾਧਾ ਦਰਜ ਹੋਇਆ ਹੈ। ਇਸ ਯੋਜਨਾ ਨੇ ਮਹਿਲਾਵਾਂ ਦੀ ਕੰਮ, ਸਿੱਖਿਆ ਅਤੇ ਉਦਯੋਗ ਲਈ ਗਤੀਸ਼ੀਲਤਾ ਨੂੰ ਵਧਾਇਆ ਹੈ, ਖ਼ਾਸ ਕਰਕੇ ਗ੍ਰਾਮੀਣ ਅਤੇ ਅਰਧ-ਸ਼ਹਿਰੀ ਖੇਤਰਾਂ ਵਿੱਚ।

ਇਸ ਨਾਲ ਮਹਿਲਾਵਾਂ ਦੀ ਨੌਕਰੀ ਤੱਕ ਬਿਹਤਰ ਪਹੁੰਚ ਬਣੀ ਹੈ, ਪੁਰਸ਼ ਪਰਿਵਾਰਕ ਮੈਂਬਰਾਂ ’ਤੇ ਨਿਰਭਰਤਾ ਘੱਟ ਹੋਈ ਹੈ ਅਤੇ ਉਨ੍ਹਾਂ ਦੀ ਆਜ਼ਾਦੀ ਵਧੀ ਹੈ। ਇਸੇ ਤਰ੍ਹਾਂ, ਰਾਜਸਥਾਨ ਦੀ ‘ਇੰਦਰਾ ਗਾਂਧੀ ਸ਼ਹਿਰੀ ਰੁਜ਼ਗਾਰ ਗਾਰੰਟੀ ਯੋਜਨਾ’ ਨੇ ਚਾਰ ਕਰੋੜ ਤੋਂ ਵੱਧ ਮਨੁੱਖ-ਦਿਨਾਂ ਦਾ ਕੰਮ ਸਿਰਜਿਆ ਹੈ ਜਿਸ ਵਿੱਚ ਲਗਪਗ 65 ਪ੍ਰਤੀਸ਼ਤ ਨੌਕਰੀਆਂ ਮਹਿਲਾਵਾਂ ਨੂੰ ਮਿਲੀਆਂ ਹਨ। ਇਸ ਪ੍ਰੋਗਰਾਮ ਅਧੀਨ ਸਾਫ਼-ਸਫ਼ਾਈ, ਪੌਦੇ ਲਗਾਉਣ ਅਤੇ ਦੇਖਭਾਲ ਵਰਗੇ ਕੰਮਾਂ ਨੇ ਉਨ੍ਹਾਂ ਮਹਿਲਾਵਾਂ ਨੂੰ ਵੀ ਕੰਮਕਾਜ ਵਿੱਚ ਦਾਖ਼ਲ ਹੋਣ ਦੇ ਯੋਗ ਬਣਾਇਆ ਹੈ ਜੋ ਪਹਿਲਾਂ ਘਰੇਲੂ ਜ਼ਿੰਮੇਵਾਰੀਆਂ ਕਾਰਨ ਅਜਿਹਾ ਨਹੀਂ ਕਰ ਸਕਦੀਆਂ ਸਨ।

‘ਅਰਬਨ ਕੰਪਨੀ’ ਵਰਗੇ ਮੋਹਰਲੀ ਕਤਾਰ ਦੇ ਗਿਗ ਪਲੇਟਫ਼ਾਰਮ ਨੇ 45,000 ਤੋਂ ਵੱਧ ਮਹਿਲਾ ਸੇਵਾ ਪ੍ਰਦਾਤਾਵਾਂ ਨੂੰ ਜੋੜਿਆ ਹੈ ਜੋ ਮਾਸਿਕ 18,000 ਤੋਂ 25,000 ਰੁਪਏ ਤੱਕ ਕਮਾਉਂਦੀਆਂ ਹਨ। ਇਨ੍ਹਾਂ ਮਹਿਲਾਵਾਂ ਨੂੰ ਦੁਰਘਟਨਾ ਬੀਮਾ, ਜਣੇਪਾ ਲਾਭ ਅਤੇ ਹੁਨਰ ਵਿਕਾਸ ਵਰਗੀਆਂ ਸੁਵਿਧਾਵਾਂ ਵੀ ਮਿਲਦੀਆਂ ਹਨ।

ਇਹ ਦਰਸਾਉਂਦਾ ਹੈ ਕਿ ਗਿਗ ਕੰਮ ਮਾਡਲ ਖ਼ਾਸ ਤੌਰ ’ਤੇ ਅਰਧ-ਕੁਸ਼ਲ ਸ਼ਹਿਰੀ ਮਹਿਲਾਵਾਂ ਲਈ ਸਸ਼ਕਤੀਕਰਨ ਦਾ ਮਾਧਿਅਮ ਬਣ ਸਕਦਾ ਹੈ। ਟਰੰਪ ਦਾ ਟੈਰਿਫ਼ ਇੱਕ ਚਿਤਾਵਨੀ ਹੈ ਪਰ ਇਹ ਇੱਕ ਮੌਕਾ ਵੀ ਹੈ। ਇੱਕ ਅਜਿਹਾ ਮੌਕਾ ਜੋ ਸਾਨੂੰ ਆਪਣੀਆਂ ਮਹਿਲਾਵਾਂ ਦੀ ਤਾਕਤ ਨੂੰ ਪਛਾਣਨ ਲਈ ਪ੍ਰੇਰਿਤ ਕਰ ਰਿਹਾ ਹੈ। ਭਾਰਤ ਦਾ ਭਵਿੱਖ ਇਸ ਗੱਲ ’ਤੇ ਨਿਰਭਰ ਕਰੇਗਾ ਕਿ ਉਹ ਆਪਣੀ ਅੱਧੀ ਆਬਾਦੀ ਦੀ ਸਮਰੱਥਾ ਨੂੰ ਕਿੰਨੀ ਗੰਭੀਰਤਾ ਨਾਲ ਲੈਂਦਾ ਹੈ।

**-(ਲੇਖਕ ਕਾਂਗਰਸ ਘੱਟ-ਗਿਣਤੀ ਵਿਭਾਗ ਦਾ ਉਪ ਪ੍ਰਧਾਨ ਹੈ)।**

# ਗਾਜ਼ਾ ’ਚ ਭੁੱਖਮਰੀ ਦੇ ਸ਼ਿਕਾਰ ਲੋਕਾਂ ਦੀ ਕੌਣ ਲਊ ਸਾਰ?

## ਭੁੱਖੇ, ਕਮਜ਼ੋਰ ਅਤੇ ਬਿਮਾਰ ਲੋਕਾਂ ਨੂੰ ਆਪਣੀ ਲਪੇਟ ਵਿੱਚ ਲੈ ਸਕਦੀ ਹੈ ਕਦੇ ਵੀ ਕੋਈ ਮਹਾਂਮਾਰੀ

**ਸੁਖਦਰਸ਼ਨ ਸਿੰਘ ਨੱਤ**



ਗਾਜ਼ਾ ਵਿੱਚ ਮਨੁੱਖੀ ਸੰਕਟ ਬਹੁਤ ਗੰਭੀਰ ਹੋ ਗਿਆ ਹੈ। ਉਥੇ ਸਖ਼ਤ ਨਾਕਾਬੰਦੀ ਅਤੇ ਬੇਹੱਦ ਸੀਮਤ ਸਹਾਇਤਾ ਪਹੁੰਚਣ ਕਾਰਨ ਭੁੱਖਮਰੀ ਵਾਲੇ ਹਾਲਾਤ ਬਹੁਤ ਵਿਗੜ ਗਏ ਹਨ। ਉਥੇ ਭੁੱਖੇ, ਕਮਜ਼ੋਰ ਅਤੇ ਬਿਮਾਰ ਲੋਕਾਂ ਨੂੰ ਕਦੇ ਵੀ ਕੋਈ ਮਹਾਮਾਰੀ ਅਪਣੀ ਲਪੇਟ ਵਿੱਚ ਲੈ ਸਕਦੀ ਹੈ।

ਸੰਯੁਕਤ ਰਾਸ਼ਟਰ ਦੀ ਸਹਾਇਤਾ ਨਾਲ ਚੱਲਣ ਵਾਲੀ ਇੰਟੀਗ੍ਰੇਟਿਡ ਫੂਡ ਸਕਿਓਰਿਟੀ ਫੇਜ਼ ਕਲਾਸੀਫਿਕੇਸ਼ਨ (ਆਈਪੀਸੀ) ਦੀ 25 ਜੁਲਾਈ 2025 ਦੀ ਰਿਪੋਰਟ ਪੁਸ਼ਟੀ ਕਰਦੀ ਹੈ ਕਿ ਗਾਜ਼ਾ ਦੇ ਜ਼ਿਆਦਾਤਰ ਖੇਤਰਾਂ ’ਚ ਭੁੱਖਮਰੀ ਦੀਆਂ ਸਭ ਹੱਦਾਂ ਪਾਰ ਹੋ ਗਈਆਂ ਹਨ। ਗਾਜ਼ਾ ਸਿਟੀ ਵੀ ਗੰਭੀਰ ਭੁੱਖਮਰੀ ਦਾ ਸ਼ਿਕਾਰ ਹੈ। ਮਈ ਤੋਂ ਸਤੰਬਰ 2025 ਦੇ ਦਰਮਿਆਨ, ਗਾਜ਼ਾ ਦੀ ਪੂਰੀ ਆਬਾਦੀ (ਲਗਭਗ 21 ਲੱਖ ਲੋਕ) ਭੁੱਖਮਰੀ ਸੰਕਟ ਜਾਂ ਇਸ ਤੋਂ ਵੀ ਉੱਪਰਲੀ ਪੱਧਰ ਦੀ ਭੋਜਨ ਥੁੜ੍ਹ ਦਾ ਸਾਹਮਣਾ ਕਰ ਰਹੀ ਹੈ, ਜਿਸ ਵਿੱਚੋਂ 4.7 ਲੱਖ ਲੋਕ (22%) ਫੇਜ਼ 5 (ਤਬਾਹੀ ਦੀ ਹਾਲਤ) ਵਿੱਚ ਹਨ, ਜੋ ਖ਼ੁਰਾਕ ਦੀ ਥੁੜ੍ਹ ਦਾ ਸਭ ਤੋਂ ਉੱਚਾ ਪੱਧਰ ਹੈ। ਇਸ ਵਿੱਚ ਵਿਆਪਕ ਭੁੱਖਮਰੀ, ਗੰਭੀਰ ਕੁਪੋਸ਼ਣ ਅਤੇ ਵਧਦੀ ਮੌਤ ਦਰ ਸ਼ਾਮਿਲ ਹਨ।

ਅਪ੍ਰੈਲ ਤੋਂ ਜੁਲਾਈ ਦੇ ਮੱਧ ਤੱਕ 20,000 ਤੋਂ ਵੱਧ ਬੱਚਿਆਂ ਨੂੰ ਗੰਭੀਰ ਕੁਪੋਸ਼ਣ ਦੇ ਇਲਾਜ ਲਈ ਹਸਪਤਾਲਾਂ ਵਿੱਚ ਦਾਖਲ ਕੀਤਾ ਗਿਆ, ਜਿਨ੍ਹਾਂ ਵਿੱਚੋਂ 3,000 ਤੋਂ ਵੱਧ ਮਾਮਲੇ ਬਹੁਤ ਗੰਭੀਰ ਸਨ। ਗਾਜ਼ਾ ਸਿਹਤ ਮੰਤਰਾਲੇ ਨੇ 17 ਜੁਲਾਈ ਤੋਂ ਬਾਅਦ 5 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀਆਂ ਭੁੱਖ ਨਾਲ ਹੋਈਆਂ ਘੱਟੋ-ਘੱਟ 16 ਮੌਤਾਂ ਦੀ ਰਿਪੋਰਟ ਕੀਤੀ। 28 ਜੁਲਾਈ ਤੱਕ ਕੁੱਲ 147 ਮੌਤਾਂ ਹੋਈਆਂ, ਜਿਨ੍ਹਾਂ ਵਿੱਚ 88 ਬੱਚੇ ਸ਼ਾਮਿਲ ਸਨ। ਵਿਸ਼ਵ ਸਿਹਤ ਸੰਗਠਨ (ਡਬਲਿਊਐੱਚਓ) ਦਾ ਖ਼ਦਸ਼ਾ ਹੈ ਕਿ ਜੇਕਰ ਇਹੀ ਹਾਲਾਤ ਰਹੇ ਤਾਂ ਅਗਲੇ 11 ਮਹੀਨਿਆਂ ਵਿੱਚ 71,000 ਬੱਚਿਆਂ ਅਤੇ 17,000 ਗਰਭਵਤੀ ਜਾਂ ਦੁੱਧ ਪਿਲਾਉਣ ਵਾਲੀਆਂ ਮਾਵਾਂ ਨੂੰ ਤੁਰੰਤ, ਕੁਪੋਸ਼ਣ ਦੇ ਇਲਾਜ ਦੀ ਲੋੜ ਪੈ ਜਾਣੀ ਹੈ।


2 ਮਾਰਚ 2025 ਤੋਂ ਸ਼ੁਰੂ ਹੋਈ ਲਗਭਗ ਮੁਕੰਮਲ ਨਾਕਾਬੰਦੀ ਨੇ ਮਨੁੱਖੀ ਸਹਾਇਤਾ ਨੂੰ ਗਾਜ਼ਾ ਵਿੱਚ ਦਾਖਲ ਹੋਣ ਤੋਂ ਰੋਕਿਆ ਹੋਇਆ ਹੈ। ਸਰਹੱਦੀ ਨਾਕੇ ਢਾਈ-ਤਿੰਨ ਮਹੀਨਿਆਂ ਤੋਂ ਪੂਰੀ ਤਰ੍ਹਾਂ ਬੰਦ ਹਨ ਜੋ ਹੁਣ ਤੱਕ ਦਾ ਸਭ ਤੋਂ ਲੰਮਾ ਸਮਾਂ ਹੈ। 1,16,000 ਮੀਟ੍ਰਿਕ ਟਨ ਭੋਜਨ ਸਹਾਇਤਾ, ਜੋ 10 ਲੱਖ ਲੋਕਾਂ ਵਾਸਤੇ ਚਾਰ ਮਹੀਨਿਆਂ ਲਈ ਕਾਫੀ ਹੈ, ਗਾਜ਼ਾ ਦੇ ਬਾਹਰ ਸਰਹੱਦੀ ਨਾਕਿਆਂ ਉਤੇ ਰੁਕੀ ਪਈ ਹੈ। ਗਾਜ਼ਾ ਹਿਊਮੈਨਿਟੇਰੀਅਨ ਫਾਊਂਡੇਸ਼ਨ ਦਾ ਦਾਅਵਾ ਹੈ ਕਿ ਉਸ ਨੇ ਕਰੀਬ 8.9 ਕਰੋੜ ਪੈਕਿਟ ਵੰਡੇ ਹਨ, ਪਰ ਇਨ੍ਹਾਂ ’ਚੋਂ ਜ਼ਿਆਦਾਤਰ ਖਾਣ ਲਈ ਤਿਆਰਸ਼ੁਦਾ ਨਹੀਂ, ਖਾਣਾ ਪਕਾਉਣ ਲਈ ਪਾਣੀ ਤੇ ਬਾਲਣ ਦੀ ਲੋੜ ਹੈ, ਜਿਨ੍ਹਾਂ ਦੀ ਸਖ਼ਤ ਕਮੀ ਹੈ। ਸਹਾਇਤਾ ਵੰਡ ਕੇਂਦਰਾਂ ਤੱਕ ਪਹੁੰਚਣਾ ਬਹੁਤ ਖ਼ਤਰਨਾਕ ਹੋ ਚੁੱਕਾ ਹੈ। 27 ਮਈ ਤੋਂ ਲਗਭਗ 1,000 ਲੋਕ ਇਜ਼ਰਾਇਲੀ ਫ਼ੌਜ ਨੇ ਉਦੋਂ ਮਾਰ-ਮੁਕਾਏ ਜਦੋਂ ਉਹ ਸਹਾਇਤਾ ਵੰਡ ਕੇਂਦਰਾਂ ਤੱਕ ਪੁੱਜਣ ਦੀ ਕੋਸ਼ਿਸ਼ ਕਰ ਰਹੇ ਸਨ।

ਆਈਪੀਸੀ ਦੀ ਰਿਪੋਰਟ ਅਨੁਸਾਰ, ਹਰ ਤੀਜਾ ਗਾਜ਼ਾ ਵਾਸੀ ਕਈ-ਕਈ ਦਿਨ ਬਿਨਾਂ ਖਾਣੇ ਦੇ ਰਹਿੰਦਾ ਹੈ। 25 ਜੁਲਾਈ ਨੂੰ ਉੱਤਰੀ ਗਾਜ਼ਾ ਦੇ 81% ਪਰਿਵਾਰਾਂ ਨੇ ਮਾੜੇ ਭੋਜਨ ਦੀ ਰਿਪੋਰਟ ਵੀ ਕੀਤੀ; ਅਪ੍ਰੈਲ ਮਹੀਨੇ ਇਹ ਅੰਕੜਾ 33% ਸੀ। ਗਾਜ਼ਾ ਵਾਸੀ ਜਿਊਂਦੇ ਰਹਿਣ ਲਈ ਅਤਿ ਦੇ ਬੁਰੇ ਹਾਲਾਤ, ਜਿਵੇਂ ਕੂੜੇ ਵਿੱਚੋਂ ਖਾਣਾ ਲੱਭਣਾ, ਜਾਨਵਰਾਂ ਦਾ ਚਾਰਾ ਖਾਣਾ ਜਾਂ ਖ਼ੁਰਾਕ ਵੰਡ ਕੇਂਦਰਾਂ ਤੱਕ ਪਹੁੰਚਣ ਲਈ ਜਾਨ ਜੋਖਿਮ ਵਿੱਚ ਪਾਉਣ ਵਰਗੇ ਤਰੀਕਿਆਂ ਦਾ ਸਹਾਰਾ ਲੈ ਰਹੇ ਹਨ। ਸਥਾਨਕ ਖੇਤੀਬਾੜੀ ਢਾਂਚਾ ਬਰਬਾਦ ਹੋ ਚੁੱਕਾ ਹੈ, 70% ਤੋਂ ਵੱਧ ਫ਼ਸਲ ਖੇਤਾਂ ਵਿੱਚ ਹੀ ਨਸ਼ਟ ਹੋਣ ਅਤੇ ਦੋ-ਤਿਹਾਈ ਤੋਂ ਵੱਧ ਖੂਹ ਨਾਕਾਰਾ ਹੋਣ ਕਾਰਨ ਸਥਾਨਕ ਭੋਜਨ ਉਤਪਾਦਨ ਤਕਰੀਬਨ ਠੱਪ ਹੋ ਗਿਆ ਹੈ।

ਸਾਫ ਪਾਣੀ, ਸਫਾਈ ਅਤੇ ਸਿਹਤ ਸੇਵਾਵਾਂ ਦੀ ਘਾਟ ਨੇ ਸੰਕਟ ਨੂੰ ਹੋਰ ਗੰਭੀਰ ਬਣਾ ਦਿੱਤਾ ਹੈ, ਜਿਸ ਕਾਰਨ ਕੁਪੋਸ਼ਣ ਅਤੇ ਬਿਮਾਰੀਆਂ ਇੱਕ ਦੂਜੇ ਨੂੰ ਵਧਾ ਰਹੀਆਂ ਹਨ। ਹਸਪਤਾਲ, ਵੱਡੇ ਪੈਮਾਨੇ ’ਤੇ ਜ਼ਖ਼ਮੀਆਂ ਦੀ ਭੀੜ ਨਾਲ ਜੂਝ ਰਹੇ ਹਨ। ਇਕੱਲੇ ਰਫਾਹ ਦੇ ਹਸਪਤਾਲ ਵਿੱਚ ਪਿਛਲੇ ਇੱਕ ਮਹੀਨੇ ਵਿੱਚ 2,200 ਮਰੀਜ਼ਾਂ ਦਾ ਇਲਾਜ ਕੀਤਾ ਗਿਆ, ਜਿਥੋਂ ਦੀਆਂ ਸਰਜਰੀ ਟੀਮਾਂ ਰੋਜ਼ਾਨਾ 40 ਤੱਕ ਐਮਰਜੈਂਸੀ ਸਰਜਰੀਆਂ ਕਰ ਰਹੀਆਂ ਹਨ।

ਸੰਯੁਕਤ ਰਾਸ਼ਟਰ ਦੀਆਂ ਏਜੰਸੀਆਂ ਚਿਤਾਵਨੀ ਦੇ ਰਹੀਆਂ ਹਨ ਕਿ ਜੇ ਤੁਰੰਤ ਅਤੇ ਬਿਨਾਂ ਰੋਕ-ਟੋਕ ਸਹਾਇਤਾ ਪਹੁੰਚ ਨਾ ਮਿਲੀ ਤਾਂ ਹਾਲਾਤ ਹੋਰ ਵਿਗੜ ਜਾਣਗੇ। ਭੀੜ-ਭੜੱਕੇ ਅਤੇ ਜਿਊਣ ਦੀਆਂ ਬੇਹੱਦ ਮਾੜੇ ਹਾਲਾਤ ਕਾਰਨ ਵਿਆਪਕ ਬਿਮਾਰੀਆਂ ਜਾਂ ਮਹਾਮਾਰੀ ਫ਼ੈਲਣ ਦਾ ਖ਼ਤਰਾ ਸਾਹਮਣੇ ਆਣ ਖੜ੍ਹਾ ਹੋਇਆ ਹੈ ।ਸੰਯੁਕਤ ਰਾਸ਼ਟਰ ਦੇ ਅਧਿਕਾਰੀਆਂ, ਜਿਵੇਂ ਸੰਸਾਰ ਸਿਹਤ ਸੰਗਠਨ ਦੇ ਡਾਇਰੈਕਟਰ ਟੈਡਰੋਸ ਗੈਬਰੇਯੇਸਸ ਅਤੇ ਵਿਸ਼ਵ ਖੁਰਾਕ ਪ੍ਰੋਗਰਾਮ ਦੀ ਕਾਰਜਕਾਰੀ ਨਿਰਦੇਸ਼ਕ ਸਿੰਡੀ ਮੈਕੇਨ ਨੇ ਇਸ ਸੰਕਟ ਨੂੰ ‘ਮਨੁੱਖ ਦਾ ਲਿਆਂਦਾ ਸੰਕਟ’ ਕਰਾਰ ਦਿੱਤਾ ਹੈ ਅਤੇ ਤੁਰੰਤ ਜੰਗਬੰਦੀ ਤੇ ਬਿਨਾਂ ਰੋਕ-ਟੋਕ ਸਹਾਇਤਾ ਪਹੁੰਚ ਦਿੱਤੇ ਜਾਣ ਦੀ ਮੰਗ ਕੀਤੀ ਹੈ। ਸੰਯੁਕਤ ਰਾਸ਼ਟਰ ਦੇ ਮਾਹਿਰਾਂ ਨੇ ਇਜ਼ਰਾਇਲ ਦੀਆਂ ਕਾਰਵਾਈਆਂ ਨੂੰ ‘ਮਿੱਥ ਕੇ ਚਲਾਈ ਜਾ ਰਹੀ ਭੁੱਖਮਰੀ ਦੀ ਮੁਹਿੰਮ’ ਕਰਾਰ ਦਿੱਤਾ ਹੈ ਅਤੇ ਕੁਝ ਹੋਰਨਾਂ ਨੇ ਇਸ ਨੂੰ ਨਸਲਕੁਸ਼ੀ ਵਾਲੀ ਹਿੰਸਾ ਕਿਹਾ ਹੈ। ਉਂਝ, ਕੌਮਾਂਤਰੀ ਦਬਾਅ ਦੇ ਬਾਵਜੂਦ ਇਜ਼ਰਾਇਲੀ ਨਾਕਾਬੰਦੀ ਜਾਰੀ ਹੈ। ‘ਐਕਸ’ ਉੱਤੇ ਅਨੇਕ ਪੋਸਟਾਂ ਗਾਜ਼ਾ ਵਿੱਚ ‘ਭੁੱਖਮਰੀ ਦੇ ਖੇਤਰ’ ਦੇ ਚਿੰਤਾ ਵਾਲੇ ਹਾਲਾਤ ਨੂੰ ਦਰਸਾਉਂਦੇ ਹਨ, ਜਿਨ੍ਹਾਂ ’ਚ 20 ਜੁਲਾਈ ਨੂੰ ਇੱਕੋ ਦਿਨ ਭੁੱਖਮਰੀ ਨਾਲ 18 ਮੌਤਾਂ ਅਤੇ 17,000 ਬੱਚਿਆਂ ਦੇ ਸਿਰ ’ਤੇ ਮੰਡਰਾ ਰਹੇ ਜਾਨਲੇਵਾ ਕੁਪੋਸ਼ਣ ਦੇ ਖ਼ਤਰੇ ਦੀ ਰਿਪੋਰਟ ਹੈ। ਇਹ ਪੋਸਟਾਂ ਲੋਕਾਂ ਵੱਲੋਂ ਕੂੜੇ ਵਿੱਚੋਂ ਖਾਣਾ ਲੱਭਣ ਅਤੇ ਖ਼ੁਰਾਕ ਸਹਾਇਤਾ ਨੂੰ ਹਥਿਆਰ ਵਜੋਂ ਵਰਤਣ ਵਿੱਚ ਨਾਕਾਬੰਦੀ ਦੀ ਭੂਮਿਕਾ ’ਤੇ ਜ਼ੋਰ ਦਿੰਦੀਆਂ ਹਨ ।ਗਾਜ਼ਾ ਵਿੱਚ ਹਾਲਾਤ ਬਹੁਤ ਗੰਭੀਰ ਹਨ। ਸਿਰਫ ਫੌਰੀ ਜੰਗਬੰਦੀ ਅਤੇ ਵੱਡੇ ਪੈਮਾਨੇ ’ਤੇ ਖੁਰਾਕ ਤੇ ਦਵਾਈਆਂ ਤੁਰੰਤ ਪਹੁੰਚਾਉਣ ਨਾਲ ਹੀ ਇਸ ਭੁੱਖਮਰੀ ਅਤੇ ਮਾਨਵੀ ਤ੍ਰਾਸਦੀ ਨੂੰ ਠੱਲ੍ਹ ਪਾਈ ਜਾ ਸਕਦੀ ਹੈ। ਸੰਸਾਰ ਦੀ ਜਨਤਾ ਵੱਲੋਂ ਇਜ਼ਰਾਇਲ ਤੇ ਅਮਰੀਕਾ ਖ਼ਿਲਾਫ਼ ਵੱਡਾ ਜਨਤਕ ਤੇ ਸਿਆਸੀ ਦਬਾਅ ਉਸਾਰਨ ਤੋਂ ਇਲਾਵਾ ਇਹ ਟੀਚੇ ਹਾਸਲ ਕਰਨ ਦਾ ਕੋਈ ਹੋਰ ਰਸਤਾ ਨਜ਼ਰ ਨਹੀਂ ਆਉਂਦਾ।

# ਕਿੰਨੀ ਕੁ ਸਫ਼ਲ ਰਹੇਗੀ ਭਾਰਤ ਦੀ ਚੀਨ ਨਾਲ ਦੋਸਤੀ ?



ਸ੍ਰੀਰਾਮ ਚੌਲੀਆ

## ਭਾਰਤ ਨੂੰ ਸੰਵਾਦ ਦੇ ਨਾਲ ਸੁਚੇਤ ਰਹਿਣ ਦੀ ਵੀ ਲੋੜ

ਬੀਤੇ ਕਈ ਸਾਲਾਂ ਦੇ ਵਕਫ਼ੇ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਚੀਨ ਦਾ ਦੌਰਾ ਕੀਤਾ ਹੈ। ਉਹ ਜਾਪਾਨ ਦੀ ਯਾਤਰਾ ਤੋਂ ਬਾਅਦ ਚੀਨ ਪੁੱਜੇ। ਸੱਤ ਸਾਲਾਂ ਬਾਅਦ ਆਪਣੇ ਪ੍ਰਮੁੱਖ ਗੁਆਂਢੀ ਦੇਸ਼ ਚੀਨ ਜਾਣਾ ਇਹ ਦਰਸਾਉਂਦਾ ਹੈ ਕਿ ਦੋਹਾਂ ਦੇਸ਼ਾਂ ਦੇ ਰਿਸ਼ਤੇ ਕਿੰਨੇ ਜਟਿਲ ਅਤੇ ਸਮੱਸਿਆਵਾਂ ਨਾਲ ਭਰੇ ਹੋਏ ਹਨ।

ਕੂਟਨੀਤਕ ਨਜ਼ਰੀਏ ਤੋਂ ਮੋਦੀ ਦੀ ਯਾਤਰਾ ਦੋ-ਪੱਖੀ ਨਹੀਂ ਹੈ ਕਿਉਂਕਿ ਉਹ ਚੀਨ ਦੇ ਤਿਆਨਜਿਨ ਸ਼ਹਿਰ ਵਿੱਚ ਸ਼ੰਘਾਈ ਸਹਿਯੋਗ ਸੰਗਠਨ (ਐੱਸਸੀਓ) ਦੇ ਬਹੁਪੱਖੀ ਸਿਖਰ ਸੰਮੇਲਨ ਵਿੱਚ ਸ਼ਮੂਲੀਅਤ ਕੀਤੀ। ਇਸ ਸੰਮੇਲਨ ਦੌਰਾਨ ਉਹਨਾਂ ਨੇ ਹੋਰ ਮੁਲਕਾਂ ਦੇ ਮੁਖੀਆਂ ਨਾਲ ਵੀ ਮੁਲਾਕਾਤ ਕੀਤੀ। ਭਾਰਤ-ਚੀਨ ਲਈ ਇਹ ਬੈਠਕ ਬਹੁਤ ਮਹੱਤਵਪੂਰਨ ਹੈ ਕਿਉਂਕਿ 2020 ਤੋਂ ਚੱਲ ਰਹੇ ਤਣਾਅ ਤੋਂ ਨਿਕਲ ਕੇ ਨਵੇਂ ਸਿਰਿਓਂ ਰਿਸ਼ਤਿਆਂ ਵਿੱਚ ਸੁਧਾਰ ਲਿਆਉਣ ਲਈ ਦੋਹਾਂ ਚੋਟੀ ਦੇ ਆਗੂਆਂ ਦਾ ਮਿਲਣਾ ਇਕ ਸ਼ੁੱਭ ਸੰਕੇਤ ਹੈ।

ਚੀਨ ਅਤੇ ਭਾਰਤ ਦੇ ਸੰਦਰਭ ਵਿੱਚ ਉੱਚ ਰਾਜਨੀਤਕ ਪੱਧਰ ਦੀ ਗੱਲਬਾਤ ਤੋਂ ਨਿਕਲੇ ਸੰਕੇਤ ਹਮੇਸ਼ਾ ਲਾਭਦਾਇਕ ਰਹੇ ਹਨ। ਸੰਨ 2017 ਵਿੱਚ ਡੋਕਲਾਮ ਵਿੱਚ ਦੋਹਾਂ ਦੇਸ਼ਾਂ ਦੀਆਂ ਫ਼ੌਜਾਂ ਦੇ ਆਹਮੋ-ਸਾਹਮਣੇ ਆਉਣ ਤੋਂ ਬਾਅਦ ਭਾਰਤੀ ਪ੍ਰਧਾਨ ਮੰਤਰੀ ਮੋਦੀ ਨੇ ਵਿਵਾਦਾਂ ਨੂੰ ਟਕਰਾਅ ਵਿੱਚ ਬਦਲਣ ਤੋਂ ਰੋਕਣ ਲਈ ਸ਼ੀ ਨਾਲ ਵੁਹਾਨ ਵਿੱਚ ਗ਼ੈਰ-ਰਸਮੀ ਡਿਪਲੋਮੈਸੀ ਜ਼ਰੀਏ ਕੋਸ਼ਿਸ਼ ਕੀਤੀ ਸੀ ਪਰ ਅਫ਼ਸੋਸ, ਚੀਨ ਨੇ ਉਸ ਤੋਂ ਬਾਅਦ ਵੀ ਹਮਲਾਵਰ ਰਵੱਈਆ ਅਪਣਾਇਆ। ਸੰਨ 2020 ਵਿੱਚ ਗਲਵਾਨ ਵਾਦੀ ਵਿੱਚ ਹੋਏ ਫ਼ੌਜੀ ਟਕਰਾਅ ਵਿੱਚ ਦੋਹਾਂ ਪੱਖਾਂ ਨੂੰ ਨੁਕਸਾਨ ਪਹੁੰਚਿਆ ਸੀ। ਦੋਹਾਂ ਦੇਸ਼ਾਂ ਨੇ ਭਾਰੀ ਹਥਿਆਰਾਂ ਨਾਲ ਲੈਸ ਕਰ ਕੇ ਲਗਪਗ ਸੱਠ ਹਜ਼ਾਰ ਫ਼ੌਜੀਆਂ ਨੂੰ ਸਰਹੱਦ ’ਤੇ ਯੁੱਧ ਦੀ ਤਿਆਰੀ ਵਾਲੇ ਹਾਲਾਤ ਵਿੱਚ ਤਾਇਨਾਤ ਕਰ ਦਿੱਤਾ ਸੀ।

ਚੀਨ ਦੀ ਇੱਛਾ ਏਸ਼ੀਆ ਵਿੱਚ ਚੜ੍ਹਤ ਅਤੇ ਦੁਨੀਆ ਵਿੱਚ ਅਮਰੀਕਾ ਦੇ ਨਾਲ ਬਰਾਬਰੀ ਦੀ ਹੈਸੀਅਤ ਪ੍ਰਾਪਤ ਕਰਨ ਦੀ ਹੈ। ਇਸੇ ਕਾਰਨ ਜਦੋਂ ਉਹ ਗੁਆਂਢੀ ਦੇਸ਼ਾਂ ਵਿੱਚ ਕਮਜ਼ੋਰੀ ਜਾਂ ਬੇਯਕੀਨੀ ਵੇਖਦਾ ਹੈ ਤਾਂ ਉਹ ਉਨ੍ਹਾਂ ’ਤੇ ਝਪਟਣ ਅਤੇ ਦਬਾਅ ਬਣਾਉਣ ਲਈ ਤਤਪਰ ਹੋ ਜਾਂਦਾ ਹੈ। ਉਸ ਦੀ ਇਸ ਨੀਅਤ ਨੂੰ ਸਮਝ ਕੇ ਹੀ ਮੋਦੀ ਸਰਕਾਰ ਨੇ ਗਲਵਾਨ ਵਾਦੀ ਵਿੱਚ ਹੋਈ ਫ਼ੌਜੀ ਝੜਪ ਤੋਂ ਬਾਅਦ ਚੀਨ ਦੇ ਸਾਹਮਣੇ ਫ਼ੌਜੀ ਬਲ ਦਾ ਪ੍ਰਦਰਸ਼ਨ ਕੀਤਾ ਅਤੇ ਉਸ ਨੂੰ ਸਪਸ਼ਟ ਤੌਰ ’ਤੇ ਇਹ ਸੁਨੇਹਾ ਦਿੱਤਾ ਕਿ ‘ਸਰਹੱਦਾਂ ਦੀ ਸਥਿਤੀ ਸਮੁੱਚੇ ਰਿਸ਼ਤਿਆਂ ਦੀ ਸਥਿਤੀ ਨੂੰ ਪਰਿਭਾਸ਼ਤ ਕਰੇਗੀ।’ ਭਾਰਤ ਦੇ ਸਖ਼ਤ ਰਵੱਈਏ ਨੂੰ ਦੇਖ ਕੇ ਚੀਨ ਨੂੰ ਪੂਰਬੀ ਲੱਦਾਖ ਨਾਲ ਲੱਗਦੀ ਸਰਹੱਦ ਦੇ ਕੁਝ ਹਿੱਸਿਆਂ ਤੋਂ ਆਪਣੇ ਫ਼ੌਜੀਆਂ ਨੂੰ ਹਟਾਉਣਾ ਪਿਆ ਜਿੱਥੇ ਉਸ ਨੇ ਇਕਤਰਫ਼ਾ ਤਰੀਕੇ ਨਾਲ



ਜ਼ਮੀਨ ਹੜੱਪਣ ਦੀ ਕੋਸ਼ਿਸ਼ ਕੀਤੀ ਸੀ। ਭਾਰਤ ਦੇ ਅਡੋਲ ਰਵੱਈਏ ਨੂੰ ਦੇਖ ਕੇ ਹੀ ਚੀਨ ਰਿਸ਼ਤਿਆਂ ਵਿੱਚ ਨਰਮੀ ਲਿਆਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਅਕਤੂਬਰ 2024 ਤੋਂ ਹੁਣ ਤੱਕ, ਚੀਨ ਨੇ ਨਾ ਸਿਰਫ਼ ਆਪਣੇ ਫ਼ੌਜੀਆਂ ਨੂੰ ਵਿਵਾਦਤ ਖੇਤਰਾਂ ਤੋਂ ਪਿੱਛੇ ਹਟਾਇਆ ਹੈ ਸਗੋਂ ਸਰਹੱਦ ’ਤੇ ਸ਼ਾਂਤੀ ਕਾਇਮ ਕਰਨ ਲਈ ਨਵੀਆਂ ਵਿਵਸਥਾਵਾਂ ਨੂੰ ਵੀ ਸਵੀਕਾਰ ਕੀਤਾ ਹੈ।

ਇਸ ਤਬਦੀਲ ਹੋ ਰਹੀ ਸਥਿਤੀ ਵਿੱਚ ਮੋਦੀ ਦਾ ਸ਼ੀ ਜਿਨਪਿੰਗ ਨਾਲ ਮਿਲਣਾ ਅਤੇ ਰਿਸ਼ਤਿਆਂ ਵਿੱਚ ਸੁਧਾਰ ਆਉਣਾ ਸਮੇਂ ਦੀ ਮੰਗ ਹੈ। ਆਲੋਚਕ ਕਹਿ ਸਕਦੇ ਹਨ ਕਿ ਉੱਚ ਪੱਧਰੀ ਕੂਟਨੀਤੀ ਦਾ ਇਹ ਨਵਾਂ ਦੌਰ ਵੀ ਅੰਤ ਵਿੱਚ ਅਸਫਲ ਰਹੇਗਾ ਅਤੇ ਚੀਨ ਭਾਰਤ ’ਤੇ ਦਬਾਅ ਬਣਾਉਂਦਾ ਰਹੇਗਾ ਕਿਉਂਕਿ ਉਹ ਭਾਰਤ ਨੂੰ ਆਪਣੇ ਬਰਾਬਰ ਨਹੀਂ ਆਉਣ ਦੇਣਾ ਚਾਹੁੰਦਾ ਪਰ ਜਿਸ ਗੁਆਂਢੀ ਦੇ ਨਾਲ 3,488 ਕਿੱਲੋਮੀਟਰ ਦੀ ਸਰਹੱਦ ਲੱਗਦੀ ਹੋਵੇ ਅਤੇ ਜੋ ਏਸ਼ੀਆ ਦੇ ਉਹੀ ਦੇਸ਼ਾਂ ਵਿਚ ਆਪਣਾ ਦਬਦਬਾ ਬਣਾਈ ਰੱਖਦਾ ਹੋਵੇ ਜਿੱਥੇ ਭਾਰਤ ਦੇ ਰਾਸ਼ਟਰੀ ਹਿੱਤ ਸ਼ਾਮਲ ਹਨ, ਉਸ ਨਾਲ ਘੱਟੋ-ਘੱਟ ਇੱਕ ਸਨਮਾਨਯੋਗ ਕੰਮਕਾਜੀ ਰਿਸ਼ਤਾ ਹੋਣਾ ਤਾਂ ਜ਼ਰੂਰੀ ਹੀ ਹੈ।

ਇੱਕ ਜਵਾਬਦੇਹ ਅਤੇ ਸਥਿਰਤਾ ਪਸੰਦ ਦੇਸ਼ ਹੋਣ ਦੇ ਨਾਤੇ, ਭਾਰਤ ਕਦੇ ਵੀ ਚੀਨ ਨਾਲ ਦੁਬਾਰਾ ਜੰਗ ਨਹੀਂ ਚਾਹੇਗਾ। ‘ਸਰਹੱਦੀ ਸਮੱਸਿਆ’ ਦਾ ਹੱਲ ਹੁਣ ਵੀ ਦੂਰ ਦੀ ਕੌਡੀ ਲੱਗਦਾ ਹੈ ਪਰ ਗੱਲਬਾਤ ਅਤੇ ਸੰਪਰਕ ਬਣਾਈ ਰੱਖਣ ਵਿੱਚ ਕੋਈ ਨੁਕਸਾਨ ਨਹੀਂ ਲੱਗਦਾ।

ਚੀਨ ਨਾਲ ਸੰਪਰਕ-ਸੰਵਾਦ ਵਧਾਉਣ ਤੋਂ ਬਾਅਦ ਵੀ ਉਸ ਨਾਲ ਸਬੰਧਾਂ ਵਿੱਚ ਆਈ ਨਰਮੀ ਨੂੰ ਲੈ ਕੇ ਭਾਰਤ ਬਹੁਤ ਜ਼ਿਆਦਾ ਆਸ਼ਾਵਾਦੀ ਨਹੀਂ ਹੋ ਸਕਦਾ। ਅਪਰੇਸ਼ਨ ਸਿੰਧੂਰ ਦੇ ਸਮੇਂ ਚੀਨ ਨੇ ਆਪਣੇ ‘ਸਦਾਬਹਾਰ ਮਿੱਤਰ’ ਪਾਕਿਸਤਾਨ ਨੂੰ ਭਾਰਤ ਖ਼ਿਲਾਫ਼ ਬਹੁਤ ਜ਼ਿਆਦਾ ਫ਼ੌਜੀ ਸਹਾਇਤਾ ਦਿੱਤੀ ਸੀ। ਸ਼ੀ ਆਪਣੇ ‘ਚੀਨ-ਪਾਕਿਸਤਾਨ ਆਰਥਿਕ ਗਲਿਆਰੇ’ ਨੂੰ ਅਫ਼ਗਾਨਿਸਤਾਨ ਤੱਕ ਫੈਲਾਉਣ ’ਤੇ ਵੀ ਜ਼ੋਰ ਦੇ ਰਹੇ ਹਨ ਜਿਸ ਨਾਲ ਉੱਥੇ ਭਾਰਤ ਦੇ ਪ੍ਰਭਾਵ ’ਤੇ ਅਸਰ ਪਵੇਗਾ। ਦੱਖਣੀ ਏਸ਼ੀਆ ਅਤੇ ਹਿੰਦ ਮਹਾਸਾਗਰ ਦੇ ਹਰ ਦੇਸ਼ ਵਿੱਚ ਚੀਨ ਭਾਰਤ ਦੇ ਬਦਲ ਦੇ ਤੌਰ ’ਤੇ ਪੇਸ਼ ਆ ਰਿਹਾ ਹੈ। ਇਸ ਮਾਮਲੇ ਵਿੱਚ ਭੂ-ਰਾਜਨੀਤਕ ਮੁਕਾਬਲੇ ਦੇ ਘਟਣ ਦੀ ਕੋਈ ਸੰਭਾਵਨਾ ਨਹੀਂ ਹੈ। ਮੋਦੀ ਅਤੇ ਸ਼ੀ ਜਿਨਪਿੰਗ ਦਾ ਹੱਥ ਮਿਲਾਉਣਾ ਅਤੇ ਆਪਸੀ ਹਿੱਤਾਂ ’ਤੇ ਵਿਚਾਰ-ਵਟਾਂਦਰਾ ਕਰਨ ਦਾ ਇਹ ਮਤਲਬ ਨਹੀਂ ਕਿ ‘ਹਿੰਦੀ-ਚੀਨੀ ਭਾਈ-ਭਾਈ’ ਦਾ ਜ਼ਮਾਨਾ ਫਿਰ ਆ ਜਾਵੇਗਾ। ਸਾਵਧਾਨ ਅਤੇ ਚੌਕਸ ਰਹਿਣਾ, ਜ਼ਿੰਮੇਵਾਰੀ ਨਾਲ ਕੂਟਨੀਤੀ ਕਰਨਾ ਭਾਰਤ ਦੀ ਪਛਾਣ ਹੈ। ਇਸ ਸਮੇਂ ਚੀਨ ਨਾਲ ਰਿਸ਼ਤਿਆਂ ਵਿੱਚ ਨਰਮਾਹਟ ਨੂੰ ਇਸ ਨਜ਼ਰੀਏ ਨਾਲ ਦੇਖਣਾ ਚਾਹੀਦਾ ਹੈ। ਇਸ ਸਮੇਂ ਭਾਰਤ ਅਤੇ ਚੀਨ ਸੰਵੇਦਨਸ਼ੀਲਤਾ ਦੇ ਆਧਾਰ ’ਤੇ ਆਪਣੇ ਮਤਭੇਦਾਂ ਨੂੰ ਸੁਲਝਾਉਣ ਵਿੱਚ ਦਿਲਚਸਪੀ ਲੈ ਰਹੇ ਹਨ। ਓਧਰ ਭਾਰਤ ਅਤੇ ਅਮਰੀਕਾ ਦੀ ਰੱਖਿਆ ਸਾਂਝੇਦਾਰੀ ’ਤੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਵਪਾਰ ਯੁੱਧ ਕਾਰਨ ਸੰਕਟ ਆਇਆ ਹੈ। ਭਾਰਤ ਵਿੱਚ ਚੀਨ ਦੇ ਰਾਜਦੂਤ ਨੇ ਇਹ ਤੱਕ ਦਾਅਵਾ ਕੀਤਾ ਹੈ ਕਿ ਦੋਵੇਂ ਦੇਸ਼ ਅਮਰੀਕਾ ਦੀ ਧਮਕੀ ਅਤੇ ਧੌਂਸ ਖ਼ਿਲਾਫ਼ ਇਕੱਠੇ ਹੋ ਸਕਦੇ ਹਨ ਪਰ ਤੱਥ ਇਹ ਹੈ ਕਿ ਚੀਨ ਭਾਰਤ ਦੀ ਅਜਿਹੀ ਕੋਈ ਨੁਕਸਾਨਪੂਰਤੀ ਨਹੀਂ ਕਰ ਸਕਦਾ ਜੋ ਨੁਕਸਾਨ ਅਮਰੀਕਾ ਦੇ ਟੈਰਿਫ ਕਾਰਨ ਹੋਵੇਗਾ।

ਚੀਨ ਨੇ ਭਾਰਤ ’ਤੇ ਖੇਤੀ ਲਈ ਖਾਦਾਂ, ਦੁਰਲਭ ਖਣਿਜਾਂ ਅਤੇ ਸੁਰੰਗਾਂ ਪੁੱਟਣ ਵਾਲੀਆਂ ਮਸ਼ੀਨਾਂ ਦੀ ਦਰਾਮਦ ’ਤੇ ਪਾਬੰਦੀਆਂ ਨੂੰ ਹਟਾ ਕੇ ਭਰੋਸੇ ਦੀ ਬਹਾਲੀ ਦਾ ਸੰਕੇਤ ਦਿੱਤਾ ਹੈ ਪਰ ਅਸਲੀਅਤ ਇਹ ਹੈ ਕਿ ਚੀਨ ਨੂੰ ਭਾਰਤ ਦੇ ਨਾਲ ਲਗਪਗ 100 ਅਰਬ ਡਾਲਰ ਦਾ ਵਪਾਰ ਸਰਪਲਸ ਪ੍ਰਾਪਤ ਹੈ। ਇਸ ਸਥਿਤੀ ਵਿੱਚ ਚੀਨ ਨੂੰ ਅਮਰੀਕਾ ਦਾ ਬਦਲ ਸਮਝਣਾ ਜਾਂ ਰਣਨੀਤਕ ਉਲਟਫੇਰ ਦੀ ਆਸ ਕਰਨਾ, ਜਿਸ ਵਿੱਚ ਚੀਨ ਅਤੇ ਭਾਰਤ ਇਕੱਠੇ ਹੋ ਕੇ ਅਮਰੀਕਾ ਨੂੰ ਚੁਣੌਤੀ ਦੇਣ, ਯਥਾਰਥਵਾਦੀ ਸੋਚ ਨਹੀਂ ਹੈ। ਅਮਰੀਕਾ ਵੱਲੋਂ ਛੇੜਿਆ ਗਿਆ ਵਪਾਰ ਯੁੱਧ ਕਦੇ ਨਾ ਕਦੇ ਸੁਲਝ ਜਾਵੇਗਾ ਪਰ ਚੀਨ ਅਤੇ ਭਾਰਤ ਦੇ ਵਿਚਕਾਰ ਅਸੰਤੁਲਿਤ ਵਪਾਰ ਦਾ ਹੱਲ ਆਸਾਨ ਨਹੀਂ ਦਿਸਦਾ।

ਚੀਨ ਇਹ ਵੀ ਚਾਹੁੰਦਾ ਹੈ ਕਿ ਭਾਰਤ ਪੱਛਮੀ ਦੇਸ਼ਾਂ ਨਾਲ ਆਪਣੀ ਮਿੱਤਰਤਾ ਤੋੜੇ ਅਤੇ ਉਸ ਦੇ ਖੇਮੇ ਵਿਚ ਆ ਜਾਵੇ ਪਰ ਭਾਰਤ ਖ਼ੁਦ ਮਹਾਸ਼ਕਤੀ ਬਣਨ ਦੇ ਰਸਤੇ ’ਤੇ ਹੈ। ਅਜਿਹੇ ਵਿੱਚ ਉਹ ਆਪਣੀ ਜੰਗੀ ਖ਼ੁਦਮੁਖ਼ਤਿਆਰੀ ’ਤੇ ਸਮਝੌਤਾ ਨਹੀਂ ਕਰੇਗਾ। ਕਰਨਾ ਵੀ ਨਹੀਂ ਚਾਹੀਦਾ। ਇਨ੍ਹਾਂ ਅੰਤਰ-ਵਿਰੋਧਾਂ ਦੇ ਬਾਵਜੂਦ ਮੋਦੀ ਦੇ ਸ਼ੀ ਜਿਨਪਿੰਗ ਨਾਲ ਰਿਸ਼ਤਿਆਂ ਨੂੰ ਆਮ ਵਰਗੇ ਬਣਾਉਣ ਦੇ ਯਤਨ ਦੀ ਮਹੱਤਤਾ ਨੂੰ ਘੱਟ ਨਹੀਂ ਸਮਝਣਾ ਚਾਹੀਦਾ। ਭਾਰਤ ਚੀਨ ਦੇ ਨਾਲ ਸਨਮਾਨਜਨਕ ਰਿਸ਼ਤੇ ਚਾਹੁੰਦਾ ਹੈ। ਇਹ ਸਿਰਫ ਸ਼ਕਤੀ ਅਤੇ ਕੂਟਨੀਤੀ ਦੇ ਸੰਯੋਜਨ ਨਾਲ ਹੀ ਸੰਭਵ ਹੈ।

**-(ਲੇਖਕ ਜਿੰਦਲ ਸਕੂਲ ਆਫ ਇੰਟਰਨੈਸ਼ਨਲ ਅਫੇਅਰਜ਼ ਵਿੱਚ ਪ੍ਰੋਫੈਸਰ ਅਤੇ ਡੀਨ ਹੈ)।**

# ਵਿਦੇਸ਼ਾਂ ’ਚ ਕਿਉਂ ਹੁੰਦੇ ਹਨ ਭਾਰਤੀ ਮੌਤ ਦਾ ਸ਼ਿਕਾਰ?



ਜਤਿੰਦਰ ਸਿੰਘ ਪਮਾਲ

ਡੋਨਾਲਡ ਟਰੰਪ ਦੇ ਅਮਰੀਕਾ ਦੇ 47ਵੇਂ ਰਾਸ਼ਟਰਪਤੀ ਦੇ ਰੂਪ ਵਿੱਚ ਸਹੁੰ ਚੁੱਕਣ ਤੋਂ ਬਾਅਦ ਹੀ ਗ਼ੈਰ-ਕਾਨੂੰਨੀ ਪਰਵਾਸੀਆਂ ਵਿਰੁੱਧ ਕਾਰਵਾਈ ਸ਼ੁਰੂ ਹੋ ਹੋਈ ਹੈ। ਉਹ ਹਲਫ਼ ਲੈਣ ਤੋਂ ਬਾਅਦ ਤੋਂ ਹੀ ਭਾਰਤ ਵਿਰੋਧੀ ਵਤੀਰਾ ਅਪਣਾ ਰਹੇ ਹਨ। ਹੁਣ ਅਮਰੀਕੀ ਰਾਸ਼ਟਰਪਤੀ ਵੱਲੋਂ ਭਾਰਤ ’ਤੇ ਵਾਧੂ ਟੈਰਿਫ ਲਗਾਉਣ ਤੇ ਭਾਰਤੀਆਂ ਪ੍ਰਤੀ ਚੁੱਕੇ ਗਏ ਕੁਝ ਸਖ਼ਤ ਕਦਮਾਂ ਕਾਰਨ ਦੋਵਾਂ ਦੇਸ਼ਾਂ ਦੇ ਰਿਸ਼ਤੇ ਖਟਾਸ ਭਰਪੂਰ ਨਜ਼ਰ ਆ ਰਹੇ ਹਨ। ਇਸੇ ਤਰ੍ਹਾਂ ਕੈਨੇਡਾ ਵਿੱਚ ਰਹਿਣ ਵਾਲੇ ਪੰਜਾਬੀਆਂ ਨੂੰ ਝਟਕੇ ’ਤੇ ਝਟਕਾ ਲੱਗ ਰਿਹਾ ਹੈ। ਇੱਕ ਪਾਸੇ ਕੈਨੇਡਾ ਵਿੱਚ 5 ਲੱਖ ਪੰਜਾਬੀ ਨੌਜਵਾਨ ਡਿਪੋਰਟ ਹੋਣ ਦੇ ਖ਼ਤਰੇ ਦਾ ਸਾਹਮਣਾ ਕਰ ਰਹੇ ਹਨ। ਦੂਜੇ ਪਾਸੇ ਇਹ ਖ਼ਦਸ਼ਾ ਹੈ ਕਿ ਕੈਨੇਡਾ ਵਿੱਚ 10 ਲੱਖ ਨੌਕਰੀਆਂ ਖ਼ਤਮ ਹੋ ਜਾਣੀਆਂ ਹਨ।

ਡਗ ਫੋਰਡ ਦੇ ਇਸ ਬਿਆਨ ਤੋਂ ਬਾਅਦ ਪੰਜਾਬੀ ਮੂਲ ਦੇ ਲੋਕਾਂ ਵਿੱਚ ਸਹਿਮ ਦਾ ਮਾਹੌਲ ਹੈ। ਡਗ ਫੋਰਡ ਸਰਕਾਰ ਦਾ ਇਹ ਮੰਨਣਾ ਹੈ ਕਿ ਓਨਟਾਰੀਓ ਵਿੱਚ ਇਹ ਗਿਣਤੀ ਸਾਢੇ 4 ਤੇ 5 ਲੱਖ ਦੇ ਵਿਚਕਾਰ ਹੋ ਸਕਦੀ ਹੈ।

ਅਮਰੀਕਾ ਅਤੇ ਕੈਨੇਡਾ ਦੇਸ਼ਾਂ ਵੱਲੋਂ ਪੰਜਾਬੀ ਪਰਵਾਸੀਆਂ ਨਾਲ ਕੀਤੇ ਜਾ ਰਹੇ ਮਾੜੇ ਸਲੂਕਾਂ ਅਤੇ ਘਟੀਆ ਵਿਵਹਾਰ ਦੇ ਬਾਵਜੂਦ ਸਾਡੇ ਪੰਜਾਬੀਆਂ ’ਤੇ ਕੋਈ ਅਸਰ ਹੁੰਦਾ ਦਿਖਾਈ ਨਹੀਂ ਦੇ ਰਿਹਾ ਹੈ। ਉਹ ਆਪਣੇ ਮਾਪਿਆਂ ਦੀਆਂ ਜ਼ਮੀਨਾਂ-ਜਾਇਦਾਦਾਂ ਵੇਚ ਕੇ ਤੇ ਲੱਖਾਂ ਰੁਪਏ ਖ਼ਰਚ ਕੇ ਵਿਦੇਸ਼ਾਂ ਵੱਲ ਭੱਜੇ ਜਾ ਰਹੇ ਹਨ। ਇਸ ਸਾਲ ਦੋ ਜੁਲਾਈ ਤੋਂ 7 ਅਗਸਤ ਤੱਕ ਅਖ਼ਬਾਰਾਂ ਵਿੱਚ ਛਪੀਆਂ ਰਿਪੋਰਟਾਂ ਅਨੁਸਾਰ ਵਿਦੇਸ਼ ਵਿੱਚ ਪੰਜਾਬੀਆਂ ਦੀਆਂ ਮੌਤਾਂ ਦੀ ਗਿਣਤੀ 17 ਤੱਕ ਜਾ ਪਹੁੰਚੀ ਹੈ।

ਇਨ੍ਹਾਂ ਵਿੱਚ ਬਹੁਤੇ ਨੌਜਵਾਨ ਆਪਣੇ ਮਾਪਿਆਂ ਦੇ ਇਕਲੌਤੇ ਪੁੱਤਰ ਸਨ। ਰਾਜਪੁਰਾ ਦੇ ਪੁਲਿਸ ਮੁਲਾਜ਼ਮ ਗੁਰਪ੍ਰੀਤ ਸਿੰਘ ਦੇ ਇਕਲੌਤੇ ਪੁੱਤਰ 26 ਸਾਲਾ ਨੋਬਲ ਢਿੱਲੋਂ ਦੀ ਆਸਟ੍ਰੇਲੀਆ ਵਿੱਚ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਉਹ 8 ਸਾਲ ਪਹਿਲਾਂ ਆਸਟ੍ਰੇਲੀਆ ਗਿਆ ਸੀ।

ਤਰਨਤਾਰਨ ਦੇ ਸਰਹੱਦੀ ਪਿੰਡ ਪੈਲੋ ਪੱਬੀ ਵਾਸੀ 24 ਸਾਲਾ ਜਗਰਬੀਰ ਸਿੰਘ ਭੁੱਲਰ ਦੀ ਅਮਰੀਕਾ ਵਿਚ ਇਕ ਜੁਲਾਈ ਨੂੰ ਹਾਰਟ ਅਟੈਕ ਕਾਰਨ ਮੌਤ ਹੋ ਗਈ। ਇਸੇ ਤਰ੍ਹਾਂ ਲੁਧਿਆਣਾ ਦੇ ਪਿੰਡ ਦਾਦ ਦਾ 26 ਸਾਲਾ ਹਰਕਮਲ ਸਿੰਘ 2 ਸਾਲ ਪਹਿਲਾਂ ਕੈਨੇਡਾ ਗਿਆ ਸੀ। ਐਡਮਿੰਟਨ ਵਿੱਚ ਇੱਕ ਟਰਾਂਸਪੋਰਟ




ਕੰਪਨੀ ਵਿੱਚ ਕੰਮ ਕਰਦਾ ਸੀ। ਉੱਥੇ ਉਸ ਦੀ ਦਿਲ ਦੇ ਦੌਰੇ ਕਾਰਨ ਮੌਤ ਹੋ ਗਈ। ਪਿੰਡ ਠੀਕਰੀਵਾਲਾ ਦੇ ਨੌਜਵਾਨ ਬੇਅੰਤ ਸਿੰਘ ਪੁੱਤਰ ਬਚਿੱਤਰ ਸਿੰਘ ਦੀ ਕੈਨੇਡਾ ’ਚ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਉਹ 2 ਮਹੀਨੇ ਪਹਿਲਾਂ ਹੀ ਕੈਨੇਡਾ ਗਿਆ ਸੀ।

ਅਖ਼ਬਾਰਾਂ ਵਿੱਚ 4 ਜੁਲਾਈ ਨੂੰ ਖ਼ਬਰ ਛਪੀ ਸੀ ਕਿ ਪਿੰਡ ਗਲੌਟੀ ਖੁਰਦ ਦੇ ਨੌਜਵਾਨ ਗੁਰਜੰਟ ਸਿੰਘ ਦੀ ਗੱਡੀ ਦਾ ਸੰਤੁਲਨ ਵਿਗੜਨ ਕਾਰਨ ਸੜਕ ਹਾਦਸੇ ਵਿੱਚ ਉਸ ਦੀ ਮੌਤ ਹੋ ਗਈ। ਉਹ ਕੈਲੀਫੋਰਨੀਆ ਦੇ ਇੱਕ ਸ਼ਹਿਰ ਵਿੱਚ ਕਿਸੇ ਸਟੋਰ ’ਤੇ ਕੰਮ ਕਰਦਾ ਸੀ। ਮੋਗਾ ਦੇ ਪਿੰਡ ਮੱਲੇਆਣਾ ਦੇ 48 ਸਾਲਾ ਗੁਰਪ੍ਰੀਤ ਸਿੰਘ ਪੁੱਤਰ ਕਿਰਪਾਲ ਸਿੰਘ ਦੀ ਫਿਲਪੀਨ ਵਿੱਚ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਉਹ ਕੁਝ ਸਮਾਂ ਪਹਿਲਾਂ ਰੋਜ਼ੀ-ਰੋਟੀ ਕਮਾਉਣ ਲਈ ਮਨੀਲਾ ਗਿਆ ਸੀ। ਬਿਰਧ ਮਾਪਿਆਂ ਤੋਂ ਇਲਾਵਾ ਉਸ ਦੀ ਪਤਨੀ ਤੇ ਦੋ ਬੇਟੀਆਂ ਹਨ।

ਮਾਨਸਾ ਦਾ ਨੌਜਵਾਨ ਜਤਿਨ ਗਰਗ ਅਚਾਨਕ ਵਾਲੀਬਾਲ ਖੇਡਦੇ ਸਮੇਂ ਬਾਲ ਚੁੱਕਦਿਆਂ ਦਰਿਆ ਵਿੱਚ ਰੁੜ੍ਹ ਗਿਆ। ਜਤਿਨ 11 ਮਹੀਨੇ ਪਹਿਲਾਂ ਵਿਦਿਆਰਥੀ ਵੀਜ਼ੇ ’ਤੇ ਕੈਨੇਡਾ ਗਿਆ ਸੀ। ਸ਼ਿਵਦਾਸਪੁਰ ਦੇ 25 ਸਾਲਾ ਨੌਜਵਾਨ ਕਰਨਵੀਰ ਦੀ ਅਮਰੀਕਾ ’ਚ ਸੜਕ ਹਾਦਸੇ ’ਚ ਮੌਤ ਹੋ ਗਈ। ਉਸ ਦੇ ਭਰਾ ਨੇ ਦੱਸਿਆ ਕਿ ਉਹ ਪੜ੍ਹਾਈ ਪੂਰੀ ਕਰ ਕੇ ਟਰਨਿੰਮ ਕੰਪਨੀ ਵਿੱਚ ਕੰਮ ਕਰ ਰਿਹਾ ਸੀ।

ਉਸ ਦੀ ਮੌਤ ਉਸ ਦਾ ਟਰੱਕ ਸੜਕ ਕਿਨਾਰੇ ਰੇਲਿੰਗ ਨਾਲ ਟਕਰਾਉਣ ਕਾਰਨ ਹੋਈ। ਅਮਰੀਕਾ ਦੇ ਕੈਲੀਫੋਰਨੀਆ ’ਚ ਹਰਿਆਣਾ ਦੇ ਕਰਨਾਲ ਵਾਸੀ ਸੰਦੀਪ ਉਰਫ ਸੰਜੀਵ ਨੂੰ ਸ਼ਾਮ ਵੇਲੇ ਖਾਣਾ ਲੈਣ ਗਏ ਨੂੰ ਕਿਸੇ ਨੇ ਗੋਲ਼ੀ ਮਾਰ ਦਿੱਤੀ। ਉਸ ਨੇ 26 ਜੁਲਾਈ ਨੂੰ ਘਰ ਆਉਣਾ ਸੀ। ਰਾਏਕੋਟ ਦੇ ਪਿੰਡ ਬ੍ਰਹਮਪੁਰ ਦੇ ਨੌਜਵਾਨ ਮਨਜਿੰਦਰ ਸਿੰਘ ਦੀ ਕੈਨੇਡਾ ਦੇ ਸ਼ਹਿਰ ਐਡਮਿੰਟਨ ’ਚ ਟਰਾਲਾ ਚੁਲਾਉਂਦਿਆਂ ਹਾਦਸੇ ਦੌਰਾਨ ਮੌਤ ਹੋ ਗਈ। ਜ਼ਿਲ੍ਹਾ ਕਪੂਰਥਲਾ ਦੇ ਨਡਾਲਾ ਕਸਬੇ ਨਾਲ ਸਬੰਧਤ ਵਿਆਹੁਤਾ ਕਾਜਲ ਸ਼ਰਮਾ (30) ਦੀ ਇਟਲੀ ਵਿੱਚ ਮੌਤ ਹੋ ਗਈ।

ਕਾਜਲ ਹਫ਼ਤਾ ਕੁ ਪਹਿਲਾਂ ਬਿਮਾਰ ਹੋ ਗਈ ਸੀ। ਹਸਪਤਾਲ ’ਚ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਇਸੇ ਤਰ੍ਹਾਂ ਕੋਟਕਪੂਰਾ ਦੇ ਪੱਕਾ ਨੰਬਰ 1 ਦੇ 22 ਸਾਲਾ ਨੌਜਵਾਨ ਅਕਾਸ਼ਦੀਪ ਨੇ ਕੈਨੇਡਾ ਦੇ ਸ਼ਹਿਰ ਕੈਲਗਰੀ ’ਚ ਮਾਨਸਿਕ ਤਣਾਅ ਦੇ ਚੱਲਦਿਆਂ ਖ਼ੁਦਕੁਸ਼ੀ ਕਰ ਲਈ। ਜ਼ੀਰਾ ਦੇ ਨੇੜਲੇ ਪਿੰਡ ਬੋਤੀਆਂ ਵਾਲਾ ਦੀ ਸਰਤਾਜ ਸਿੰਘ ਢਿੱਲੋਂ ਦੀ ਲੜਕੀ ਮਨਬੀਰ ਕੌਰ ਦੀ ਕੈਨੇਡਾ ’ਚ ਹਾਦਸੇ ਦੌਰਾਨ ਮੌਤ ਹੋ ਗਈ।

ਉਸ ਦੇ ਪਿਤਾ ਨੇ ਦੱਸਿਆ ਕਿ ਉਸ ਦੇ ਸਾਰੇ ਅੰਗ ਲੋੜਵੰਦਾਂ ਨੂੰ ਡੋਨੇਟ ਕੀਤੇ ਗਏ ਹਨ। ਪਿੰਡ ਕੋਟਲੀ ਸੂਰਤ ਮੱਲ੍ਹੀ ਦੇ 28 ਸਾਲਾ ਨੌਜਵਾਨ ਗਗਨਦੀਪ ਸਿੰਘ ਦੀ ਦਿਲ ਦਾ ਦੌਰਾ ਪੈਣ ਕਾਰਨ ਹਸਤਪਾਲ ਵਿੱਚ ਇਲਾਜ ਦੌਰਾਨ ਮੌਤ ਹੋ ਗਈ। ਉਹ ਤਕਰੀਬਨ 14 ਕੁ ਮਹੀਨੇ ਪਹਿਲਾਂ ਹੀ ਰੋਜ਼ੀ-ਰੋਟੀ ਲਈ ਸਾਊਦੀ ਅਰਬ ਗਿਆ ਸੀ। ਚਾਰ ਜੁਲਾਈ ਨੂੰ ਅਖ਼ਬਾਰਾਂ ’ਚ ਖ਼ਬਰ ਛਪੀ ਸੀ ਕਿ ਸੁਲਤਾਨਪੁਰ ਲੋਧੀ ਦੇ ਨਵਜੋਤ ਸਿੰਘ ਪੁੱਤਰ ਸ਼ਿੰਗਾਰਾ ਸਿੰਘ ਦੀ ਦੁਬਈ ’ਚ ਵਾਪਰੇ ਸੜਕ ਹਾਦਸੇ ’ਚ ਮੌਤ ਹੋ ਗਈ। ਉਹ ਦੋ ਭੈਣਾਂ ਦਾ ਇਕਲੌਤਾ ਭਰਾ ਸੀ।

ਹੁਸ਼ਿਆਰਪੁਰ ਦੇ ਪਿੰਡ ਸਲੇਮਪੁਰ ਦੇ ਨੌਜਵਾਨ ਸੰਦੀਪ ਸੈਣੀ ਦੀ ਇਟਲੀ ਚ ਭੇਤਭਰੀ ਹਾਲਤ ਵਿੱਚ ਮੌਤ ਹੋ ਗਈ। ਮ੍ਰਿਤਕ ਆਪਣੇ ਮਾਪਿਆਂ ਦਾ ਇਕਲੌਤਾ ਪੁੱਤਰ ਸੀ। ਉਸ ਦੇ ਪਿਤਾ ਰਾਮਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਦਾ 30 ਸਾਲਾ ਪੁੱਤਰ ਸੰਦੀਪ ਕੁਝ ਸਾਲ ਪਹਿਲਾਂ ਇਟਲੀ ਗਿਆ ਸੀ। ਬਟਾਲਾ ਦੇ ਨਜ਼ਦੀਕੀ ਪਿੰਡ ਸੇਖਾਵਾਂ ਜਾਨਪੁਰ ਦੇ ਨੌਜਵਾਨ ਮਲਕੀਤ ਸਿੰਘ ਦੀ ਪੁਰਤਗਾਲ ’ਚ ਸੜਕ ਹਾਦਸੇ ਦੌਰਾਨ ਮੌਤ ਹੋ ਗਈ। ਮ੍ਰਿਤਕ ਦੇ ਭਰਾ ਰਣਜੀਤ ਸਿੰਘ ਨੇ ਦੱਸਿਆ ਕਿ ਉਸ ਦਾ ਭਰਾ 2 ਸਾਲ ਪਹਿਲਾਂ ਰੋਜ਼ੀ-ਰੋਟੀ ਲਈ ਆਸਟਰੀਆ ਗਿਆ ਸੀ। ਲੱਖਾਂ ਰੁਪਏ ਖ਼ਰਚ ਕੇ ਧਨ-ਦੌਲਤ ਕਮਾਉਣ ਲਈ ਅਸੀਂ ਆਪਣੇ ਬੱਚਿਆਂ ਨੂੰ ਜ਼ਮੀਨਾਂ-ਜਾਇਦਾਦਾਂ ਵੇਚ ਕੇ ਵਿਦੇਸ਼ਾਂ ’ਚ ਭੇਜ ਰਹੇ ਹਾਂ। ਜੇਕਰ ਅਸੀਂ ਇਸ ਤੋਂ ਅੱਧਾ ਧਨ ਖ਼ਰਚ ਕੇ ਆਪਣੇ ਬੱਚਿਆਂ ਨੂੰ ਆਪਣੇ ਮੁਲਕ ਵਿਚ ਹੀ ਕਾਰੋਬਾਰ ਖੋਲ੍ਹ ਦੇਵਾਂਗੇ ਤਾਂ ਇਸ ਦੇ ਦੋ ਫ਼ਾਇਦੇ ਹੋਣਗੇ। ਪਹਿਲਾ ਇਹ ਕਿ ਸਾਡੇ ਬੱਚੇ ਸਾਡੀਆਂ ਅੱਖਾਂ ਦੇ ਸਾਹਮਣੇ ਰਹਿਣਗੇ। ਦੂਸਰਾ ਫ਼ਾਇਦਾ ਇਹ ਹੋਵੇਗਾ ਕਿ ਵਿਦੇਸ਼ ’ਚ ਜ਼ਲੀਲ ਹੋ ਕੇ ਸਾਰੀ ਖਾਣ ਨਾਲੋਂ ਇੱਜ਼ਤ, ਮਾਣ ਤੇ ਮਾਨਸਿਕ ਸ਼ਾਂਤੀ ਬਰਕਰਾਰ ਰੱਖਦੇ ਹੋਏ ਆਪਣੇ ਇੱਥੇ ਅੱਧੀ ਖਾ ਲੈਣੀ ਕਿਤੇ ਬਿਹਤਰ ਹੈ।

(ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ)।



# ਹਰ ਔਕੜ ਦਾ ਡਟ ਕੇ ਸਾਹਮਣਾ ਕਰਦੇ ਨੇ ਪੰਜਾਬੀ

## ਦੁਨੀਆਂ 'ਚ ਲੋੜਵੰਦਾਂ ਦੀ ਸਹਾਇਤਾ ਕਰਨ ਲਈ ਪੰਜਾਬੀ ਰਹਿੰਦੇ ਨੇ ਹਮੇਸ਼ਾ ਤਿਆਰ

## ਸਿੱਖਾਂ ਦੀ 'ਲੰਗਰ ਸੇਵਾ' ਪੂਰੇ ਵਿਸ਼ਵ 'ਚ ਹੈ ਪ੍ਰਸਿੱਧ




**ਵਿਸ਼ਵ ਦੇ ਕਿਸੇ ਵੀ ਇਲਾਕੇ 'ਚ ਜਦੋਂ ਵੀ ਕੋਈ ਕੁਦਰਤੀ ਆਫ਼ਤ ਆਉਂਦੀ ਹੈ ਜਾਂ ਕੋਈ ਬਿਪਤਾ ਪੈਂਦੀ ਹੈ ਤਾਂ ਪੰਜਾਬੀ ਉਥੇ ਵੀ ਪਹੁੰਚ ਕੇ ਲੋੜਵੰਦਾਂ ਦੀ ਸਹਾਇਤਾ ਕਰਨ ਦਾ ਯਤਨ ਕਰਦੇ ਹਨ। ਸਿੱਖਾਂ ਦੀ 'ਲੰਗਰ ਸੇਵਾ' ਤਾਂ ਪੂਰੇ ਵਿਸ਼ਵ ਵਿੱਚ ਪ੍ਰਸਿੱਧ ਹੈ। ਜਦੋਂ ਬਿਪਤਾ ਮਾਰੇ ਇਲਾਕਿਆਂ ਵਿੱਚ ਹਰ ਚੀਜ਼ ਮਹਿੰਗੀ ਹੋ ਕੇ ਸੋਨੇ ਦੇ ਭਾਅ ਵਿਕਦੀ ਹੈ ਤਾਂ ਉਥੇ ਪਹੁੰਚ ਕੇ 'ਸਿੱਖ' ਖਾਣ ਪੀਣ ਦੇ ਸਮਾਨ, ਕੱਪੜੇ ਅਤੇ ਦਵਾਈਆਂ ਦੇ ਮੁਫ਼ਤ ਲੰਗਰ ਲਗਾ ਦਿੰਦੇ ਹਨ। ਜਿਸ ਕਾਰਨ 'ਸਿੱਖਾਂ' ਦੀ ਪੂਰੀ ਦੁਨੀਆਂ ਵਿੱਚ ਵੱਖਰੀ ਹੀ ਪਹਿਚਾਣ ਅਤੇ ਸ਼ਾਨ ਬਣੀ ਹੋਈ ਹੈ।**









ਪੰਜ ਦਰਿਆਵਾਂ ਦੀ ਧਰਤੀ ਪੰਜਾਬ ਇਸ ਸਮੇਂ ਹੜ੍ਹਾਂ ਦੇ ਪਾਣੀ ਦੀ ਮਾਰ ਦਾ ਸਾਹਮਣਾ ਕਰ ਰਹੀ ਹੈ। ਕੁਝ ਇਲਾਕੇ ਟਾਪੂ ਬਣ ਗਏ ਹਨ, ਹਰ ਪਾਸੇ ਫੈਲਿਆ ਹੜ੍ਹਾਂ ਦਾ ਪਾਣੀ ਸਮੁੰਦਰ ਹੋਣ ਦਾ ਭੁਲੇਖਾ ਪਾ ਰਿਹਾ ਹੈ। ਹੜ੍ਹਾਂ ਦੇ ਪਾਣੀ 'ਚ ਵੱਡੀ ਗਿਣਤੀ ਪੰਜਾਬੀਆਂ ਦੇ ਘਰ-ਬਾਰ ਤੇ ਮਾਲ-ਅਸਬਾਬ ਰੁੜ੍ਹ ਗਏ ਹਨ, ਇਸ ਦੇ ਨਾਲ ਹੀ ਪੰਜਾਬੀਆਂ ਦੇ ਅਨੇਕਾਂ 'ਸੁਪਨੇ' ਵੀ ਹੜ੍ਹਾਂ ਦੇ ਪਾਣੀ 'ਚ ਰੁੜ੍ਹ ਗਏ ਹਨ। ਕਈ ਪੰਜਾਬੀਆਂ ਨੇ ਆਪਣੀਆਂ ਧੀਆਂ ਦੇ ਵਿਆਹਾਂ ਲਈ ਦਾਜ ਜੋੜਿਆ ਹੋਇਆ ਸੀ ਪਰ ਉਹ ਦਾਜ ਦਾ ਸਮਾਨ ਵੀ ਹੜ੍ਹਾਂ ਦੇ ਪਾਣੀ ਕਾਰਨ ਖਰਾਬ ਹੋ ਗਿਆ। ਹੜ੍ਹ ਮਾਰੇ ਇਲਾਕਿਆਂ ਦੇ ਵੱਡੀ ਗਿਣਤੀ ਲੋਕ ਆਪਣੇ ਘਰਾਂ ਨੂੰ ਸੁੰਨੇ ਛੱਡ ਕੇ ਖੁਦ ਸੁਰੱਖਿਅਤ ਥਾਂਵਾਂ 'ਤੇ ਬੈਠੇ ਹਨ ਪਰ ਉਹਨਾਂ ਦੇ ਮਨ ਆਪਣੇ ਘਰਾਂ ਵਿੱਚ ਹੀ ਹਨ। ਅਜਿਹੇ ਦੁਖਾਂਤ ਸਮੇਂ ਪੰਜਾਬੀ ਹੀ ਇੱਕ ਦੂਜੇ ਦੇ ਕੰਮ ਆ ਰਹੇ ਹਨ ਅਤੇ ਬਿਨਾਂ ਕਿਸੇ ਭੇਦਭਾਵ ਦੇ ਪੰਜਾਬੀ ਇੱਕ ਦੂਜੇ ਦੀ ਸਹਾਇਤਾ ਕਰ ਰਹੇ ਹਨ।

ਪੰਜਾਬ ਦੇ ਪ੍ਰਸਿੱਧ ਕਵੀਸ਼ਰ ਬਾਬੂ ਰਜਬ ਅਲੀ ਨੇ ਬਹੁਤ ਪਹਿਲਾਂ ਗਾਇਆ ਸੀ ਕਿ "ਆਲੂ ਨਿਰੇ ਉਬਾਲਣ ਵੇ, ਜਿਨ੍ਹਾਂ ਦੀ ਫਸਲ ਹੜ੍ਹਾਂ 'ਚ ਹੜ੍ਹ ਗਈ।" ਇਸ ਸਮੇਂ ਪੰਜਾਬ ਦੇ ਵੱਡੀ ਗਿਣਤੀ ਕਿਸਾਨਾਂ ਦੀ ਫਸਲ ਹੜ੍ਹਾਂ ਵਿੱਚ ਵਹਿ ਗਈ ਹੈ। ਭਾਵੇਂ ਕਿ ਪੰਜਾਬ ਦੇ ਮੁੱਖ ਮੰਤਰੀ ਨੇ ਨੁਕਸਾਨ ਦੀ ਵਿਸ਼ੇਸ਼ ਗਿਰਦਾਵਰੀ ਕਰਵਾ ਕੇ ਮੁਆਵਜ਼ਾ ਦੇਣ ਦਾ ਐਲਾਨ ਕੀਤਾ ਹੈ ਪਰ ਪੰਜਾਬੀਆਂ ਦਾ ਹੜ੍ਹਾਂ ਕਾਰਨ ਜੋ ਨੁਕਸਾਨ ਹੋਇਆ ਹੈ, ਉਸ ਦੀ ਪੂਰਤੀ ਕਰਨੀ ਅਸੰਭਵ ਹੈ। ਸਿਆਸੀ ਪਾਰਟੀਆਂ ਦਾ ਇਹ ਹਾਲ ਹੈ ਕਿ ਨੇਤਾ ਹੜ੍ਹ ਪੀੜਤਾਂ ਦੀ ਮਦਦ ਦੇ ਬਹਾਨੇ ਆਪਣੀਆਂ ਵੋਟਾਂ ਪੱਕੀਆਂ ਕਰਨ ਦਾ ਯਤਨ ਕਰ ਰਹੇ ਹਨ। ਨੇਤਾਵਾਂ ਵੱਲੋਂ ਹੜ੍ਹਾਂ ਦੇ ਪਾਣੀ 'ਤੇ ਵੀ ਸਿਆਸੀ ਰੋਟੀਆਂ ਸੇਕੀਆਂ ਜਾ ਰਹੀਆਂ ਹਨ। ਅਜਿਹੇ ਦੁੱਖ ਦੇ ਸਮੇਂ ਵਿੱਚ ਪੰਜਾਬੀ ਹੀ ਦੂਜੇ ਪੰਜਾਬੀਆਂ ਦੀ ਬਾਂਹ ਫੜ ਰਹੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਲੰਗਰ ਵੀ ਲਗਾਏ ਗਏ ਹਨ। ਲੋੜਵੰਦਾਂ ਨੂੰ ਗੁਰਧਾਮਾਂ ਵਿੱਚ ਸ਼ਰਨ ਵੀ ਦਿੱਤੀ ਗਈ ਹੈ ਅਤੇ ਲੋੜਵੰਦਾਂ ਦੀ ਹਰ ਸੰਭਵ ਸਹਾਇਤਾ ਕੀਤੀ ਜਾ ਰਹੀ ਹੈ।

ਭਾਰਤ ਦੇ ਪਹਾੜੀ ਖੇਤਰਾਂ ਵਿੱਚ ਜਦੋਂ ਹੜ੍ਹ ਆਉਂਦੇ ਹਨ ਜਾਂ ਭੂਚਾਲ ਕਾਰਨ ਵੱਡਾ ਨੁਕਸਾਨ ਹੁੰਦਾ ਹੈ ਤਾਂ ਪਹਾੜੀ ਸਥਾਨਾਂ 'ਤੇ ਸਥਿਤ ਧਾਰਮਿਕ ਸਥਾਨਾਂ ਦੀ ਯਾਤਰਾ ਕਰਨ ਗਏ ਯਾਤਰੀਆਂ ਨੂੰ ਉਥੋਂ ਦੇ ਪਹਾੜੀ ਦੁਕਾਨਦਾਰਾਂ ਅਤੇ ਲੋਕਾਂ ਵੱਲੋਂ ਹਰ ਸਮਾਨ ਬਹੁਤ ਮਹਿੰਗੇ ਭਾਅ ਵੇਚਿਆ ਜਾਂਦਾ ਹੈ ਪਰ ਅਜਿਹੇ ਸਮੇਂ 'ਸਿੱਖ' ਹੀ ਹੁੰਦੇ ਹਨ, ਜੋ ਕਿ ਉਥੇ ਵੀ ਮੁਫ਼ਤ ਲੰਗਰ ਲਗਾ ਦਿੰਦੇ ਹਨ। ਮੀਡੀਆ ਵਿੱਚ ਖ਼ਬਰਾਂ ਆਉਂਦੀਆਂ ਰਹਿੰਦੀਆਂ ਹਨ ਕਿ ਪਹਾੜੀ ਇਲਾਕਿਆਂ ਵਿੱਚ ਕੋਈ ਕੁਦਰਤੀ ਕਰੋਪੀ ਆਉਣ ਸਮੇਂ ਸੈਲਾਨੀਆਂ ਅਤੇ ਧਾਰਮਿਕ ਸਥਾਨਾਂ ਦੀ ਯਾਤਰਾ ਕਰਨ ਗਏ ਯਾਤਰੀਆਂ ਤੋਂ ਪਹਾੜੀ ਲੋਕ ਮੂੰਹ ਮੰਗੇ ਪੈਸੇ ਵਸੂਲ ਕੇ ਉਹਨਾਂ ਨੂੰ ਖਾਸ ਕਰਕੇ ਮਹਿਲਾਵਾਂ ਨੂੰ ਆਪਣੇ ਬਾਥਰੂਮ ਵਰਤਣ ਦਿੰਦੇ ਹਨ। ਇਸ ਤਰ੍ਹਾਂ ਵੱਡੀ ਗਿਣਤੀ ਪਹਾੜੀ ਲੋਕ ਕੁਦਰਤੀ ਕਰੋਪੀ ਸਮੇਂ ਵੀ ਸੈਲਾਨੀਆਂ ਅਤੇ ਧਾਰਮਿਕ ਯਾਤਰੀਆਂ ਤੋਂ ਮੋਟੀ ਕਮਾਈ ਕਰਨ ਦਾ ਯਤਨ ਕਰਦੇ ਹਨ। ਅਜਿਹੇ ਸਮੇਂ ਪੰਜਾਬੀ ਅਤੇ ਸਿੱਖ ਅੱਗੇ ਆਉਂਦੇ ਹਨ ਜੋ ਕਿ ਹਰ ਜਰੂਰਤ ਦੀ ਵਸਤ ਦਾ ਮੁਫ਼ਤ ਲੰਗਰ ਲਾਉਂਦੇ ਹਨ ਅਤੇ ਲੋੜਵੰਦਾਂ ਦੀ ਸਹਾਇਤਾ ਕਰਦੇ ਹਨ। ਅਜਿਹੇ ਸਮੇਂ ਪਹਾੜੀ ਸਥਾਨਾਂ ਵਿੱਚ ਸਥਿਤ ਗੁਰਧਾਮਾਂ ਦੇ ਦਰ ਵੀ ਲੋੜਵੰਦਾਂ ਦੀ ਸਹਾਇਤਾ ਲਈ ਖੋਲ੍ਹ ਦਿੱਤੇ ਜਾਂਦੇ ਹਨ।

ਵਿਸ਼ਵ ਦੇ ਕਿਸੇ ਇਲਾਕੇ ਵਿੱਚ ਜਦੋਂ ਅਕਾਲ ਪੈ ਜਾਂਦਾ ਹੈ ਜਾਂ ਭੂਚਾਲ ਜਾਂ ਸੁਨਾਮੀ ਜਾਂ ਹੋਰ ਕੁਦਰਤੀ ਆਫ਼ਤ ਆਉਣ ਕਾਰਨ ਵੱਡਾ ਨੁਕਸਾਨ ਹੁੰਦਾ ਹੈ ਅਤੇ ਲੋਕ ਭੁੱਖਮਰੀ ਦੇ ਸ਼ਿਕਾਰ ਹੁੰਦੇ ਹਨ ਤਾਂ ਉਥੇ ਸਿੱਖ ਪਹੁੰਚ ਕੇ ਮੁਫ਼ਤ ਲੰਗਰ ਲਗਾਉਂਦੇ ਹਨ। ਸਿੱਖਾਂ ਦੀਆਂ ਕਈ ਅੰਤਰਰਾਸ਼ਟਰੀ ਸੰਸਥਾਵਾਂ ਵਿਸ਼ਵ ਦੇ ਵੱਖ ਵੱਖ ਇਲਾਕਿਆਂ ਵਿੱਚ ਬਿਪਤਾ ਸਮੇਂ ਲੰਗਰ ਲਗਾ ਕੇ ਲੋੜਵੰਦਾਂ ਦੀ ਸਹਾਇਤਾ ਕਰ ਚੁੱਕੀਆਂ ਹਨ। ਵਿਦੇਸ਼ੀ ਲੋਕ ਸਿੱਖਾਂ ਦੀ ਲੰਗਰ ਸੇਵਾ ਤੋਂ ਬਹੁਤ ਪ੍ਰਭਾਵਿਤ ਹੁੰਦੇ ਹਨ।

ਇਸ ਸਮੇਂ ਪੰਜਾਬ ਵਿੱਚ ਹੜ੍ਹ ਆਏ ਹੋਏ ਹਨ। ਵੱਡੀ ਗਿਣਤੀ ਪੰਜਾਬੀ ਹੜ੍ਹਾਂ ਦੀ ਮਾਰ ਸਹਿ ਰਹੇ ਹਨ। ਭਾਵੇਂ ਸਰਕਾਰ ਵੱਲੋਂ ਵੀ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਯਤਨ ਕੀਤੇ ਜਾ ਰਹੇ ਹਨ ਪਰ ਪੰਜਾਬੀ ਇਸ ਬਿਪਤਾ ਦੀ ਘੜੀ ਵਿੱਚ ਇੱਕ ਦੂਜੇ ਦੀ ਪੂਰੀ ਸਹਾਇਤਾ ਕਰ ਰਹੇ ਹਨ। ਪੰਜਾਬ ਦੇ ਲੋਕ ਹੜ੍ਹਾਂ ਦਾ ਡਟ ਕੇ ਸਾਹਮਣਾ ਕਰ ਰਹੇ ਹਨ।







# ਹੜ੍ਹਾਂ ਨਾਲ ਹੁੰਦੀ ਤਬਾਹੀ ਨੂੰ ਕਿਵੇਂ ਘਟਾਉਣ ਪੰਜਾਬੀ ਤੇ ਸਰਕਾਰ ?

**ਵਿਜੈ ਬੰਬੇਲੀ**

ਪੰਜਾਬ ਖਿੱਤਾ ਪਾਣੀਆਂ ਦੀ ਧਰਤੀ ਵਜੋਂ ਜਾਣਿਆ ਜਾਂਦਾ ਸੀ ਅਤੇ ਇੱਥੋਂ ਦੇ ਵਾਸੀਆਂ ਦਾ ਪੂਰਵ ਇਤਿਹਾਸ ਕਾਲ ਤੋਂ ਹੜ੍ਹਾਂ ਦੇ ਲਾਭਾਂ ਅਤੇ ਸਮੱਸਿਆਵਾਂ ਨਾਲ ਵਾਹ-ਵਾਸਤਾ ਰਿਹਾ ਹਾਂ।

ਪਾਣੀ ਵਜ਼ਨਦਾਰ ਵਸਤ ਹੈ। ਨਿਵਾਣ ਵੱਲ ਖੁਦ-ਬ-ਖੁਦ ਵਗਣ ਤੋਂ ਬਿਨਾਂ ਇਸ ਨੂੰ ਇਧਰ-ਉਧਰ ਕਰਨਾ ਸੌਖਾ ਨਹੀਂ। ਹਰ ਵਰ੍ਹੇ, ਕਰੀਬ 32 ਅਰਬ ਏਕੜ ਫੁੱਟ ਪਾਣੀ ਧਰਤੀ ’ਤੇ ਵਗਦਾ ਹੋਇਆ, ਜਦ ਤੱਕ ਕਿ ਐਸੇ ਪਾਣੀ ਦੇ ਕੁੱਝ ਕੁ ਹਿੱਸੇ ਨੂੰ ਅਸੀਂ ਰੋਕ-ਖੜ੍ਹਾ ਜਾਂ ਮੋੜ ਕੇ ਵਰਤਣ ਨਹੀਂ ਸਾਂ ਲੱਗ ਪਏ, ਸਾਗਰਾਂ ਵੱਲ ਜਾਂਦਾ ਸੀ/ਹੈ। ਪਹਿਲ-ਪਲੱਕੜਿਆਂ ਵਿੱਚ ਸਹਿਜ-ਤੋਰੇ, ਹੁਣ ਦੁੜੰਗੇ ਮਾਰਦਾ। ਭਾਰਤ ਵਿੱਚ, ਹਾਲੇ ਵੀ ਪ੍ਰਤੀ ਸਾਲ ਲਗਭਗ 4000 ਅਰਬ ਘਣ ਮੀਟਰ ਪਾਣੀ ਜਲ-ਚੱਕਰਾਂ ਰਾਹੀਂ ਉੱਗਦਾ ਤੇ ਵਰਸਦਾ ਹੈ। ਇਸ ਗੇੜ ਵਿੱਚ ਘੁੰਮਦੇ ਸਾਲਾਨਾ ਜਲ ਨੂੰ ਜੇਕਰ ਸਮੁੰਦਰਾਂ, ਨਦੀਆਂ-ਦਰਿਆਵਾਂ, ਜਲ-ਕੁੰਡਾਂ ਜਾਂ ਜ਼ਮੀਨ ਵਿਚ ਸਮੋਣ ਦੀ ਬਜਾਏ ਸਾਲਮ-ਪੱਧਰੀ ਧਰਤੀ ’ਤੇ ਵਿਛਾ ਦੇਈਏ ਤਾਂ ਸਮੁੱਚੀ ਸਤ੍ਹਾ ਉੱਤੇ ਇਹ ਤਿੰਨ ਫੁੱਟ ਉੱਚਾ ਖੜ੍ਹ ਜਾਵੇਗਾ। ਹੁਣ, ਸਾਡੇ ਲਾਲਚਾਂ ਅਤੇ ਅਚੇਤ-ਸੁਚੇਤ ਗਲਤੀਆਂ ਕਾਰਨ ਦੇਸ਼ ਦੇ ਕੁੱਲ ਧਰਾਤਲੀ ਖਿੱਤੇ ਦਾ ਅੱਠਵਾਂ ਹਿੱਸਾ ਹੜ੍ਹਾਂ ਦੀ ਮਾਰ ਹੇਠ ਆ ਗਿਆ ਹੈ। ਕੋਈ ਸੂਬਾ ਜ਼ਿਆਦਾ ਅਤੇ ਕੋਈ ਕੁਝ ਘੱਟ। ਕੋਈ ਕਦੇ-ਕਦੇ ਤੇ ਕੋਈ ਹਰ ਵਰ੍ਹੇ ਹੜ੍ਹਾਂ ਤੋਂ ਪ੍ਰਭਾਵਿਤ ਹੁੰਦਾ ਹੈ।

ਦਰ-ਹਕੀਕਤ ਪੰਜਾਬ ਵਿੱਚ ਤਿੱਖੇ ਹੜ੍ਹਾਂ ਅਤੇ ਜਲ-ਸੰਕਟ ਦਾ ਇਤਿਹਾਸ ਉਦੋਂ ਹੀ ਸ਼ੁਰੂ ਹੋਇਆ, ਜਦੋਂ ਅਸੀਂ ਕੁਦਰਤੀ ਟੋਏ, ਢਾਬਾਂ, ਛੰਭ ਫਨਾਹ ਕਰਨੇ ਸ਼ੁਰੂ ਕਰ ਦਿੱਤੇ। ਜਲ-ਵਹਿਣਾਂ ਅਤੇ ਜਲ-ਕੁੰਡਾਂ ਉੱਤੇ ਕਬਜ਼ੇ ਕਰਨ ਲੱਗੇ। ਜੇ ਪਾਣੀ ਰੁਕੇਗਾ ਨਹੀਂ, ਤਦ ਵਗੇਗਾ ਹੀ। ਅਣਸਾਵੇਂ ਵਿਕਾਸ, ਉਚਿਤ ਨਿਕਾਸੀ ਅਤੇ ਢੁਕਵੇਂ ਜਲ-ਪ੍ਰਬੰਧ ਦੀਆਂ ਕਾਰਗਰ ਯੋਜਨਾਵਾਂ ਤੇ ਸੁਹਿਰਦ ਅਮਲ ਦੀ ਅਣਹੋਂਦ ਕਾਰਨ ਅਸੀਂ ਹਰ ਵਰ੍ਹੇ ਬਰਸਾਤਾਂ ’ਚ ਰੁੜ੍ਹਦੇ ਅਤੇ ਖੁਸ਼ਕ ਮੌਸਮਾਂ ’ਚ ਸੋਕੇ ਦਾ ਸਾਹਮਣਾ ਕਰਦੇ ਹਾਂ। ਕਦੇ ਦਰਿਆਵਾਂ ਦਾ ਡੈਲਟਾ ਹੋਣ ਕਾਰਨ ਸਾਡੇ ਖਿੱਤੇ ਦੀ ਮਿੱਟੀ ਬੜੀ ਜ਼ਰਖੇਜ ਸੀ। ਜਿਹੜੀ ਹਰ ਫ਼ਸਲ ਪੈਦਾ ਕਰਨ ਦੇ ਸਮਰੱਥ ਸੀ। ਸਿੱਟਾ ਸਾਧਨ-ਸੰਪਨ ਸੱਭਿਆਤਾਵਾਂ ਦਾ ਉਥਾਨ ਹੋਇਆ। ਇਹੀ ਕਾਰਨ ਸੀ ਕਿ ਬੇਗਾਨੀਆਂ ਧਰਤੀਆਂ ਦੇ ਲੋਕ ਇਸ ਵੱਲ ਖਿੱਚੇ-ਤੁਰੇ ਆਏ। ਪ੍ਰੰਤੂ ਪਾਣੀ ਵਜੋਂ ਅਮੀਰੀ ਕਾਰਨ ਬਹੁ-ਪਰਤੀ ਨੁਕਸਾਨ ਵੀ ਇਸ ਧਰਤੀ ਨੂੰ ਸਹਿਣੇ ਪਏ, ਜਿਨ੍ਹਾਂ ਵਿਚੋਂ ਇਕ ਸੀ ਵਾਰ-ਵਾਰ ਹੜ੍ਹ ਰੂਪੀ ਕੁਦਰਤੀ ਤ੍ਰਾਸਦੀ। ਜਿਹੜੀ ਹੁਣ ਕੁਦਰਤੀ ਦੀ ਬਜਾਏ, ਮਨੁੱਖ ਸਿਰਜਤ ਵੱਧ ਹੈ। ਮੁੱਖ ਕਾਰਨ ਹੈ ਮਨੁੱਖੀ ਲਾਲਚ, ਕੁਦਰਤ ਨਾਲ ਅਣ-ਮੇਚਵਾਂ ਅਤੇ ਗ਼ੈਰ-ਯੋਜਨਾਬੱਧ ‘ਵਿਕਾਸ’।

ਜਲ ਮਾਹਿਰ ਵਿਸ਼ਵਾਸ ਕਾਲੇ ਅਨੁਸਾਰ, ‘ਵੀਹਵੀਂ ਸਦੀ ਦੇ ਅੱਧ ਤੋਂ ਬਾਅਦ ਪੂਰਬਲੇ ਹੜ੍ਹਾਂ ਦੇ ਮੁਕਾਬਲੇ ਵੱਡੇ ਆਕਾਰ ਦੇ ਹੜ੍ਹ ਜ਼ਿਆਦਾ ਆਉਣੇ ਸ਼ੁਰੂ ਹੋ ਗਏ। ਭਾਵੇਂ ਗਿਣਤੀ ਵਜੋਂ ਹੜ੍ਹ ਘੱਟ ਆਏ, ਪਰ ਹੁਣ ਬਹੁ-ਪਰਤੀ ਅਤੇ ਵੱਡੇ ਨੁਕਸਾਨ ਹੁੰਦੇ ਹਨ। ਕਾਰਨ ਜੰਗਲਾਂ ਦਾ ਨਾਸ਼ ਅਤੇ ਪਹਾੜਾਂ ਵਿੱਚ ਬੇ-ਕਿਰਕ ਦਖਲਅੰਦਾਜ਼ੀ’। ਰੁੰਡ-ਮਰੁੰਡ ਪਹਾੜਾਂ ਦਾ ਮਲਬਾ ਵਗਦੇ ਪਾਣੀ ਨੂੰ ਜਲ-ਮਾਰਗਾਂ ਤੋਂ ਭਟਕਾ ਕੇ ਹੜ੍ਹਾਂ ਦਾ ਕਾਰਨ ਵੀ ਬਣ ਰਿਹਾ ਹੈ ਅਤੇ ਜਲ-ਸੰਗ੍ਰਹਿਆਂ ਦੀ ਜਲ ਗ੍ਰਹਿਣ ਸਮਰੱਥਾ ਵੀ ਘਟਾ ਰਿਹਾ ਹੈ। ਬਨਸਪਤੀ ਕਵਰ ਵਗਦੇ ਪਾਣੀ ਦੀ ਗਤੀ ਘਟਾ ਕੇ ਜਾਂ ਰੋਕ-ਖੜ੍ਹਾ ਕੇ ਨਾ ਸਿਰਫ਼ ਹੜ੍ਹ ਦੀ ਦਰ ਘਟਾਉਂਦੀ,ਸਗੋਂ ਜੜ੍ਹਾਂ ਰਾਹੀਂ ਪਾਣੀ ਧਰਤੀ ’ਚ ਭੇਜ ਕੇ ਭਵਿੱਖ ਲਈ



ਸੁਰੱਖਿਅਤ ਵੀ ਕਰ ਦਿੰਦੀ ਹੈ। ਇਕ ਵਰਗ ਕਿਲੋਮੀਟਰ ਬਹੁ-ਭਾਂਤੀ ਘਣਾ ਜੰਗਲ 50 ਹਜ਼ਾਰ ਘਣ ਮੀਟਰ ਵਰਖੇਈ ਪਾਣੀ ਧਰਤੀ ’ਚ ਸੰਚਾਰ ਕਰ ਸਕਦਾ ਹੈ। ਰੁੰਡ-ਮਰੁੰਡ ਪਹਾੜਾਂ ਦਾ ਮਲਬਾ ਜਲ-ਵਹਿਣਾਂ ਨੂੰ ਭਰ-ਪੂਰ ਕੇ ਵਗਦੇ ਪਾਣੀ ਨੂੰ ਜਲ-ਮਾਰਗਾਂ ਤੋਂ ਭਟਕਾ ਕੇ ਹੜ੍ਹਾਂ ਦਾ ਕਾਰਨ ਵੀ ਬਣ ਰਿਹਾ ਹੈ ਅਤੇ ਜਲ-ਸੰਗ੍ਰਹਿਆਂ ਦੀ ਜਲ ਗ੍ਰਹਿਣ ਸਮਰੱਥਾ ਵੀ ਘਟਾ ਰਿਹਾ ਹੈ। ਇਕ ਹੈਕਟੇਅਰ ਨੰਗੇ-ਢਾਲਵੇਂ ਰਕਬੇ ਤੋਂ ਪ੍ਰਤੀ ਸਾਲ 30 ਟਨ ਮਿੱਟੀ ਖੁਰ-ਰੁੜ੍ਹ ਜਾਂਦੀ ਹੈ। ਜਦੋਂ ਪਾਣੀ ਢਲਾਣ ਤੋਂ ਉਤਰਦਾ ਹੈ, ਉਥੇ ਜੇ ਧਰਤੀ ਬਨਸਪਤੀ-ਵਿਹੂਣੀ ਹੋਵੇ ਤਦ ਮਹਿਜ਼ ਦੁੱਗਣੀ ਗਤੀ ’ਤੇ ਹੀ ਭੂਮੀ ਦੀ ਕੱਟ-ਵੱਢ 4 ਗੁਣਾ, ਮਾਦਾ ਚੁੱਕ-ਖੜ੍ਹਨ ਦੀ ਸਮੱਰਥਾ 32 ਗੁਣਾ ਅਤੇ ਰੋੜ੍ਹ ਸਮਰਥਾ 64 ਗੁਣਾ ਹੋ ਜਾਂਦੀ ਹੈ। ਪ੍ਰੰਤੂ, ਜੇ ਜਲ-ਗਤੀ ਤਿੰਨ ਗੁਣਾਂ ਹੋਵੇ ਤਾਂ ਰੋੜ੍ਹ ਸਮਰੱਥਾ 729 ਗੁਣਾ ਹੋ ਜਾਂਦੀ ਹੈ। ਨੰਗੇ ਢਾਲਵੇਂ ਖਿੱਤਿਆਂ ਅਤੇ ਜਰਜ਼ਰ ਪਹਾੜਾਂ ’ਚ ਇਹ ਭਾਣਾ ਹੋਰ ਵੀ ਡਰਾਉਣੇ ਰੂਪ ’ਚ ਵਾਪਰਦਾ ਹੈ। ਸਿੱਟੇ ਵਜੋਂ ਜਲ-ਵਹਿਣਾਂ, ਦਰਿਆਵਾਂ ਅਤੇ ਸਾਗਰਾਂ ਦਾ ਮੁਹਾਂਦਰਾ ਬਦਲ ਰਿਹਾ ਹੈ। ਜੰਗਲਾਂ ਅਤੇ ਪਹਾੜਾਂ ਦੀ ਬੇ-ਹੁਰਮਤੀ ਕਾਰਨ ਭਾਰਤ ਦੀ 10 ਕਰੋੜ 58 ਲੱਖ ਏਕੜ ਧਰਤੀ ਹੜ੍ਹ-ਮਾਰ ਹੇਠ ਆ ਚੁੱਕੀ ਹੈ, ਜਿਸ ਵਿੱਚ ਪੰਜਾਬ ਵੀ ਸ਼ਾਮਿਲ ਹੈ।

ਫੇਮਿਨ ਇਨਕੁਆਰੀ ਕਮਿਸ਼ਨ ਨੇ 1944 ਵਿੱਚ ਹੀ ਸਪੱਸ਼ਟ ਰੂਪ ਵਿੱਚ ਕਹਿ ਦਿੱਤਾ ਸੀ, ‘ਵਰਖੇਈ ਜਲ ਸਿਰਫ ਕੁਦਰਤੀ ਜਾਂ ਢੁਕਵੇਂ ਮਸਨੂਈ ਜਲ-ਕੁੰਡਾਂ ’ਚ ਹੀ ਸਾਂਭਿਆ ਜਾ ਸਕਦਾ ਹੈ। ਆਉਣ ਵਾਲੇ ਸਮੇਂ ਵਿਚ ਜਲ ਸੰਕਟ ਅਤੇ ਹੜ੍ਹ-ਸੁਰੱਖਿਆ ਦੇ ਟਕਸਾਲੀ ਉਪਾਅ ਹਿਤ ਸਿਰਫ ਕੁਦਰਤੀ ਜਲ-ਕੁੰਡ (ਛੰਭ, ਢਾਬਾਂ, ਤਾਲ), ਤਾਲਾਬ-ਟੋਭੇ ਅਤੇ ਕੁਦਰਤੀ ਜਲ-ਵਹਿਣਾਂ ’ਤੇ ਸਮਰੱਥ ਮਸਨੂਈ ਯੋਜਨਾਵਾਂ ਹੀ ਕਾਰਗਰ ਹਨ। ਸਿਰਫ ਅਤੇ ਸਿਰਫ ਇਨ੍ਹਾਂ ਰਾਹੀਂ ਹੀ ਪਾਣੀ ਦਾ ਧਰਤੀ ’ਚ ਸੰਚਾਰ ਕਰਵਾਇਆ ਜਾਂ ਬਹੁ-ਪੱਖੀ ਕਾਰਜਾਂ ਲਈ ਸਾਂਭਿਆ ਜਾ ਸਕਦਾ ਹੈ।’ ਹੜ੍ਹਾਂ ਤੋਂ ਬਚਣ ਲਈ ਸਾਨੂੰ ਜਲ-ਵਹਿਣਾਂ ਦੇ ਹਥਿਆ ਲਏ ਗਏ, ਕੁਦਰਤੀ ਲਾਂਘੇ ਮੁੜ-ਬਹਾਲ ਕਰਨੇ ਪੈਣਗੇ। ਧੁੱਸੀ ਬੰਨ੍ਹਾਂ ਤੇ ਡਰੇਨਾਂ ਨੂੰ ਮਜ਼ਬੂਤ ਅਤੇ ਕਾਰਗਰ ਬਣਾਉਣਾ ਪਵੇਗਾ। ਸਾਂਝੇ ਜਲ-ਸਰੋਤਾਂ ਹੇਠਲੀ ਜ਼ਮੀਨ, ਕੁਦਰਤੀ ਜਲ-ਮਾਰਗਾਂ ’ਤੇ ਕੀਤੇ ਨਾਜਾਇਜ਼ ਕਬਜ਼ੇ ਅਤੇ ਮੂਹਰੇ ਕੀਤੀਆਂ ਉਸਾਰੀਆਂ ਹਰ ਹਾਲਤ ਵਿੱਚ ਖ਼ਤਮ ਕਰਨੀਆਂ ਪੈਣਗੀਆਂ। ਭੂਗੋਲਿਕ ਅਤੇ ਪ੍ਰਾਪਤ ਸਥਿਤੀ ਅਨੁਸਾਰ ਵਰਖਾ ਦੀ ਹਰ ਤਿੱਪ ਸੰਭਾਲਣ ਲਈ ਯਥਾਯੋਗ ਹਰ ਸੰਭਵ ਉਪਾਅ ਕਰਨੇ ਪੈਣਗੇ। ਪਹਾੜ ਸਰ-ਸਬਜ਼ ਕਰਨੇ ਪੈਣਗੇ। ਪਹਾੜੀ ਖਿੱਤੇ ’ਚ ਮੁੱਖ ਖੱਡ ਵਿੱਚ ਸ਼ਾਮਿਲ ਹੁੰਦੀਆਂ ਛੋਟੀਆਂ ਖੱਡਾਂ ਦੇ ਮੁਹਾਨਿਆਂ ’ਤੇ ਹੀ ਪਾਣੀ ਰੋਕ-ਖੜ੍ਹਾਉਣ ਦੇ ਉਪਰਾਲੇ ਕਰਨੇ ਚਾਹੀਦੇ ਹਨ, ਮੁੱਖ ਚੋਅ (ਖੱਡਾਂ) ਵਗਦੇ ਰਹਿਣੇ ਚਾਹੀਦੇ ਹਨ ਕਿਉਂਕਿ ਜਲ ਤਲ ਅਤੇ ਚੌਗਿਰਦਾ-ਨਮੀ ਨੂੰ ਸਾਵਾਂ ਰੱਖਣ ਵਿੱਚ ਅਹਿਮ ਹਿੱਸਾ ਪਾਉਂਦੇ ਸਨ। ਵਿਹੜਿਆਂ, ਛੱਤਾਂ, ਖੇਤਾਂ ਅਤੇ ਤਾਅ-ਕਿਸਮ ਦੇ ਜਲ ਵਹਿਣਾਂ ’ਚ ਵਗਦੇ ਪਾਣੀ ਨੂੰ ਸਾਂਭਣ-ਸਲੂਟਣ, ਧਰਤੀ ’ਚ ਭੇਜਣ ਅਤੇ ਯੋਗ ਵਰਤੋਂ ਲਈ ਸੰਭਵ ਸਥਿਤੀ ਅਨੁਸਾਰ ਸਸਤੇ ਅਤੇ ਕਾਰਗਰ ਤਰੀਕੇ ਅਤੇ ਤਕਨੀਕਾਂ ਅਪਨਾਉਣੀਆਂ ਪੈਣਗੀਆਂ। ਅਹਿਮ ਨੁਕਤਾ ਇਹ ਕਿ ਦਰਿਆਵਾਂ, ਹੈੱਡ ਵਰਕਸਾਂ ਅਤੇ ਡੈਮਾਂ ਦਾ ਮੁਕੰਮਲ ਕੰਟਰੋਲ ਤੇ ਵਗਦੇ ਪਾਣੀਆਂ ਬਾਰੇ ਨੀਤੀਗਤ ਫ਼ੈਸਲੇ ਸਿਰਫ ਤੇ ਸਿਰਫ ਸੰਬੰਧਿਤ ਸੂਬੇ ਦੇ ਹੀ ਹੱਥ-ਵੱਸ ਹੋਣੇ ਚਾਹੀਦੇ ਹਨ। ਸਭ ਤੋਂ ਵੱਧ ਆਲਮੀ ਤਪਸ਼ ਘਟਾਉਣ ਅਤੇ ਸਾਂਵੀ ਵਰਖਾ ਵਰ੍ਹਾਉਣ ’ਚ ਸਹਾਈ ਹੁੰਦੇ ਕਾਰਕਾਂ ਅਤੇ ਜੰਗਲਾਂ ਦੀ ਮੁੜ ਬਹਾਲੀ ਲਈ ਸਮੂਹਿਕ ਯਤਨ ਜੁਟਾਉਣੇ ਪੈਣਗੇ।

### ਪਹਿਲਕਦਮੀ ਦੀ ਲੋੜ

‘ਖੇਤ ਦੀ ਮਿੱਟੀ ਖੇਤ ’ਚ, ਖੇਤ ਦਾ ਪਾਣੀ ਖੇਤ ’ਚ।

ਪਿੰਡ ਦੀ ਮਿੱਟੀ ਪਿੰਡ ’ਚ, ਪਿੰਡ ਦਾ ਪਾਣੀ ਪਿੰਡ ’ਚ।’

ਇਹ ਨਾਅਰਾ ਡੂੰਘੇ ਅਰਥ ਅਤੇ ਹਾਂਦਰੂ ਸਿੱਟੇ ਸਮੋਈ ਬੈਠਾ ਹੈ। ਵਰਖਾ ਜਿੰਨੀ ਵੀ ਅਤੇ ਜਿੱਥੇ ਵੀ ਪੈਂਦੀ ਹੈ, ਸੰਭਾਲਣ ਤੋਂ ਬਿਨਾਂ ਕੋਈ ਚਾਰਾ ਨਹੀਂ। ਜਲ-ਸੰਕਟ ਦਾ ਅਸਲ ਤੇ ਸਦੀਵੀ ਹੱਲ ਇਹੀ ਹੈ। ਨਿੱਜੀ ਤਜਰਬਿਆਂ ’ਤੇ ਆਧਾਰਤ ਇੱਕ ਕਮਾਲ ਦੀ ਉਦਾਹਰਣ, ਸੰਦਰਭ ਕੰਢੀ ਖਿੱਤਾ, ਮੈਂ ਤੁਹਾਡੇ ਨਾਲ ਸਾਂਝੀ ਕਰਾਂਗਾ:

‘ਵੱਖ-ਵੱਖ, ਸੌਖੀਆਂ ਤੇ ਸਸਤੀਆਂ ਵਿਧੀਆਂ ਵਰਤ-ਉਸਾਰ ਕੇ ਪੰਜਾਬ ਦਾ ਕੰਢੀ ਖਿੱਤਾ ਵਰਖੇਈ ਪਾਣੀ ਰੋਕਣ-ਖਲ੍ਹਾਰਨ ਅਤੇ ਧਰਤੀ ’ਚ ਗਰਕਾਉਣ ਹਿੱਤ ਬੜਾ ਢੁਕਵਾਂ ਹੈ। ਪੰਜਾਬ ਦਾ ਕੁੱਲ ਰਕਬਾ 54 ਲੱਖ ਹੈਕਟੇਅਰ ਹੈ, ਜਿਸ ਦਾ 10 ਫ਼ੀਸਦੀ ਭਾਵ 5.4 ਲੱਖ ਹੈਕ. ਕੰਢੀ ਖੇਤਰ ’ਚ ਪੈਂਦਾ ਹੈ। ਭਾਰਤ ਦੀ ਔਸਤਨ ਸਾਲਾਨਾ ਵਰਖਾ 1200 ਐਮ. ਐਮ. ਹੈ। ਮੌਜੂਦਾ ਹਾਲਾਤ ਤਹਿਤ ਪੰਜਾਬ ਦੀ 800 ਐਮ. ਐਮ. ਮੰਨ ਲਵੋ। ਹਾਲ ਦੀ ਘੜੀ ਤੁਸੀਂ ਕੰਢੀ ਦਾ ਚੌਥਾ ਹਿੱਸਾ (25 ਫ਼ੀਸਦੀ), ਜਾਣੀ 1.35 ਲੱਖ ਹੈਕ., ਹੀ ਮੰਨ ਲਵੋ ਅਤੇ ਰੋੜ੍ਹਵੀਂ ਵਰਖਾ ਵੀ 50 ਫ਼ੀਸਦੀ, ਭਾਵ 400 ਐਮ. ਐਮ, ਹੀ ਮੰਨ ਕੇ ਚਲੋ। ਜੇ ਅਸੀਂ ਕੰਢੀ ਦੇ ਚੌਥੇ ਹਿੱਸੇ ਵਿੱਚ ਹੀ ਵਰਖਾ ਦਾ ਮਹਿਜ਼ ਅੱਧ ਹੀ ਰੋਕ-ਖੜ੍ਹਾ ਕੇ ਵਰਤ-ਗਰਕਾ ਲਈਏ, ਤਦ ਵੀ ਬਰਸਾਤ ਦੇ ਇੰਝ ਕਮਾਏ ਹੋਏ ਪਾਣੀ ਦੀ ਮਿਕਦਾਰ 54 ਹਜ਼ਾਰ ਹੈਕ. ਲੀਟਰ ਬਣ ਜਾਵੇਗੀ। ਜਿਹੜਾ ਐਨਾ ਹੈ ਕਿ ਤੁਸੀਂ ਸਾਰੇ ਪੰਜਾਬ ਵਿੱਚ ਜੇ ਇਹ ਬਿਲਕੁਲ ਸਾਂਵਾ-ਪੱਧਰਾ ਹੋਵੇ, ਇੱਕ-ਇੱਕ ਗਿੱਠ (10 ਸੈਂਟੀ ਮੀ.) ਪਾਣੀ ਖੜ੍ਹਾ ਸਕਦੇ ਹੋ। ਸੋ ਜਲ-ਸੰਕਟ ਦੇ ਨਿਵਾਰਨ ਅਤੇ ਹੜ੍ਹਾਂ ਦੇ ਜ਼ਿਕਰਯੋਗ ਸਮਾਧਾਨ ਹਿੱਤ ਕੰਢੀ ’ਚ ਭੂਮੀ ਤੇ ਜਲ ਸੰਭਾਲ ਵਿਧੀਆਂ ਅਪਣਾਓ ਅਤੇ ਬਾਕੀ ਪੰਜਾਬ ’ਚ ਟੋਭੇ ਅਤੇ ਵੱਟ ਬੰਦੀਆਂ।

ਮੁੱਕਦੀ ਗੱਲ ਹੜ੍ਹ ਕੁਦਰਤੀ ਅਤੇ ਮਨੁੱਖ ਸਿਰਜਤ ਤ੍ਰਾਸਦੀ ਹੈ, ਜਿਹੜੀ ਮੂਸਲੇਧਾਰ ਵਰਖਾ, ਧਨ-ਕੁਬੇਰੀ ਲਾਲਸਾ, ਗੈਰ-ਯੋਜਨਾਬੱਧ ਵਿਕਾਸ ਅਤੇ ਸਰਕਾਰ ਦੀਆਂ ਨਾਲਾਇਕੀਆਂ ਕਾਰਨ ਵਾਪਰਦੀ ਹੈ। ਤਾ-ਆਲਮ ਦੀ ਦੋ-ਤਿਹਾਈ ਆਬਾਦੀ ਅਤੇ 13 ਫ਼ੀਸਦੀ ਖੇਤਰ ਕਿਸੇ ਨਾ ਕਿਸੇ ਰੂਪ ਵਿਚ ਹੜ੍ਹ ਪ੍ਰਭਾਵਿਤ ਹੈ।

(ਬਾਕੀ ਸਫ਼ਾ 31 ’ਤੇ)

# ਬਚਾਇਆ ਜਾ ਸਕਦੈ ਬਰਸਾਤ ਦਾ ਪਾਣੀ

**ਇੰਜ. ਰਾਜ ਕੁਮਾਰ**


ਪਾਣੀ ਮਨੁੱਖਤਾ, ਜਾਨਵਰਾਂ ਅਤੇ ਬਨਸਪਤੀ ਦੇ ਜੀਵਨ ਦੇ ਲਈ ਸਭ ਤੋਂ ਵੱਧ ਜ਼ਰੂਰੀ ਹੈ। ਜਿੱਥੇ ਪਾਣੀ ਦੀ ਕਮੀ ਹੈ ਜਾਂ ਧਰਤੀ ਹੇਠਲਾ ਪਾਣੀ ਸ਼ੋਰੇ ਵਾਲਾ ਜਾਂ ਤੇਜ਼ਾਬੀ ਹੈ ਤੇ ਪੀਣ ਲਾਇਕ ਨਹੀਂ, ਉੱਥੇ ਮੀਂਹ ਦਾ ਪਾਣੀ ਹੀ ਜਵਾਬ ਹੈ।

ਸੈਂਟਰਲ ਗਰਾਊਂਡ ਵਾਟਰ ਬੋਰਡ ਦੀ ਰਿਪੋਰਟ ਮੁਤਾਬਿਕ ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਦਾ ਪੱਧਰ ਖ਼ਤਰਨਾਕ ਰਫ਼ਤਾਰ ਨਾਲ ਥੱਲੇ ਜਾ ਰਿਹਾ ਹੈ। ਇੱਕ ਅਖ਼ਬਾਰ ਦੀ ਰਿਪੋਰਟ ਮੁਤਾਬਿਕ ਪੰਜਾਬ ਦੇ 153 ਬਲਾਕਾਂ ਵਿੱਚੋਂ 115 ਬਲਾਕ ਪਹਿਲਾਂ ਹੀ ਡਾਰਕ ਜ਼ੋਨ ਐਲਾਨੇ ਜਾ ਚੁੱਕੇ ਹਨ ਤੇ ਇਨ੍ਹਾਂ ਬਲਾਕਾਂ ਵਿੱਚ ਵੱਸਦੇ ਲੋਕਾਂ ਨੂੰ ਪਾਣੀ ਦੀ ਕਮੀ ਨਾਲ ਜੂਝਣਾ ਪੈ ਰਿਹਾ ਹੈ ਜੋ ਫਿਕਰ ਕਰਨ ਦਾ ਵਿਸ਼ਾ ਹੈ ਜਿਸ ਨੂੰ ਰੀਚਾਰਜ ਕਰਨ ਦੀ ਲੋੜ ਹੈ। ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਕੁਦਰਤੀ ਤਰੀਕੇ ਨਾਲ ਰੀਚਾਰਜ ਕਰਨ ਦਾ ਸਭ ਤੋਂ ਵਧੀਆ ਤੇ ਸੌਖਾ ਢੰਗ ਹੈ- ਮੀਂਹ ਦਾ ਪਾਣੀ ਸੰਭਾਲਣਾ (ਰੇਨ ਵਾਟਰ ਹਾਰਵੈਸਟਿੰਗ)। ਪੰਜਾਬ ਸਰਕਾਰ ਇਸ ਨੂੰ ਠੱਲ੍ਹ ਪਾਉਣ ਲਈ ਭਾਰਤ ਸਰਕਾਰ ਦੇ ਜਲ ਜੀਵਨ ਮਿਸ਼ਨ ਤਹਿਤ 3960 ਵਾਟਰ ਰੀਚਾਰਜ ਸਟਰੱਕਚਰ ਬਣਾ ਰਹੀ ਹੈ।

ਪੰਜਾਬ ਵਿਚਲੇ 50000 ਵਰਗ ਕਿਲੋਮੀਟਰ ਰਕਬੇ ਵਿਚ ਲੱਗਭੱਗ 400 ਮਿਲੀਮੀਟਰ ਔਸਤਨ ਮੀਂਹ ਪੈਂਦਾ ਹੈ ਤੇ ਇਹ ਸਾਰਾ ਪਾਣੀ ਨਦੀਆਂ, ਨਾਲਿਆਂ ਅਤੇ ਹੜ੍ਹਾਂ ਰਾਹੀਂ ਬਾਹਰ ਨਿਕਲ ਜਾਂਦਾ ਹੈ ਜਿਸ ਨੂੰ ਸਹਿਜੇ ਹੀ ਰੇਨ ਵਾਟਰ ਹਾਰਵੈਸਟਿੰਗ ਤਕਨੀਕ ਨਾਲ ਬਚਾਇਆ ਜਾ ਸਕਦਾ ਹੈ।

ਮੀਂਹ ਦੇ ਪਾਣੀ ਨੂੰ ਬੇਕਾਰ ਜਾਣ ਦੀ ਥਾਂ ’ਤੇ ਘਰਾਂ ਦੀ ਛੱਤ ਤੋਂ ਪਾਈਪਾਂ ਰਾਹੀਂ ਜ਼ਮੀਨ ’ਤੇ ਬਣੇ ਟੈਂਕਾਂ ਵਿੱਚ ਸਟੋਰ ਕਰਨਾ ਜਾਂ ਜ਼ਮੀਨ ’ਤੇ ਬਣਾਏ ਬੋਰਵੈੱਲ ਵਿੱਚ ਪਾ ਕੇ ਧਰਤੀ ਹੇਠਲੇ ਪਾਣੀ ਨੂੰ ਰੀਚਾਰਜ ਕਰ ਕੇ ਪਾਣੀ ਦੇ ਡਿੱਗ ਰਹੇ ਪੱਧਰ ਨੂੰ ਰੋਕਣਾ ਹੀ ਰੇਨ ਵਾਟਰ ਹਾਰਵੈਸਟਿੰਗ ਹੈ। ਰੇਨ ਵਾਟਰ ਹਾਰਵੈਸਟਿੰਗ ਜਿੱਥੇ ਪਾਣੀ ਦੀ ਘਾਟ ਨਾਲ ਨਜਿੱਠਣ ਵਿਚ ਮਦਦ ਕਰਦਾ ਹੈ, ਉੱਥੇ ਡਾਈਲੂਸ਼ਨ ਵਿਧੀ ਰਾਹੀਂ ਰੀਚਾਰਜ ਦੌਰਾਨ ਪਾਣੀ ਦੀ ਗੁਣਵੱਤਾ (ਕੁਆਲਟੀ) ਨੂੰ ਵੀ ਬਿਹਤਰ ਬਣਾਉਂਦਾ ਹੈ।

ਰੇਨ ਵਾਟਰ ਹਾਰਵੈਸਟਿੰਗ ਲਈ ਸਾਨੂੰ ਖੁੱਲ੍ਹੀ ਛੱਤ ਜਾਂ ਕੈਚਮੈਂਟ ਏਰੀਆ, ਡਾਊਨ ਪਾਈਪ, ਗਟਰ, ਪਰਨਾਲੇ, ਰੇਨ ਵਾਟਰ ਪਾਈਪ, ਫਿਲਟਰ, ਡੀਸਿਲਟਿੰਗ ਚੈਂਬਰ, ਸਟੋਰੇਜ ਟੈਂਕ ਅਤੇ ਅੰਡਰ ਗਰਾਊਂਡ ਵਾਟਰ ਰੀਚਾਰਜ ਸਟਰੱਕਚਰਜ਼ ਜਿਵੇਂ ਟਰੈਂਚ ਤੇ ਬੋਰਵੈੱਲ ਆਦਿ ਦੀ ਜ਼ਰੂਰਤ ਹੁੰਦੀ ਹੈ।



ਮੀਂਹ ਦਾ ਪਾਣੀ ਸਾਨੂੰ ਕੁਦਰਤ ਦੀ ਅਨਮੋਲ ਦਾਤ ਮਿਲੀ ਹੈ, ਜਿਸ ਦੀ ਕਦਰ ਕਰਨ ਅਤੇ ਸੰਭਾਲਣ ਦੀ ਲੋੜ ਹੈ। ਜਦੋਂ ਮੀਂਹ ਪੈਂਦਾ ਹੈ ਤਾਂ ਛੱਤ ’ਤੇ ਇਕੱਠਾ ਹੁੰਦਾ ਪਾਣੀ ਜੀਆਈ ਜਾਂ ਪੀਵੀਸੀ ਪਾਈਪਾਂ ਰਾਹੀਂ ਧਰਤੀ ’ਤੇ ਬਣਾਏ ਸਟੋਰ ਟੈਂਕਾਂ ਜਾਂ ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਰੀਚਾਰਜ ਕਰਨ ਲਈ ਬੋਰਵੈੱਲ ਵਿਚ ਪਾਇਆ ਜਾਂਦਾ ਹੈ। 100 ਵਰਗ ਮੀਟਰ ਛੱਤ ਵਾਲੀ ਇਮਾਰਤ ਦੇ ਰੇਨ ਵਾਟਰ ਦੀ ਹਾਰਵੈਸਟਿੰਗ ਲਈ ਲੱਗਭੱਗ 2000 ਲਿਟਰ ਸਮਰੱਥਾ ਵਾਲਾ ਟੈਂਕ ਠੀਕ ਰਹਿੰਦਾ ਹੈ। ਗਰਮੀ ਨਾਲ ਪਾਣੀ ਦੇ ਵਾਸ਼ਪੀਕਰਨ ਤੇ ਮੱਛਰਾਂ ਆਦਿ ਦੇ ਫੈਲਾਓ ਨੂੰ ਰੋਕਣ ਲਈ ਪਾਣੀ ਸਟੋਰ ਕੀਤੇ ਟੈਂਕ ਦੇ ਢੱਕਣ ਨੂੰ ਹਮੇਸ਼ਾ ਟਾਈਟ ਬੰਦ ਰੱਖਣਾ ਚਾਹੀਦਾ ਹੈ।

ਰੇਨ ਵਾਟਰ ਹਾਰਵੈਸਟਿੰਗ ਲਈ ਛੱਤਾਂ ਤੋਂ ਪ੍ਰਾਪਤ ਪਾਣੀ ਪਹਿਲਾਂ ਸੀਮਿੰਟ ਇੱਟਾਂ ਰਾਹੀਂ ਤਿਆਰ 9 ਫੁੱਟ ਗੁਣਾ 6 ਫੁੱਟ ਆਕਾਰ ਦੇ ਡੀਸਿਲਟੇਸ਼ਨ ਚੈਂਬਰ ਵਿੱਚ ਸਫਾਈ ਲਈ ਇਕੱਠਾ ਕੀਤਾ ਜਾਂਦਾ ਹੈ, ਫਿਰ ਇਹ ਪਾਣੀ ਪਾਈਪ ਰਾਹੀਂ 6 ਫੁੱਟ ਡਾਏ ਦੀ ਰੀਚਾਰਜ ਪਿਟ ਵਿੱਚ ਲਿਆਂਦਾ ਜਾਂਦਾ ਹੈ ਜਿਸ ਵਿੱਚ ਸਭ ਤੋ ਹੇਠਾਂ 4 ਇੰਚ ਸਾਈਜ਼ ਦੇ ਬੌਲਡਰ ਦੀ 16 ਇੰਚ ਮੋਟੀ ਪਰਤ ਪਾ ਕੇ ਉਸ ਉਪਰ ਮੋਟੀ ਬਜਰੀ ਦੀ 12 ਇੰਚ ਦੀ ਪਰਤ ਪਾ ਕੇ 12 ਇੰਚ ਮੋਟੀ ਬਰੀਕ ਬਜਰੀ ਦੀ ਪਰਤ ਪਾਈ ਹੁੰਦੀ ਹੈ। ਇਸ ਪਿਟ ਨੂੰ 6 ਇੰਚ ਡਾਏ ਦੀ 40-60 ਫੁੱਟ ਲੰਮੀ ਪਾਈਪ ਰਾਹੀਂ ਧਰਤੀ ਹੇਠਾਂ ਲਿਜਾਇਆ ਜਾਂਦਾ ਹੈ। ਇਸ ਦਾ ਹੇਠਲਾ ਹਿੱਸਾ ਛੇਕਦਾਰ ਹੁੰਦਾ ਹੈ। ਇਸ ਸਾਰੇ ਸਿਸਟਮ ਨੂੰ ਰੀਚਾਰਜ ਟਰੈਂਚ ਅਤੇ ਬੋਰਵੈੱਲ ਆਖਦੇ ਹਨ।

ਬੇਰੋਕ-ਟੋਕ ਅੰਨ੍ਹੇਵਾਹ ਪਾਣੀ ਦੀ ਹੋ ਰਹੀਂ ਵਰਤੋਂ ਕਾਰਨ ਭੀੜ-ਭੜੱਕੇ ਵਾਲੇ ਇਲਾਕਿਆਂ (ਝੁੱਗੀ ਝੌਂਪੜੀ) ਤੇ ਅਵਿਕਸਤ ਕਲੋਨੀਆਂ ਵਿੱਚ ਚੰਗੀ ਕੁਆਲਟੀ ਦਾ ਪਾਣੀ ਮਿਲਣਾ ਵੱਡੀ ਸਮੱਸਿਆ ਹੈ। ਮੀਂਹ ਦਾ ਪਾਣੀ ਐਨ ਸਾਫ਼ ਤੇ ਨੁਕਸਾਨ ਵਾਲੇ ਰਸਾਇਣਾਂ (ਕੈਮੀਕਲ) ਤੋਂ ਰਹਿਤ ਹੁੰਦਾ ਹੈ ਜਿਸ ਕਰ ਕੇ ਇਸ ਨੂੰ ਘਰੇਲੂ ਵਰਤੋਂ ਤੇ ਸਿੰਜਾਈ ਲਈ ਵਰਤਿਆ ਜਾ ਸਕਦਾ ਹੈ, ਤੇ ਨਾਲ ਹੀ ਇਸ ਨੂੰ ਬਚਾਉਣ ਦੀ ਬਹੁਤ ਲੋੜ ਹੈ। ਇਸ ਤਰ੍ਹਾਂ ਬਚਾਇਆ ਪਾਣੀ ਨਾ ਸਿਰਫ ਪਾਣੀ ਦੀ ਘਾਟ ਪੂਰਦਾ ਹੈ, ਸਗੋਂ ਸੜਕਾਂ ਅਤੇ ਧਰਤੀ ’ਤੇ ਵਗਦਾ ਪਾਣੀ ਰੋਕ ਕੇ ਮਿੱਟੀ ਦੇ ਖੋਰੇ ਨੂੰ ਠੱਲ੍ਹ ਪਾਉਂਦੇ ਹੋਏ ਵਾਤਾਵਰਣ ਨੂੰ ਵੀ ਬਚਾਉਂਦਾ ਹੈ।

ਪੰਜਾਬ ਅਰਬਨ ਪਲੈਨਿੰਗ ਐਂਡ ਡਿਵੈੱਲਪਮੈਂਟ ਬਿਲਡਿੰਗਜ਼ ਰੂਲਜ਼-2017 ਅਨੁਸਾਰ 250 ਵਰਗ ਮੀਟਰ ਤੋਂ ਵੱਧ ਰਕਬੇ ਵਾਲੀਆ ਰਿਹਾਇਸ਼ੀ ਇਮਾਰਤਾਂ ਤੇ 100 ਵਰਗ ਮੀਟਰ ਤੋਂ ਵੱਧ ਰਕਬੇ ਵਾਲੀਆਂ ਵਪਾਰਕ ਜਾਂ ਉਦਯੋਗਕ ਇਮਾਰਤਾਂ ਲਈ ਮੀਂਹ ਦਾ ਪਾਣੀ ਸਟੋਰ ਜਾਂ ਰੀਚਾਰਜ ਕਰਨ ਲਈ ਰੇਨ ਵਾਟਰ ਹਾਰਵੈਸਟਿੰਗ ਸਿਸਟਮ ਲਾਉਣਾ ਜ਼ਰੂਰੀ ਹੋਵੇਗਾ।

ਪੰਜਾਬ ਦਾ ਜੀਵਨ ਮੁੱਖ ਤੌਰ ’ਤੇ ਖੇਤੀ ਉੱਤੇ ਨਿਰਭਰ ਹੈ ਅਤੇ ਖੇਤੀ ਜ਼ਮੀਨੀ ਪਾਣੀ ਉਪਰ ਨਿਰਭਰ ਹੈ, ਪਰ ਪਾਣੀ ਦਾ ਪੱਧਰ ਬਹੁਤ ਤੇਜ਼ੀ ਨਾਲ ਹੇਠ ਜਾ ਰਿਹਾ ਹੈ। ਇਸ ਲਈ ਰੇਨ ਵਾਟਰ ਹਾਰਵੈਸਟਿੰਗ ਤਕਨੀਕ ਅਪਣਾ ਕੇ ਅਸੀਂ 40% ਪਾਣੀ ਦੀ ਵਰਤੋਂ ਘਟਾ ਸਕਦੇ ਹਾਂ ਤੇ ਧਰਤੀ ਹੇਠਲੇ ਪਾਣੀ ਦੀ ਗੁਣਵੱਤਾ ਵੀ ਸੁਧਾਰ ਸਕਦੇ ਹਾਂ। ਇਹ ਤਕਨੀਕ ਫਾਇਦੇਮੰਦ, ਅਸਾਨ, ਵਾਤਾਵਰਨ ਪੱਖੀ ਹੈ। ਇਸ ਲਈ ਇਹ ਤਕਨੀਕ ਆਪਣਾ ਕੇ ਪਾਣੀ ਦੇ ਬਹੁਤ ਤੇਜ਼ੀ ਨਾਲ ਹੇਠਾਂ ਜਾ ਰਹੇ ਪੱਧਰ ਨੂੰ ਠੱਲ੍ਹ ਪਾਈ ਜਾ ਸਕਦੀ ਹੈ।

# ਭਾਦੋਂ ਦੇ ਛਰਾਟੇ ....

ਪੇਂਡੂ ਜੀਵਨ, ਕੁਦਰਤ ਦਾ ਪ੍ਰੇਮ, ਮਨੁੱਖੀ ਇਤਿਹਾਸ, ਰਹੱਸਵਾਦ ਅਤੇ ਸਦਾਚਾਰ ਦੇ ਬਿਰਤਾਂਤ ਨਾਲ ਉਪਜੇ ਹੋਏ ਦੇਸੀ ਮਹੀਨਿਆਂ ਵਿੱਚੋਂ ਤਪਸ਼ ਅਤੇ ਤੜਫ਼ ਦਾ ਮੇਲ ਕਰਾਉਂਦਾ ਭਾਦੋਂ ਵੱਖਰੀ ਕਿਸਮ ਦਾ ਮਹੀਨਾ ਹੈ। ਇਸ ਦੇ ਪਰਛਾਵੇਂ ਉੱਘੜਵੇਂ ਰੂਪ ਵਿੱਚ ਮਹਿਸੂਸ ਹੁੰਦੇ ਹਨ। ਇਸ ਵਿੱਚ ਪ੍ਰਕਿਰਤੀਵਾਦੀ ਰੰਗ ਵੀ ਹੈ। ਉਂਝ ਵੀ ਦੇਸੀ ਮਹੀਨਿਆਂ ਦਾ ਪੰਜਾਬੀਅਤ ਅਤੇ ਪੰਜਾਬੀਆਂ ਦੀ ਰੂਹ ਨਾਲ ਬਹੁਤ ਨੇੜੇ ਦਾ ਸਬੰਧ ਹੈ। ਭਾਦੋਂ ਸਾਹਿਤ ਵੀ ਸਾਂਭੀ ਬੈਠਾ ਹੈ।

ਦੇਸੀ ਮਹੀਨੇ ਸਾਡੀ ਸੰਸਕ੍ਰਿਤੀ, ਸੱਭਿਆਚਾਰ ਅਤੇ ਗੀਤ ਰਿਵਾਜਾਂ ਲਈ ਕਾਫ਼ੀ ਕੁਝ ਆਪਣੀ ਚਾਦਰ 'ਚ ਵਲੇਟੀ ਬੈਠੇ ਹਨ। ਭਾਦੋਂ ਮਹੀਨਾ ਆਪਣੇ ਅੰਦਰ ਲਕੋਈ ਬੈਠਾ ਭੜਦਾਅ ਲਈ ਬਨਸਪਤੀ ਪੱਖੋਂ ਤਾਂ ਸਹੀ ਹੈ, ਪਰ ਮਨੁੱਖਤਾ ਲਈ ਬੜੀ ਮੁਸ਼ੱਕਤ ਵਾਲਾ ਹੈ। ਇਸ ਦੇ ਕਾਰਨ ਕਈ ਕੁਝ ਉਪਜਿਆ ਤੇ ਬਿਨਸਿਆ ਜਾਂਦਾ ਹੈ। ਅੱਜ ਦੀ ਪੀੜ੍ਹੀ ਜਦੋਂ ਸੁਣਦੀ ਹੈ ਕਿ ਭਾਦੋਂ ਮਹੀਨੇ 'ਚ ਜੱਟ ਸਾਧ ਹੋ ਗਿਆ ਸੀ ਤਾਂ ਉਨ੍ਹਾਂ ਨੂੰ ਸਮਝ ਨਹੀਂ ਆਉਂਦੀ। ਫਿਰ ਉਨ੍ਹਾਂ ਨੂੰ ਦੱਸਿਆ ਜਾਂਦਾ ਹੈ ਕਿ ਇਹ ਮਹੀਨਾ ਬੇਹੱਦ ਤਪਸ਼ ਤੇ ਭੜਦਾਅ ਵਾਲਾ ਹੋਣ ਕਰਕੇ ਪਸੀਨਾ ਵਰਸਾਉਂਦਾ ਹੈ। ਜੱਟ ਨੂੰ ਇਹ ਮਹੀਨਾ ਨਾਨੀ ਯਾਦ ਕਰਵਾ ਕੇ ਰੱਖ ਦਿੰਦਾ ਹੈ;

ਹਲ਼ ਛੱਡ ਕੇ ਚਰ੍ਹੀ ਨੂੰ ਜਾਣਾ
ਜੱਟਾ ਵੇ ਤੇਰੀ ਜੂਨ ਬੁਰੀ

ਇਹ ਵੀ ਇਸੇ ਦੀ ਤਰਜਮਾਨੀ ਕਰਦਾ ਹੈ। ਇਸੇ ਲਈ ਕੰਮ ਛੱਡ ਕੇ ਜੱਟ ਸਾਧ ਬਣ ਗਿਆ ਸੀ, ਪਰ ਇਹ ਇੱਕ ਕਹਾਵਤ ਹੈ। ਇਸ ਤੋਂ ਇਲਾਵਾ ਹੋਰ ਕਹਾਵਤਾਂ ਵੀ ਹਨ ਜੋ ਭਾਦੋਂ ਨਾਲ ਜੁੜੀਆਂ ਹੋਈਆਂ ਹਨ;

ਭਾਦੋਂ ਦੇ ਛਰਾਟੇ ਗੁੰਨ੍ਹੇ
ਰਹਿ ਗਏ ਆਟੇ

ਭਾਦੋਂ ਮਹੀਨੇ ਪਤਾ ਨਹੀਂ ਮੀਂਹ ਕਦੋਂ ਆ ਜਾਵੇ, ਇਸੇ ਡਰ ਤੋਂ ਕਿਸਾਨ ਖੇਤਾਂ ਵੱਲ ਚਾਲੇ ਪਾ ਕੇ ਪਸੀਨੇ ਨੂੰ ਚੀਰਦੇ ਜਾਂਦੇ ਹਨ। ਜਦੋਂ ਬਾਰਿਸ਼ ਵਿੱਚ ਭਾਦੋਂ ਮਹੀਨੇ ਧੁੱਪ ਨਿੱਕਲੇ ਤਾਂ ਗਿੱਦੜ ਗਿੱਦੜੀ ਦਾ ਵਿਆਹ ਕਿਹਾ ਜਾਂਦਾ ਹੈ। ਇਹ ਸਾਰੀਆਂ ਕਹਾਵਤਾਂ ਪੰਜਾਬ ਵਿੱਚ ਬਹੁਤ ਪ੍ਰਚੱਲਤ ਰਹੀਆਂ ਹਨ ਤੇ ਹੁਣ ਵੀ ਹਨ, ਪਰ ਇਹ ਸਮੇਂ ਦੀਆਂ ਹਾਣੀ ਨਹੀਂ ਬਣ ਸਕੀਆਂ।

ਉਂਝ ਭਾਦੋਂ ਦੇਸੀ ਮਹੀਨਿਆਂ ਵਿੱਚ 30 ਦਿਨਾਂ ਦਾ ਹੁੰਦਾ ਹੈ। ਅੰਗਰੇਜ਼ੀ ਮਹੀਨਿਆਂ ਵਿੱਚ ਇਹ ਅਗਸਤ ਅਤੇ ਸਤੰਬਰ ਦੇ ਵਿਚਕਾਰ ਆਉਂਦਾਹੈ। ਜਦੋਂ ਕਿ ਨਾਨਕਸ਼ਾਹੀ ਕੈਲੰਡਰ ਦਾ ਇਹ ਛੇਵਾਂ ਮਹੀਨਾ ਹੈ। ਗੁਰਬਾਣੀ ਵਿੱਚ ਇਸ ਦਾ ਸੁਨੇਹਾ ਮਿਲਿਆ ਹੈ। ਇਸ ਤੋਂ ਇਲਾਵਾ ਇੱਕ ਹੋਰ ਕਹਾਵਤ ਹੈ ਜੋ ਭਾਦੋਂ ਦੀ ਰੂਹੇ ਰਵਾਂ ਹੈ। ਇਸ ਦੇ ਨਾਲ ਮਹੀਨੇ ਦਾ ਮੂਲ ਭਾਵ ਪ੍ਰਗਟ ਕਰਕੇ ਇਸ ਦੀ ਸਹੀ ਤਰਜਮਾਨੀ ਕਰਦੀ ਹੈ;

ਭਾਦੋਂ ਧੁੱਪਾਂ ਕਹਿਰ ਦੀਆਂ
ਝੜੀਆਂ ਕਈ-ਕਈ ਪਹਿਰ ਦੀਆਂ

ਇਸ ਤੋਂ ਸਪੱਸ਼ਟ ਹੈ ਇਹ ਮਹੀਨਾ ਕਈ ਤਰ੍ਹਾਂ ਦੇ ਰੰਗ ਬਿਖੇਰਦਾ ਹੈ। ਧੁੱਪ ਵਿੱਚ ਪੈਂਦੇ ਮੀਂਹ ਦੀ ਤਰਜਮਾਨੀ ਕਰਦਾ ਹੈ ਜੋ ਅਜੀਬ ਝਾਕੀ ਲੱਗਦੀ ਹੈ।

ਕਿਹਾ ਜਾਂਦਾ ਹੈ ਕਿ ਭਾਦੋਂ ਦੇ ਮਹੀਨੇ ਹੀਰ ਦਾ ਵਿਆਹ ਧਰਿਆ ਗਿਆ। ਇਸ ਲਈ ਕਿਹਾ ਵੀ ਹੈ;



ਭਾਦੋਂ ਦਾ ਹੀਰ ਦਾ ਧਰਿਆ ਮੁਕਲਾਵਾ
ਉਸ ਨੂੰ ਖ਼ਬਰ ਨਾ ਕਾਈ
ਮਹਿੰਦੀ ਸ਼ਗਨਾਂ ਦੀ
ਚੜ੍ਹ ਗਈ ਦੂਣ ਸਵਾਈ

ਪੇਕੇ ਘਰ ਸਾਉਣ ਮਹੀਨਾ ਕੱਟਣ ਆਈਆਂ ਧੀਆਂ ਭਾਦੋਂ ਵਿੱਚ ਆਪਣੇ ਸਹੁਰੇ ਚਲੀਆਂ ਜਾਂਦੀਆਂ ਹਨ, ਇਸ ਲਈ ਵੰਨਗੀ ਹੈ;

ਤੀਆਂ ਸਾਉਣ ਦੀਆਂ ਭਾਦੋਂ ਦੇ ਮੁਕਲਾਵੇ
ਸਾਉਣ ਵੀਰ ਇਕੱਠੀਆਂ ਕਰੇ
ਭਾਦੋਂ ਚੰਦਰੀ ਵਿਛੋੜੇ ਪਾਵੇ

ਰੂਪਨਗਰ ਜ਼ਿਲ੍ਹੇ ਅਧੀਨ ਪੈਂਦੇ ਬਿਭੌਰ ਸਾਹਿਬ ਵਿੱਚ ਭਾਦੋਂ ਦਾ ਅਧਿਆਤਮਵਾਦ ਪੱਖ ਤੋਂ ਇਤਿਹਾਸ ਜੁੜਿਆ ਹੋਇਆ ਹੈ। ਇਸ ਤੋਂ ਇਲਾਵਾ ਭਾਦੋਂ ਦੀ ਚਾਨਣੀ ਚੌਦਸ ਨੂੰ ਲੁਧਿਆਣਾ ਵਿਖੇ ਛਪਾਰ ਦਾ ਮੇਲਾ ਲੱਗਦਾ ਹੈ;

ਆਰੀ ਆਰੀ ਆਰੀ
ਮੇਲਾ ਤਾਂ ਛਪਾਰ ਲੱਗਦਾ
ਜਿਹੜਾ ਲੱਗਦਾ ਜਗਤ ਤੋਂ ਭਾਰੀ

ਕੁਦਰਤ ਅਤੇ ਬਨਸਪਤੀ ਦੇ ਪੱਖ ਤੋਂ ਕੁਦਰਤ ਦੀ ਇਹ ਮਾਣਮੱਤੀ ਰੁੱਤ ਅਗਲੇ ਅੱਸੂ ਮਹੀਨੇ ਦੀ ਬੁਨਿਆਦ ਅਤੇ ਸਾਉਣ ਦੇ ਪਿਛੋਕੜ ਨਾਲ ਪੈਂਡਾ ਤੈਅ ਕਰਦੀ ਹੈ। ਪੰਜਾਬ ਤੇ ਸੱਭਿਆਚਾਰ ਅਤੇ ਸਾਹਿਤ ਪੱਖੋਂ ਭਾਦੋਂ ਦਾ ਰੁਤਬਾ ਬਾਰ੍ਹਾਂ ਮਹੀਨਿਆਂ ਦੀ ਲੜੀ ਵਿੱਚ ਵੱਖਰਾ ਹੈ। ਮਜ਼ਦੂਰ ਅਤੇ ਕਿਸਾਨ ਇਸ ਦੇ ਜਬਰ ਨੂੰ ਸਬਰ ਨਾਲ ਹੰਢਾਉਂਦੇ ਹੋਏ ਕੰਮੀਂ ਕਾਰੀਂ ਲੱਗੇ ਰਹਿੰਦੇ ਹਨ, ਪਰ ਕਿਰਤੀਆਂ ਨੂੰ ਇਸ ਦੀ ਮਾਰ ਵੀ ਝੱਲਣੀ ਪੈਂਦੀ ਹੈ।

# ਪੰਜ ਭਾਦੋਂ ਨੂੰ ਆਈਂ ਵੇ...



ਭਾਵੇਂ ਮਨੁੱਖ ਨੇ ਬਹੁਤ ਤਰੱਕੀ ਕਰ ਲਈ ਹੈ, ਪਰ ਫਿਰ ਵੀ ਉਹ ਕੁਦਰਤ ਦੀ ਥਾਹ ਨਹੀਂ ਪਾ ਸਕਿਆ ਕਿਉਂਕਿ ਕੁਦਰਤ ਇੱਕ ਉਹ ਸ਼ਕਤੀ ਹੈ ਜੋ ਆਪਣੇ ਫ਼ੈਸਲੇ ਆਪ ਹੀ ਕਰਕੇ ਦਿਖਾ ਦਿੰਦੀ ਹੈ। ਰੁੱਤਾਂ ਬਦਲਦੀਆਂ ਹਨ। ਇਹ ਸਭ ਨੂੰ ਪਤਾ ਹੈ। ਕਿਸ ਰੁੱਤ ਵਿੱਚ ਕਦੋਂ ਮੀਂਹ ਪੈਣਾ ਹੈ ਅਤੇ ਕਦੋਂ ਮੌਸਮ ਸੁੱਕਾ ਰਹਿਣਾ ਹੈ, ਇਹ ਵੀ ਕੁਦਰਤ ਦੇ ਵੱਸ ਵਿੱਚ ਹੀ ਹੈ। ਅੱਸੂ ਕੱਤੇ ਸੁਹਾਵਣੇ ਮੌਸਮ ਵਿੱਚ ਵੀ ਕਈ ਵਾਰ ਇੰਨੇ ਤਕੜੇ ਮੀਂਹ ਪੈ ਜਾਂਦੇ ਹਨ ਕਿ ਲੋਕਾਂ ਨੂੰ ਘਰੋਂ ਬੇਘਰ ਕਰ ਦਿੰਦੇ ਹਨ। ਇਸ ਲਈ ਕੁਦਰਤ ਨੂੰ ਤਾਕਤਵਰ ਮੰਨ ਕੇ ਹੀ ਮਨੁੱਖ ਨੂੰ ਉਸ ਅਨੁਸਾਰ ਚੱਲਣਾ ਪੈਂਦਾ ਹੈ।

ਬਰਸਾਤ ਹਰ ਪ੍ਰਾਣੀ ਨੂੰ ਖ਼ੁਸ਼ੀ ਦਿੰਦੀ ਹੈ। ਇਸ ਨਾਲ ਧਰਤੀ ਹੇਠਲੇ ਜੀਵ ਜੰਤੂਆਂ ਨੂੰ ਅਤੇ ਧਰਤੀ ਦੇ ਉੱਤੇ ਰਹਿਣ ਵਾਲੇ ਪ੍ਰਾਣੀਆਂ ਨੂੰ ਰਾਹਤ ਮਿਲਦੀ ਹੈ। ਸਾਉਣ ਤੋਂ ਬਾਅਦ ਮੌਸਮ ਵਿੱਚ ਤਬਦੀਲੀ ਆਉਣੀ ਸ਼ੁਰੂ ਹੋ ਜਾਂਦੀ ਹੈ। ਭਾਦੋਂ ਦਾ ਮਹੀਨਾ ਚੜ੍ਹਦੇ ਹੀ ਰਾਤ ਨੂੰ ਤਰੇਲ ਪੈਣੀ ਸ਼ੁਰੂ ਹੋ ਜਾਂਦੀ, ਪਰ ਦਿਨ ਵੇਲੇ ਪੂਰੀ ਤਿੱਖੀ ਧੁੱਪ ਪੈਂਦੀ ਹੈ ਜੋ ਬਰਦਾਸ਼ਤ ਕਰਨੀ ਔਖੀ ਹੋ ਜਾਂਦੀ ਹੈ। ਭਾਦੋਂ ਦੇ ਮਹੀਨੇ ਵਿੱਚ ਖੇਤਾਂ ਵਿੱਚ ਕੰਮ ਕਰਦੇ ਕਾਮਿਆਂ ਨੂੰ ਇਹ ਤੇਜ਼ ਧੁੱਪ ਬਹੁਤ ਔਖਾ ਕਰਦੀ ਹੈ। ਬਜ਼ੁਰਗਾਂ ਦੇ ਕਹਿਣ ਮੁਤਾਬਕ ਭਾਦੋਂ ਦੀ ਧੁੱਪ ਦੇ ਸਤਾਏ ਹੋਏ ਲੋਕ ਸਾਧ ਬਣਨ ਲਈ ਮਜਬੂਰ ਹੋ ਜਾਂਦੇ ਹਨ। ਇਸ ਤਰ੍ਹਾਂ ਭਾਦੋਂ ਦੀ ਧੁੱਪ ਬਾਰੇ ਸਿਆਣਿਆਂ ਨੇ ਇੰਝ ਕਿਹਾ ਹੈ;

ਭਾਦੋਂ ਦੀ ਤਿੜਕੀ ਤੇ ਮਤਰੇਈ ਦੀ ਝਿੜਕੀ।

ਇਸ ਦਾ ਭਾਵ ਇਹ ਹੈ ਕਿ ਭਾਦੋਂ ਦੀ ਤਿੜਕੀ ਹੋਈ ਧੁੱਪ ਇੰਨਾ ਸਤਾਉਂਦੀ ਹੈ ਜਿਵੇਂ ਕਿ ਮਤਰੇਈ ਮਾਂ ਦੀ ਦਿੱਤੀ ਹੋਈ ਝਿੜਕ ਮਤਲਬ ਕੁਰੱਖਤ ਬੋਲ ਵਿਅਕਤੀ ਨੂੰ ਪਰੇਸ਼ਾਨ ਕਰਦੇ ਹਨ। ਸਾਉਣ ਦਾ ਮਹੀਨਾ ਕੁੜੀਆਂ ਲਈ ਖ਼ੁਸ਼ੀ ਦਾ ਹੁੰਦਾ ਹੈ ਅਤੇ ਕੁੜੀਆਂ ਪੇਕੇ ਆ ਕੇ ਆਪਣੇ ਹਾਣ ਦੀਆਂ ਨਾਲ ਖ਼ੁਸ਼ੀਆਂ ਮਨਾਉਂਦੀਆਂਹਨ। ਤੀਆਂ ਵਿੱਚ ਜਾ ਕੇ ਕੁੜੀਆਂ ਆਪਣੇ ਮਨ ਦੇ ਭਾਵਾਂ ਨੂੰ ਪ੍ਰਗਟ ਕਰਦੀਆਂ ਅਤੇ ਖ਼ੁਸ਼ੀ ਮਨਾਉਂਦੀਆਂ ਹਨ। ਚਿਰ ਦੀਆਂ ਵਿਆਹੀਆਂ ਹੋਈਆਂ ਕੁੜੀਆਂ ਨੂੰ ਸੰਧਾਰੇ ਦਿੱਤੇ ਜਾਂਦੇ ਹਨ ਅਤੇ ਨਾਲ ਹੀ ਪੇਕੇ ਆਈਆਂ ਨੂੰ ਜੋ ਸੱਜ ਵਿਆਹੀਆਂ ਹੁੰਦੀਆਂ ਹਨ, ਉਨ੍ਹਾਂ ਨੂੰ ਸਹੁਰਿਆਂ ਵੱਲੋਂ ਸੰਧਾਰਾ ਦਿੱਤਾ ਜਾਂਦਾ ਹੈ। ਇਸ ਸੰਧਾਰੇ ਵਿੱਚ ਸੂਟ, ਮਠਿਆਈ ਅਤੇ ਇਸ ਤੋਂ ਇਲਾਵਾ ਸ਼ਿੰਗਾਰ ਦਾ ਸਾਮਾਨ ਹੁੰਦਾ ਹੈ। ਪੀਂਘ ਝੂਟਣ ਲਈ ਫੱਟੀ ਅਤੇ ਲੱਜ (ਲੰਮਾ ਰੱਸਾ) ਵੀ ਦਿੱਤਾ ਜਾਂਦਾ ਹੈ। ਸਾਉਣ ਵਿੱਚ ਕੁੜੀਆਂ ਇਕੱਠੀਆਂ ਹੁੰਦੀਆਂ ਹਨ, ਪਰ ਭਾਦੋਂ ਵਿੱਚ ਉਨ੍ਹਾਂ ਨੇ ਆਪੋ ਆਪਣੇ ਸਹੁਰੇ ਘਰ ਜਾਣਾ ਹੀ ਹੁੰਦਾ ਹੈ ਤਾਂ ਹੀ ਕੁੜੀਆਂ ਬੋਲੀ ਪਾਉਂਦੀਆਂ ਕਹਿੰਦੀਆਂ ਹਨ;

ਸਾਉਣ ਵੀਰ ਇਕੱਠੀਆਂ ਕਰੇ
ਭਾਦੋਂ ਚੰਦਰੀ ਵਿਛੋੜੇ ਪਾਵੇ।

ਪਹਿਲਾਂ ਕੁੜੀਆਂ ਨੂੰ ਵਿਆਹ ਤੋਂ ਬਾਅਦ ਉਸੇ ਵਕਤ ਸਹੁਰੇ ਨਹੀਂ ਭੇਜਿਆ ਜਾਂਦਾ ਸੀ ਬਲਕਿ ਉਸ ਨੂੰ ਕੁਝ ਮਹੀਨਿਆਂ ਬਾਅਦ ਭੇਜਿਆ ਜਾਂਦਾ ਸੀ। ਜਦੋਂ ਕੁੜੀ ਦੂਜੀ ਵਾਰ ਸਹੁਰੇ ਜਾਂਦੀ ਤਾਂ ਉਸ ਸਮੇਂ ਵੀ ਉਸ ਨੂੰ ਕਾਫ਼ੀ ਕੁਝ ਦਿੱਤਾ ਜਾਂਦਾ, ਜਿਵੇਂ ਬਿਸਤਰੇ ਅਤੇ ਸੂਟ ਤੋਂ ਇਲਾਵਾ ਮਠਿਆਈ ਵਗੈਰਾ। ਦੂਜੀ ਵਾਰ ਇਹ ਸਾਮਾਨ ਦੇਣ ਕਰਕੇ ਇਸ ਨੂੰ ਦਰੌਂਜਾ ਵੀ ਕਿਹਾ ਜਾਂਦਾ ਸੀ। ਸੌਣ ਦੀਆਂ ਤੀਆਂ ਤੋਂ ਬਾਅਦ ਭਾਦੋਂ ਵਿੱਚ ਕੁੜੀਆਂ ਨੂੰ ਸਹੁਰੇ ਘਰ ਭੇਜਿਆ ਜਾਂਦਾ ਸੀ ਤਾਂ ਇਹ ਸ਼ਬਦ ਵੀ ਇਸ ਤਰ੍ਹਾਂ ਵਰਤਦੇ ਸਨ;

ਤੀਆਂ ਸੌਣ ਦੀਆਂ, ਭਾਦੋਂ ਦੇ ਮੁਕਲਾਵੇ

ਇਸ ਤਰ੍ਹਾਂ ਲੋਕ ਗੀਤਾਂ ਵਿੱਚ ਵੀ ਭਾਦੋਂ ਦੇ ਮੁਕਲਾਵਿਆਂ ਦਾ ਜ਼ਿਕਰ ਆਉਂਦਾ ਹੈ;

ਪੰਜ ਭਾਦੋਂ ਨੂੰ ਆਈਂ ਵੇ
ਵੇ ਮੇਰਾ ਲੈਣ ਦਰੌਂਜਾ।

ਭਾਦੋਂ ਦੇ ਦਿਨ ਬੀਤਣ ਨਾਲ ਨਿਉਲੇ ਬਾਹਰ ਆਉਣ ਲੱਗ ਜਾਂਦੇ ਹਨ, ਇਸ ਕਰਕੇ ਸੱਪਾਂ ਦਾ ਡਰ ਘਟ ਜਾਂਦਾ ਹੈ ਕਿਉਂਕਿ ਨਿਉਲਾ ਸੱਪ ਦਾ ਦੁਸ਼ਮਣ ਹੈ ਅਤੇ ਉਹ ਉਸ ਨੂੰ ਦੇਖਦਿਆਂ ਹੀ ਉਸ ਉੱਤੇ ਵਾਰ ਕਰ ਦਿੰਦਾ ਹੈ।



ਇਨ੍ਹਾਂ ਦਿਨਾਂ ਵਿੱਚ ਮੌਸਮ ਸਾਫ਼ ਹੋਣ ਲੱਗ ਜਾਂਦਾ ਹੈ ਅਤੇ ਖੇਤਾਂ ਵਿੱਚ ਕਿਤੇ ਕਿਤੇ ਕਪਾਹਾਂ ਵੀ ਤਿੜਕਣ ਲੱਗ ਜਾਂਦੀਆਂ ਹਨ। ਕਈ ਵਾਰ ਤਾਂ ਭਾਦੋਂ ਦੇ ਪਿਛਲੇ ਪੱਖ ਕਪਾਹਾਂ ਖਿੜ ਜਾਂਦੀਆਂ ਹਨ ਅਤੇ ਲੋਕ ਇੱਕ ਇੱਕ ਵਾਰੀ ਲਾ ਵੀ ਲੈਂਦੇ ਹਨ। ਖੇਤਾਂ ਵਿੱਚ ਖਿੜੀਆਂ ਕਪਾਹਾਂ ਦੇਖਣ ਵਿੱਚ ਬਹੁਤ ਹੀ ਸੁੰਦਰ ਲੱਗਦੀਆਂ ਹਨ ਤੇ ਰਾਹ ਜਾਂਦੇ ਦਾ ਕਪਾਹ ਚੁਗਣ ਦਾ ਜੀਅ ਹੋ ਜਾਂਦਾ ਹੈ। ਇਨ੍ਹਾਂ ਦਿਨਾਂ ਵਿੱਚ ਦਿਨ ਵੇਲੇ ਗਰਮੀ ਹੁੰਦੀ ਹੈ ਅਤੇ ਰਾਤ ਨੂੰ ਠੰਢ ਹੋਣ ਲੱਗ ਜਾਂਦੀ ਹੈ।

ਇਸ ਮੌਸਮ ਵਿੱਚ ਕਪਾਹ ਅਤੇ ਨਰਮੇ ਦੇ ਖੇਤ ਫ਼ਸਲ ਨਾਲ ਭਰਪੂਰ ਤਾਂ ਹੁੰਦੇ ਹੀ ਹਨ, ਨਾਲ ਹੀ ਇਸ ਵਿੱਚ ਆਪੇ ਉੱਗੇ ਨਦੀਨ ਚਿੱਭੜ ਅਤੇ ਫੁੱਟਾਂ ਹੋ ਜਾਂਦੀਆਂ ਹਨ ਜਿਸ ਨੂੰ ਲੋਕ ਚਾਹ ਕੇ ਖਾਂਦੇ ਹਨ ਅਤੇ ਚਿੱਭੜਾਂ ਦੀ ਚਟਨੀ ਵੀ ਬਣਾਈ ਜਾਂਦੀ ਹੈ। ਕਪਾਹ ਚੁਗਣ ਵੇਲੇ ਰੋਟੀ ਨਾਲ ਚਿੱਭੜਾਂ ਦੀ ਚਟਣੀ ਦਾ ਸਵਾਦ 36 ਪਦਾਰਥਾਂ ਨਾਲੋਂ ਵੀ ਵੱਧ ਲੱਗਦਾ ਹੈ। ਇਨ੍ਹਾਂ ਦਿਨਾਂ ਵਿੱਚ ਮਲ੍ਹਿਆਂ ਦੇ ਬੇਰ ਵੀ ਲੱਗਦੇ ਹਨ।



ਭਾਦੋਂ ਦੇ ਚਾਨਣੇ ਪੱਖ ਵਿੱਚ ਭਗਵਾਨ ਸ਼ਿਵ ਦੀ ਪੂਜਾ ਕਰਨ ਵਾਲੇ ਇੱਕ ਧਾਗਾ ਬੰਨ੍ਹਦੇ ਹਨ ਜੋ ਲਗਭਗ ਢਾਈ ਮਹੀਨਿਆਂ ਦੇ ਬਾਅਦ ਖੋਲ੍ਹਿਆ ਜਾਂਦਾ ਹੈ। ਇਹ ਧਾਗਾ ਕੱਚੇ ਸੂਤ ਦਾ ਬਣਾ ਕੇ ਤਿਆਰ ਕੀਤਾ ਜਾਂਦਾ ਹੈ ਅਤੇ ਉਸ ਨੂੰ ਪੀਲੇ ਰੰਗ ਦਾ ਰੰਗਿਆ ਜਾਂਦਾ ਹੈ। ਇਸ ਮਹੀਨੇ ਦੇ ਚਾਨਣੇ ਪੱਖ ਦੇ ਕਿਸੇ ਵੀ ਸੋਮਵਾਰ ਨੂੰ ਇਹ ਧਾਗਾ ਬੰਨ੍ਹਿਆ ਜਾਂਦਾ ਹੈ ਅਤੇ ਇਸ ਨੂੰ ਢਾਈ ਮਹੀਨਿਆਂ ਦੇ ਬਾਅਦ ਖੋਲ੍ਹਿਆ ਜਾਂਦਾ ਹੈ। ਇਨ੍ਹਾਂ ਢਾਈ ਮਹੀਨਿਆਂ ਦੇ ਦੌਰਾਨ ਧਾਗਾ ਬੰਨ੍ਹਣ ਵਾਲੇ ਨੇ ਜਵਾਰ ਨਹੀਂ ਖਾਣੀ ਹੁੰਦੀ। ਇੱਥੋਂ ਤੱਕ ਕਿ ਜਵਾਰ ਭਾਵ ਚਰ੍ਹੀ ਦਾ ਗੰਨਾ ਵੀ ਨਹੀਂ ਚੂਪਿਆ ਜਾਂਦਾ। ਇਸ ਤੋਂ ਬਾਅਦ ਮੱਘਰ ਦੇ ਚਾਨਣੇ ਪੱਖ ਵਿੱਚ ਇਹ ਧਾਗਾ ਖੋਲ੍ਹਿਆ ਜਾਂਦਾ ਹੈ ਅਤੇ ਉਸ ਦਿਨ ਜਵਾਰ ਦੀ ਰੋਟੀ ਖਾਧੀ ਜਾਂਦੀ ਹੈ। ਇਸ ਆਟੇ ਦੀ ਚੂਰੀ ਕੁੱਟੀ ਜਾਂਦੀ ਹੈ ਅਤੇ ਫਿਰ ਇਸ ਚੂਰੀ ਨੂੰ ਖਾ ਕੇ ਵਰਤ ਤੋੜਿਆ ਜਾਂਦਾ ਹੈ।

ਸਾਉਣ ਅਤੇ ਭਾਦੋਂ ਦਾ ਭਾਵੇਂ ਫ਼ਰਕ ਹੈ, ਪਰ ਸਾਉਣ ਦਾ ਪਿਛਲਾ ਪੱਖ ਤੇ ਭਾਦੋਂ ਦਾ ਪਹਿਲਾ ਪੱਖ ਇੱਕੋ ਜਿਹੇ ਹੀ ਬਣ ਜਾਂਦੇ ਹਨ। ਭਾਦੋਂ ਦੇ ਮਹੀਨੇ ਵਿੱਚ ਮੀਂਹ ਇੱਕ ਛਰਾਟੇ ਵਾਂਗ ਆਉਂਦਾ ਹੈ ਅਤੇ ਫਿਰ ਮੌਸਮ ਠੀਕ ਵੀ ਹੋ ਜਾਂਦਾ ਹੈ। ਦੋਵਾਂ ਮਹੀਨਿਆਂ ਦੀ ਮਾਮੂਲੀ ਸਮਾਨਤਾ ਕਰਕੇ ਬੁਝਾਰਤਾਂ ਵਿੱਚ ਵੀ ਇਨ੍ਹਾਂ ਨੂੰ ਪੇਸ਼ ਕੀਤਾ ਗਿਆ ਹੈ

ਸਾਉਣ ਭਾਦੋਂ ਇੱਕ ਰੁੱਤ
ਦੋ ਬੁੜ੍ਹੀਆਂ ਦੇ ਇੱਕ ਗੁੱਤ। (ਸੂਲਾਂ)


ਕਿਉਂਕਿ ਕਿੱਕਰ ਦੇ ਰੁੱਖ 'ਤੇ ਲੱਗਦੀਆਂ ਸੂਲਾਂ ਇਕੱਠੀਆਂ ਦੋ ਹੀ ਲੱਗਦੀਆਂ ਹਨ। ਸਾਡੇ ਸੱਭਿਆਚਾਰ ਵਿੱਚ ਇਹ ਖ਼ਾਸੀਅਤ ਹੈ ਕਿ ਇੱਥੇ ਹਰ ਮਹੀਨੇ ਕੋਈ ਨਾ ਕੋਈ ਤਿਉਹਾਰ ਜ਼ਰੂਰ ਮਨਾਇਆ ਜਾਂਦਾ ਹੈ ਅਤੇ ਇਸ ਤਰ੍ਹਾਂ ਖ਼ੁਸ਼ ਹੋਣ ਦੇ ਮੌਕੇ ਤਿਆਰ ਕੀਤੇ ਜਾਂਦੇ ਹਨ। ਖ਼ੁਸ਼ ਰਹਿਣਾ ਹੀ ਜ਼ਿੰਦਗੀ ਦਾ ਗਹਿਣਾ ਹੈ ਅਤੇ ਸਾਨੂੰ ਚੰਗਾ ਜੀਵਨ ਜਿਊਣ ਵਾਸਤੇ ਖ਼ੁਸ਼ ਰਹਿਣ ਦੀ ਲੋੜ ਵੀ ਹੈ। ਸਾਡੀਆਂ ਆਦਤਾਂ ਹੀ ਸਾਡੀ ਜੀਵਨਸ਼ੈਲੀ ਦਾ ਆਧਾਰ ਹਨ। ਸੋ ਮਨੁੱਖ ਨੇ ਆਪਣੇ ਆਪ ਨੂੰ ਖ਼ੁਸ਼ ਰੱਖਣ ਲਈ ਅਜਿਹੇ ਸਾਧਨ ਲੱਭੇ ਹਨ, ਜਿਸ ਨਾਲ ਸਭ ਇਕੱਠੇ ਹੋ ਕੇ ਆਪਣੀ ਖ਼ੁਸ਼ੀ ਮਨਾਉਂਦੇ ਹਨ। ਭਾਦੋਂ ਦੇ ਮਹੀਨੇ ਵਿੱਚ ਜਨਮ ਅਸ਼ਟਮੀ ਦਾ ਤਿਉਹਾਰ ਆਉਂਦਾ ਹੈ ਤੇ ਇਸ ਤੋਂ ਬਾਅਦ ਅਗਲੇ ਦਿਨ ਗੁੱਗਾ ਨੌਮੀ ਵੀ ਆਉਂਦੀ ਹੈ। ਇਹ ਦੋਵੇਂ ਦਿਨ ਧੂਮ ਧਾਮ ਨਾਲ ਮਨਾਏ ਜਾਂਦੇ ਹਨ। ਜਿਵੇਂ ਕਿਹਾ ਗਿਆ ਹੈ ਕਿ ਨਾਂ ਪਿੱਤਰਾਂ ਦਾ ਤੇ ਖਾਣਾ ਆਪਣਾ। ਤਿਉਹਾਰਾਂ ਦੇ ਨਾਲ ਹੀ ਮਨੁੱਖ ਆਪਣੇ ਅਤੇ ਆਪਣੇ ਸਹਿਯੋਗੀਆਂ ਨਾਲ ਖਾਣ ਪੀਣ ਸਾਂਝਾ ਕਰਦਾ ਹੈ। ਇਸੇ ਲਈ ਇਹ ਤਿਉਹਾਰ ਵੀ ਸਾਡੇ ਜੀਵਨ ਦਾ ਇੱਕ ਪ੍ਰਮੁੱਖ ਅੰਗ ਬਣ ਚੁੱਕੇ ਹਨ।

# ਖੇਤੀਬਾੜੀ ਦੇ ਵਿਕਾਸ 'ਚ ਸੋਸ਼ਲ ਮੀਡੀਆ ਨਿਭਾਅ ਸਕਦਾ ਹੈ ਅਹਿਮ ਭੂਮਿਕਾ

ਡਾ.ਕਰਨਜੀਤ ਸਿੰਘ ਗਿੱਲ

ਸੋਸ਼ਲ ਮੀਡੀਆ ਤੋਂ ਭਾਵ ਹੈ ਸਮਾਜ ਦਾ ਇੰਟਰਨੈੱਟ ਦੇ ਜ਼ਰੀਏ ਆਪਸ ਵਿੱਚ ਜੁੜੇ ਰਹਿਣਾ। ਦੁਨੀਆ ਭਰ ਦੇ ਲੋਕਾਂ ਦੀ ਸੋਸ਼ਲ ਮੀਡੀਆ ਦੀਆਂ ਵੱਖੋ-ਵੱਖ ਐਪਸ ਜਿਵੇਂ ਯੂ-ਟਿਊਬ, ਵੱਟਸਐਪ, ਫੇਸਬੁੱਕ, ਇੰਸਟਾਗ੍ਰਾਮ, ਟੈਲੀਗਰਾਮ, ਐਕਸ (ਪਹਿਲਾਂ ਇਸ ਦਾ ਨਾਂ ਟਵਿੱਟਰ ਸੀ), ਸਨੈਪਚੈਟ, ਸਕਾਈਪ ਆਦਿ 'ਤੇ ਨਿਰਭਰਤਾ ਦਿਨ-ਬਦਿਨ ਬਹੁਤ ਵਧ ਰਹੀ ਹੈ। ਇੱਥੇ ਇਹ ਦੱਸਣਾ ਬਹੁਤ ਜ਼ਰੂਰੀ ਹੈ ਕਿ ਸੋਸ਼ਲ ਮੀਡੀਆ ਆਪਣਾ ਵਿਕਾਸ ਵੀ ਕਰ ਸਕਦਾ ਹੈ ਅਤੇ ਵਿਨਾਸ਼ ਵੀ। ਬਿਬੇਕਸ਼ੀਲ ਮਨੁੱਖ ਵਜੋਂ ਇਹ ਚੋਣ ਅਸੀਂ ਹੀ ਕਰਨੀ ਹੈ ਕਿ ਕੀ ਠੀਕ ਹੈ ਤੇ ਕੀ ਗ਼ਲਤ। ਸੂਚਨਾਵਾਂ ਦਾ ਪਸਾਰ ਅਤੇ ਵਿਚਾਰਾਂ ਦਾ ਦੇਣ-ਲੈਣ ਕਰਨ ਵਿੱਚ ਸੋਸ਼ਲ ਮੀਡੀਆ ਦੀ ਅਹਿਮ ਭੂਮਿਕਾ ਹੈ। ਇਸ ਦੀ ਵਰਤੋਂ ਚੈਟਿੰਗ ਕਰਨ, ਆਡਿਓ, ਵੀਡੀਓ, ਫੋਟੋਆਂ, ਰਿਕਾਰਡਿੰਗ, ਟਾਈਪ ਕੀਤੀ ਸਮੱਗਰੀ ਆਦਿ ਭੇਜਣ ਲਈ ਕੀਤੀ ਜਾਂਦੀ ਹੈ।

ਅੱਜ ਦੇ ਵਿਗਿਆਨਕ ਯੁੱਗ ਵਿੱਚ ਇਹ ਗੱਲ ਬੜੀ ਪ੍ਰੋੜਤਾ ਨਾਲ ਕੀਤੀ ਜਾ ਸਕਦੀ ਹੈ ਕਿ ਜਿਹੜੇ ਪੜ੍ਹੇ-ਲਿਖੇ ਕਿਸਾਨ ਸੋਸ਼ਲ ਮੀਡੀਆ ਨਾਲ ਸਾਰਥਕ ਤੌਰ 'ਤੇ ਜੁੜੇ ਹਨ, ਉਹ ਆਪਣੀ ਕਿਰਤ ਕਮਾਈ ਵਿੱਚੋਂ ਖਾਸਾ ਲਾਭ ਪ੍ਰਾਪਤ ਕਰ ਰਹੇ ਹਨ। ਬਹੁਤ ਸਾਰੇ ਕਿਸਾਨ ਘਰੇ ਬੈਠ ਕੇ ਹੀ ਆਪਣੇ ਧੰਦੇ ਬਾਰੇ ਸਿਖਲਾਈ ਲੈ ਰਹੇ ਹਨ, ਲੋੜੀਂਦੀਆਂ ਮੁਲਾਕਾਤਾਂ ਕਰ ਰਹੇ ਹਨ ਅਤੇ ਹੋਰ ਮੁਲਾਕਾਤਾਂ ਤੋਂ ਵਡਮੁੱਲਾ ਗਿਆਨ ਹਾਸਿਲ ਕਰ ਰਹੇ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪੰਜਾਬ ਦਾ ਖੇਤੀਬਾੜੀ ਵਿਭਾਗ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਕਿਸਾਨ ਮੇਲਿਆਂ, ਕੈਂਪਾਂ, ਗੋਸ਼ਟੀਆਂ, ਖੇਤ ਦਿਵਸ, ਸਾਹਿਤ, ਅਨਾਊਂਸਮੈਂਟਾਂ ਆਦਿ ਰਾਹੀਂ ਸਮੇਂ-ਸਮੇਂ 'ਤੇ ਕਿਸਾਨਾਂ ਤੱਕ ਹਰ ਕਿਸਮ ਦੀ ਜਾਣਕਾਰੀ ਪਹੁੰਚਦੀ ਕੀਤੀ ਜਾ ਰਹੀ ਹੈ। ਸੋ, ਇਨ੍ਹਾਂ ਕਿਸਾਨਾਂ ਲਈ ਸੋਸ਼ਲ ਮੀਡੀਆ ਵਰਦਾਨ ਹੈ। ਫਿਰ ਵੀ ਬਹੁਤ ਸਾਰੇ ਕਿਸਾਨ ਇਸ ਸਭ ਕਾਸੇ ਤੋਂ ਰਹਿ ਜਾਂਦੇ ਹਨ ਅਤੇ ਉਨ੍ਹਾਂ ਤੱਕ ਖੇਤੀ ਸੂਚਨਾਵਾਂ ਨਹੀਂ ਪਹੁੰਚਦੀਆਂ।



ਜਿਹੜੇ ਕਿਸਾਨ ਨਵੀਨਤਮ ਖੇਤੀ ਤਕਨੀਕਾਂ ਹਾਸਿਲ ਕਰ ਕੇ ਸਮੇਂ ਦੇ ਹਾਣ ਦਾ ਨਹੀਂ ਬਣਦੇ, ਉਹ ਝੋਨੇ-ਕਣਕ ਦੇ ਫ਼ਸਲੀ ਚੱਕਰ 'ਚ ਹੀ ਫਸੇ ਹੋਏ ਹਨ, ਜਿਸ ਨਾਲ ਸਾਡੇ ਕੀਮਤੀ ਕੁਦਰਤੀ ਸਰੋਤ ਜਿਵੇਂ ਮਿੱਟੀ, ਪਾਣੀ, ਹਵਾ ਵੀ ਖ਼ਰਾਬ ਹੋ ਰਹੇ ਹਨ ਅਤੇ ਇਨ੍ਹਾਂ ਕਿਸਾਨਾਂ ਨੂੰ ਆਰਥਿਕ ਤੌਰ 'ਤੇ ਵੀ ਬਹੁਤਾ ਫ਼ਾਇਦਾ ਨਹੀਂ ਹੋ ਰਿਹਾ। ਕਿਸਾਨਾਂ ਦੇ ਪ੍ਰਸੰਗ ਵਿੱਚ ਸੋਸ਼ਲ ਮੀਡੀਆ ਦੀਆਂ ਬਹੁਤ ਸਾਰੀਆਂ ਐਪਲੀਕੇਸ਼ਨਾਂ (ਐਪਸ) ਵਿੱਚੋਂ ਉਚੇਚੇ ਤੌਰ 'ਤੇ ਯੂਟਿਊਬ, ਵੱਟਸਐਪ ਅਤੇ ਫੇਸਬੁੱਕ ਦੀ ਗੱਲ ਕਰਨੀ ਬਣਦੀ ਹੈ। ਯੂਟਿਊਬ ਰਾਹੀਂ ਕਿਸਾਨਾਂ ਦੀ ਸਫਲਤਾ ਦੀਆਂ ਕਹਾਣੀਆਂ, ਖੇਤੀ ਮਾਹਿਰਾਂ ਦੀ ਗੱਲਬਾਤ ਸਮੇਤ ਹਰ ਤਰ੍ਹਾਂ ਦੀ ਜਾਣਕਾਰੀ ਵੀਡੀਓਜ਼ ਰੂਪ ਵਿੱਚ ਮੁਫ਼ਤ ਆਪਣੇ ਮੋਬਾਈਲ 'ਤੇ ਪ੍ਰਾਪਤ ਹੋ ਜਾਂਦੀ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦਾ ਪੀਏਯੂ ਲਾਈਵ, ਖੇਤੀ ਵਿਭਾਗ ਦੀਆਂ ਖੇਤੀ ਸੂਚਨਾਵਾਂ, ਖੇਤੀ ਗਿਆਨ ਤੇ ਵਿਕਾਸ, ਕਿਸਾਨੀ ਸੂਚਨਾਵਾਂ ਨਾਲ ਸਬੰਧਿਤ ਯੂਟਿਊਬ ਚੈਨਲ ਕਿਸਾਨਾਂ ਦੀ ਸੇਵਾ 'ਚ ਕਾਰਜ ਕਰ ਰਹੇ ਹਨ। ਇਸ ਤੋਂ ਇਲਾਵਾ ਦੂਰਦਰਸ਼ਨ ਜਲੰਧਰ, ਡੀਡੀ ਕਿਸਾਨ ਚੈਨਲ ਵੀ ਆਪਣੀਆਂ ਖੇਤੀ ਸਬੰਧੀ ਵੀਡੀਓਜ਼ ਯੂਟਿਊਬ ਰਾਹੀਂ ਸ਼ੇਅਰ ਕਰਦੇ ਰਹਿੰਦੇ ਹਨ। ਬਹੁਤੇ ਪ੍ਰਾਈਵੇਟ ਚੈਨਲ ਵੀ ਖੇਤੀ ਸੈਕਟਰ ਵਿੱਚ ਆਪਣਾ ਬਣਦਾ ਰੋਲ ਨਿਭਾ ਰਹੇ ਹਨ। ਯੂਟਿਊਬ ਰਾਹੀਂ ਸਿੱਧਾ ਪ੍ਰਸਾਰਨ ਵੀ ਹੁੰਦਾ ਹੈ, ਜਿਸ ਦਾ ਕਿਸਾਨ ਵੀਰ ਸਬੰਧਿਤ ਮੇਲੇ ਵਿੱਚ ਕਿਸੇ ਕਾਰਨ ਨਾ ਪਹੁੰਚ ਕੇ ਘਰ ਬੈਠੇ ਹੀ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ।

ਇੱਕ ਵੱਟਸਐਪ ਗਰੁੱਪ 'ਚ 1024 ਮੈਂਬਰ ਬਣ ਸਕਦੇ ਹਨ, ਜਿਨ੍ਹਾਂ ਰਾਹੀਂ ਕੋਈ ਵੀ ਨਵੀਂ ਸੂਚਨਾ ਇੱਕੋ ਸਮੇਂ ਲੱਖਾਂ ਕਿਸਾਨਾਂ ਤੱਕ ਪਹੁੰਚ ਜਾਂਦੀ ਹੈ, ਜੋ ਕਿਸੇ ਹੋਰ ਮਾਧਿਅਮ ਰਾਹੀਂ ਸੰਭਵ ਨਹੀਂ ਹੁੰਦੀ। ਖੇਤੀ ਨਾਲ ਸਬੰਧਿਤ ਹਰ ਵਿਭਾਗ ਅਤੇ ਯੂਨੀਵਰਸਿਟੀ ਦੇ ਵੱਖੋ-ਵੱਖ ਤਰ੍ਹਾਂ ਦੇ ਸਰਕਲ, ਬਲਾਕ, ਜ਼ਿਲ੍ਹਾ ਪੱਧਰ ਅਤੇ ਰਾਜ ਪੱਧਰ ਦੇ ਵੱਟਸਐਪ ਗਰੁੱਪ ਆਪਣੀ ਜ਼ਿੰਮੇਵਾਰੀ ਬਾਖ਼ੂਬੀ ਨਿਭਾ ਰਹੇ ਹਨ। ਸੋ, ਕੋਈ ਵੀ ਕਿਸਾਨ ਆਪਣੇ ਧੰਦੇ ਸਬੰਧੀ ਬਣਾਏ ਗਰੁੱਪਾਂ ਦਾ ਮੈਂਬਰ ਬਣੇ ਅਤੇ ਵੱਧ ਤੋਂ ਵੱਧ ਮੁਫ਼ਤ ਵਿੱਚ ਲਾਭ ਪ੍ਰਾਪਤ ਕਰੇ।

ਫੇਸਬੁੱਕ ਦੇ ਜ਼ਰੀਏ ਵੀ ਖੇਤੀ ਸਬੰਧੀ ਹਰ ਕਿਸਮ ਦੀ ਫੋਟੋ, ਵੀਡੀਓ, ਲੇਖ, ਵਿਚਾਰ, ਆਪਣੀ ਰਾਏ ਵਗੈਰਾ ਸਾਂਝੀ ਕੀਤੀ ਜਾ ਸਕਦੀ ਹੈ, ਜਿਸ ਦਾ ਲਾਭ ਬਹੁਤ ਸਾਰੇ ਕਿਸਾਨ ਪਹਿਲਾਂ ਹੀ ਲੈ ਰਹੇ ਹਨ। ਫੇਸਬੁੱਕ ਚੈਨਲ ਰਾਹੀਂ ਸਿੱਧਾ ਪ੍ਰਸਾਰਨ ਵੀ ਹੁੰਦਾ ਹੈ। ਇਸ ਐਪ ਰਾਹੀਂ ਅਸੀਂ ਕਿਸੇ ਨੂੰ ਮਿੱਤਰ ਵੀ ਬਣਾ ਸਕਦੇ ਹਾਂ ਅਤੇ ਕਿਸੇ ਦੇ ਮਿੱਤਰ ਵੀ ਬਣ ਸਕਦੇ ਹਾਂ। ਬਾਕੀ ਸੋਸ਼ਲ ਮੀਡੀਆ ਦੀਆਂ ਬਹੁਤ ਸਾਰੀਆਂ ਐਪਸ 'ਤੇ ਖੇਤੀ ਸਬੰਧੀ ਕਿਤਾਬਚੇ, ਰਸਾਲੇ ਜਾਂ ਕਿਤਾਬਾਂ ਵੀ ਉਪਲਬਧ ਹੁੰਦੇ ਹਨ, ਜਿਨ੍ਹਾਂ ਨੂੰ ਪੜ੍ਹ ਕੇ ਅਸੀਂ ਆਪਣੇ ਕਿੱਤੇ ਵਿੱਚ ਸੁਧਾਰ ਕਰ ਸਕਦੇ ਹਾਂ।

ਕਿਸਾਨ ਭਰਾਵੋ, ਅੱਜ ਦੇ ਯੁੱਗ ਵਿੱਚ ਜੇਕਰ ਤੁਸੀਂ ਪੜ੍ਹੇ-ਲਿਖੇ ਵੀ ਹੋ ਅਤੇ ਇਹ ਵੀ ਕਹੋ ਕਿ ਮੈਨੂੰ ਤਾਂ ਇਸ ਬਾਰੇ ਪਤਾ ਹੀ ਨਹੀਂ ਲੱਗਾ ਤਾਂ ਇਸ 'ਚ ਆਪਣੀ ਹੀ ਕੋਈ ਕਮੀ ਹੋ ਸਕਦੀ ਹੈ। ਸੋਸ਼ਲ ਮੀਡੀਆ 'ਤੇ ਗਿਆਨ ਦਾ ਅਥਾਹ ਭੰਡਾਰ ਪਿਆ ਹੈ। ਉਸ ਗਿਆਨ ਵਿੱਚੋਂ ਆਪਣੇ ਕੰਮ ਦੇ ਮੋਤੀ ਪਛਾਣੀਏ, ਚੁਗੀਏ ਅਤੇ ਉਸ ਮੁਤਾਬਿਕ ਆਪਣਾ ਨਵਾਂ ਕੰਮ ਕਰੀਏ ਜਾਂ ਚੱਲ ਰਹੇ ਕੰਮ 'ਚ ਹੋਰ ਨਿਖਾਰ ਲਿਆਈਏ ਤਾਂ ਜੋ ਸਾਡੀ ਆਰਥਿਕਤਾ ਵੀ ਨਿੱਗਰ ਹੋਵੇ ਅਤੇ ਆਪਣੀ ਧਰਤੀ, ਹਵਾ, ਪਾਣੀ ਦਾ ਵੀ ਕੋਈ ਨੁਕਸਾਨ ਨਾ ਹੋਵੇ। ਅਸੀਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਆਪਣੀ ਜ਼ਮੀਨ-ਜਾਇਦਾਦ ਦੇ ਨਾਲ-ਨਾਲ ਜਿਊਣਯੋਗ ਵਾਤਾਵਰਨ ਵੀ ਦੇ ਕੇ ਜਾਈਏ। ਸੋ, ਖ਼ੁਦ ਸਿਹਤਮੰਦ ਰਹੋ ਅਤੇ ਆਪਣਾ ਆਲਾ-ਦੁਆਲਾ ਵੀ ਸਿਹਤਮੰਦ ਰੱਖਣ ਵਿੱਚ ਯੋਗਦਾਨ ਪਾਓ।



# ਬੋਲਣ ਅਤੇ ਲਿਖਣ ਦੇ ਤਰੀਕੇ 'ਚ ਝਲਕਦੀ ਹੈ ਸ਼ਖ਼ਸੀਅਤ

**ਜਸਵਿੰਦਰ ਪਾਲ**



ਸਾਡੀ ਬੋਲੀ ਤਰਸਯੋਗ, ਸਪੱਸ਼ਟ ਅਤੇ ਦਿਲਚਸਪ ਹੋ ਸਕਦੀ ਹੈ। ਸਾਡੀ ਬੋਲੀ ਰਚਨਾਤਮਿਕਤਾ ਅਤੇ ਕਲਪਨਾ ਦਾ ਪ੍ਰਤੀਬਿੰਬ ਵੀ ਹੋ ਸਕਦੀ ਹੈ। ਜੋ ਲੋਕ ਸਪੱਸ਼ਟ ਰੂਪਕ, ਅਲੰਕਾਰ ਤੇ ਕਹਾਣੀ ਸੁਣਾਉਣ ਦੀਆਂ ਤਕਨੀਕਾਂ ਦੀ ਵਰਤੋਂ ਕਰਦੇ ਹਨ, ਉਨ੍ਹਾਂ ਨੂੰ ਨਵੀਨਤਾਕਾਰੀ, ਕਲਾਤਮਕ ਵਜੋਂ ਵੇਖਿਆ ਜਾ ਸਕਦਾ।

ਸਾਡੀ ਸ਼ਖ਼ਸੀਅਤ ਸਾਡੇ ਤਜਰਬਿਆਂ, ਵਿਸ਼ਵਾਸਾਂ ਅਤੇ ਭਾਵਨਾਵਾਂ ਦੁਆਰਾ ਘੜੀ ਜਾਂਦੀ ਹੈ। ਅਸੀਂ ਆਪਣੇ ਆਪ ਨੂੰ ਕਿਵੇਂ ਪ੍ਰਗਟ ਕਰਦੇ ਹਾਂ, ਇਹ ਬੋਲੇ ਜਾਂ ਲਿਖਤੀ ਰੂਪ ਵਿੱਚ ਇਕ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਸ਼ਬਦਾਂ ਦੀ ਚੋਣ ਤੋਂ ਲੈ ਕੇ ਵਰਤੇ ਜਾਣ ਵਾਲੇ ਟੋਨ ਤੱਕ, ਸਾਡੀ ਸ਼ਖ਼ਸੀਅਤ ਸਾਡੀ ਸੰਚਾਰ ਸ਼ੈਲੀ ਦੇ ਤਾਣੇ-ਬਾਣੇ ਵਿਚ ਗੁੰਝਲਦਾਰ ਢੰਗ ਨਾਲ ਬੁਣੀ ਹੋਈ ਹੈ। ਇਹ ਲੇਖ ਇਸ ਗੱਲ ਦੀ ਪੜਚੋਲ ਕਰਦਾ ਹੈ ਕਿ ਸਾਡੇ ਬੋਲਣ ਅਤੇ ਲਿਖਣ ਦੇ ਤਰੀਕੇ ਵਿਚ ਸ਼ਖ਼ਸੀਅਤ ਕਿਵੇਂ ਝਲਕਦੀ ਹੈ ।

### ਸ਼ਬਦਾਂ ਦੀ ਚੋਣ

ਜੋ ਸ਼ਬਦ ਅਸੀਂ ਚੁਣਦੇ ਹਾਂ ਉਹ ਅਕਸਰ ਸਾਡੀ ਸ਼ਖ਼ਸੀਅਤ ਦਾ ਸਭ ਤੋਂ ਤੁਰੰਤ ਪ੍ਰਤੀਬਿੰਬ ਹੁੰਦੇ ਹਨ। ਇਕ ਵਿਅਕਤੀ ਜੋ ਆਸ਼ਾਵਾਦੀ ਹੈ ਉਹ ਜੀਵੰਤ, ਸਕਾਰਾਤਮਕ ਭਾਸ਼ਾ ਦੀ ਵਰਤੋਂ ਕਰ ਸਕਦਾ ਹੈ, ਜਦੋਂ ਕਿ ਕੋਈ ਵਿਅਕਤੀ ਜੋ ਵਧੇਰੇ ਸਨਕੀ ਹੈ, ਉਹ ਵਧੇਰੇ ਅਧੀਨ ਜਾਂ ਆਲੋਚਨਾਤਮਕ ਸ਼ਬਦਾਂ ਦੀ ਚੋਣ ਕਰ ਸਕਦਾ ਹੈ। ਉਦਾਹਰਨ ਲਈ, ਇਕ ਰਚਨਾਤਮਕ ਵਿਅਕਤੀ ਅਲੰਕਾਰਿਕ ਭਾਸ਼ਾ ਅਤੇ ਸਪੱਸ਼ਟ ਰੂਪਕ ਦੀ ਵਰਤੋਂ ਕਰ ਸਕਦਾ ਹੈ, ਜਦੋਂਕਿ ਇਕ ਵਧੇਰੇ ਵਿਸ਼ਲੇਸ਼ਣਾਤਮਕ ਸ਼ਖ਼ਸੀਅਤ ਸਟੀਕ ਅਤੇ ਤਕਨੀਕੀ ਸ਼ਬਦਾਵਲੀ ਨੂੰ ਤਰਜੀਹ ਦੇ ਸਕਦੀ ਹੈ। ਸ਼ਬਦਾਵਲੀ ਦੀ ਇਹ ਚੋਣ ਨਾ ਸਿਰਫ਼ ਸਾਡੀ ਸ਼ਖ਼ਸੀਅਤ ਦੇ ਗੁਣਾਂ ਨੂੰ, ਸਗੋਂ ਸਾਡੇ ਸਮਾਜਿਕ ਅਤੇ ਸੱਭਿਆਚਾਰਕ ਪਿਛੋਕੜ ਨੂੰ ਵੀ ਪ੍ਰਗਟ ਕਰ ਸਕਦੀ ਹੈ।

### ਟੋਨ ਤੇ ਡਿਲੀਵਰੀ

ਟੋਨ ਇਕ ਹੋਰ ਮਹੱਤਵਪੂਰਨ ਤੱਤ ਹੈ ਜੋ ਸ਼ਖ਼ਸੀਅਤ ਨੂੰ ਉਜਾਗਰ ਕਰਦਾ ਹੈ। ਨਿੱਘੇ ਅਤੇ ਦੋਸਤਾਨਾ ਸ਼ਖ਼ਸੀਅਤ ਵਾਲੇ ਵਿਅਕਤੀ ਦੀ ਗੱਲਬਾਤ ਦੀ ਧੁਨ ਹੋ ਸਕਦੀ ਹੈ, ਜਿਸ ਨਾਲ ਉਨ੍ਹਾਂ ਦਾ ਸੰਚਾਰ ਸਵਾਗਤ ਅਤੇ ਦਿਲਚਸਪ ਮਹਿਸੂਸ ਕਰਦਾ ਹੈ। ਇਸ ਦੇ ਉਲਟ, ਵਧੇਰੇ ਰਸਮੀ ਜਾਂ ਅਧਿਕਾਰਤ ਸ਼ਖ਼ਸੀਅਤ ਵਾਲਾ ਕੋਈ ਵਿਅਕਤੀ ਇੱਕ ਗੰਭੀਰ ਸੁਰ ਅਪਣਾ ਸਕਦਾ ਹੈ ਜੋ ਪੇਸ਼ੇਵਰਤਾ ਨੂੰ ਦਰਸਾਉਂਦਾਹੈ। ਇਸੇ ਤਰ੍ਹਾਂ, ਹਾਸੇ-ਮਜ਼ਾਕ ਇਕ ਸਹਿਜ, ਅਰਾਮਦੇਹ ਵਿਅਕਤੀ ਨੂੰ ਦਰਸਾਉਂਦਾਹੈ, ਜਦੋਂਕਿ ਇੱਕ ਵਧੇਰੇ ਗੰਭੀਰ ਵਿਅਕਤੀ ਸਪੱਸ਼ਟਤਾ ਅਤੇ ਸਿੱਧੀ ਨੂੰ ਤਰਜੀਹ ਦੇ ਸਕਦਾ ਹੈ। ਸਪੁਰਦਗੀ ਬੋਲੇ ਜਾਣ ਵਾਲੇ ਸੰਚਾਰ ਵਿਚ ਓਨੀ ਹੀ ਮਹੱਤਵਪੂਰਨ ਹੈ। ਇੱਕ ਭਰੋਸੇਮੰਦ ਸਪੀਕਰ ਆਪਣੀ ਆਵਾਜ਼ ਪੇਸ਼ ਕਰ ਸਕਦਾ ਹੈ ਅਤੇ ਅੱਖਾਂ ਦੇ ਸੰਪਰਕ ਨੂੰ ਕਾਇਮ ਰੱਖ ਸਕਦਾ ਹੈ, ਭਰੋਸਾ ਅਤੇ ਸ਼ਮੂਲੀਅਤ ਦਾ ਪ੍ਰਦਰਸ਼ਨ ਕਰ ਸਕਦਾ ਹੈ। ਇਸ ਦੌਰਾਨ, ਕੋਈ ਵਿਅਕਤੀ ਜੋ ਆਤਮ-ਵਿਸ਼ਵਾਸ ਨਾਲ ਸੰਘਰਸ਼ ਕਰਦਾ ਹੈ, ਉਹ ਹੌਲੀ-ਹੌਲੀ ਬੋਲ ਸਕਦਾ ਹੈ, ਅੱਖਾਂ ਦੇ ਸਿੱਧੇ ਸੰਪਰਕ ਤੋਂ ਬਚ ਸਕਦਾ ਹੈ ਜੋ ਅਸੁਰੱਖਿਆ ਦਾ ਪ੍ਰਗਟਾਵਾ ਕਰ ਸਕਦਾ ਹੈ।

### ਲਿਖਤ ਵਿੱਚ ਢਾਂਚਾ ਤੇ ਸਪੱਸ਼ਟਤਾ

ਲਿਖਤੀ ਰੂਪ ਵਿੱਚ, ਸ਼ਖ਼ਸੀਅਤ ਇਸ ਗੱਲ ਤੋਂ ਸਪੱਸ਼ਟ ਹੁੰਦੀ ਹੈ ਕਿ ਅਸੀਂ ਆਪਣੇ ਵਿਚਾਰਾਂ ਨੂੰ ਕਿਵੇਂ ਬਣਾਉਂਦੇ ਹਾਂ। ਕੁਝ ਲੋਕ ਇੱਕ ਲੀਨੀਅਰ, ਸੰਗਠਿਤ ਢੰਗ ਨਾਲ ਲਿਖਦੇ ਹਨ, ਇੱਕ ਵਿਵਸਥਿਤ ਅਤੇ ਵਿਸਤ੍ਰਿਤ-ਮੁਖੀ ਸ਼ਖ਼ਸੀਅਤ ਨੂੰ ਦਰਸਾਉਂਦੇਹਨ। ਦੂਸਰੇ ਇੱਕ ਰਚਨਾਤਮਕ ਜਾਂ ਸੁਭਾਵਿਕ ਸੁਭਾਅ ਨੂੰ ਦਰਸਾਉਂਦੇਹੋਏ ਇੱਕ ਵਧੇਰੇ ਮੁਕਤ-ਪ੍ਰਵਾਹ ਪਹੁੰਚ ਅਪਣਾ ਸਕਦੇ ਹਨ। ਉਦਾਹਰਨ ਲਈ, ਇੱਕ ਵਿਧੀਗਤ ਲੇਖਕ ਇਕ ਸਪੱਸ਼ਟ ਥੀਸਿਸ ਦੇ ਨਾਲ ਸ਼ੁਰੂ ਹੋ ਸਕਦਾ ਹੈ, ਇਸ ਦੇ ਬਾਅਦ ਚੰਗੀ ਤਰ੍ਹਾਂ ਸੰਗਠਿਤ ਪੈਰੇ, ਉਨ੍ਹਾਂ ਦੇ ਦਾਅਵਿਆਂ ਦਾ ਸਮੱਰਥਨ ਕਰਨ ਲਈ ਸਬੂਤ ਅਤੇ ਉਦਾਹਰਣ ਪ੍ਰਦਾਨ ਕਰਦਾ ਹੈ। ਇਸ ਦੇ ਉਲਟ, ਇੱਕ ਸੁਤੰਤਰ ਲੇਖਕ ਆਪਣੇ ਬਿਰਤਾਂਤ ਵਿੱਚ ਨਿੱਜੀ ਕਹਾਣੀਆਂ ਨੂੰ ਬੁਣ ਸਕਦਾ ਹੈ, ਇੱਕ ਵਧੇਰੇ ਗੈਰ-ਰਸਮੀ ਅਤੇ ਸੰਬੰਧਿਤ ਰਚਨਾ ਬਣਾਉਂਦਾ ਹੈ। ਜੋ ਕਹਾਣੀ ਸੁਣਾਉਣ ਦਾ ਅਨੰਦ ਲੈਂਦੇ ਹਨ ਉਹ ਸਪੱਸ਼ਟ ਵਰਣਨ ਅਤੇ ਚਰਿੱਤਰ ਵਿਕਾਸ ਨੂੰ ਨਿਯੁਕਤ ਕਰ ਸਕਦੇ ਹਨ, ਪਾਠਕਾਂ ਨੂੰ ਇਸ ਤਰੀਕੇ ਨਾਲ ਸ਼ਾਮਿਲ ਕਰ ਸਕਦੇ ਹਨ ਜੋ ਉਨ੍ਹਾਂ ਦੀ ਕਲਪਨਾਤਮਕ ਸ਼ਖ਼ਸੀਅਤ ਨੂੰ ਦਰਸਾਉਂਦਾ ਹੈ।

### ਅਨੁਕੂਲਤਾ ਤੇ ਸੰਦਰਭ

ਸਾਡੀ ਸ਼ਖ਼ਸੀਅਤ ਸਾਡੀ ਸੰਚਾਰ ਸ਼ੈਲੀ ਨੂੰ ਵੱਖ-ਵੱਖ ਸੰਦਰਭਾਂ ਵਿੱਚ ਢਾਲਣ ਦੀ ਸਾਡੀ ਯੋਗਤਾ ਨੂੰ ਵੀ ਪ੍ਰਭਾਵਿਤ ਕਰਦੀ ਹੈ। ਕੁਝ ਵਿਅਕਤੀ ਵਧੇਰੇ ਲਚਕਦਾਰ ਹੁੰਦੇ ਹਨ, ਆਪਣੇ ਸਰੋਤਿਆਂ ਦੇ ਆਧਾਰ 'ਤੇ ਆਪਣੀ ਸੁਰ, ਸ਼ਬਦਾਵਲੀ ਤੇ ਸ਼ੈਲੀ ਨੂੰ ਬਦਲਣ ਦੇ ਯੋਗ ਹੁੰਦੇ ਹਨ। ਇਹ ਅਨੁਕੂਲਤਾ ਖੁੱਲੇ ਦਿਮਾਗ ਵਾਲੇ ਸ਼ਖ਼ਸੀਅਤ ਨੂੰ ਦਰਸਾਉਂਦੀ ਹੈ, ਜੋ ਸਮਾਜਿਕ ਸਦਭਾਵਨਾ ਅਤੇ ਸੰਪਰਕ ਦੀ ਕਦਰ ਕਰਦੀ ਹੈ। ਦੂਸਰੇ ਅਨੁਕੂਲਤਾ ਦੇ ਨਾਲ ਸੰਘਰਸ਼ ਕਰ ਸਕਦੇ ਹਨ, ਉਨ੍ਹਾਂ ਦੇ ਆਲੇ-ਦੁਆਲੇ ਦੀ ਪਰਵਾਹ ਕੀਤੇ ਬਿਨਾਂ ਉਨ੍ਹਾਂ ਦੀ ਸੁਭਾਵਿਕ ਸ਼ੈਲੀ ਨਾਲ ਜੁੜੇ ਰਹਿੰਦੇ ਹਨ, ਜੋ ਇੱਕ ਵਧੇਰੇ ਸਖ਼ਤ ਸ਼ਖ਼ਸੀਅਤ ਦਾ ਸੁਝਾਅ ਦੇ ਸਕਦਾ ਹੈ। ਸਿੱਟੇ ਵਜੋਂ, ਸਾਡੀ ਸ਼ਖ਼ਸੀਅਤ ਸਾਡੇ ਗੱਲਬਾਤ ਕਰਨ ਦੇ ਤਰੀਕੇ ਤੋਂ ਗੁੰਝਲਦਾਰ ਰੂਪ 'ਚ ਪ੍ਰਤੀਬਿੰਬਤ ਹੁੰਦੀ ਹੈ -ਬੋਲਣ ਤੇ ਲਿਖਤੀ ਰੂਪ ਵਿੱਚ। ਸ਼ਬਦਾਂ ਤੇ ਸੁਰਾਂ ਦੀ ਚੋਣ ਤੋਂ ਲੈ ਕੇ ਸੰਰਚਨਾਤਮਕ ਸੰਗਠਨ ਤੇ ਭਾਵਨਾਤਮਕ ਪ੍ਰਗਟਾਵੇ ਤੱਕ, ਸਾਡੀ ਸ਼ਖ਼ਸੀਅਤ ਦੇ ਵੱਖ-ਵੱਖ ਪਹਿਲੂ ਸਾਡੀ ਸੰਚਾਰ ਸ਼ੈਲੀ ਵਿਚ ਆਪਣੇ ਆਪ ਨੂੰ ਪ੍ਰਗਟ ਕਰਦੇ ਹਨ। ਇਸ ਇੰਟਰਪਲੇਅ ਨੂੰ ਸਮਝਣਾ ਨਾ ਸਿਰਫ਼ ਸਾਡੀ ਸਵੈ-ਜਾਗਰੂਕਤਾ ਨੂੰ ਵਧਾ ਸਕਦਾ ਹੈ ਬਲਕਿ ਦੂਜਿਆਂ ਨਾਲ ਸਾਡੇ ਸਬੰਧਾਂ ਨੂੰ ਵੀ ਸੁਧਾਰ ਸਕਦਾ ਹੈ। ਸੰਚਾਰ ਵਿੱਚ ਸ਼ਖ਼ਸੀਅਤ ਦੀਆਂ ਬਾਰੀਕੀਆਂ ਨੂੰ ਪਛਾਣ ਕੇ, ਅਸੀਂ ਵਧੇਰੇ ਪ੍ਰਭਾਵੀ ਪਰਸਪਰ ਪ੍ਰਭਾਵ ਲਈ ਕੋਸ਼ਿਸ਼ ਕਰ ਸਕਦੇ ਹਾਂ ਜੋ ਪ੍ਰਮਾਣਿਕ ਸਵੈ ਨਾਲ ਗੂੰਜਦੇ ਹਨ।



ਜੋ ਸ਼ਬਦ ਅਸੀਂ ਵਰਤਣ ਲਈ ਚੁਣਦੇ ਹਾਂ, ਉਹ ਸਾਡੀ ਸ਼ਖ਼ਸੀਅਤ ਬਾਰੇ ਵੀ ਬਹੁਤ ਕੁਝ ਪ੍ਰਗਟ ਕਰ ਸਕਦੇ ਹਨ। ਜੋ ਲੋਕ ਗੁੰਝਲਦਾਰ ਸ਼ਬਦਾਵਲੀ ਅਤੇ ਵਿਆਕਰਨ ਦੀ ਵਰਤੋਂ ਕਰਦੇ ਹਨ, ਉਨ੍ਹਾਂ ਨੂੰ ਬੁੱਧੀਮਾਨ ਤੇ ਚੰਗੀ ਤਰ੍ਹਾਂ ਪੜ੍ਹੇ-ਲਿਖੇ ਵਜੋਂ ਵੇਖਿਆ ਜਾ ਸਕਦਾ ਹੈ। ਜਿਸ ਤਰੀਕੇ ਨਾਲ ਅਸੀਂ ਹਾਸੇ-ਮਜ਼ਾਕ,ਵਿਅੰਗ ਅਤੇ ਮੁਹਾਵਰੇ ਦੀ ਵਰਤੋਂ ਕਰਦੇ ਹਾਂ, ਉਹ ਸਾਡੀ ਸ਼ਖ਼ਸੀਅਤ ਦੀ ਸਮਝ ਪ੍ਰਦਾਨ ਕਰ ਸਕਦਾ ਹੈ।

ਸਾਡੀ ਬੋਲੀ ਸਾਡੀਆਂ ਕਦਰਾਂ-ਕੀਮਤਾਂ ਅਤੇ ਵਿਸ਼ਵਾਸਾਂ ਨੂੰ ਵੀ ਪ੍ਰਗਟ ਕਰ ਸਕਦੀ ਹੈ। ਮਿਸਾਲ ਵਜੋਂ ਜਦੋਂ ਕੋਈ ਵਿਅਕਤੀ ਅਕਸਰ 'ਮੈਂ ਬਹੁਤ ਖੁਸ਼ਕਿਸਮਤ ਹਾਂ' ਵਰਗੇ ਵਾਕਾਂਸ਼ਾਂ ਦੀ ਵਰਤੋਂ ਕਰਦਾ ਹੈ ਤਾਂ ਹੋ ਸਕਦਾ ਉਹ ਆਪਣੀ ਆਸ਼ਾਵਾਦੀ ਸ਼ਖ਼ਸੀਅਤ ਬਾਰੇ ਦੱਸ ਰਿਹਾ ਹੋਵੇ। ਜਿਸ ਤਰ੍ਹਾਂ ਅਸੀਂ ਸੁਣਦੇ ਹਾਂ ਅਤੇ ਦੂਜਿਆਂ ਨੂੰ ਜਵਾਬ ਦਿੰਦੇ ਹਾਂ, ਉਹ ਵੀ ਸਾਡੀ ਸ਼ਖ਼ਸੀਅਤ ਨੂੰ ਦਰਸਾਉਂਦਾ ਹੈ। ਸਰਗਰਮ ਸਰੋਤੇ ਜੋ ਵਿਚਾਰਸ਼ੀਲ ਸਵਾਲ ਪੁੱਛਦੇ ਹਨ ਅਤੇ ਦੂਜਿਆਂ ਵਿੱਚ ਸੱਚੀ ਦਿਲਚਸਪੀ ਵਿਖਾਉਂਦੇ ਹਨ, ਉਨ੍ਹਾਂ ਨੂੰ ਹਮਦਰਦੀ ਤੇ ਦੇਖ-ਭਾਲ ਕਰਨ ਵਾਲੇ ਵਜੋਂ ਵੇਖਿਆ ਜਾ ਸਕਦਾ ਹੈ। ਜੋ ਲੋਕ ਗੱਲਬਾਤ 'ਤੇ ਹਾਵੀ ਹੁੰਦੇ ਜਾਂ ਵਿਘਨ ਪਾਉਂਦੇ ਹਨ, ਉਨ੍ਹਾਂ ਨੂੰ ਸਵੈ-ਕੇਂਦਰਿਤ ਤੇ ਅਸੰਵੇਦਨਸ਼ੀਲ ਸਮਝਿਆ ਜਾ ਸਕਦਾ ਹੈ। ਸਾਡੀ ਬੋਲੀ ਤਰਸਯੋਗ, ਸਪੱਸ਼ਟ ਅਤੇ ਦਿਲਚਸਪ ਹੋ ਸਕਦੀ ਹੈ। ਸਾਡੀ ਬੋਲੀ ਰਚਨਾਤਮਿਕਤਾ ਅਤੇ ਕਲਪਨਾ ਦਾ ਪ੍ਰਤੀਬਿੰਬ ਵੀ ਹੋ ਸਕਦੀ ਹੈ। ਜੋ ਲੋਕ ਸਪੱਸ਼ਟ ਰੂਪਕ, ਅਲੰਕਾਰ ਤੇ ਕਹਾਣੀ ਸੁਣਾਉਣ ਦੀਆਂ ਤਕਨੀਕਾਂ ਦੀ ਵਰਤੋਂ ਕਰਦੇ ਹਨ, ਉਨ੍ਹਾਂ ਨੂੰ ਨਵੀਨਤਾਕਾਰੀ, ਕਲਾਤਮਕ ਵਜੋਂ ਵੇਖਿਆ ਜਾ ਸਕਦਾ। ਇਸੇ ਤਰ੍ਹਾਂ ਜੋ ਲੋਕ ਵਧੇਰੇ ਸਿੱਧੀ ਅਤੇ ਤੱਥਾਂ ਵਾਲੀ ਭਾਸ਼ਾ ਦੀ ਵਰਤੋਂ ਕਰਦੇ ਹਨ, ਉਨ੍ਹਾਂ ਨੂੰ ਵਧੇਰੇ ਵਿਹਾਰਕ ਅਤੇ ਵਿਸ਼ਲੇਸ਼ਣਾਤਮਕ ਸਮਝਿਆ ਜਾ ਸਕਦਾ ਹੈ। ਸੋ ਭਾਸ਼ਣ ਅਜਿਹਾ ਸ਼ਕਤੀਸ਼ਾਲੀ ਸਾਧਨ ਹੈ ਜੋ ਸਾਡੀ ਸ਼ਖ਼ਸੀਅਤ,ਕਦਰਾਂ-ਕੀਮਤਾਂ ਅਤੇ ਰਵੱਈਏ ਬਾਰੇ ਬਹੁਤ ਕੁਝ ਪ੍ਰਗਟ ਕਰ ਸਕਦਾ ਹੈ।

### ਭਾਵਨਾਤਮਕ ਪ੍ਰਗਟਾਵੇ ਦਾ ਸੰਚਾਰ

ਭਾਵਨਾਤਮਕ ਪ੍ਰਗਟਾਵਾ ਸੰਚਾਰ ਵਿੱਚ ਸ਼ਖ਼ਸੀਅਤ ਦਾ ਇੱਕ ਹੋਰ ਸਪੱਸ਼ਟ ਸੂਚਕ ਹੈ। ਉਹ ਵਿਅਕਤੀ ਜੋ ਵਧੇਰੇ ਭਾਵਨਾਤਮਕ ਤੌਰ 'ਤੇ ਪ੍ਰਗਟਾਵੇ ਵਾਲੇ ਹੁੰਦੇ ਹਨ, ਭਾਵਨਾਵਾਂ ਅਤੇ ਸੰਵੇਦਨਾਵਾਂ 'ਤੇ ਜ਼ੋਰ ਦਿੰਦੇ ਹੋਏ, ਭਾਵੁਕ ਭਾਸ਼ਾ ਦੀ ਵਰਤੋਂ ਕਰ ਸਕਦੇ ਹਨ, ਉਨ੍ਹਾਂ ਦੇ ਸੰਚਾਰ ਨੂੰ ਸੰਬੰਧਿਤ ਅਤੇ ਉਤਸ਼ਾਹਜਨਕ ਬਣਾਉਂਦੇ ਹਨ। ਦੂਜੇ ਪਾਸੇ, ਵਧੇਰੇ ਰਿਜ਼ਰਵਡ ਸ਼ਖ਼ਸੀਅਤ ਵਾਲੇ ਲੋਕ ਭਾਵਨਾਵਾਂ ਦੀ ਬਜਾਏ ਤਰਕ 'ਤੇ ਕੇਂਦਰਿਤ ਕਰਦੇ ਹੋਏ, ਬਾਹਰਮੁਖੀ ਤੱਥਾਂ ਨਾਲ ਜੁੜੇ ਰਹਿ ਸਕਦੇ ਹਨ ਜੋ ਵਧੇਰੇ ਤਰਕਸ਼ੀਲ, ਵਿਹਾਰਕ ਮਾਨਸਿਕਤਾ ਦਾ ਸੰਕੇਤ ਹੋ ਸਕਦਾ ਹੈ।



# ਗੱਡੀ ਆ ਗਈ 'ਟੇਸ਼ਨ 'ਤੇ . . .





ਡਾ. ਪ੍ਰਿਤਪਾਲ ਸਿੰਘ ਮਹਿਰੋਕ
98885-10185

ਪੰਜਾਬੀ ਲੋਕ ਗੀਤਾਂ ਵਿੱਚ ਰੇਲ ਗੱਡੀ ਦਾ ਜ਼ਿਕਰ ਉਦੋਂ ਤੋਂ ਹੁੰਦਾ ਆਇਆ ਹੈ, ਜਦੋਂ ਰੇਲ ਗੱਡੀਆਂ ਬਹੁਤ ਘੱਟ ਗਿਣਤੀ ਵਿੱਚ ਹੁੰਦੀਆਂ ਸਨ। ਬਹੁਤ ਘੱਟ ਰੂਟਾਂ ਉਪਰ ਵਿਰਲੀਆਂ-ਟਾਵੀਆਂ ਰੇਲ ਗੱਡੀਆਂ ਦਿਨ ਵਿੱਚ ਇਕ-ਦੋ ਵਾਰ ਆਉਂਦੀਆਂ ਜਾਂਦੀਆਂ ਸਨ। ਪਿੰਡਾਂ ਵਿੱਚ ਰਹਿਣ ਵਾਲੇ ਲੋਕ ਦੂਰ-ਦੁਰੇਡੇ ਤੋਂ ਜਾਂ ਕਈ ਹਾਲਤਾਂ ਵਿੱਚ ਨੇੜਲੇ ਪਿੰਡ, ਕਸਬੇ ਜਾਂ ਸ਼ਹਿਰ ਦੇ ਰੇਲਵੇ ਸਟੇਸ਼ਨ ਤੋਂ ਗੱਡੀ 'ਤੇ ਸਵਾਰ ਹੁੰਦੇ ਸਨ। ਗੱਡੀ ਦੀ ਉਡੀਕ ਕਰਨ,ਗੱਡੀ ਦੇ ਆਰਾਮਦਾਇਕ ਸਫ਼ਰ ਦੌਰਾਨ ਹੋਏ ਅਨੁਭਵ ਨੂੰ ਮਾਣਨ, ਉਸਨੂੰ ਯਾਦ ਕਰ ਕਰ ਕੇ ਆਨੰਦ ਹਾਸਲ ਕਰਨ, ਗੱਡੀ ਦੇ ਦੇਰੀ ਨਾਲ ਆਉਣ ਕਾਰਨ ਹੁੰਦੀ ਪਰੇਸ਼ਾਨੀ ਤੇ ਖੱਜਲ-ਖੁਆਰੀ ਬਾਰੇ ਚਰਚਾ ਕਰਨ, ਨਾਲ ਬੈਠੀਆਂ ਸਵਾਰੀਆਂ ਨਾਲ ਹੋਈ ਗੁਫ਼ਤਗੂ ਨੂੰ ਯਾਦ ਕਰਨ ਵਰਗੀਆਂ ਗੱਲਾਂ ਦਾ ਵੀ ਲੋਕ ਜੀਵਨ ਵਿੱਚ ਵਿਸ਼ੇਸ਼ ਮਹੱਤਵ ਹੈ। ਗੱਡੀ ਵਿੱਚ ਸਫ਼ਰ ਕਰਨ ਦੀ ਤਾਂਘ ਬਣੀ ਰਹਿਣ ਬਾਰੇ ਲੋਕ ਅਕਸਰ ਹੁੱਬ ਕੇ ਗੱਲਾਂ ਕਰਦੇ ਰਹੇ ਹਨ।

ਰੇਲ ਗੱਡੀ ਤੋਂ ਪਹਿਲਾਂ ਰਵਾਇਤੀ ਵਾਹਨਾਂ ਤੇ ਉਨ੍ਹਾਂ ਤੋਂ ਵੀ ਪਹਿਲਾਂ ਪਹੀਏ ਦੀ ਕਹਾਣੀ ਸਦੀਆਂ ਲੰਮਾਂ ਸਫ਼ਰ ਤੈਅ ਕਰਦੀ ਹੈ। ਪਹੀਏ ਦੀ ਖੋਜ ਕਰਨ,ਉਸਦੇ ਰੂਪ ਨੂੰ ਘੜਨ,ਉਸਦੇ ਰੂਪ ਵਿੱਚ ਸੁਧਾਰ ਕਰਨ,ਉਸਦਾ ਉਪਯੋਗ ਕਰਨ,ਆਵਾਜਾਈ ਦੇ ਰਵਾਇਤੀ ਸਾਧਨਾਂ ਦੀ ਘਾੜਤ ਘੜਨ, ਉਨ੍ਹਾਂ ਨੂੰ ਵਿਕਸਤ ਕਰਨ ਤੇ ਵਰਤੋਂ ਵਿੱਚ ਲਿਆਉਣ ਤੱਕ ਦਾ ਇਤਿਹਾਸ ਮਨੁੱਖੀ ਵਿਕਾਸ ਦੀਆਂ ਵਚਿੱਤਰ ਘਟਨਾਵਾਂ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ। ਪਹੀਏ ਦੀ ਖੋਜ ਤੋਂ ਲੈ ਕੇ ਰੇਲ ਗੱਡੀ ਦੀ ਖੋਜ/ਨਿਰਮਾਣ ਤੱਕ ਦਾ ਸਫ਼ਰ ਮਨੁੱਖੀ ਇਤਿਹਾਸ ਦੀ ਗੌਰਵਸ਼ਾਲੀ ਪ੍ਰਾਪਤੀ ਸਮਝੀ ਜਾਂਦੀ ਹੈ।

ਰੇਲ ਗੱਡੀ ਪਟੜੀ 'ਤੇ ਚੱਲਦੀ/ਦੌੜਦੀ ਹੈ। ਕਦੇ ਹੌਲੀ, ਕਦੇ ਤੇਜ਼। ਕਈ ਵਾਰ ਰੇਲ ਮਨੁੱਖ ਦੇ ਅੰਦਰ ਵੀ ਚੱਲ ਰਹੀ ਹੁੰਦੀ ਹੈ- ਕਦੇ ਹੌਲੀ ਕਦੇ ਤੇਜ਼ ਦੌੜਦੀ ਹੈ, ਕਦੇ ਹਵਾ ਨਾਲ ਗੱਲਾਂ ਕਰਦੀ ਹੈ। ਸਫ਼ਰ ਵੀ ਮੁਕਾਉਂਦੀ ਹੈ, ਸ਼ੋਰ ਵੀ ਮਚਾਉਂਦੀ ਜਾਂਦੀ ਹੈ। ਹਲਚਲ ਵੀ ਮਚਾਉਂਦੀ ਹੈ। ਰੇਲ ਦੇ ਸਫਰ ਦਾ ਸੁਭਾਅ ਵੀ ਵੰਨ-ਸੁਵੰਨਾਂ ਹੁੰਦਾ ਹੈ। ਇੱਕ, ਛਾਲੇ-ਛਾਲੇ ਹੋ ਗਏ ਨੰਗੇ ਪੈਰਾਂ ਦਾ ਸਫ਼ਰ ਵੀ ਹੁੰਦਾ ਹੈ। ਇਕ ਸਫ਼ਰ ਕਿਰਚਾਂ 'ਤੇ ਚੱਲਣ ਵਰਗਾ ਪੈਰਾਂ ਨੂੰ ਲਹੂ ਲੁਹਾਨ ਕਰਨ ਵਾਲਾ ਵੀ ਹੁੰਦਾ ਹੈ। ਇੱਕ ਸਫ਼ਰ ਏਨਾਂ ਤਕਲੀਫ਼ਦੇਹ ਹੁੰਦਾ ਹੈ ਕਿ ਮੁੱਕਣ ਵਿੱਚ ਹੀ ਨਹੀਂ ਆਉਂਦਾ। ਇੱਕ ਸਫ਼ਰ ਦੌਰਾਨ ਕਿਸੇ ਨੇ ਪੈਰਾਂ ਹੇਠ ਫੁੱਲ ਪੱਤੀਆਂ ਜਾਂ ਮਖਮਲ ਵੀ ਵਿਛਾਈ ਹੋਈ ਹੋ ਸਕਦੀ ਹੈ। ਸਫ਼ਰ ਤਾਂ ਸਫ਼ਰ ਹੀ ਹੈ। ਇੱਕ ਸਫ਼ਰ ਭਿਆਨਕ, ਦਰਦ-ਪਰੁੰਨੇ ਤੇ ਦੁਖਦਾਈ ਹਾਦਸਿਆਂ ਦਾ ਸਫ਼ਰ ਵੀ ਹੁੰਦਾ ਹੈ। ਅਜਿਹੇ ਸਫ਼ਰ ਦਰਦ ਦੀ ਵਿਥਿਆ ਕਹਿੰਦੇ ਹਨ। ਗੱਡੀ ਫੜ੍ਹਨ ਲਈ ਕਾਹਲੀ ਕਾਹਲੀ ਤੁਰਦੇ ਤੇ ਦੌੜ ਦੌੜ ਕੇ ਹਫ਼ ਗਏ ਫਿਰ ਵੀ ਕਿਸੇ ਕਾਰਨ ਵਸ ਗੱਡੀ 'ਤੇ ਸਵਾਰ ਹੋਣ ਤੋਂ ਖੁੰਝ ਗਏ ਕਿਸੇ ਅਭਾਗੇ ਦੇ ਧੁਰ ਅੰਦਰ ਤੱਕ ਦੇ ਰੁਦਨ ਦੀ ਪੀੜਾ ਨੂੰ ਕੌਣ ਸਮਝ ਸਕਦਾ ਹੈ ? ਪੰਜਾਬੀ ਲੋਕ ਗੀਤਾਂ ਵਿੱਚ ਰੇਲ ਗੱਡੀ ਦੀ ਚਰਚਾ ਆਵਾਜਾਈ ਦੇ ਬਾਕੀ ਸਵਾਰੀ ਸਾਧਨਾਂ ਨਾਲੋਂ ਵਧੇਰੇ ਹੁੰਦੀ ਜਾਪਦੀ ਹੈ। ਰੇਲ ਗੱਡੀ ਉਪਰ ਪੰਜਾਬੀ ਲੋਕ ਕਾਵਿ ਨੇ ਬਹੁਤ ਲੰਮਾਂ ਪੰਧ ਤੈਅ ਕੀਤਾ ਹੈ ਤੇ ਇਸ ਪੈਂਡੇ ਦੇ ਅਨੁਭਵ ਵੀ ਬਹੁਤ ਨਿਰਾਲੇ ਹਨ :

* ਕੰਮ ਸਰਕਾਰੀ ਸ਼ੁਰੂ ਹੋ ਗਿਆ ਪੱਕੀ ਸੜਕ ਬਣਾਈ
ਪਹਿਲਾਂ ਸੜਕ 'ਤੇ ਸਿੱਟ ਲਏ ਬਾਲੇ ਪਿੱਛੋਂ ਲੈਣ ਟਿਕਾਈ
ਵੇਖੋ ਰੇਲ ਗੱਡੀ ਆ ਗਈ ਲੈਣ 'ਤੇ
ਇੰਜਣ ਨੇ ਸੀਟੀ ਵਜਾਈ
ਰਸਤਾ ਛੋੜ ਦਿਓ,ਹੀਰ ਮਜਾਜਣ ਆਈ...
ਰਸਤਾ ਛੋੜ ਦਿਓ...

* ਗੱਡੀ ਆ ਗਈ 'ਟੇਸ਼ਣ 'ਤੇ
ਪਰ੍ਹਾਂ ਹੋ ਜਾਹ ਵੇ ਬਾਬੂ
ਸਾਨੂੰ ਮਾਹੀਏ ਨੂੰ ਵੇਖਣ ਦੇ...

ਭਾਰਤੀ ਰੇਲ ਦਾ ਸ਼ੁਭ ਆਰੰਭ 19ਵੀਂ ਸਦੀ ਦੇ ਅੱਧ ਵਿੱਚ ਹੁੰਦਾ ਹੈ। ਰੇਲ ਗੱਡੀ ਦੀ ਸਵਾਰੀ ਮਨੁੱਖ ਲਈ ਅਚੰਭੇ ਭਰਪੂਰ ਬਣ ਕੇ, ਉਤਸ਼ਾਹਪੂਰਵਕ ਤੇ ਹੁਲਾਰਾ ਦੇਣ ਵਾਲਾ ਅਨੁਭਵ ਬਣ ਕੇ ਪ੍ਰਗਟ ਹੁੰਦੀ ਹੈ। ਲੋਕ ਰੇਲ ਗੱਡੀ ਦੀ ਸਵਾਰੀ ਦਾ ਭਰਵਾਂ ਤੇ ਭਰਪੂਰ ਸਵਾਗਤ ਕਰਦੇ ਹਨ।ਕੋਲੇ(ਭਾਫ਼ ਇੰਜਣ) ਨਾਲ ਚੱਲਣ ਵਾਲੀ ਮੁੱਢਲੇ ਦੌਰ ਦੀ ਯਾਤਰੂ ਰੇਲ ਗੱਡੀ ਦੀਆਂ ਮੀਲਾਂ ਵਿੱਚ ਨਾਪਣ ਵਾਲੀਆਂ ਦੂਰੀਆਂ ਵਧਦੀਆਂ ਗਈਆਂ ਤੇ ਰੇਲ ਸਫ਼ਰ ਵਿੱਚ ਮਿਲਣ ਵਾਲੀਆਂ ਸਹੂਲਤਾਂ ਵਿੱਚ ਵੀ ਵਾਧਾ ਹੁੰਦਾ ਗਿਆ। ਹੌਲੀ ਹੌਲੀ ਭਾਫ਼ ਇੰਜਣ ਰੇਲ ਗੱਡੀ ਦੇ ਡੀਜ਼ਲ ਇੰਜਣ ਵਿੱਚ ਤਬਦੀਲ ਹੋ ਜਾਂਦਾ ਹੈ ਤੇ ਬਿਹਤਰ ਨਤੀਜੇ ਦੇਣੇ ਸ਼ੁਰੂ ਕਰਦਾ ਹੈ। ਫਿਰ ਬਿਜਲੀ ਨਾਲ ਚੱਲਣ ਵਾਲਾ ਰੇਲ ਇੰਜਣ ਰੇਲਵੇ ਦੇ ਇਤਿਹਾਸ ਵਿੱਚ ਵੱਡਾ ਪਰਿਵਰਤਨ ਲੈ ਕੇ ਆਉਂਦਾ ਹੈ। ਰੇਲ ਟਿਕਟਾਂ ਦੀ ਅਗਾਊਂ ਹੋਣ ਲੱਗ ਪਈ ਔਨ ਲਾਈਨ ਬੁਕਿੰਗ ਦੀ ਵਿਵਸਥਾ ਨਾਲ ਰੇਲ ਸੇਵਾਵਾਂ ਵਿੱਚ ਹੋਰ ਵੱਡਾ ਪਰਿਵਰਤਨ ਵਾਪਰਦਾ ਹੈ। ਦੇਸ਼ ਦੇ ਕਈ ਖੇਤਰਾਂ ਵਿੱਚ ਵੰਡੀ ਹੋਈ ਭਾਰਤੀ ਰੇਲਵੇ ਦਾ ਵਿਸ਼ਾਲ ਪੱਧਰ 'ਤੇ ਵਿਛਿਆ ਜਾਲ ਵਿਸ਼ਵ ਵਿੱਚ ਚੌਥੇ ਸਥਾਨ 'ਤੇ ਹੋਣ ਦਾ ਦਾਅਵਾ ਕਰਦਾ ਹੈ। ਪਹਾੜੀ ਇਲਾਕਿਆਂ ਵਿੱਚ ਛੋਟੀ ਰੇਲ ਪਟੜੀ ਦੀ ਵਿਵਸਥਾ ਹੈ। ਦੇਸ਼ ਵਿੱਚ ਦੁਰਗਮ ਰਸਤਿਆਂ 'ਤੇ ਰੇਲ ਸੇਵਾਵਾਂ ਦੀ ਪਹੁੰਚ ਹੋਈ ਹੈ। ਕੁਝ ਰੂਟਾਂ 'ਤੇ ਅੰਤਰਰਾਸ਼ਟਰੀ ਰੇਲ ਸੇਵਾਵਾਂ ਵੀ ਉਨ੍ਹਾਂ ਮੁਲਕਾਂ ਦੇ ਲੋਕਾਂ ਲਈ ਵਰਦਾਨ ਸਾਬਤ ਹੋ ਰਹੀਆਂ ਹਨ। ਰੇਲ ਗੱਡੀ ਦੇ ਸਫ਼ਰ ਦੇ ਦਿਸਹੱਦੇ ਹੋਰ ਵਿਸਥਾਰ ਕਰਦੇ ਜਾਂਦੇ ਹਨ।

* ਗੱਡੀ ਚੱਲਦੀ ਖਲੋ ਗਈ ਏ
ਜੀਹਨੂੰ ਖੜੀ ਤੂੰ ਡੀਕਦੀ
ਉਹਦੀ ਬਦਲੀ ਹੋ ਗਈ ਏ...

* ਗੱਡੀ ਚੱਲਦੀ ਸਲਾਖਾਂ 'ਤੇ
ਅੱਗੇ ਮਾਹੀਆ ਨਿੱਤ ਮਿਲਦਾ
ਹੁਣ ਮਿਲਦਾ ਏ, ਆਖਾਂ 'ਤੇ...

* ਗੱਡੀ ਚੱਲਦੀ ਏ ਗਾਡਰ 'ਤੇ
ਅੱਗੇ ਮਾਹੀਆ ਨਿੱਤ ਮਿਲਦਾ
ਹੁਣ, ਸਾਹਬ ਦੇ ਆਡਰ 'ਤੇ...

* ਗੱਡੀ ਚੱਲਦੀ ਏ ਸੰਗਲਾਂ 'ਤੇ
ਅੱਗੇ ਮਾਹੀਆ ਨਿੱਤ ਮਿਲਦਾ
ਹੁਣ ਮਿਲਦਾ ਏ ਮੰਗਲਾਂ 'ਤੇ...

ਖੋਜਾਂ ਹੁੰਦੀਆਂ ਜਾਂਦੀਆਂ ਹਨ ਤਾਂ ਰੇਲ ਗੱਡੀ ਮੈਟਰੋ ਰੇਲ, ਮੋਨੋ ਰੇਲ, ਬੁਲੇਟ ਰੇਲ, ਸਕਾਈ ਰੇਲ ਦੇ ਪੜਾਅ ਤੱਕ ਪਹੁੰਚ ਜਾਂਦੀ ਹੈ। ਅਤੀ ਤੇਜ਼ ਰਫਤਾਰ ਨਾਲ ਚੱਲਣ ਵਾਲੀਆਂ ਰੇਲ ਗੱਡੀਆਂ ਵਿੱਚ ਸਫ਼ਰ ਕਰਨ ਦੀ ਸਹੂਲਤ ਦਾ ਲਾਭ ਵੀ ਭਾਰਤੀ ਯਾਤਰੂ ਉਠਾ ਰਿਹਾ ਹੈ। ਹੁਣ ਨਿੱਜੀਕਰਨ ਵੱਲ ਵਧ ਰਹੀ ਭਾਰਤੀ ਰੇਲਵੇ ਦੇ ਭਵਿੱਖ ਬਾਰੇ ਸਮਾਂ ਹੀ ਦੱਸੇਗਾ। ਇੱਕ ਗੱਲ ਨਿਸਚਿਤ ਹੈ ਕਿ ਰੇਲ ਗੱਡੀ ਨਾਲ ਜੁੜੇ ਪੰਜਾਬੀ ਲੋਕ ਗੀਤਾਂ ਨੇ ਲੋਕ ਮਨਾਂ ਵਿੱਚ ਹਲਚਲ ਮਚਾਈ ਰੱਖਣੀ ਹੈ:

* ਮੈਂ ਤੇ ਜਠਾਣੀ ਦੋਵੇਂ ਤੀਰਥਾਂ ਨੂੰ ਚੱਲੀਆਂ
ਜੇਠ ਭੈੜਾ ਪੁੱਛੇ, ਦੋਵੇਂ ਕਿਥੇ ਚੱਲੀਆਂ
ਟੈਮ ਗੱਡੀ ਦਾ ਹੋਣ ਲੱਗਿਆ
ਜੇਠ ਮਾਰ ਕੇ ਦੁਹੱਥੜਾ ਰੋਣ ਲੱਗਿਆ...

* ਗੱਡੀ ਜਾ ਵੜੀ ਕਲਕੱਤੇ, ਦਾਲ ਰਿੱਝੇ ਫੁਲਕਾ ਪੱਕੇ
ਸਹੁਰਾ ਖਾਵੇ, ਜਵਾਈ ਤੱਕੇ
ਸ਼ੂੰ ਗੱਡੀ ਆਈ ਆ ਨੀ, ਸ਼ਾਂ ਗੱਡੀ ਆਈ ਆ...

* ਜਿਥੇ ਚੱਲੇਂਗਾ, ਚੱਲੂੰਗੀ ਨਾਲ ਤੇਰੇ
ਟਿਕਟਾਂ ਦੋ ਲੈ ਲਈਂ...

* ਗੱਡੀ ਚੜ੍ਹ ਤੇਰੇ ਘਰ ਆਵਾਂ
ਚਿੱਠੀ ਤੀਏ ਦਿਨ ਮਿਲਣੀ...

ਪੰਜਾਬੀ ਦੇ ਇਕ ਲੋਕ ਗੀਤ ਵਿੱਚ ਧੀ ਅਤੇ ਮਾਂ ਦਰਮਿਆਨ ਸੰਵਾਦ ਚੱਲ ਰਿਹਾ ਹੈ। ਧੀ ਨੇ ਬੜੇ ਚਾਵਾਂ ਨਾਲ ਵੰਨ-ਸੁਵੰਨੇ ਨਵੇਂ ਗਹਿਣੇ ਘੜਵਾਏ ਹਨ। ਉਸਨੇ ਰੇਲ ਗੱਡੀ ਵਿੱਚ ਸਵਾਰ ਹੋ ਕੇ ਕਿਧਰੇ ਜਾਣਾ-ਆਉਣਾ ਹੈ। ਉਹ ਆਪਣੀ ਮਾਂ ਅੱਗੇ ਵਾਸਤੇ ਪਾਉਂਦੀ ਹੈ ਕਿ ਉਹ ਉਸਨੂੰ ਰੇਲ ਗੱਡੀ ਦੇ 'ਟੇਸ਼ਣ 'ਤੇ ਆ ਕੇ ਮਿਲ ਜਾਵੇ। ਸੰਵਾਦ ਚੱਲਦਾ ਰਹਿੰਦਾ ਹੈ :

* ਕੰਗਣ ਘੜਾਏ, ਮੋਤੀਆਂ ਜੜਤ ਜੜਾਈ
ਕਿਤੇ ਮਿਲ ਨੀ ਮਾਏ
ਗੱਡੀ ਟੇਸ਼ਣ 'ਤੇ ਆਈ...
ਕਿਤੇ ਮਿਲ ਨੀ ਮਾਏ
ਗੱਡੀ ਟੇਸ਼ਣ 'ਤੇ ਆਈ...

* ਗੱਡੀ ਆਉਂਦੀ ਨੂੰ ਲੁੱਕ ਲਾਵਾਂ
ਅੱਜ ਮੇਰੇ ਮਾਹੀ ਆਵਣਾ
ਸਿਰ ਵਾਹ ਕੇ ਕਲਿੱਪ ਲਾਵਾਂ...

* ਹਾਏ ਹਾਏ ਨੀ ਮੇਰੀ ਚੁਗਲ ਬੁਟੇਰ
ਹਾਏ ਹਾਏ ਨੀ ਮੇਰੀ ਚੁਗਲ ਬੁਟੇਰ
ਤੁਰਦੀ ਗੱਡੀ ਚੜ੍ਹ ਗਈ,ਨੀ ਮੇਰੀ ਚੁਗਲ ਬੁਟੇਰ...

ਜਿਨ੍ਹਾਂ ਨਵ-ਵਿਆਹੀਆਂ ਦੇ ਕੰਤ ਰੇਲ ਗੱਡੀ ਵਿੱਚ ਚੜ੍ਹ ਕੇ ਲੰਮੀਆਂ ਔਖੀਆਂ ਲੜਾਈਆਂ ਲੜਨ ਵਾਸਤੇ ਦੇਸ਼ ਦੀਆਂ ਸਰਹੱਦਾਂ 'ਤੇ ਚਲੇ ਜਾਂਦੇ ਹਨ, ਉਨ੍ਹਾਂ ਦੇ ਦਰਦ ਦੀ ਤਰਜਮਾਨੀ ਪੰਜਾਬੀ ਲੋਕ ਗੀਤਾਂ ਵਿੱਚ ਬਾਖ਼ੂਬੀ ਕੀਤੀ ਗਈ ਮਿਲਦੀ ਹੈ। ਗੁਰਬਚਨ ਸਿੰਘ ਭੁੱਲਰ ਲਿਖਦਾ ਹੈ-'ਨਵੀਆਂ ਆਈਆਂ ਰੇਲ ਗੱਡੀਆਂ ਪੇਂਡੂ ਘਰਾਂ ਨੂੰ ਗੱਭਰੂਆਂ ਤੋਂ ਸੁੰਨੇ ਕਰ ਕੇ ਦੂਰ-ਦੁਰੇਡੀਆਂ ਛਾਉਣੀਆਂ ਨੂੰ ਆਬਾਦ ਕਰਨ ਲੱਗੀਆਂ। ਇਸੇ ਕਰਕੇ ਪੰਜਾਬਣਾਂ ਦੇ ਅਨੇਕ ਗੀਤਾਂ ਵਿੱਚ ਰੇਲ ਗੱਡੀ ਨੂੰ ਗਾਲ੍ਹਾਂ ਦਿੱਤੀਆਂ ਹੋਈਆਂ ਮਿਲਦੀਆਂ ਹਨ।'

'ਰਿਗਵੇਦ ਦੀਆਂ ਰਿਸ਼ੀਕਾਵਾਂ ਤੋਂ ਤੁਰਿਆ ਪੰਜਾਬੀ ਇਸਤਰੀ ਕਾਵਿ', ਸਾਹਿਤਕ ਏਕਮ,ਅੰਮ੍ਰਿਤਸਰ, ਅਕਤੂਬਰ-ਦਸੰਬਰ, 2019)।

* ਟੁੱਟ ਜਾਵੇਂ ਰੇਲ ਗੱਡੀਏ
ਮੇਰੇ ਮਾਹੀ ਦਾ ਵਿਛੋੜਾ ਪਾਇਆ...
ਗੱਡੀਏ ਨੀ ਤੇਰੇ ਪਹੀਏ ਟੁੱਟ ਜਾਣ
ਨਾਲੇ ਟੁੱਟਣ ਬਾਹੀਆਂ
ਗੱਭਰੂ ਤੂੰ ਢੋਅ ਲਏ, ਨਾਰਾਂ ਦੇਣ ਦੁਹਾਈਆਂ...

* ਰੇਲੇ ਨੀ ਤੇਰੇ ਗਜ਼ ਟੁੱਟ ਜਾਵਣ
ਚਾਰੇ ਟੁੱਟ ਜਾਣ ਬਾਹੀਆਂ
ਗੱਭਰੂ ਤੈਂ ਢੋਅ ਲਏ
ਨਾਰਾਂ ਦੇਣ ਦੁਹਾਈਆਂ....

* ਚੜ੍ਹ ਗਿਆ ਰਾਤ ਦੀ ਗੱਡੀ
ਨਾਲੇ ਧਾਰ ਕੱਢਾਂ, ਨਾਲੇ ਰੋਵਾਂ...

* ਗੱਡੀ ਆ ਗਈ ਘੂੰ ਕਰ ਕੇ
ਹੁਣ ਕਿਉਂ ਰੋਨੀ ਆਂ ਬਾਲੋ
ਬਸਰੇ ਵੱਲ ਮੂੰਹ ਕਰ ਕੇ...

* ਗੱਡੀ ਚੱਲਦੀ ਏ ਤਾਰਾਂ 'ਤੇ
ਅੱਗੇ ਮਾਹੀਆ ਨਿੱਤ ਮਿਲਦਾ
ਹੁਣ ਮਿਲਦਾ ਕਰਾਰਾਂ 'ਤੇ...

ਰੇਲ ਗੱਡੀ ਦੇ ਹਵਾਲੇ ਨਾਲ ਕਈ ਸਮਾਜਿਕ ਰਿਸ਼ਤਿਆਂ ਦੀ ਗੱਲ ਬੜੀ ਸ਼ਿੱਦਤ ਨਾਲ ਹੁੰਦੀ ਹੈ। ਧੀ ਵੱਲੋਂ ਆਪਣੇ ਬਾਬਲ ਨੂੰ, ਭੈਣ ਵੱਲੋਂ ਆਪਣੇ ਵੀਰ ਨੂੰ ਅਤੇ ਪਤਨੀ ਵੱਲੋਂ ਆਪਣੇ ਪਤੀ ਨੂੰ ਕਿਸੇ ਵਿਸ਼ੇਸ਼ ਗੱਡੀ 'ਤੇ ਚੜ੍ਹ ਕੇ ਆਉਣ ਲਈ ਦਿੱਤੀ ਜਾਂਦੀ ਸਲਾਹ ਵੇਖਣ ਯੋਗ ਹੈ :

* ਓਸ ਗੱਡੀ ਆਈਂ ਬਾਬਲਾ
ਜਿਹੜੀ ਧੀਆਂ ਦੇ ਦੇਸ ਨੂੰ ਜਾਵੇ..

* ਗੱਡੀ ਕਰਾ ਦੇ ਚੀਕਣੀ,ਅਸੀਂ ਚੜ੍ਹ ਕੇ ਜਾਣਾ ਪਿਓਕੜੇ
ਤੇਰੀ ਕੌਣ ਪੁੱਛੂ ਦਿਲ ਦੀ ਬਾਤ, ਨੀ ਨਾਜੋ ਗੋਰੀਏ
ਹੋ ਜੀ ਤੈਨੂੰ ਕੌਣ ਦਏਗਾ ਬੈਠਣਾ...

* ਕਿਸੇ ਕੁੜੀ ਕਿਸੇ ਕੁੜੀ ਆਣ ਦੱਸਿਆ
ਤੇਰਾ ਸਹੁਰਾ ਨੀ ਗੱਡੀ ਦੇ ਵਿਚ ਰੋਵੇ
ਹੋ ਹੋ ਤੇਰਾ ਸਹੁਰਾ ਨੀ ਗੱਡੀ ਦੇ ਵਿਚ ਰੋਵੇ...

* ਬੱਲੇ ਬੱਲੇ ਵੇ ਗੱਡੀ ਵਿਚ ਇੱਟ ਰੱਖ ਲੈ
ਇਥੋਂ ਜਾਈਂ ਨਾ ਪ੍ਰਾਹੁਣਿਆਂ ਖਾਲੀ...

* ਬਹੁਤੇ ਨੀ ਭਰਾਵਾਂ ਵਾਲੀਏ
ਗੱਡੀ ਆ ਗਈ ਸੰਦੂਕੋਂ ਖਾਲੀ...
ਗੱਡੀਓਂ ਉਤਰਨ ਵਾਲੇ ਆਪਣੇ ਯਾਰ ਦੇ

(ਬਾਕੀ ਸਫ਼ਾ 31 'ਤੇ)

# ਵੀਰਨ ਤੇਰਾ ਸ਼ਰੀਕ ਹੈ ਮੇਰਾ . . .

ਜੋਗਿੰਦਰ ਕੌਰ ਅਗਨੀਹੋਤਰੀ

ਜਿਉਂ ਜਿਉਂ ਮਨੁੱਖ ਨੇ ਵਿਕਾਸ ਕੀਤਾ, ਤਿਉਂ-ਤਿਉਂ ਆਪਣੀਆਂ ਖੋਜਾਂ ਸਦਕਾ, ਉਸਨੇ ਆਪਣੇ ਰਹਿਣ ਸਹਿਣ ਲਈ ਵੱਖ-ਵੱਖ ਤਰ੍ਹਾਂ ਦੀਆਂ ਉਸਾਰੀਆਂ ਕੀਤੀਆਂ। ਕੁੱਲੀਆਂ ਅਤੇ ਛੱਪਰਾਂ ਤੋਂ ਬਾਅਦ ਮਨੁੱਖ ਨੇ ਆਪਣੀ ਹੈਸੀਅਤ ਮੁਤਾਬਿਕ ਕੱਚੇ ਘਰ ਬਣਾਉਣੇ ਸ਼ੁਰੂ ਕਰ ਦਿੱਤੇ। ਪਹਿਲਾਂ ਪਹਿਲ ਉਸ ਨੇ ਕੱਚੀਆਂ ਸੁਭਾਤਾਂ ਪਾਈਆਂ ਅਤੇ ਨਾਲ ਹੀ ਉਸਦੇ ਅੱਗੇ ਕੱਚੇ ਬਰਾਂਡਿਆਂ ਦੀ ਉਸਾਰੀ ਕੀਤੀ। ਰੋਟੀ ਟੁੱਕ ਪਕਾਉਣ ਲਈ, ਚੁੱਲ੍ਹੇ ਨੂੰ ਢੱਕਣ ਲਈ, ਜੋ ਛੱਪਰ ਪਾਇਆ ਉਸ ਨੂੰ ਝਲਾਨੀ ਦਾ ਨਾਂ ਦਿੱਤਾ। ਝਲਾਨੀ ਸ਼ਬਦ ਚੁਲ੍ਹਿਆਨੀ ਦਾ ਵਿਗੜਿਆ ਹੋਇਆ ਰੂਪ ਹੈ।ਇਸ ਖੁੱਲ੍ਹੀ ਛੱਤ ਹੇਠ ਡੰਡੇ ਗੱਡ ਕੇ ਭਾਂਡੇ ਸਾਂਭਣ ਵਾਸਤੇ ਅਤੇ ਖਾਣ ਪੀਣ ਦੀਆਂ ਚੀਜ਼ਾਂ ਰੱਖਣ ਵਾਸਤੇ ਕਾਰਨਸ ਬਣਾਏ ਜਾਂਦੇ ਸਨ ਜਿੰਨ੍ਹਾਂ ਨੂੰ ਪੇਂਡੂ ਭਾਸ਼ਾ ਵਿਚ ਟਾਂਡ ਕਿਹਾ ਜਾਂਦਾ ਸੀ। ਸਾਡੇ ਸੱਭਿਆਚਾਰ ਵਿੱਚ ਮਹਿਮਾਨ ਨਿਵਾਜ਼ੀ ਇੱਕ ਮਹੱਤਵਪੂਰਨ ਰਿਵਾਜ ਹੈ, ਜਿਸ ਨੂੰ ਸਾਰੇ ਹੀ ਬੜੇ ਖ਼ੁਸ਼ੀ ਨਾਲ ਨਿਭਾਉਂਦੇ ਹਨ। ਘਰ ਵਿੱਚ ਰਿਸ਼ਤੇਦਾਰਾਂ ਤੋਂ ਇਲਾਵਾ ਜਦੋਂ ਕੋਈ ਰਾਹਗੀਰ ਨੂੰ ਰਾਤ ਕੱਟਣ ਦਾ ਮੌਕਾ ਮਿਲਦਾ ਤਾਂ ਉਸ ਦੀ ਵੀ ਪਰਿਵਾਰ ਵੱਲੋਂ ,ਆਪਣੀ ਹੈਸੀਅਤ ਮੁਤਾਬਿਕ ਖ਼ਾਤਰਦਾਰੀ ਕੀਤੀ ਜਾਂਦੀ। ਘਰਾਂ ਵਿੱਚ ਦੁੱਧ ਘਿਓ ਦੀ ਕੋਈ ਤੋਟ ਨਾ ਹੋਣ ਕਾਰਨ, ਘਰ ਆਏ ਹੋਏ ਪ੍ਰਾਹੁਣੇ ਨੂੰ ਦੁੱਧ ਤਾਂ ਪੀਣ ਲਈ ਦਿੱਤਾ ਹੀ ਜਾਂਦਾ ਤੇ ਕਈ ਵਾਰ ਮਿੱਠੀਆਂ ਸੇਵੀਆਂ (ਦੁੱਧ ਵਾਲੀਆਂ) ਵੀ ਖਾਣ ਲਈ ਬਣਾਈਆਂ ਜਾਂਦੀਆਂ ਕਿਉਂਕਿ ਉਸ ਸਮੇਂ ਬਾਜ਼ਾਰ ਦੇ ਚਟਪਟੇ ਖਾਣੇ ਲਿਆਉਣ ਦਾ ਰਿਵਾਜ ਨਹੀਂ ਸੀ। ਅਜਿਹੇ ਹਾਲਾਤ ਵੀ ਬਣ ਜਾਂਦੇ ਹਨ ਜਦੋਂ ਮਨੁੱਖ ਨੂੰ ਆਪਣਾ ਘਰ ਬਾਰ ਛੱਡ ਕੇ ਬਾਹਰ ਦੀ ਨੌਕਰੀ ਵੀ ਕਰਨੀ ਪੈਂਦੀ ਹੈ।

ਦੇਸ਼ ਦੀ ਸੀਮਾ 'ਤੇ ਸੇਵਾ ਕਰਨ ਵਾਲੇ ਫ਼ੌਜੀ ਨੂੰ ਪਤਾ ਨਹੀਂ ਕਿੱਥੇ ਕਿੱਥੇ ਜਾ ਕੇ ਆਪਣੀ ਸੇਵਾ ਨਿਭਾਉਣੀ ਪੈਂਦੀ ਹੈ। ਕਈ ਵਾਰ ਲੰਮਾ ਸਮਾਂ ਵੀ ਬਾਹਰ ਰਹਿਣਾ ਪੈਂਦਾ ਹੈ। ਜਦੋਂ ਵੀ ਕੋਈ ਫ਼ੌਜੀ ਛੁੱਟੀ ਆਉਂਦਾ ਹੈ ਤਾਂ ਉਸਦੀ ਘਰਵਾਲੀ ਦੇ ਅੰਦਰ ਉਮੰਗਾਂ ਹੁਲਾਰੇ ਲੈਂਦੀਆਂ ਹਨ । ਆਪਣੀ ਪਤਨੀ ਦੇ ਸਾਰੇ ਚਾਅ ਪੂਰੇ ਕਰਨ ਲਈ ਉਹ ਚੰਗਾ ਮਕਾਨ ਬਣਾਉਂਦਾ ਹੈ ਪ੍ਰੰਤੂ ਉਸ ਦੀ ਪਤਨੀ ਨੂੰ ਆਪਣੀ ਪਤੀ ਤੋਂ ਬਿਨਾਂ, ਇਹ ਸਭ ਸੁੱਖ ਓਪਰੇ ਲੱਗਦੇ ਹਨ। ਜਿਸ ਦਾ ਲੋਕ ਗੀਤਾਂ ਵਿੱਚ ਇੰਝ ਜ਼ਿਕਰ ਕੀਤਾ ਜਾਂਦਾ ਹੈ।

ਕਾਂਹੇ ਨੂੰ ਪਾਈਆਂ ਬੈਠਕਾਂ,
ਕਾਂਹੇ ਰੱਖਿਆ ਵੇ, ਵਿਹੜਾ ?
ਵੇ ਨੌਕਰਾ, ਕਾਂਹੇ ਰੱਖਿਆ ਵੇ ਵਿਹੜਾ ?

ਫ਼ੌਜੀ ਨੇ ਆਪਣੇ ਘਰ ਦੀ ਸ਼ਾਨ ਬਣਾਉਣ ਲਈ ਬੈਠਕ ਵੀ ਪਾਈ ਪ੍ਰੰਤੂ ਉਸ ਦੀ ਪਤਨੀ ਉਸ ਨੂੰ ਛੁੱਟੀ ਕੱਟ ਕੇ ਜਾਣ ਤੋਂ ਪਹਿਲਾਂ ਨਿਹੋਰਾ ਦਿੰਦੀ ਹੈ ਤਾਂ ਉਹ ਉਸਦੀ ਤਸੱਲੀ ਕਰਵਾਉਣ ਲਈ ਉਸਨੂੰ ਦਿਲਾਸਾ ਦਿੰਦਾ ਇੰਝ ਕਹਿੰਦਾ ਹੈ-

ਵਸਣੇ ਨੂੰ ਪਾਈਆਂ ਬੈਠਕਾਂ
ਨੀ ਤੇਰੇ ਕੱਤਣੇ ਨੂੰ ਵਿਹੜਾ।

ਫ਼ੌਜੀ ਦੇ ਇੰਨਾ ਕਹਿਣ 'ਤੇ ਫੌਜਣ ਦੇ ਦਿਲ ਦਾ ਬੈਰਾਗ ਰੋਹ ਵਿੱਚ ਬਦਲ ਜਾਂਦਾ ਹੈ। ਉਸ ਨੂੰ ਕੁਝ ਵੀ ਚੰਗਾ ਨਹੀਂ ਲੱਗਦਾ ਤਾਂ ਉਸਨੂੰ ਕਹਿੰਦੀ ਹੈ ਕਿ ਉਸ ਨੂੰ ਉਸਦੇ ਬਿਨਾਂ ਕਿਸੇ ਸੁੱਖ-ਸੁਵਿਧਾ ਦੀ ਲੋੜ ਨਹੀਂ ਉਸਨੂੰ ਤਾਂ ਸਿਰਫ ਫ਼ੌਜੀ ਦੀ ਹੀ ਲੋੜ ਹੈ-

ਤੂੰ ਤੁਰ ਚੱਲਿਆ ਨੌਕਰੀ
ਇੱਥੇ ਵਸੂਗਾ ਵੇ ਕਿਹੜਾ ?
ਵੇ ਨੌਕਰਾ, ਏਥੇ ਵਸੂਗਾ ਵੇ ਕਿਹੜਾ ?

ਫ਼ੌਜੀ ਨੂੰ ਚਾਵਾਂ ਨਾਲ ਪਾਈ ਹੋਈ ਬੈਠਕ ਵੀ ਨਿਰਾਸ਼ ਕਰਦੀ ਹੈ ਤੇ ਉਹ ਪਤਨੀ ਨੂੰ ਸਮਝਾਉਂਦਾ ਹੈ ਕਿ ਇੱਥੇ ਉਸਦਾ ਬਾਲਕ ਹੈ ਭਾਵ ਪੁੱਤਰ ਹੈ ਅਤੇ ਉਸਦਾ ਛੋਟਾ ਭਰਾ ਹੈ । ਉਹ ,ਉਸ ਕੋਲ ਰਹਿਣਗੇ ਪ੍ਰੰਤੂ ਫੌਜਣ ਨੂੰ ਉਸ ਦੇ ਵਿਚਾਰ ਚੰਗੇ ਨਹੀਂ ਲੱਗਦੇ।

ਫ਼ੌਜੀ ਆਪਣੇ ਮਨ ਦੇ ਭਾਵਾਂ ਨੂੰ ਇਸ ਤਰ੍ਹਾਂ ਪ੍ਰਗਟਾਉਂਦਾ ਹੈ-

ਬਚੜਾ ਮੇਰਾ ਤੇਰੇ ਕੋਲ ਹੈ,
ਨਾਲੇ ਵੀਰ ਨੀ ਮੇਰਾ।

ਪਰ ਫੌਜਣ ਤੇ ਉਸਦੇ ਇਨ੍ਹਾਂ ਸ਼ਬਦਾਂ ਦਾ ਕੋਈ ਅਸਰ ਨਹੀਂ ਹੁੰਦਾ ਸਗੋਂ ਉਹ ਹੋਰ ਵੀ ਗੁੱਸੇ ਵਿਚ ਕਹਿੰਦੀ ਹੈ-

ਵੀਰਨ ਤੇਰਾ ਸ਼ਰੀਕ ਹੈ ਮੇਰਾ,
ਨੌਕਰਾਂ ਵੇ, ਉਹ ਕੀ ਲੱਗਦਾ ਏ ਮੇਰਾ ?

ਫ਼ੌਜੀ ਵਿਚਾਰਾ ਕਿੱਧਰ ਜਾਵੇ। ਚਾਵਾਂ ਨਾਲ ਪਾਈ ਬੈਠਕ, ਉਸਨੂੰ ਆਪਣੇ ਸਾਹਮਣੇ ਢਹਿੰਦੀ ਹੋਈ ਪ੍ਰਤੀਤ ਹੁੰਦੀ ਹੈ। ਉਸ ਦੇ ਮਨ ਦੀ ਖੁਸ਼ੀ, ਨਿਰਾਸ਼ਾ ਵਿੱਚ ਬਦਲ ਜਾਂਦੀ ਹੈ, ਜਦੋਂ ਉਸ ਨੂੰ ਇਹ ਮਹਿਸੂਸ ਹੁੰਦਾ ਹੈ ਕਿ ਉਸਦੀ ਪਤਨੀ ਉਸਦੇ ਜਾਣ ਤੋਂ ਬਾਅਦ ਆਪਣੇ ਪੇਕੇ ਚਲੀ ਜਾਵੇਗੀ ਤਾਂ ਉਸ ਨੂੰ ਪੇਕੇ ਜਾਣ ਤੋਂ ਰੋਕਣ ਲਈ ਕਹਿੰਦਾ ਹੈ ਕਿ ਮੇਰਾ ਬੱਚਾ ਤੇਰੇ ਪੇਕੇ ਜਾ ਕੇ ਰੁਲ ਜਾਵੇਗਾ-

ਜੇ ਤੂੰ ਤੁਰ ਗਈ ਪੇਕੜੇ,
ਬਾਲਕ ਰੁਲ ਜੂਗਾ ਨੀਂ ਮੇਰਾ।
ਨੀ ਗੋਰੀਏ, ਬਾਲਕ ਰੁਲ ਜੂ ਨੀ ਮੇਰਾ ।

ਭਾਵੇਂ ਇਸ ਗੱਲ ਦਾ ਅਹਿਸਾਸ ਫੌਜਣ ਨੂੰ ਹੋ ਜਾਂਦਾ ਹੈ ਪਰ ਫਿਰ ਵੀ ਉਹ ਆਪਣੀ ਹਉਮੈ ਕਾਰਨ ਇਸ ਗੱਲ ਨੂੰ ਮੰਨਣ ਤੋਂ ਇਨਕਾਰ ਕਰਦੀ ਹੈ ਅਤੇ ਕਹਿੰਦੀ ਹੈ-

ਭਤੀਜੇ ਨੂੰ ਚੱਕ ਲੂੰ ਗੋਦੜੀ,
ਉਂਗਲੀ ਲਾ ਲੂੰਗੀ ਵੇ ਤੇਰਾ ।
ਵੇ ਨੌਕਰਾ, ਉਂਗਲੀ ਲਾ ਲੂੰਗੀ ਵੇ ਤੇਰਾ।

ਸੋ ਇਸ ਤਰ੍ਹਾਂ ਦੇ ਲੋਕ ਗੀਤਾਂ ਵਿੱਚ ਸਮਾਜ ਦੇ ਹਾਲਤ ਨੂੰ ਯਥਾਰਥ ਵਿੱਚ ਪੇਸ਼ ਕੀਤਾ ਜਾਂਦਾ ਹੈ ਤੇ ਇਹ ਵੀ ਦੱਸਿਆ ਜਾਂਦਾ ਹੈ ਕਿ ਪਦਾਰਥ ਨਾਲ ਮੋਹ ਭਾਵੇਂ ਜ਼ਰੂਰੀ ਹੈ ਪਰ ਪਦਾਰਥ ਤੋਂ ਉੱਪਰ ਉੱਠ ਕੇ ਅੰਦਰੂਨੀ ਮੁਹੱਬਤ ਵੀ ਬਹੁਤ ਮਾਅਨੇ ਰੱਖਦੀ ਹੈ।

# ਦਇਆ ਦੀ ਮੂਰਤ ਗੁਰੂ ਤੇਗ ਬਹਾਦਰ

**ਧਰਮਿੰਦਰ ਸਿੰਘ ਚੱਬਾ**

ਹਿੰਦ ਦੀ ਚਾਦਰ, ਦਇਆ ਦੀ ਮੂਰਤ ਗੁਰੂ ਤੇਗ ਬਹਾਦਰ ਸਾਹਿਬ ਜੀ ਬਾਰੇ ਭਾਈ ਕਾਹਨ ਸਿੰਘ ਨਾਭਾ ਲਿੱਖਦੇ ਹਨ ਕਿ ਗੁਰੂ ਤੇਗ ਬਹਾਦਰ ਜੀ 5 ਵੈਸਾਖ (ਵੈਸਾਖ ਵਦੀ 5) ਸੰਮਤ 1678, 1 ਅਪ੍ਰੈਲ 1621 ਨੂੰ ਪਿਤਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਅਤੇ ਮਾਤਾ ਨਾਨਕੀ ਜੀ ਦੇ ਉੱਦਰ ਤੋਂ ਅੰਮ੍ਰਿਤਸਰ 'ਗੁਰੂ ਕੇ ਮਹਿਲ' ਵਿੱਚ ਪ੍ਰਗਟ ਹੋਏ। ਆਪ ਪੰਜ ਭਰਾ ਸਨ। ਵੱਡੇ ਭਰਾ ਬਾਬਾ ਗੁਰਦਿੱਤਾ ਜੀ, ਬਾਬਾ ਸੂਰਜ ਮੱਲ, ਬਾਬਾ ਅਣੀ ਰਾਇ ਤੇ ਬਾਬਾ ਅਟੱਲ ਰਾਇ ਜੀ। ਇੱਕ ਭੈਣ ਜਿੰਨ੍ਹਾਂ ਦਾ ਨਾਮ ਬੀਬੀ ਵੀਰੋ ਸੀ। ਆਪ ਸਭ ਤੋਂ ਛੋਟੇ ਸਨ। ਆਪ ਦਾ ਬਚਪਨ ਦਾ ਨਾਂ 'ਤਿਆਗ ਮੱਲ' ਸੀ। ਜਦ ਆਪ ਦਾ ਜਨਮ ਹੋਇਆ ਤਾਂ ਪਿਤਾ ਗੁਰੂ ਹਰਿਗੋਬਿੰਦ ਸਾਹਬ ਜੀ ਨੇ ਆਪ ਦੇ ਚਰਨਾਂ 'ਤੇ ਸੀਸ ਨਿਵਾਇਆ ਤੇ ਮੱਥਾ ਟੇਕਿਆ। ਭਾਈ ਬਿਧੀ ਚੰਦ ਦੇ ਪੁੱਛਣ 'ਤੇ ਆਪ ਨੇ ਦੱਸਿਆ ਕਿ ਇਹ ਬਾਲਕ ਸੱਚਾਈ ਦੇ ਰਾਹ 'ਤੇ ਜ਼ਬਰ ਜੁਲਮ ਨੂੰ ਮਿਟਾਉਣ ਲਈ ਆਖਰੀ ਸਵਾਸਾਂ ਤੱਕ ਲੜੇਗਾ। ਆਪ ਬਚਪਨ ਸਮੇਂ ਤੋਂ ਹੀ ਬੜੀ ਤੀਖਣ ਬੁੱਧੀ ਦੇ ਮਾਲਿਕ ਸਨ।

ਆਪ ਦਇਆ ਦੀ ਮੂਰਤ ਸਨ। ਇਤਿਹਾਸ ਵਿੱਚ ਆਉਂਦਾ ਹੈ ਕਿ ਆਪ ਦੇ ਵੱਡੇ ਭਰਾ ਬਾਬਾ ਗੁਰਦਿੱਤਾ ਜੀ ਦਾ ਵਿਆਹ ਸੀ। ਵਿਆਹ ਸਮੇਂ ਆਪ ਨੂੰ ਸੁੰਦਰ ਪੋਸ਼ਾਕੇ ਪਹਿਨਾਏ ਗਏ। ਸਾਰੀ ਬਰਾਤ ਜਾਣ ਲਈ ਬਾਹਰ ਦਰਵਾਜ਼ੇ ਵਿੱਚ ਖੜੀ ਸੀ। ਆਪ ਵੀ ਨਾਲ ਖੜੇ ਸਨ। ਉੱਥੇ ਆਪ ਨੇ ਇੱਕ ਨੰਗਾ ਭਿਖਾਰੀ ਬੱਚਾ ਵੇਖਿਆ ਤਾਂ ਆਪਣੇ ਤਨ ਦੇ ਸਾਰੇ ਕੱਪੜੇ ਉਤਾਰ ਕੇ ਉਸ ਭਿਖਾਰੀ ਨੂੰ ਪਹਿਨਾ ਦਿੱਤੇ। ਆਪ ਵਾਪਸ ਮਹਿਲਾਂ ਵਿੱਚ ਭੱਜ ਗਏ। ਮਾਤਾ ਜੀ ਦੇ ਪੁੱਛਣ 'ਤੇ ਆਪ ਨੇ ਦੱਸਿਆ ਕਿ 'ਮਾਤਾ ਜੀ ਮੈਨੂੰ ਤਾਂ ਹੋਰ ਮਿਲ ਜਾਣਗੇ। ਉਸ ਨੂੰ ਕਿਸ ਨੇ ਦੇਣੇ ਹਨ।' ਆਪ ਐਸੀ ਦਇਆ ਦੀ ਮੂਰਤ ਸਤਿਗੁਰੂ ਸਨ। ਆਪ ਨੂੰ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਤੋਂ ਸਿੱਖਿਆ ਪ੍ਰਾਪਤ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਆਪ ਨੇ ਪੰਜਾਬੀ, ਬ੍ਰਿਜ਼ ਭਾਸ਼ਾ, ਗਣਿਤ ਤੇ ਸੰਗੀਤ ਦੀ ਸਿੱਖਿਆ ਵਿੱਚ ਡੂੰਘਾ ਗਿਆਨ ਪ੍ਰਾਪਤ ਕੀਤਾ। ਆਪ ਨੂੰ ਘੋੜ ਸਵਾਰੀ ਤੇ ਸ਼ਸਤਰ ਚਲਾਉਣ ਵਿੱਚ ਨਿਪੁੰਨਤਾ ਹਾਸਿਲ ਸੀ।

ਆਪ ਦਾ ਵਿਆਹ ਕਰਤਾਰਪੁਰ ਨਿਵਾਸੀ ਲਾਲ ਚੰਦ ਜੀ ਦੀ ਪੁੱਤਰੀ ਗੁਜਰੀ ਜੀ ਨਾਲ 15 ਅੱਸੂ ਸੰਮਤ 1689, 1 ਅਕਤੂਬਰ 1632 ਈ: ਨੂੰ ਹੋਇਆ। 22 ਦਸੰਬਰ 1666 ਈ: ਨੂੰ ਆਪ ਦੇ ਘਰ ਇੱਕ ਤੇਜਸਵੀ ਪੁੱਤਰ ਦਾ ਜਨਮ ਹੋਇਆ। ਜਿਸਦਾ ਨਾਂ 'ਗੋਬਿੰਦ ਰਾਏ' ਰੱਖਿਆ ਗਿਆ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਤੇ ਗੁਰਗੱਦੀ ਦੀ ਬਖਸ਼ਿਸ਼ ਸ੍ਰੀ ਗੁਰੂ ਹਰਿਰਾਏ ਸਾਹਿਬ ਜੀ ਨੂੰ 8 ਮਾਰਚ 1644 ਈ: (11 ਚੇਤ, 1701 ਬਿ:) ਨੂੰ ਹੋਈ। ਉਸ ਤੋਂ ਬਾਅਦ ਗੁਰਗੱਦੀ ਦੀ ਬਖਸ਼ਿਸ਼ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਨੂੰ ਅਕਤੂਬਰ 1661 ਈ: ਵਿੱਚ ਹੋਈ। ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਦੇ ਦਿੱਲੀ ਵਿੱਚ ਜੋਤੀ ਜੋਤ ਸਮਾਉਣ ਤੋਂ ਬਾਅਦ, ਭਾਈ ਕਾਹਨ ਸਿੰਘ ਨਾਭਾ ਦੀ ਲਿੱਖਤ 'ਮਹਾਨਕੋਸ਼' ਦੇ ਪੰਨਾ. 600 ਦੇ ਅਨੁਸਾਰ ਆਪ ਚੇਤ ਸੁਦੀ 14 (24 ਚੇਤ) ਸੰਮਤ 1722 (20 ਮਾਰਚ ਸੰਨ 1665) ਵਿੱਚ ਗੁਰਗੱਦੀ 'ਤੇ ਬਿਰਾਜਮਾਨ ਹੋਏ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਤੋਂ ਲੈ ਕੇ ਗੁਰਗੱਦੀ ਮਿਲਣ ਤੱਕ ਲਗਭਗ 20 ਸਾਲ ਦਾ ਲੰਬਾ ਸਮਾਂ ਆਪ ਪ੍ਰਭੂ ਭਗਤੀ ਵਿੱਚ ਲੀਨ ਰਹੇ। ਗੁਰਗੱਦੀ ਤੇ ਬਿਰਾਜ਼ਮਾਨ ਹੋਣ ਤੋਂ ਬਾਅਦ ਜਲਦੀ ਹੀ ਆਪ ਨੇ ਸਿੱਖ ਧਰਮ ਦੇ ਪ੍ਰਚਾਰ ਹਿੱਤ ਦੌਰੇ ਆਰੰਭੇ। ਜਿਸ ਵਿੱਚ ਆਪ ਬਾਬਾ ਬਕਾਲਾ ਤੋਂ ਸ੍ਰੀ ਅੰਮ੍ਰਿਤਸਰ ਸਾਹਬ (ਰਾਮਰਾਇ ਵੱਲੋਂ ਗੁਰੂ ਤੇਗ ਬਹਾਦਰ ਨੂੰ ਵੇਖ ਕੇ ਹਰਿਮੰਦਰ ਸਾਹਿਬ ਦਾ ਮੁੱਖ ਦਰਵਾਜਾ ਬੰਦ ਕਰ ਲੈਣ ਤੇ ਆਪ ਅਕਾਲ ਤਖਤ ਸਾਹਬ ਦੇ ਲਾਗੇ ਇੱਕ ਥੜੇ ਉੱਪਰ ਬੈਠ ਗਏ। ਜਿੱਥੇ ਅੱਜ ਕੱਲ ਗੁ: ਥੜ੍ਹਾ ਸਾਹਿਬ ਸੁਸ਼ੋਭਿਤ ਹੈ) ।

ਉੱਥੋਂ ਆਪ ਵੱਲਾ, ਘੁੱਕੇਵਾਲੀ, ਖਡੂਰ ਸਾਹਿਬ, ਗੋਇੰਦਵਾਲ, ਤਰਨਤਾਰਨ, ਖੇਮਕਰਨ, ਕੀਰਤਪੁਰ ਤੇ ਬਿਲਾਸਪੁਰ ਗਏ। ਪੰਜਾਬ ਦੀਆਂ ਯਾਤਰਾਵਾਂ ਤੋਂ ਬਾਅਦ ਆਪ ਨੇ ਪੂਰਬੀ ਭਾਰਤ ਦੀਆਂ ਯਾਤਰਾਵਾਂ ਕੀਤੀਆਂ। ਆਪ ਸੈਫਾਬਾਦ, ਧਮਧਾਨ, ਦਿੱਲੀ, ਮਥੁਰਾ, ਬ੍ਰਿੰਦਾਬਨ, ਆਗਰਾ, ਕਾਨਪੁਰ, ਪ੍ਰਯਾਗ, ਬਨਾਰਸ, ਸਸਰਾਮ, ਗਯਾ, ਪਟਨਾ, ਮੁਘੇਰ, ਢਾਕਾ ਤੇ ਅਸਾਮ ਸਿੱਖੀ ਦੇ ਪ੍ਰਚਾਰ ਹਿੱਤ ਗਏ। ਇੰਨ੍ਹਾਂ ਯਾਤਰਾਵਾਂ ਤਹਿਤ ਉਹਨਾਂ ਦੀ ਸਖਸ਼ੀਅਤ ਤੋਂ ਪ੍ਰਭਾਵਿਤ ਹੋ ਕੇ ਹਜ਼ਾਰਾਂ ਲੱਖਾਂ ਲੋਕ ਸਿੱਖ ਧਰਮ ਵਿੱਚ ਸ਼ਾਮਿਲ ਹੋ ਗਏ।

ਇੰਨ੍ਹੀਂ ਦਿਨੀਂ ਹੀ ਔਰੰਗਜ਼ੇਬ ਜਨਤਾ 'ਤੇ ਖੂਬ ਅੱਤਿਆਚਾਰ ਕਰ ਰਿਹਾ ਸੀ ਗੁਰੂ ਸਾਹਿਬ ਨੇ ਲੋਕਾਂ ਨੂੰ ਅੱਤਿਆਚਾਰਾਂ ਦਾ ਮੁਕਾਬਲਾ ਕਰਨ ਲਈ ਪ੍ਰੇਰਿਆ। ਇਹ ਔਰੰਗਜ਼ੇਬ ਲਈ ਨਾ-ਸਹਿਣਯੋਗ ਸੀ। ਉਧਰ ਰਾਮਰਾਇ (ਸ੍ਰੀ ਗੁਰੂ ਹਰਿਰਾਏ ਸਾਹਿਬ ਜੀ ਦਾ ਵੱਡਾ ਲੜਕਾ ਤੇ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਦਾ ਵੱਡਾ ਭਰਾ ਸੀ, ਜਿਸਨੇ ਬਾਣੀ ਦੀ ਤੁਕ ਬਦਲਣ ਦਾ ਹੌਂਸਲਾ ਕੀਤਾ ਸੀ ਤੇ ਗੁਰੂ ਹਰਿਰਾਏ ਸਾਹਬ ਵੱਲੋਂ ਦੁਰਕਾਰਿਆ ਗਿਆ ਸੀ ਤਾਂ ਹੀ ਇਸ ਨੂੰ ਛੱਡ ਕੇ ਗੁਰਗੱਦੀ

ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਨੂੰ ਮਿਲੀ ਸੀ) ਗੁਰਗੱਦੀ ਗੁਰੂ ਤੇਗ ਬਹਾਦਰ ਜੀ ਨੂੰ ਮਿਲਣ 'ਤੇ ਵੀ ਇਸ ਨੇ ਔਰੰਗਜ਼ੇਬ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ। ਉਧਰ 25 ਮਈ 1675 ਈ: ਨੂੰ ਕਸ਼ਮੀਰੀ ਪੰਡਿਤਾਂ ਦਾ ਇੱਕ ਵਫਦ ਪੰਡਿਤ ਕਿਰਪਾ ਰਾਮ ਦੀ ਅਗਵਾਈ ਵਿੱਚ ਸ੍ਰੀ ਅਨੰਦਪੁਰ ਸਾਹਿਬ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਮਿਲਿਆ। ਔਰੰਗਜ਼ੇਬ ਦੇ ਅੱਤਿਆਚਾਰਾਂ ਦੀ ਸਾਰੀ ਕਹਾਣੀ ਸੁਣ ਕੇ ਗੁਰੂ ਸਾਹਿਬ ਸੋਚੀਂ ਪੈ ਗਏ ਤਾਂ ਬਾਲ ਗੋਬਿੰਦ ਰਾਏ ਦੇ ਪੁੱਛਣ 'ਤੇ ਆਪ ਨੇ ਦੱਸਿਆ ਕਿ ਕਿਸੇ ਸੱਚੇ ਮਹਾਂਪੁਰਸ਼ ਨੂੰ ਕੁਰਬਾਨੀ ਦੇਣੀ ਪਵੇਗੀ ਤਾਂ ਗੋਬਿੰਦ ਰਾਏ ਜੀ ਬੋਲੇ, 'ਪਿਤਾ ਜੀ, ਆਪ ਤੋਂ ਵੱਡਾ ਮਹਾਂਪੁਰਸ਼ ਹੋਰ ਕਿਹੜਾ ਹੋ ਸਕਦਾ ਹੈ? ?ਇਹ ਸੁਣ ਕੇ ਗੁਰੂ ਜੀ ਨੇ ਸ਼ਹਾਦਤ ਦੇਣ ਦਾ ਫੈਸਲਾ ਕੀਤਾ।

ਆਪਣੇ ਤਿੰਨ ਗੁਰਸਿੱਖ ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲ ਦਾਸ ਜੀ ਸਮੇਤ ਦਿੱਲੀ ਦੇ ਚਾਂਦਨੀ ਚੌਂਕ ਵਿੱਚ ਸ਼ਹੀਦੀ ਪ੍ਰਾਪਤ ਕੀਤੀ। ਤਿੰਨ ਗੁਰਸਿੱਖਾਂ ਨੂੰ 10 ਨਵੰਬਰ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ ਤੇ ਭਾਈ ਕਾਹਨ ਸਿੰਘ ਨਾਭਾ ਦੀ ਲਿੱਖਤ ਅਨੁਸਾਰ ਗੁਰੂ ਜੀ ਨੂੰ 12 ਮੱਘਰ ਸੁਦੀ 5 ਸੰਮਤ 1732 (12 ਮੱਘਰ, 11 ਨਵੰਬਰ ਸੰਨ 1675) ਨੂੰ ਸੀਸ ਧੜ ਤੋਂ ਅਲੱਗ ਕਰਕੇ ਸ਼ਹੀਦ ਕਰ ਦਿੱਤਾ ਸੀ। ਨੌਵੇਂ ਸਤਿਗੁਰੂ ਦੇ ਸ਼ਹੀਦੀ ਅਸਥਾਨ ਦਾ ਨਾਂ 'ਸੀਸਗੰਜ਼' ਹੈ ਜੋ ਦਿੱਲੀ ਦੇ ਚਾਂਦਨੀ ਚੌਂਕ ਵਿੱਚ ਵਿਦਯਮਾਨ ਹੈ। ਦੀਵਾਨ ਘਨੱਈਆ ਲਾਲ ਆਪਣੀ ਪੁਸਤਕ 'ਤਾਰੀਖ-ਏ-ਪੰਜਾਬ' ਵਿੱਚ ਲਿੱਖਦਾ ਹੈ ਕਿ 'ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਨਾਲ ਔਰੰਗਜ਼ੇਬ ਦੇ ਸਾਮਰਾਜ ਦਾ ਪਤਨ ਹੋਣਾ ਆਰੰਭ ਹੋ ਗਿਆ।'

'ਤਵਾਰੀਖ ਗੁਰੂ ਖਾਲਸਾ' ਵਿੱਚ 'ਗਿਆਨੀ ਗਿਆਨ ਸਿੰਘ' ਲਿੱਖਦਾ ਹੈ ਕਿ 'ਗੁਰੂ ਜੀ ਦੀ ਸ਼ਹੀਦੀ 'ਤੇ ਦੇਵਤਿਆਂ ਨੇ ਫੁੱਲ ਬਰਸਾਏ। ਜ਼ਾਲਮ ਬਾਦਸ਼ਾਹ ਦਾ ਬੇੜਾ ਗਰਕ ਹੋਯਾ।' ਭਾਈ ਲੱਖੀ ਸ਼ਾਹ ਨੇ ਆਪਣੇ ਤਿੰਨ ਪੁੱਤਰਾਂ ਜਿੰਨ੍ਹਾਂ ਦੇ ਨਾਂ ਇਤਿਹਾਸ ਵਿੱਚ ਨਿਗਾਹੀਆ, ਹੇਮਾ ਤੇ ਹਾੜੀ ਕਰਕੇ ਆਉਂਦੇ ਹਨ ਤੇ ਚੌਥਾ ਸਿੱਖ ਭਾਈ ਧੂਮਾ ਦੀ ਮਦਦ ਨਾਲ ਗੁਰੂ ਤੇਗ ਬਹਾਦਰ ਸਾਹਬ ਜੀ ਦੇ ਧੜ੍ਹ ਨੂੰ ਆਪਣੇ ਰੂੰ ਵਾਲੇ ਗੱਡੇ ਵਿੱਚ ਛੁਪਾ ਕੇ ਆਪਣੇ ਘਰ ਲੈ ਆਂਦਾ ਤੇ ਘਰ ਨੂੰ ਅੱਗ ਲਗਾ ਕੇ ਸਸਕਾਰ ਕਰ ਦਿੱਤਾ। ਭਾਈ ਜੈਤਾ ਜੀ (ਭਾਈ ਜੀਵਨ ਸਿੰਘ) ਗੁਰੂ ਸਾਹਿਬ ਜੀ ਦਾ ਸੀਸ ਲੈ ਕੇ ਚੱਕ ਨਾਨਕੀ ਅਨੰਦਪੁਰ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਕੋਲ ਪਹੁੰਚ ਗਏ। ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਜੈਤਾ ਜੀ ਦੀ ਦਲੇਰੀ ਬਹਾਦਰੀ ਤੇ ਸੂਰਬੀਰਤਾ ਤੋਂ ਖੁਸ਼ ਹੋ ਕੇ 'ਰੰਗਰੇਟੇ ਗੁਰੂ ਕੇ ਬੇਟੇ' ਦਾ ਖਿਤਾਬ ਬਖਸ਼ਿਸ਼ ਕੀਤਾ। 16 ਨਵੰਬਰ 1675 ਈ: ਨੂੰ ਗੁਰੂ ਤੇਗ ਬਹਾਦਰ ਜੀ ਦੇ ਸੀਸ ਦਾ ਸੰਸਕਾਰ ਅਨੰਦਪੁਰ ਸਾਹਿਬ ਵਿਖੇ ਕੀਤਾ ਗਿਆ। ਗੁਰੂ ਗੋਬਿੰਦ ਸਿੰਘ ਜੀ ਪਿਤਾ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਬਾਬਤ ਲਿੱਖਦੇ ਹਨ ਕਿ:

ਤੇਗ ਬਹਾਦਰ ਕੇ ਚਲਤ ਭਇਓ ਜਗਤ ਕੋ ਸੋਗ ॥
ਹੈ ਹੈ ਹੈ ਸਭ ਭਇਓ ਜੈ ਜੈ ਜੈ ਸੁਰਲੋਕ ॥

ਗੁਰੂ ਤੇਗ ਬਹਾਦਰ ਜੀ ਆਪਣੀ 54 ਵਰ੍ਹੇ 7 ਮਹੀਨੇ ਤੇ 10 ਦਿਨ ਦੀ ਸੰਸਾਰਿਕ ਆਯੂ ਦੌਰਾਨ 10 ਵਰ੍ਹੇ 7 ਮਹੀਨੇ ਤੇ 22 ਦਿਨ ਗੁਰਤਾ ਗੱਦੀ 'ਤੇ ਬਿਰਾਜ਼ਮਾਨ ਰਹੇ।

A-ONE EXPRESS
ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਉਨਰ ਓਪਰੇਟਰਾਂ ਦੀ ਲੋੜ ਹੈ
- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੌਪ
- Excellent Payment
ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ

28421 S CHRISMAN RD, UNIT# 3, TRACY, CA
ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ
Toll Free: 888.725.7441, Office: 209.537.0975, Fax: 209.537.0375

# ਸਾਰਾਗੜ੍ਹੀ ਦੀ ਜੰਗ - ਸਿੱਖ ਬਹਾਦਰੀ ਦੀ ਰਣਨੀਤਕ ਜਿੱਤ



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377



ਮਹਾਰਾਜਾ ਰਣਜੀਤ ਸਿੰਘ ਜੀ ਵੱਲੋਂ ਸਿੱਖ ਸੰਘ ਸਥਾਪਤ ਕਰਨ ਤੇ ਕਿਲ੍ਹਿਆਂ ਦੀ ਉਸਾਰੀ ਕੀਤੀ ਗਈ। ਬਰਤਾਨਵੀ ਬਸਤੀਵਾਦ ਹਾਕਮਾਂ ਨੇ ਉਹਨਾਂ ਹੀ ਕਿਲ੍ਹਿਆਂ ਦਾ ਵਿਸਥਾਰ ਕੀਤਾ। ਜਿਥੋਂ ਉਹਨਾਂ ਨੇ ਉੱਤਰੀ ਪੱਛਮੀ ਸਰਹੱਦੀ ਸੂਬਾ ਪਾਕਿਸਤਾਨ ਦਾ ਕੰਟਰੋਲ ਕੀਤਾ ਕਿਉਂਕਿ ਪਠਾਣ ਤੇ ਕਬਾਇਲੀਆਂ ਨੇ ਅੰਗਰੇਜ਼ਾਂ ਦੀ ਅਧੀਨਗੀ ਪ੍ਰਵਾਨ ਨਾ ਕੀਤੀ। ਉਹਨਾਂ 1896 ਵਿੱਚ ਬਗਾਵਤ ਕਰ ਦਿੱਤੀ। ਇਹ ਸੂਬਾ ਵਪਾਰਕ ਤੌਰ ’ਤੇ ਅੰਗਰੇਜ਼ਾਂ ਲਈ ਬੜਾ ਮਹੱਤਵ ਰੱਖਦਾ ਸੀ। ਲੜਾਕੂ ਪਠਾਣ ਅਕਸਰ ਹੀ ਵਪਾਰੀਆਂ ਅਤੇ ਫ਼ੌਜੀ ਟੁਕੜੀਆਂ ਦਾ ਸਮਾਨ ਲੁੱਟ ਲੈਂਦੇ ਸਨ। ਕਬਾਇਲੀਆਂ ਦੀਆਂ ਮਾਰੂ ਝੜਪਾਂ ਅਤੇ ਉਹਨਾਂ ਦੀ ਵੱਡੀ ਫ਼ੌਜ ਵਿਰੁੱਧ ਆਪਣੀ ਫ਼ੌਜ ਨੂੰ ਸੁਰਖਿਆ ਪ੍ਰਦਾਨ ਕਰਨ ਲਈ ਕਿਲ੍ਹਿਆਂ ਦੇ ਵਿਸਥਾਰ ਵੱਲ ਧਿਆਨ ਦਿੱਤਾ। ਇਸ ਖੇਤਰ ਵਿੱਚ ਫ਼ੌਜੀ ਅਭਿਆਸ ਹੁਨਰ ਸਿਖਲਾਈ ਕੇਂਦਰ ਵੀ ਸਥਾਪਤ ਕੀਤਾ। ਫਿਰ ਵੀ ਕਬਾਇਲੀਆਂ ਦੀਆਂ ਗੰਭੀਰ ਝੜਪਾਂ ਤੇ ਨਿਯੰਤਰਣ ਪਾਉਣ ਲਈ ਬਰਤਾਨਵੀ ਬਹੁਤੇ ਸਫਲ ਨਹੀਂ ਹੋਏ।

ਹਿੰਦੂਕੁਸ਼ ਅਤੇ ਸੁਲੇਮਾਨ ਪਹਾੜੀਆਂ ਵਿੱਚ ਸਮਾਸਾਂ ਚੋਟੀ ’ਤੇ ਦੋ ਕਿਲ੍ਹੇ ਲਾਕਹਾਰਟ ਅਤੇ ਗੁਲਿਸਤਾਨ ਕੁਝ ਦੂਰੀ ਤੇ ਸਥਿਤੀ ਸਨ। ਜੋ ਭੂਗੋਲਿਕ ਸਥਿਤੀ ਕਰਕੇ ਇੱਕ ਦੂਸਰੇ ਤੋਂ ਅਦ੍ਰਿਸ਼ ਸਨ। ਦੋਹਾਂ ਵਿੱਚ ਆਪਸੀ ਤਾਲ ਮੇਲ ਬਣਾਈ ਰੱਖਣ ਲਈ ਪ੍ਰਕਾਸ਼ ਸੰਕੇਤ ਸੰਚਾਰ ਯੰਤਰ ਨਾਲ ਇੱਕ ਸਾਰਾਗੜੀ ਚੌਂਕੀ ਕਿਲ੍ਹਿਆਂ ਵਿੱਚ ਸਥਾਪਤ ਕੀਤੀ ਗਈ। ਅਗਸਤ 27 ਅਤੇ ਸਤੰਬਰ 11,1896 ਨੂੰ ਪਖ਼ਤੂਨ ਦੁਆਰਾ ਕਿਲੇ ਤੇ ਕਬਜ਼ਾ ਕਰਨ ਦੀ ਵੱਡੀ ਕੋਸ਼ਿਸ਼ ਨੂੰ 36ਵੀਂ ਸਿੱਖ ਸੈਨਾ ਟੁਕੜੀ ਨੇ ਨਾਕਾਮ ਕਰ ਦਿੱਤਾ। ਸੰਨ 1897 ਵਿੱਚ ਬ੍ਰਿਟਿਸ਼ ਖ਼ਿਲਾਫ਼ ਉੱਤਰ ਪੱਛਮੀ ਸਰਹੱਦੀ ਸੂਬੇ ਵਿੱਚ ਸਮੂਹਕ ਅਫ਼ਗਾਨ ਵਿਦਰੋਹ ਹੋਇਆ, ਜਿਸ ਵਿੱਚ ਮੁਲ੍ਹਿਆਂ ਨੇ ਧਾਰਮਿਕ ਰੰਗਤ ਦੇ ਕੇ ਵਿਸ਼ੇਸ਼ ਭੂਮਿਕਾ ਨਿਭਾਈ। ਉਸ ਸਮੇਂ 36ਵੀਂ ਸਿੱਖ ਸੈਨਾ ਟੁਕੜੀ ਦਾ ਲਾਕਹਾਰਟ ਅਤੇ ਗੁਲਿਸਤਾਨ ਕਿਲ੍ਹਿਆਂ ਤੇ ਕਬਜ਼ਾ ਸੀ । 3 ਸਤੰਬਰ 1897 ਨੂੰ ਉਰ ਕਜਾਈ ਅਤੇ ਅਫ਼ਰੀਦੀ ਫ਼ੌਜਾਂ ਨੇ ਗੁਲਿਸਤਾਨ ਕਿਲੇ ਤੇ ਹਮਲਾ ਕਰ ਦਿੱਤਾ। ਲਾਕਹਾਰਟ ਕਿਲੇ ਤੋਂ ਰਾਹਤ ਫ਼ੌਜੀ ਸਹਾਇਤਾ ਭੇਜੀ ਗਈ ਤਾਂ ਦੁਸ਼ਮਣ ਦੇ ਹਮਲਿਆਂ ਨੂੰ ਨਾਕਾਮ ਕਰ ਦਿੱਤਾ।

ਕਿਲਾ ਲਾਕਹਾਰਟ ਦੀ ਰਾਹਤ ਸੈਨਾ ਟੁਕੜੀ ਨੇ ਪਰਤਦਿਆਂ ਸਾਰਾਗੜੀ ਵਿਖੇ ਤੈਨਾਤ ਟੁਕੜੀ ਨੂੰ ਹੋਰ ਮਜ਼ਬੂਤ ਕਰਨ ਲਈ ਤਿੰਨ ਅਧਿਕਾਰੀ ਅਤੇ 18 ਹੋਰ ਸੈਨਿਕ ਤਾਇਨਾਤ ਕੀਤੇ, ਜਿਨ੍ਹਾਂ ਦਾ ਮੁਖੀ ਹੌਲਦਾਰ ਈਸ਼ਰ ਸਿੰਘ ਸੀ।

12 ਸਤੰਬਰ 1897 ਦੇ ਚੜ੍ਹਦੇ ਦਿਨ 9.00 ਵਜੇ ਆਦਿਵਾਸੀ ਅਫ਼ਗਾਨਾਂ ਨੇ ਕਿਲਾ ਲਾਕਹਾਰਟ ਅਤੇ ਸਾਰਾਗੜ੍ਹੀ ਦੀ ਘੇਰਾ ਬੰਦੀ ਕਰ ਲਈ ਕਿ ਬਾਹਰੋਂ ਕੋਈ ਰਾਹਤ ਫ਼ੌਜੀ ਸਹਾਇਤਾ ਨਾ ਭੇਜੀ ਜਾ ਸਕੇ। ਇਸ ਸਮੇਂ 36ਵੀਂ ਸਿੱਖ ਸੈਨਾ ਟੁਕੜੀ ਦੇ ਮੁਖੀ ਲੈਫਟੀਨੈਂਟ ਕਰਨਲ ਹਿਊਗਟਰ ਕਿਲਾ ਲਾਕਹਾਰਟ ਤੋਂ ਸੰਦੇਸ ਰਾਹੀਂ ਸਾਰਾਗੜ੍ਹੀ ਦੇ ਸੰਪਰਕ ਵਿੱਚ ਸੀ। ਸਿਪਾਹੀ ਗੁਰਮੁਖ ਸਿੰਘ ਨੇ ਸੰਦੇਸ਼ ਭੇਜਿਆ ਕਿ ਸਾਰਾ ਗੜੀ ਤੇ ਹਮਲਾ ਹੋ ਗਿਆ ਹੈ। ਹਿਊਰਾਟਨ ਨੇ ਸੰਦੇਸ਼ ਦਿੱਤਾ ਕਿ ਜੰਗ ਦਾ ਮੋਰਚਾ ਸੰਭਾਲ ਲਓ। ਸਾਰਾਗੜੀ ਚੌਂਕੀ ਦੇ ਮੁੱਖੀ ਹੌਲਦਾਰ ਈਸ਼ਰ ਸਿੰਘ ਨੇ ਆਪਣੇ 20 ਸੈਨਿਕਾਂ ਨੂੰ ਵੰਗਾਰਿਆ ਕਿ ਅਸੀਂ ਲੜਾਂਗੇ। ਉਹਨਾਂ ਪ੍ਰਣ ਕੀਤਾ ਕਿ ਦੁਸ਼ਮਣ ਨੂੰ ਕਿਲ੍ਹਿਆਂ ਤੱਕ ਪਹੁੰਚਣ ਤੋਂ ਰੋਕਣ ਲਈ ਆਖਰੀ ਦਮ ਤਕ ਲੜਾਂਗੇ। ਅ ਾਖਰੀ ਗੋਲੀ ਆਖਰੀ ਜਵਾਨ ਤਕ। ਅਸੀਂ ਜਾਣਦੇ ਹਾਂ ਕਿ ਇਹ ਸਾਰੇ ਕੱਚੀਆਂ ਇੱਟਾਂ ਤੇ ਲੱਕੜ ਦਾ ਦਰਵਾਜ਼ਾ ਵਾਲੀ ਚੌਂਕੀ ਅਤੇ ਅਸੀਂ ਮੁੱਠੀ ਭਰ ਹਜ਼ਾਰਾਂ ਕਬਾਇਲੀਆਂ ਦਾ ਟਾਕਰਾ ਤਾਂ ਨਈਂ ਕਰ ਸਕਦੇ ਅਸੀਂ ਦੁਸ਼ਮਣ ਨੂੰ ਪੂਰੀ ਟੱਕਰ ਦੇਵਾਂਗੇ, ਪੈਰ ਪਿੱਛੇ ਨਹੀਂ ਹਟਾਵਾਂ ਗੇ। ਸਿੱਖੀ ਜੰਗੀ ਰਵਾਇਤ ਨੂੰ ਕਾਇਮ ਰਖਦਿਆਂ ਜੂਝ ਮਰਾਂਗੇ। ਰਣਨੀਤਕ ਜੰਗ ਲੜਾਂਗੇ। ਸੰਕੇਤ ਤੋਂ ਹਿਊਗਟਨ ਨੇ ਵੇਖਿਆ ਕਿ ਦੁਸ਼ਮਣ 10000-14000 ਦੀ ਗਿਣਤੀ ਵਿੱਚ ਹੈ।

ਦੁਪਹਿਰ 12.00 ਵਜੇ ਸਾਰਾਗੜ੍ਹੀ ਤੋਂ ਸੰਕੇਤ ਮਿਲਿਆ ਕਿ ਸਿਪਾਹੀ ਭਗਵਾਨ ਸਿੰਘ ਸ਼ਹੀਦ ਹੋ ਗਿਆ ਤੇ ਨਾਇਕ ਲਾਲ ਸਿੰਘ ਗੰਭੀਰ ਜ਼ਖਮੀ ਹੈ। ਤਿੰਨ ਰਾਇਫ਼ਲਾਂ ਵੀ ਦੁਸ਼ਮਣ ਦੀਆਂ ਗੋਲੀਆਂ ਨਾਲ ਟੁੱਟ ਗਈਆਂ ਹਨ। ਸਿਪਾਹੀ ਭਗਵਾਨ ਸਿੰਘ ਦੀ ਪਹਿਲੀ ਸ਼ਹੀਦੀ ਤੋਂ ਸਾਰਾਗੜ੍ਹੀ ਦੀਆਂ ਸ਼ਹੀਦੀਆਂ ਦਾ ਸਿਲਸਿਲਾ ਸ਼ੁਰੂ ਹੁੰਦਾ ਹੈ। ਸਿੱਖਾਂ ਨੇ ਦੁਸ਼ਮਣ ਦੇ ਹਰ ਹਮਲੇ ਦਾ ਜੁਆਬ ਦਿੰਦਿਆਂ ਉਹਨਾਂ ਨੂੰ ਪਛਾੜਿਆ। ਹੁਣ ਸਿਪਾਹੀ ਬੂਟਾ ਸਿੰਘ ਤੇ ਸਿਪਾਹੀ ਸੁੰਦਰ ਸਿੰਘ ਸ਼ਹੀਦੀ ਪਾ ਗਏ। ਇਸ ਸਮੇਂ ਕਿਲਾ ਲਾਕਹਾਰਟ ਤੋਂ ਸਹਾਇਤਾ ਭੇਜਣ ਦੀ ਸੋਚੀ ਪਰ ਦੁਸ਼ਮਣ ਦੀ ਘੇਰਾ ਬੰਦੀ ਨੇ ਸੰਪਰਕ ਤੋੜ ਦਿੱਤੇ ਸਨ।

ਕਬਾਇਲੀਆਂ ਦੇ ਆਗੂ ਭਰਮਾਉਣ ਲੱਗੇ ਕਿ ਸਾਡੀ ਦੁਸ਼ਮਣੀ ਬ੍ਰਿਟਿਸ਼ ਨਾਲ ਹੈ, ਤੁਸੀਂ ਆਤਮ ਸਮਰਪਣ ਕਰ ਦਿਓ, ਤੁਹਾਨੂੰ ਸੁਰਖਿਅਤ ਜਾਣ ਦਿੱਤਾ ਜਾਵੇਗਾ ਅਤੇ ਤੋਹਫ਼ਿਆਂ ਨਾਲ ਨਿਵਾਜਿਆ ਜਾਵੇਗਾ। ਸਿੱਖ ਫ਼ੌਜ ਨੇ ਉਹਨਾਂ ਦੀਆਂ ਗੱਲਾਂ ਅਣਸੁਣੀਆਂ ਕਰ ਦਿੱਤੀਆਂ।

ਦੁਸ਼ਮਣ ਨੇ ਚੌਂਕੀ ਦੇ ਮੁੱਖ ਦਰਵਾਜੇ ਨੂੰ ਤੋੜਨ ਦੀਆਂ ਦੋ ਨਾਕਾਮ ਕੋਸ਼ਿਸ਼ਾਂ ਕੀਤੀਆਂ। ਦੁਸ਼ਮਣ ਦਾ ਜਾਨੀ ਨੁਕਸਾਨ ਹੋਣ ਲੱਗਿਆ। ਦੁਸ਼ਮਣ ਦਾ ਰੋਹ ਵਧਦਾ ਗਿਆ, ਉਹ ਹਰ ਹੀਲੇ ਚੌਂਕੀ ਤੇ ਕਬਜ਼ਾ ਕਰਨਾ ਚਾਹੁੰਦੇ ਸਨ। ਸਿੱਖ ਫ਼ੌਜ ਦੀ ਗਿਣਤੀ ਘਟਣ ਲੱਗੀ। ਅਸਲਾ ਵੀ ਮੁੱਕਣ ਤੇ ਆਣ ਲੱਗਾ। ਸਿਪਾਹੀ ਗੁਰਮੁਖ ਸਿੰਘ ਸਿੱਖਾਂ ਦੀ ਬਹਾਦਰੀ ਦੇ ਦ੍ਰਿਸ਼ ਆਪਣੀ ਜਾਨ ਤੇ ਖੇਡਦਿਆਂ ਨਾਲੋਂ ਨਾਲ ਭੇਜ ਰਿਹਾ ਸੀ। ਅ ਸਫਲ ਜੰਗ ਲੰਬੀ ਹੁੰਦੀ ਜਾਂਦੀ ਵੇਖ ਕੇ ਰੋਹ ਵਿੱਚ ਆ ਕੇ ਘਾਹ ਫੂਸ ਨੂੰ ਅੱਗ ਲਗਾ ਦਿਤੀ। ਧੂੰਏਂ ਦੀ ਆੜ ਵਿੱਚ ਅਤੇ ਇੱਕ ਅੰਨੇ ਮੋੜ ਤੋਂ ਜਿਥੋਂ ਗੋਲੀ ਅਸਰ ਨਹੀਂ ਕਰ ਸਕਦੀ ਸੀ, ਦੁਸ਼ਮਣ ਉਸ ਸਰਹੱਦ ਦੀ ਦਿਵਾਰ ਨੂੰ ਤੋੜਨ ਵਿੱਚ ਸਫਲ ਹੋ ਗਏ। ਹੁਣ ਜੰਗ ਆਹਮੋ ਸਾਹਮਣੇ ਹੱਥੋਂ ਹੱਥੀ ਤੇ ਆਣ ਪਹੁੰਚੀ।

ਸਿੱਖ ਫ਼ੌਜੀ ਲਾਲ ਸਿੰਘ ਜੋ ਸ਼ੁਰੂ ਵਿੱਚ ਗੰਭੀਰ ਜ਼ਖਮੀ ਹੋ ਗਿਆ ਸੀ। ਗਾਰਦ ਸੁਰਖਿਆ ਕਮਰੇ ਵਿੱਚ ਤੈਨਾਤ ਸੀ। ਜਦ ਦੁਸ਼ਮਣ ਉਸ ਵੱਲ ਵਧੇ ਉਸ ਨੇ ਚਾਰ ਦੁਸ਼ਮਣਾਂ ਨੂੰ ਮਾਰ ਮੁਕਾਇਆ। ਸਿਪਾਹੀ ਗੁਰਮੁਖ ਸਿੰਘ ਕਿਲਾ ਲਾਕਹਾਰਟ ਤੇ ਬਹਾਦਰੀ ਦੇ ਦ੍ਰਿਸ਼ ਭੇਜਦਾ ਰਿਹਾ। ਜਿਥੇ ਮੁੱਖੀ ਹਿਊਗਟਨ ਅਤੇ ਸਿੱਖ ਫ਼ੌਜੀ ਸਾਥੀਆਂ ਨੇ 36ਵੀਂ ਸਿੱਖ ਸੈਨਾ ਟੁਕੜੀ ਦੇ ਬਹਾਦਰੀ ਦੇ ਦ੍ਰਿਸ਼ ਵੇਖੇ ਸਨ। ਜਦ ਉਥੇ ਸਿਪਾਹੀ ਗੁਰਮੁਖ ਸਿੰਘ ਦੀਆਂ ਅੱਖਾਂ ਸਾਹਮਣੇ ਉਸ ਦੇ ਸਾਰੇ ਸਾਥੀ ਮਰਦੇ ਜਾ ਰਹੇ ਸਨ, ਅਸਲਾ ਵੀ ਖ਼ਤਮ ਹੁੰਦਾ ਜਾ ਰਿਹਾ ਸੀ। ਹੌਲਦਾਰ ਈਸ਼ਰ ਸਿੰਘ ਵੀ ਇੱਕ ਪਠਾਣ ਦੇ ਛੁਰੇ ਦਾ ਵਾਰ ਹੁੰਦਿਆਂ ਸ਼ਹੀਦੀ ਪਾ ਗਏ ਸਨ। ਉਸ ਨੇ ਆਖਰੀ ਸੰਦੇਸ਼ਾਂ ਭੇਜਿਆ ਕਿ ਸਭ ਕੁਝ ਖਤਮ ਹੋ ਗਿਆ ਹੈ। ਮੈਨੂੰ ਸੰਦੇਸ਼ ਯੰਤਰ ਬੰਦ ਕਰਨ ਦੀ ਆਗਿਆ ਦਿੱਤੀ ਜਾਵੇ। ਉਸਨੇ ਯੰਤਰ ਨੂੰ ਬੜੇ ਸਲੀਕੇ ਨਾਲ ਸਾਂਭ ਦੇ ਪਾਸੇ ਰੱਖ ਦਿੱਤਾ ਤੇ ਰਾਇਫਲ ਚੁੱਕ ਕੇ ਉਸਨੇ ਦੁਸ਼ਮਣਾਂ ਨੂੰ ਵੰਗਾਰਿਆ। ਜਦ ਉਸਨੇ 20 ਦੁਸ਼ਮਣਾਂ ਨੂੰ ਮਾਰ ਮੁਕਾਇਆ ਤਾਂ ਦੁਸ਼ਮਣ ਨੇ ਚੌਂਕੀ ਨੂੰ ਅੱਗ ਲਾ ਦਿੱਤੀ। ਜਿਸ ਵਿੱਚ ਆਖਰੀ ਗੋਲੀ ਆਖਰੀ ਜਵਾਨ ਤਕ ਲਗਭਗ 7 ਘੰਟੇ ਤਕ ਜੰਗ ਲੜੀ। ਜਿਸ ਵਿੱਚ 36ਵੀਂ ਸਿੱਖ ਸੈਨਾ ਟੁਕੜੀ ਦੀ ਰਣਨੀਤਕ ਜਿੱਤ ਹੋਈ ਕਿ 21 ਸਿੱਖ ਸੈਨਿਕਾਂ ਨੇ ਹਜ਼ਾਰਾਂ ਦਾ ਮੁਕਾਬਲਾ ਕੀਤਾ ਤੇ ਸੈਂਕੜੇ ਦੁਸ਼ਮਣ ਮਾਰ ਮੁਕਾਏ। ਬਾਅਦ ਦੁਪਹਿਰ 3.40 ਚੌਂਕੀ ਢਹਿ ਢੇਰੀ ਹੋ ਚੁੱਕੀ ਸੀ।

ਅਗਲੀ ਸਵੇਰ ਰਾਹਤ ਸੈਨਾ ਟੁੱਕੜੀ ਸਾਰਾਗੜੀ ਚੌਂਕੀ ’ਤੇ ਪਹੁੰਚੀ। ਖ ਤਮ ਹੋਈ ਕਹਾਣੀ ਦੇ ਅੰਸ਼ ਦੇਖਣ ਨੂੰ ਮਿਲੇ। ਦੁਸ਼ਮਣ ਨੇ ਕਬੂਲ ਕੀਤਾ ਕਿ 600-1400 ਮਾਰੇ ਗਏ ਹਨ। ਕਈ ਜ਼ਖਮੀ ਵੀ ਹੋਏ ਹਨ। ਅੱਗ ਲੱਗਣ ਕਰਕੇ ਭਾਵੇਂ ਸਹੀ ਅੰਦਾਜ਼ਾ ਨਹੀਂ ਲੱਗਿਆ। ਬ੍ਰਿਟਿਸ਼ ਦੀ ਇੱਕ ਹੋਰ ਸੈਨਾ ਟੁਕੜੀ ਨੇ 14 ਸਤੰਬਰ 1897 ਨੂੰ ਮੁੜ ਸਾਰਾਗੜੀ ਚੌਂਕੀ ਤੇ ਕਬਜ਼ਾ ਕਰ ਲਿਆ।

36 ਵੀਂ ਸਿੱਖ ਸੈਨਾ ਟੁਕੜੀ ਨਾਲ ਇੱਕ ਗੈਰ ਸੈਨਿਕ ਸਫਾਈ ਕਰਮਚਾਰੀ ਦਾਦ ਨਾਉਂ ਦਾ ਮੁਸਲਮਾਨ ਵੀ ਸੀ। ਉਸ ਦੀ ਉਮਰ 40 ਸਾਲ ਸੀ। ਉਹ ਕਿਸੇ ਸ਼ਹੀਦ ਹੋਏ ਸੈਨਿਕ ਦੀ ਰਾਇਫਲ ਲੈ ਕੇ ਲੜਿਆ ਤੇ ਸ਼ਹੀਦ ਹੋਇਆ। ਇਸ ਤਰਾਂ ਸਾਰਾਗੜ੍ਹੀ ਦੀ ਜੰਗ ਵਿੱਚ 22 ਸ਼ਹੀਦ ਹੋਏ ਸਨ।

ਸਿੱਖ ਬਹਾਦਰੀ ਦੀ ਇਹ ਜੰਗ ਜਦੋਂ ਬ੍ਰਿਟਿਸ਼ ਸੰਸਦ ਵਿੱਚ ਸੁਣੀ ਗਈ ਤਾਂ ਮੈਂਬਰਾਂ ਨੇ ਖੜੇ ਕੇ ਸ਼ਰਾਹਟਾ ਕੀਤੀ। ਇਹ ਮਿਸਾਲ ਮਹਾਰਾਣੀ ਵਿਕਟੋਰੀਆ ਸਾਹਮਣੇ ਰੱਖੀ ਗਈ ਤਾਂ ਸਾਰੇ 21 ਸਿੱਖ ਬਹਾਦਰਾਂ ਨੂੰ ਇੰਡੀਅਨ ਆਰਡਰ ਆਫ਼ ਮੈਰਿਟ ਮਰਨ ਉਪਰੰਤ ਦਿੱਤਾ ਗਿਆ। ਉਸ ਸਮੇਂ ਦਾ ਭਾਰਤੀ ਸੈਨਿਕਾਂ ਨੂੰ ਦਿੱਤੇ ਗਏ ਸਨਮਾਨ ਤੋਂ ਵੱਡਾ ਸੀ ਜੋ ਅਜੋਕੇ ਵੀਰ ਚੱਕਰ ਦੇ ਬਰਾਬਰ ਸੀ। ਸਾਰੇ ਸੈਨਿਕਾਂ ਦੇ ਵਾਰਸਾਂ ਨੂੰ 50 ਏਕੜ ਜ਼ਮੀਨ ਅਤੇ 500 ਰੁਪਏ ਦੀ ਰਾਸ਼ੀ ਵੀ ਦਿੱਤੀ ਗਈ। ਇਹ ਭਾਰਤੀ ਇਤਿਹਾਸ ਦੀ ਅਨੂਠੀ ਜੰਗ ਸੀ।

ਸਾਰਾਗੜ੍ਹੀ ਵਿਖੇ ਲੋਕਹਾਰਟ ਕਿਲੇ ਦੇ ਬਾਹਰ 21 ਬਹਾਦਰ ਫ਼ੌਜੀਆਂ ਦੀ ਤਖਤੀ ਲੱਗੀ ਹੈ। ਜਿਸ ’ਤੇ ਹੁਣ ਪੰਜਾਬੀ ਅਤੇ ਉਰਦੂ ਵਿੱਚ ਨਾਉਂ ਲਿਖੇ ਗਏ ਹਨ ਅਤੇ ਇਬਾਰਤ ਲਿਖੀ ਗਈ ਹੈ ਕਿ

ਭਾਰਤ ਸਰਕਾਰ ਨੇ ਬੰਗਾਲ ਪੈਦਲ ਫ਼ੌਜ 36ਵੀਂ ਸਿੱਖ ਸੈਨਾ ਟੁਕੜੀ ਦੇ ਬਹਾਦਰ ਸੈਨਿਕਾਂ ਦਾ ਨਾਉਂ ਉੱਕਰੇ ਹਨ। ਜਿਨ੍ਹਾਂ ਨੇ ਬਹਾਦਰੀ ਦੀ ਮਿਸਾਲ ਕਾਇਮ ਕੀਤੀ ਹੈ, ਜੋ 12 ਸਤੰਬਰ, 1897 ਨੂੰ ਕਿਲੇ ਸਾਰਾਗੜ੍ਹੀ ਦੀ ਰਖਿਆ ਕਰਦੇ ਆਪਣਾ ਫਰਜ਼ ਨਿਭਾਉਂਦੇ ਸ਼ਹੀਦ ਹੋਏ ਹਨ। ਜਿੰਨਾਂ ਨੇ ਦੁਸ਼ਮਣ ਦੀ ਵੱਡੀ ਗਿਣਤੀ ਦਾ ਮੁਕਾਬਲਾ ਡਟ ਕੇ ਕੀਤਾ। ਇਸ ਤਰਾਂ ਉਹਨਾਂ ਨੇ ਭਾਰਤ ਦੀ ਰਾਣੀ ਅਤੇ ਪ ਭੂਸੱਤਾ ਪ੍ਰਤੀ ਆਪਣੀ ਵਫ਼ਾਦਾਰੀ ਅਤੇ ਸਮਰਪਣ ਸਾਬਤ ਕੀਤਾ ਹੈ। ਸਿੱਖੀ ਜੰਗੀ ਬਹਾਦਰੀ ਦੀਆਂ ਰਵਾਇਤਾਂ ਕਾਇਮ ਰਖਦੇ ਹੋਏ, ਪੈਰ ਪਿੱਛੇ ਨਹੀਂ ਹਟਾਇਆ। 11 ਫਰਵਰੀ 1898 ਲੰਡਨ ਗਜ਼ਟ ਦਾ ਰਿਕਾਰਡ ਦੱਸਦਾ ਹੈ ਕਿ ਪ੍ਰੀਸ਼ਦ ਦੇ ਗਵਰਨਰ ਜਨਰਲ ਨੇ ਵਿਸ਼ੇਸ਼ ਤੌਰ ’ਤੇ 36ਵੀਂ ਸਿੱਖ ਸੈਨਾ ਟੁਕੜੀ ਨੇ ਕਿਲੇ ਗੁਲਿਸਤਾਨ ਦੀ ਸ਼ਾਨਦਾਰ ਰਖਿਆ ਕਰਦਿਆਂ ਅਤੇ ਈਸ਼ਰ ਸਿੰਘ ਹੌਲਦਾਰ ਦੀ ਅਗਵਾਈ ਹੇਠ ਸਾਰੇ ਸੈਨਿਕਾਂ ਵੱਲੋਂ ਸਾਰਾ ਗੜੀ ਦੀ ਜੰਗ ਲਈ, ਪ੍ਰਸੰਸਾ ਵਿਅਕਤ ਕਰਦਾ ਹਾਂ। ਜੋ ਅੰਤਿਮ ਸਮੇਂ ਤਕ ਲੜਦੇ ਹੋਏ ਸ਼ਹੀਦ ਹੋਏ। ਇੱਕ ਬਹਾਦਰ ਵੀਰਤਾ ਦਾ ਪ੍ਰਦਰਸ਼ਨ ਕਰਦੇ ਹੋਏ ਭਾਰਤੀ ਸੈਨਾ ਦੀ ਬਹਾਦਰੀ ਦੇ ਸਾਰੇ ਰਿਕਾਰਡ ਪਾਰ ਕਰ ਦਿੱਤੇ ਹਨ।

ਕਮਾਂਡਰ ਇਨ ਚੀਫ਼ ਨੂੰ ਸਾਰਾਗੜ੍ਹੀ ਦਾ ਗਹਿਰ ਦੁੱਖ ਹੈ, ਜੋ 36ਵੀਂ ਸਿੱਖ ਸੈਨਾ ਟੁਕੜੀ ਦੇ 21 ਜਵਾਨਾਂ ਦਾ ਆਪਣੇ ਫਰਜ਼ ਲਈ ਬਹਾਦਰੀ ਨਾਲ ਸ਼ਹੀਦ ਹੋਣ ਦੀ ਪ੍ਰਸੰਸਾ ਕਰਦਾ ਹਾਂ। ਵੱਡੀ ਗਿਣਤੀ ਦੇ ਦੁਸ਼ਮਣ ਖ਼ਿਲਾਫ਼ ਲੜਦਿਆਂ ਸਿੱਖ ਜੰਗੀ ਬਹਾਦਰੀ ਰਵਾਇਤ ਨੂੰ ਕਾਇਮ ਰੱਖਿਆ ਹੈ। ਪ੍ਰਭੂਸੱਤਾ ਅਤੇ ਰਾਸ਼ਟਰੀ ਵਫ਼ਾਦਾਰੀ ਸਾਬਤ ਕੀਤੀ ਹੈ।

ਉਹਨਾਂ ਦੀ ਬਹਾਦਰੀ ਦੀ ਯਾਦ ਵਿੱਚ ਇਕ ਸਾਰਾਗੜ੍ਹੀ ਦੀ ਜੰਗ ਸਥਾਨ ਤੇ, ਦੂਸਰਾ ਸਾਰਾਗੜ੍ਹੀ ਯਾਦਗਾਰ ਗੁਰਦੁਆਰਾ ਫ਼ਿਰੋਜ਼ਪੁਰ ਛਾਉਣੀ, ਤੀਸਰਾ ਸਾਰਾਗੜ੍ਹੀ ਗੁਰਦੁਆਰਾ ਸਾਹਿਬ ਅੰਮ੍ਰਿਤਸਰ ਹੈ। ਇਹ ਜੰਗ ਪੂਰਬੀ ਫੌਜੀ ਸਭਿਅਤਾ, ਬ੍ਰਿਟਿਸ਼ ਸਤਮਰਾਜ , ਫ਼ੌਜੀ ਇਤਿਹਾਸ ਅਤੇ ਸਿੱਖ ਇਤਿਹਾਸ ਦੀ ਪ੍ਰਤੀਕ ਹੈ। ਹੁਣ ਸਿੱਖ ਸੈਨਾ ਟੁਕੜੀ ਵੱਲੋਂ 12 ਸਤੰਬਰ ਨੂੰ ਸਾਰਾਗੜ੍ਹੀ ਜੰਗ ਦੇ ਦਿਨ ਨੂੰ ਯਾਦ ਕਰਦਿਆਂ ਦਿਨ ਮਨਾਉਂਦੀ ਹੈ।

ਸਾਰਾਗੜ੍ਹੀ ਦੀ ਜੰਗ ਸੰਯੁਕਤ ਰਾਸ਼ਟਰ ਸੰਘ ਵੱਲੋਂ ਪ੍ਰਕਾਸ਼ਿਤ ਸਮੂਹਿਕ ਬਹਾਦਰੀ ਦੀਆਂ 8 ਕਹਾਣੀਆਂ ਵਿੱਚੋਂ ਇੱਕ ਹੈ। ਇਸ ਦਾ ਜ਼ਿਕਰ ਦੁਨੀਆਂ ਵਿੱਚ ਆਪਣੀ ਕਿਸ਼ਤ ਦੀਆਂ ਪੰਜ ਸਭ ਤੋਂ ਮਹੱਤਵਪੂਰਨ ਘਟਨਾਵਾਂ ਵਿਚੋਂ ਇੱਕ ਵਜੋਂ ਕੀਤਾ ਗਿਆ ਹੈ, ਜਿਸ ਵਿੱਚ ਥਰਮੋਪਾਈਲੇ ਦੀ ਜੰਗ 480ਈ.ਪੂਰਵ ਵਿੱਚ ਜੇਰਕਸਸ ਦੀ ਸ਼ਕਤੀਸ਼ਾਲੀ ਫ਼ਾਰਸੀ ਫ਼ੌਜ ਦੇ ਵਿਰੁੱਧ ਯੂਨਾਨੀ ਫ਼ੌਜ ਦੇ ਬਹਾਦਰੀ ਕਾਰਨਾਮੇ ਨਾਲ ਜੁੜੀ ਹੈ। 36ਵੀਂ ਸਿੱਖ ਸੈਨਾ ਟੁਕੜੀ ਹੁਣ 4 ਦੀ ਸਥਾਪਨਾ 20 ਅਪ੍ਰੈਲ 1894 ਨੂੰ ਕਰਨਲ ਕਕ ਦੀ ਅਤੇ ਕੈਪਟਨ ਐਸ ਆਰ ਹੋਲਮੈਸ ਦੀ ਅਗਵਾਈ ਹੇਠ ਹੋਈ। ਅਗਸਤ 1897 ਵਿੱਚ ਲੈਫਟੀਨੈਂਟ ਕਰਨਲ ਜੋਹਨ ਹਿਊਟਨ ਦੇ ਅਧੀਨ 36ਵੀਂ ਸਿੱਖ ਸੈਨਾ ਦੀਆਂ ਪੰਜ ਟੁਕੜੀਆਂ ਬ੍ਰਿਟਿਸ਼ ਇੰਡੀਆ ਖ਼ੈਬਰ ਪਖ਼ਤੂਨਖਵਾ ਦੀ ਉੱਤਰੀ ਪੱਛਮੀ ਸਰਹੱਦ ਸੂਬਾ ਭੇਜੀਆਂ ਗਈਆਂ। ਉਹਨਾਂ ਨੂੰ ਸਮਾਣਾ ਪਹਾੜੀ ਚੋਟੀਃ ਕੁਰਾਰਾ, ਸੰਗਰ, ਸਾਹਤੋਪ, ਧਰ ਅਤੇ ਸਾਰਾਗੜੀ ਤੇ ਤਾਇਨਾਤ ਕੀਤਾ ਕੀਤਾ ਗਿਆ ਸੀ। ਸਾਰਾਗੜ੍ਹੀ ਦੀ ਜੰਗ ਵਿੱਚ ਸਿੱਖਾਂ ਦੀ ਰਣਨੀਤਕ ਜਿੱਤ ਹੋਈ, ਜਿਸ ਨੇ ਸੰਸਾਰ ਵਿੱਚ ਬਹਾਦਰੀ ਦਾ ਲੋਹਾ ਮਨਵਾਇਆ। ਸਿੱਖਾਂ ਨੇ ਪ੍ਰਤੱਖ ਬਹਾਦਰੀ ਦੇ ਜੌਹਰ ਵਿਖਾਏ। ਮਰਦੇ ਦਮ ਤਕ ਹਥਿਆਰ ਨਹੀਂ ਸੁੱਟੇ। ਉਹ ਹਜ਼ਾਰਾਂ ਦੀ ਫ਼ੌਜ ਵੇਖ ਕੇ ਘਬਰਾਏ ਨਹੀਂ। ਜਿਵੇਂ ਜਿਵੇਂ ਵੈਰੀ ਚੜ੍ਹਦਾ ਆਇਆ। ਉਹ ਰੋਹ ਵਿੱਚ ਅ ਾ ਕੇ ਲੜੇ। ਦੁਸ਼ਮਣ ਦੀ ਪੇਸ਼ ਨਹੀਂ ਜਾਣ ਦਿੱਤੀ। ਕਈ ਘੰਟੇ ਤੁਰਕਾਂ ਨੂੰ ਸਖ਼ਤ ਮੁਕਾਬਲਾ ਦਿੱਤਾ। ਹਰ ਹਮਲੇ ਦਾ ਜਵਾਬ ਜਿੰਦਾ ਦਿਲੀ ਨਾਲ ਦਿੱਤਾ।






# ਚੰਗੇ ਵਾਤਾਵਰਣ ਵਿੱਚ ਹੀ ਹੈ ਮਨੁੱਖੀ ਸਭਿਅਤਾ ਦੀ ਸੁਰੱਖਿਆ

ਅਖਿਲੇਸ਼ ਆਰਯਾਂਦੂ

ਜਦੋਂ ਤੋਂ ਪ੍ਰਦੂਸ਼ਣ ਕਾਰਨ ਸਮੱਸਿਆਵਾਂ ਵਧੀਆਂ ਹਨ, ਕੇਂਦਰ ਅਤੇ ਰਾਜ ਸਰਕਾਰਾਂ ਨੇ ਆਪਣੇ ਪੱਧਰ ’ਤੇ ਇਸ ਤੋਂ ਛੁਟਕਾਰਾ ਪਾਉਣ ਲਈ ਕਦਮ ਚੁੱਕੇ ਹਨ। ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਕੇਂਦਰ ਅਤੇ ਰਾਜ ਸਰਕਾਰਾਂ ਵੱਲੋਂ ਵਾਤਾਵਰਣ ਨੂੰ ਪ੍ਰਦੂਸ਼ਣ ਮੁਕਤ ਕਰਨ ਲਈ ਅਲਾਟ ਕੀਤੇ ਫੰਡਾਂ ਅਤੇ ਸਕੀਮਾਂ ਨਾਲ ਵਾਤਾਵਰਣ ਨੂੰ ਸਾਫ਼-ਸੁਥਰਾ ਬਣਾਇਆ ਜਾ ਸਕਦਾ ਹੈ?



ਇਹ ਕਹਿਣਾ ਮੁਸ਼ਕਿਲ ਹੈ ਕਿ ਪਿਛਲੇ ਤਿੰਨ ਦਹਾਕਿਆਂ ਵਿੱਚ ਮਨੁੱਖੀ ਸਭਿਅਤਾ ਦੀਆਂ ਸਾਰੀਆਂ ਗਤੀਵਿਧੀਆਂ ਅਤੇ ਵਿਕਾਸ ’ਤੇ ਵਾਤਾਵਰਣ ਪ੍ਰਦੂਸ਼ਣ ਦਾ ਕਿੰਨਾ ਪ੍ਰਭਾਵ ਪਿਆ ਹੈ। ਦਰਅਸਲ, ਇਹ ਇੱਕ ਅਜਿਹਾ ਧੀਮਾ ਜ਼ਹਿਰ ਹੈ ਜੋ ਸਾਡੀ ਸਿਹਤ ਅਤੇ ਹੋਰ ਕਈ ਗਤੀਵਿਧੀਆਂ ਨੂੰ ਪ੍ਰਭਾਵਿਤ ਕਰਦਾ ਹੈ। ਕੋਰੋਨਾ ਤੋਂ ਪਹਿਲਾਂ ਵਾਤਾਵਰਣ ਪ੍ਰਦੂਸ਼ਣ ਨੂੰ ਕਈ ਸਮੱਸਿਆਵਾਂ, ਸੰਕਟਾਂ, ਬਿਮਾਰੀਆਂ, ਵਿਕਾਸ ਵਿੱਚ ਰੁਕਾਵਟ, ਆਰਥਿਕ ਤਰੱਕੀ ਵਿੱਚ ਰੁਕਾਵਟ ਅਤੇ ਸਮੁੱਚੇ ਮਾਹੌਲ ਨੂੰ ਜ਼ਹਿਰੀਲਾ ਕਰਨ ਦਾ ਕਾਰਨ ਮੰਨਿਆ ਜਾਂਦਾ ਸੀ। ਇਸ ਦਾ ਇਹ ਮਤਲਬ ਨਹੀਂ ਹੈ ਕਿ ਵਾਤਾਵਰਣ ਪ੍ਰਦੂਸ਼ਣ ਦੇ ਪ੍ਰਭਾਵ, ਇਸ ਦੀਆਂ ਵਧਦੀਆਂ ਸਮੱਸਿਆਵਾਂ, ਸੰਕਟ, ਬਿਮਾਰੀਆਂ, ਮੌਸਮੀ ਚੱਕਰਾਂ ਵਿੱਚ ਤਬਦੀਲੀਆਂ ਅਤੇ ਹੋਰ ਅਣਗਿਣਤ ਸਮੱਸਿਆਵਾਂ ਨੂੰ ਤਰਜੀਹਾਂ ਦੀ ਸੂਚੀ ਵਿੱਚੋਂ ਹਟਾ ਦਿੱਤਾ ਜਾਣਾ ਚਾਹੀਦਾ ਹੈ।

2015 ਵਿੱਚ ਪੈਰਿਸ ਜਲਵਾਯੂ ਸਮਝੌਤੇ ਵਿੱਚ ਤੈਅ ਕੀਤੇ ਗਏ ਮਤਿਆਂ ਦੇ ਅਨੁਸਾਰ, ਭਾਰਤ ਵਾਤਾਵਰਣ ਦੀ ਸੁਰੱਖਿਆ ਅਤੇ ਤਰੱਕੀ ਲਈ ਲਗਾਤਾਰ ਯਤਨ ਕਰ ਰਿਹਾ ਹੈ। ਜੀ-20 ਦੇਸ਼ਾਂ ਵਿਚੋਂ ਭਾਰਤ ਇਕਲੌਤਾ ਅਜਿਹਾ ਦੇਸ਼ ਹੈ ਜੋ ਸਮਝੌਤੇ ਦੀ ਪਾਲਣਾ ਕਰ ਰਿਹਾ ਹੈ। ਇਸ ਵਿੱਚ ਜੰਗਲੀ ਖੇਤਰਾਂ ਨੂੰ ਬਚਾਉਣਾ ਅਤੇ ਵਧਾਉਣਾ ਸ਼ਾਮਲ ਹੈ। ਪਰ ਇਹ ਸਿਰਫ਼ ਇਹੀ ਨਹੀਂ ਹੈ। ਹਵਾ ਪ੍ਰਦੂਸ਼ਣ ਤੋਂ ਇਲਾਵਾ ਪਾਣੀ, ਸ਼ੋਰ, ਮਿੱਟੀ, ਅੱਗ ਅਤੇ ਅਤਿਅੰਤ ਰੌਸ਼ਨੀ ਪ੍ਰਦੂਸ਼ਣ ਵਰਗੀਆਂ ਸਮੱਸਿਆਵਾਂ ਵੀ ਹਨ, ਜਿਨ੍ਹਾਂ ਦੇ ਮਾੜੇ ਪ੍ਰਭਾਵਾਂ ਨੇ ਕਈ ਪੱਧਰਾਂ ’ਤੇ ਸਮੱਸਿਆਵਾਂ ਪੈਦਾ ਕੀਤੀਆਂ ਹਨ।

ਵਿਗਿਆਨੀਆਂ ਨੇ ਵਧਦੇ ਹਵਾ ਪ੍ਰਦੂਸ਼ਣ ਨੂੰ ਜਲਵਾਯੂ ਤਬਦੀਲੀ, ਵਧਦੀਆਂ ਬਿਮਾਰੀਆਂ, ਗਲੋਬਲ ਵਾਰਮਿੰਗ, ਸੁਨਾਮੀ ਅਤੇ ਧਰਤੀ ਦੇ ਵਧਦੇ ਤਾਪਮਾਨ ਦਾ ਮੁੱਖ ਕਾਰਨ ਮੰਨਿਆ ਹੈ। ਧਰਤੀ ਦੇ ਵਧਦੇ ਤਾਪਮਾਨ ਅਤੇ ਮੌਸਮੀ ਚੱਕਰ ਵਿੱਚ ਤਬਦੀਲੀਆਂ ਦਾ ਸਭ ਤੋਂ ਵੱਡਾ ਕਾਰਨ ਜ਼ਹਿਰੀਲੀ ਕਾਰਬਨ ਊਰਜਾ ਹੈ। ਸਾਡੇ ਦੇਸ਼ ਵਿੱਚ 2005 ਦੇ ਮੁਕਾਬਲੇ ਕਾਰਬਨ ਨਿਕਾਸ ਵਿੱਚ 21 ਫੀਸਦੀ ਦੀ ਕਮੀ ਆਈ ਹੈ, ਪਰ ਇਹ ਬਹੁਤ ਘੱਟ ਹੈ। ਦਿੱਲੀ, ਗੁਰੂਗ੍ਰਾਮ, ਆਗਰਾ, ਗਾਜ਼ੀਆਬਾਦ, ਕਾਨਪੁਰ ਅਤੇ ਹੋਰ ਸ਼ਹਿਰਾਂ ਵਿੱਚ ਲਗਾਤਾਰ ਹਵਾ ਪ੍ਰਦੂਸ਼ਣ ਦਾ ਮਤਲਬ ਹੈ ਕਿ ਵਾਤਾਵਰਣ ਦੀ ਬਿਹਤਰੀ ਲਈ ਹੋਰ ਪ੍ਰਭਾਵਸ਼ਾਲੀ ਕਦਮ ਚੁੱਕਣ ਦੀ ਲੋੜ ਹੈ।



ਵਾਤਾਵਰਣ ਵਿਗਿਆਨੀਆਂ ਅਨੁਸਾਰ 2040 ਤੱਕ ਦੇਸ਼ ਵਿੱਚ ਸਾਫ਼ ਊਰਜਾ ਦੀ ਮੰਗ ਅੱਜ ਦੇ ਮੁਕਾਬਲੇ ਤਿੰਨ ਗੁਣਾ ਵੱਧ ਜਾਵੇਗੀ। ਸਰਵੇਖਣ ਦੱਸਦੇ ਹਨ ਕਿ ਦੇਸ਼ ਦੇ ਕਈ ਰਾਜਾਂ ਵਿੱਚ ਯੂਰੀਆ, ਅਮੋਨੀਆ, ਜ਼ਿੰਕ ਸਲਫੇਟ ਅਤੇ ਕੀਟਨਾਸ਼ਕ ਬਣਾਉਣ ਵਾਲੀਆਂ ਫੈਕਟਰੀਆਂ ਹਨ, ਜਿਨ੍ਹਾਂ ਦੀਆਂ ਚਿਮਨੀਆਂ ਵਿੱਚੋਂ ਕਈ ਤਰ੍ਹਾਂ ਦੀਆਂ ਜ਼ਹਿਰੀਲੀਆਂ ਗੈਸਾਂ ਨਿਕਲਦੀਆਂ ਹਨ, ਜੋ ਵਾਤਾਵਰਣ ਨੂੰ ਬੁਰੀ ਤਰ੍ਹਾਂ ਨਾਲ ਵਿਗਾੜਦੀਆਂ ਹਨ। ਫੂਲਪੁਰ ਅਤੇ ਆਂਵਲਾ ਵਿੱਚ ਯੂਰੀਆ ਬਣਾਉਣ ਦੀਆਂ ਵੱਡੀਆਂ ਫੈਕਟਰੀਆਂ ਹਨ।

ਜਦੋਂ ਤੋਂ ਪ੍ਰਦੂਸ਼ਣ ਕਾਰਨ ਸਮੱਸਿਆਵਾਂ ਵਧੀਆਂ ਹਨ, ਉਦੋਂ ਤੋਂ ਕੇਂਦਰ ਅਤੇ ਰਾਜ ਸਰਕਾਰਾਂ ਨੇ ਇਸ ਤੋਂ ਛੁਟਕਾਰਾ ਪਾਉਣ ਲਈ ਕਦਮ ਚੁੱਕੇ ਹਨ। ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਕੇਂਦਰ ਅਤੇ ਰਾਜ ਸਰਕਾਰਾਂ ਵੱਲੋਂ ਵਾਤਾਵਰਣ ਨੂੰ ਪ੍ਰਦੂਸ਼ਣ ਮੁਕਤ ਕਰਨ ਲਈ ਅਲਾਟ ਕੀਤੇ ਫੰਡਾਂ ਅਤੇ ਸਕੀਮਾਂ ਨਾਲ ਵਾਤਾਵਰਣ ਨੂੰ ਸਾਫ਼-ਸੁਥਰਾ ਬਣਾਇਆ ਜਾ ਸਕਦਾ ਹੈ? ਜ਼ਾਹਿਰ ਹੈ ਕਿ ਕੇਂਦਰ ਸਰਕਾਰ ਵੱਲੋਂ ਹਵਾ ਅਤੇ ਪਾਣੀ ਦੇ ਪ੍ਰਦੂਸ਼ਣ ਤੋਂ ਛੁਟਕਾਰਾ ਪਾਉਣ ਲਈ ਚੁੱਕੇ ਗਏ ਕਦਮਾਂ ਅਤੇ ਵਾਤਾਵਰਣ ਨੂੰ ਪ੍ਰਦੂਸ਼ਿਤ ਕਰਨ ਵਾਲੇ ਕਾਰਕਾਂ ਬਾਰੇ ਆਮ ਲੋਕਾਂ ਨੂੰ ਸਮਝਾਉਣ ਦੀ ਲੋੜ ਹੈ। ਜਿੰਨਾ ਚਿਰ ਆਮ ਆਦਮੀ ਵਾਤਾਵਰਣ ਪ੍ਰਤੀ ਲਾਪਰਵਾਹ ਰਹਿੰਦਾ ਹੈ ਅਤੇ ਉੱਚੀ ਆਵਾਜ਼ ਰਾਹੀਂ ਹਵਾ, ਪਾਣੀ, ਮਿੱਟੀ ਅਤੇ ਵਾਯੂਮੰਡਲ ਵਿੱਚ ਸ਼ੋਰ ਪ੍ਰਦੂਸ਼ਣ ਪੈਦਾ ਕਰਦਾ ਰਹੇਗਾ, ਉਦੋਂ ਤੱਕ ਪ੍ਰਦੂਸ਼ਣ ਸਬੰਧੀ ਸਮੱਸਿਆਵਾਂ ਦਾ ਹੱਲ ਨਹੀਂ ਹੋ ਸਕਦਾ। ਸਿਰਫ਼ ਕਾਨੂੰਨ ਬਣਾਉਣ ਨਾਲ ਸਮੱਸਿਆ ਦਾ ਹੱਲ ਨਹੀਂ ਹੋਵੇਗਾ। ਇਸ ਲਈ ਵਿਗਿਆਨੀ ਆਮ ਲੋਕਾਂ ਨੂੰ ਵਾਤਾਵਰਣ ਪ੍ਰਤੀ ਜਾਗਰੂਕ ਕਰਨ ਦੀ ਸਲਾਹ ਦਿੰਦੇ ਰਹਿੰਦੇ ਹਨ। ਪਿਛਲੇ ਤੀਹ ਸਾਲਾਂ ਵਿੱਚ ਦਿੱਲੀ ਸਮੇਤ ਭਾਰਤ ਦੇ ਛੋਟੇ-ਵੱਡੇ ਸ਼ਹਿਰਾਂ, ਕਸਬਿਆਂ ਅਤੇ ਸ਼ਹਿਰਾਂ ਵਿੱਚ ਵੱਧ ਰਹੀਆਂ ਸਮੱਸਿਆਵਾਂ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਜੇਕਰ ਅਸੀਂ ਬਿਹਤਰ ਜੀਵਨ ਜਿਊਣਾ ਚਾਹੁੰਦੇ ਹਾਂ ਤਾਂ ਸਾਨੂੰ ਪ੍ਰਦੂਸ਼ਣ ਨੂੰ ਘੱਟ ਕਰਨਾ ਹੋਵੇਗਾ। ਲੋੜ ਇਸ ਗੱਲ ਦੀ ਹੈ ਕਿ ਅਸੀਂ ਆਪਣੇ ਹਿੱਤ ਅਤੇ ਵਾਤਾਵਰਣ ਨੂੰ ਪ੍ਰਦੂਸ਼ਿਤ ਕਰਨ ਵਾਲੇ ਤੱਤਾਂ ਦੀ ਵਰਤੋਂ ਘੱਟ ਤੋਂ ਘੱਟ ਕਰੀਏ ਅਤੇ ਦੂਜਿਆਂ ਨੂੰ ਵੀ ਇਸ ਬਾਰੇ ਜਾਗਰੂਕ ਕਰੀਏ। ਇਸ ਦਾ ਮਤਲਬ ਇਹ ਹੈ ਕਿ ਵਧਦੀ ਗੰਭੀਰ ਵਾਤਾਵਰਣ ਦੀਆਂ ਸਮੱਸਿਆਵਾਂ ਨੂੰ ਜ਼ਿੰਦਗੀ ਅਤੇ ਮੌਤ ਦੇ ਸਵਾਲ ਵਾਂਗ ਬਹੁਤ ਗੰਭੀਰਤਾ ਨਾਲ ਲੈਣਾ ਹੋਵੇਗਾ, ਤਾਂ ਹੀ ਸਾਡਾ ਵਾਤਾਵਰਣ ਸੁਰੱਖਿਅਤ ਹੋਵੇਗਾ ਅਤੇ ਅਸੀਂ ਵੀ ਸੁਰੱਖਿਅਤ ਰਹਾਂਗੇ।

# ਮਿੱਟੀ, ਪਾਣੀ ਅਤੇ ਵਾਤਾਵਰਣ ਨੂੰ ਬਚਾਉਣ ਦੀ ਲੋੜ

ਬਾਬਾ ਮਾਇਆ ਰਾਮ

## ਜੰਗਲਾਂ, ਦਰਿਆਵਾਂ ਅਤੇ ਕੁਦਰਤ ਤੋਂ ਮਨੁੱਖ ਨੂੰ ਮਿਲਦੀ ਹੈ ਸ਼ਾਂਤੀ ਅਤੇ ਤਾਕਤ

ਦਰਿਆਵਾਂ ਅਤੇ ਪਹਾੜਾਂ ਨੇ ਹਮੇਸ਼ਾ ਹੀ ਮਨੁੱਖ ਨੂੰ ਆਕਰਸ਼ਿਤ ਕੀਤਾ ਹੈ। ਅੱਜ ਦੀ ਤੇਜ਼ ਰਫ਼ਤਾਰ ਜ਼ਿੰਦਗੀ ਵਿੱਚ ਜਦੋਂ ਵੀ ਕੋਈ ਬੋਰ ਜਾਂ ਤਣਾਅ ਵਿੱਚ ਹੁੰਦਾ ਹੈ ਤਾਂ ਉਹ ਜੰਗਲਾਂ ਅਤੇ ਦਰਿਆਵਾਂ ਵੱਲ ਜਾਂਦਾ ਹੈ। ਕੁਦਰਤ ਵੱਲ ਦੌੜਦਾ ਹੈ। ਉੱਥੇ ਉਸਨੂੰ ਬਹੁਤ ਸ਼ਾਂਤੀ ਅਤੇ ਤਾਕਤ ਮਿਲਦੀ ਹੈ ਅਤੇ ਆਤਮ-ਵਿਸ਼ਵਾਸ ਹੋ ਜਾਂਦਾ ਹੈ। ਨਦੀਆਂ ਦੇ ਕੰਢਿਆਂ ’ਤੇ ਬਚਪਨ ਵੀ ਖੁਸ਼ਹਾਲ ਹੁੰਦਾ ਹੈ। ਬੱਚੇ ਨਦੀ ਦੇ ਪਾਣੀ ਅਤੇ ਰੇਤ ਵਿੱਚ ਖੇਡਦੇ, ਨਹਾਉਂਦੇ ਅਤੇ ਮਸਤੀ ਕਰਦੇ ਹਨ। ਜੇਕਰ ਦਰਿਆ ਸੁੱਕ ਜਾਂਦਾ ਹੈ ਤਾਂ ਉਸ ਦੇ ਨਾਲ ਬਚਪਨ ਵੀ ਤਬਾਹ ਹੋ ਜਾਂਦਾ ਹੈ।

ਪਾਣੀ ਹੁਣ ਮੌਸਮੀ ਨਹੀਂ ਸਗੋਂ ਸਥਾਈ ਸਮੱਸਿਆ ਬਣ ਗਿਆ ਹੈ। ਸਾਡੇ ਬਹੁਤੇ ਪਿੰਡ, ਕਸਬੇ ਅਤੇ ਸ਼ਹਿਰ ਪਿਆਸੇ ਹੋ ਗਏ ਹਨ। ਉਨ੍ਹਾਂ ਨੇ ਪਾਣੀ ਲਈ ਬਾਹਰੀ ਸਰੋਤਾਂ ’ਤੇ ਨਿਰਭਰ ਹੋਣਾ ਸ਼ੁਰੂ ਕਰ ਦਿੱਤਾ ਹੈ ਪਰ ਅਤੀਤ ਵਿੱਚ ਅਜਿਹੀ ਸਥਿਤੀ ਨਹੀਂ ਸੀ।

ਕੁਝ ਸਮਾਂ ਪਹਿਲਾਂ ਤੱਕ ਅਸੀਂ ਪਾਣੀ ਦੇ ਮਾਮਲੇ ਵਿੱਚ ਖੁਸ਼ਹਾਲ ਮੰਨੇ ਜਾਂਦੇ ਸੀ। ਸਾਡੇ ਕੋਲ ਖੂਹ, ਛੱਪੜ, ਚਸ਼ਮੇ ਅਤੇ ਝੀਲਾਂ ਸਨ। ਸਦੀਵੀ ਨਦੀਆਂ ਸਨ। ਚੰਗੇ ਹਰੇ-ਭਰੇ ਜੰਗਲ ਸਨ, ਪਰ ਹੁਣ ਖੂਹ ਨਹੀਂ ਰਹੇ, ਛੱਪੜ ਘਟ ਗਏ ਹਨ ਅਤੇ ਨਦੀਆਂ ਨਹੀਂ ਬਚੀਆਂ ਹਨ। ਇੱਥੋਂ ਤੱਕ ਕਿ ਨਿੱਕੀਆਂ ਨਿੱਕੀਆਂ ਨਦੀਆਂ ਵੀ ਮੌਸਮੀ ਬਣ ਗਈਆਂ ਹਨ।

ਮੱਧ ਪ੍ਰਦੇਸ਼ ਦੇ ਸਤਪੁਰਾ ਖੇਤਰ ਦੀਆਂ ਬਹੁਤੀਆਂ ਸਦੀਵੀ ਨਦੀਆਂ ਸੁੱਕ ਗਈਆਂ ਹਨ। ਇੱਥੋਂ ਦੀਆਂ ਨਦੀਆਂ ਦੱਖਣ ਵਿੱਚ ਸਤਪੁਰਾ ਪਹਾੜਾਂ ਵਿੱਚੋਂ ਨਿਕਲਦੀਆਂ ਹਨ ਅਤੇ ਉੱਤਰ ਵਿੱਚ ਨਰਮਦਾ ਵਿੱਚ ਮਿਲਦੀਆਂ ਹਨ। ਪਰ ਇਨ੍ਹਾਂ ਦੇ ਸੁੱਕਣ ਕਾਰਨ ਨਰਮਦਾ ਵੀ ਕਮਜ਼ੋਰ ਹੋ ਗਈ ਹੈ। ਇਸ ਇਲਾਕੇ ਵਿੱਚ ਜੰਗਲ ਦੀ ਬਹੁਤਾਤ ਸੀ। ਇਹ ਹਰੇ-ਭਰੇ ਜੰਗਲ ਦਰਿਆਵਾਂ ਦੇ ਸੋਮੇ ਸਨ। ਇਸ ਲਈ ਇਨ੍ਹਾਂ ਨਦੀਆਂ ਨੂੰ ਵਨਪੁਤਰੀ ਅਤੇ ਵਣਜਾ ਵੀ ਕਿਹਾ ਜਾਂਦਾ ਹੈ। ਜਦੋਂ ਕਿ ਉੱਤਰੀ ਭਾਰਤ ਦੀਆਂ ਨਦੀਆਂ ਨੂੰ ਹਿਮਜਾ ਕਿਹਾ ਜਾਂਦਾ ਹੈ ਅਰਥਾਤ ਬਰਫ਼ ਤੋਂ ਵਗਦੀਆਂ ਨਦੀਆਂ। ਇਹ ਦਰਿਆ ਅਤੇ ਝਰਨੇ ਹਰ ਰੋਜ਼ ਵਹਿੰਦੇ ਸਨ।



ਦਰਿਆਵਾਂ ਦੇ ਕੰਢੇ ਸੱਭਿਅਤਾਵਾਂ ਵਧੀਆਂ ਹਨ। ਕਲਾ ਅਤੇ ਸੱਭਿਆਚਾਰ ਦਾ ਵਿਕਾਸ ਹੋਇਆ ਹੈ। ਇਨ੍ਹਾਂ ਕਿਨਾਰਿਆਂ ਦੇ ਨਾਲ-ਨਾਲ ਉਪਜਾਊ ਮਿੱਟੀ ਹੁੰਦੀ ਸੀ, ਜੋ ਲੋਕਾਂ ਦੀਆਂ ਖੁਰਾਕੀ ਲੋੜਾਂ ਪੂਰੀਆਂ ਕਰਦੀ ਸੀ। ਭੋਜਨ ਅਤੇ ਪਾਣੀ ਮਨੁੱਖ ਦੀਆਂ ਮੁੱਢਲੀਆਂ ਲੋੜਾਂ ਹਨ, ਜੋ ਉਨ੍ਹਾਂ ਨੇ ਪੂਰੀਆਂ ਕੀਤੀਆਂ ਹਨ।

ਨਦੀਆਂ ਨੂੰ ਪਵਿੱਤਰ ਮੰਨਿਆ ਜਾਂਦਾ ਹੈ ਅਤੇ ਉਨ੍ਹਾਂ ਦੀ ਪੂਜਾ ਕੀਤੀ ਜਾਂਦੀ ਹੈ। ਇਨ੍ਹਾਂ ਦੀਆਂ ਕਹਾਣੀਆਂ ਧਾਰਮਿਕ ਗ੍ਰੰਥਾਂ ਅਤੇ ਪੁਰਾਣਾਂ ਵਿੱਚ ਵੀ ਮਿਲਦੀਆਂ ਹਨ। ਇੱਥੇ ਭਰਪੂਰ ਲੋਕ ਸਾਹਿਤ ਹੈ। ਸੱਭਿਆਚਾਰਕ ਤੌਰ ’ਤੇ ਉਨ੍ਹਾਂ ਦਾ ਜੀਵਨ ਵਿੱਚ ਅਹਿਮ ਸਥਾਨ ਹੈ। ਸ਼ਰਧਾਲੂ ਨਰਮਦਾ ਦੀ ਪੈਦਲ ਪਰਿਕਰਮਾ ਕਰਦੇ ਹਨ। ਇਸ ਦੇ ਕੰਢੇ ਲੱਗਣ ਵਾਲੇ ਮੇਲੇ ਮਸ਼ਹੂਰ ਹਨ। ਮੇਲੇ ਵਿੱਚ ਵੱਡੀ ਗਿਣਤੀ ਵਿੱਚ ਸ਼ਰਧਾਲੂ ਇਕੱਠੇ ਹੁੰਦੇ ਹਨ।

ਕਿਸੇ ਸਮੇਂ ਦਰਿਆ ਦੀ ਰੇਤ ਵਿੱਚ ਡੰਗਰਵਾੜੀ (ਤਰਬੂਜ-ਖਰਬੂਜੇ ਦੀ ਖੇਤੀ) ਕੀਤੀ ਜਾਂਦੀ ਸੀ। ਕਿਸਾਨ ਕੇਵਤ-ਕਹਾਰ ਬਰਾਦਰੀ ਦੇ ਲੋਕ ਦਰਿਆ ਵਿੱਚ ਡੇਰੇ ਲਾਉਂਦੇ ਸਨ। ਉਹ ਇੱਥੇ ਖੇਤੀ ਕਰਦੇ, ਰਹਿੰਦੇ ਅਤੇ ਨਦੀ ਦੀ ਉਸਤਤ ਕਰਦੇ ਗੀਤ ਗਾਉਂਦੇ ਸਨ। ਇਹੀ ਉਨ੍ਹਾਂ ਦੀ ਰੋਜ਼ੀ-ਰੋਟੀ ਸੀ ਪਰ ਹੁਣ ਸਥਿਤੀ ਬਦਲ ਗਈ ਹੈ। ਸੈਂਕੜੇ ਸਾਲਾਂ ਤੋਂ, ਸਦੀਵੀ ਦਰਿਆ, ਝੀਲਾਂ, ਝਰਨੇ, ਖੂਹ ਅਤੇ ਪੌੜੀਆਂ ਸੁੱਕ ਗਈਆਂ ਹਨ ਜਾਂ ਸੁੱਕਣ ਦੀ ਕਗਾਰ ’ਤੇ ਹਨ। ਇਸ ਕਾਰਨ ਸਿਰਫ਼ ਮਨੁੱਖਾਂ ਲਈ ਹੀ ਨਹੀਂ ਸਗੋਂ ਪਸ਼ੂ-ਪੰਛੀਆਂ ਦੇ ਨਾਲ-ਨਾਲ ਸਮੁੱਚੇ ਜੀਵਤ ਸੰਸਾਰ ਲਈ ਪਾਣੀ ਦੀ ਸਮੱਸਿਆ ਪੈਦਾ ਹੋ ਗਈ ਹੈ।

ਪਾਣੀ ਦੇ ਸੰਕਟ ਦੇ ਡੂੰਘੇ ਹੋਣ ਅਤੇ ਦਰਿਆਵਾਂ ਦੇ ਸੁੱਕਣ ਦਾ ਇੱਕ ਕਾਰਨ ਜੰਗਲਾਂ ਦੀ ਤਬਾਹੀ ਵੀ ਹੈ। ਜਿਸ ਤਰ੍ਹਾਂ ਗੰਜੇ ਦੇ ਸਿਰ ’ਤੇ ਪਾਣੀ ਪਾ ਦਿੱਤਾ ਜਾਵੇ ਤਾਂ ਉਹ ਵਹਿ ਜਾਵੇਗਾ, ਇਸੇ ਤਰ੍ਹਾਂ ਜੇਕਰ ਜੰਗਲ ਨਾ ਹੋਣ ਤਾਂ ਪਾਣੀ ਵਹਿ ਜਾਵੇਗਾ। ਇਸ ਨੂੰ ਰੋਕਣ ਲਈ ਜੰਗਲ ਬਹੁਤ ਜ਼ਰੂਰੀ ਹਨ। ਪਹਿਲੀ ਗੱਲ ਤਾਂ ਜੰਗਲਾਂ ਕਾਰਨ ਜ਼ਿਆਦਾ ਬਰਸਾਤ ਹੁੰਦੀ ਹੈ ਪਰ ਜੰਗਲਾਂ ਦੀ ਅਣਹੋਂਦ ਕਾਰਨ ਘੱਟ ਜਾਂ ਅਨਿਯਮਿਤ ਬਰਸਾਤ ਹੋਣ ਦੀਆਂ ਰਿਪੋਰਟਾਂ ਹਨ।

ਜੰਗਲਾਂ ਦੇ ਅੰਦਰ ਝਾੜੀਆਂ, ਪੌਦਿਆਂ ਅਤੇ ਵੇਲਾਂ ਦੀਆਂ ਜੜ੍ਹਾਂ ਹੋਣ ਕਾਰਨ ਮਿੱਟੀ ਨਮੀਦਾਰ ਅਤੇ ਹਵਾਦਾਰ ਰਹੀ। ਇਸ ਲਈ ਪਾਣੀ ਧਰਤੀ ਵਿੱਚ ਸਮਾ ਗਿਆ। ਇਸ ਵਿੱਚ ਜੰਗਲੀ ਜਾਨਵਰ, ਕੀੜੇ, ਡੱਡੂ ਅਤੇ ਸੱਪ ਘੁਰਨੇ ਬਣਾਉਂਦੇ ਸਨ, ਜੋ ਧਰਤੀ ਹੇਠਲੇ ਪਾਣੀ ਨੂੰ ਲੀਕ ਕਰਨ ਵਿੱਚ ਮਦਦ ਕਰਦੇ ਸਨ। ਰੁੱਖਾਂ ਦੇ ਪੱਤਿਆਂ ਅਤੇ ਟਾਹਣੀਆਂ ਰਾਹੀਂ ਪਾਣੀ ਧਰਤੀ ਨੂੰ ਭਰ ਦਿੰਦਾ ਹੈ ਅਤੇ ਇਸ ਨਾਲ ਮਿੱਟੀ ਦੀ ਕਟੌਤੀ ਨਹੀਂ ਹੁੰਦੀ ਸੀ। ਕੁਦਰਤ ਕੋਲ ਪਾਣੀ, ਜੰਗਲਾਂ ਅਤੇ ਜੈਵਿਕ ਵਿਭਿੰਨਤਾ ਨੂੰ ਬਚਾਉਣ ਦਾ ਇੱਕ ਤਰੀਕਾ ਸੀ, ਜੋ ਵਿਗੜ ਗਿਆ ਹੈ।

ਜੰਗਲਾਂ ਵਿੱਚ ਕਮੀ ਕਾਰਨ ਤਾਪਮਾਨ ਵਿੱਚ ਕਾਫੀ ਵਾਧਾ ਹੋਇਆ ਹੈ। ਰੁੱਖ ਵੀ ਪਾਣੀ ਦਾ ਹੀ ਰੂਪ ਹਨ। ਜੰਗਲ ਨਾ ਸਿਰਫ਼ ਪਾਣੀ ਦੇ ਸਰੋਤ ਹਨ ਸਗੋਂ ਤਾਪਮਾਨ ਨੂੰ ਵੀ ਕੰਟਰੋਲ ਕਰਦੇ ਹਨ ਅਤੇ ਰੁੱਖਾਂ ਦੇ ਪੱਤੇ ਅਤੇ ਛੋਟੀਆਂ ਟਾਹਣੀਆਂ ਸੜ ਕੇ ਜੈਵਿਕ ਖਾਦ ਬਣਾਉਂਦੀਆਂ ਹਨ, ਜੋ ਖੇਤ ਨੂੰ ਉਪਜਾਊ ਬਣਾਉਂਦੀਆਂ ਹਨ, ਜਿਸ ਨਾਲ ਕਿਸਾਨਾਂ ਨੂੰ ਚੰਗਾ ਝਾੜ ਮਿਲਦਾ ਹੈ ਅੱਜ ਦਰਿਆਵਾਂ ਨੂੰ ਬੰਨ੍ਹਿਆ ਜਾ ਰਿਹਾ ਹੈ। ਇਨ੍ਹਾਂ ਵਿੱਚ ਕੂੜਾ ਛੱਡਿਆ ਜਾ ਰਿਹਾ ਹੈ। ਰੇਤ ਦੀ ਖੁਦਾਈ ਕੀਤੀ ਗਈ ਹੈ ਜੋ ਪਾਣੀ ਨੂੰ ਸੋਖਣ ਵਾਲੇ ਵਾਂਗ ਆਪਣੇ ਆਪ ਨੂੰ ਜਜ਼ਬ ਕਰ ਲੈਂਦੀ ਹੈ।

(ਬਾਕੀ ਸਫ਼ਾ 31 ’ਤੇ)

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE






FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

# 'ਦਰਦ ਦਾ ਦਰਿਆ'



ਮੋਹਨ ਸ਼ਰਮਾ

ਸਵੇਰੇ ਸਵੇਰੇ ਉੱਠ ਕੇ ਉਹ ਆਪਣੇ ਹੱਡ ਸਮੇਟਦੀ ਹੈ। ਘਰ ਵਾਲੇ ਨੇ ਦਿਹਾੜੀ 'ਤੇ ਜਾਣੈ, ਉਹਦੇ ਲਈ ਚਾਹ ਅਤੇ ਰੋਟੀ ਤਿਆਰ ਕਰਨੀ ਹੈ। ਬਜ਼ੁਰਗ ਸੱਸ ਵੀ ਥੋੜ੍ਹੀ ਦੇਰ ਨੂੰ ਉੱਠ ਜਾਵੇਗੀ। ਉਹਨੇ ਵੀ ਉਠਦਿਆਂ ਹੀ ਅਵਾਜ਼ ਮਾਰਨੀ ਹੈ, ਕੁੜੇ ਬਹੂ, ਚਾਹ ਲਿਆ। ਮਾੜੇ ਜਿਹੇ ਹੱਡ ਮੋਕਲੇ ਹੋ ਜਾਣ। ਉਹ ਤੀਜੇ ਮੰਜੇ ਵੱਲ ਵੇਖਦੀ ਹੈ। ਉਹ ਮੰਜਾ ਖਾਲੀ ਹੈ। ਉਹ ਬੁੜ ਬੁੜ ਕਰਦੀ ਹੈ, ਤੜਕੇ ਹੀ ਟਿੱਬ ਗਿਐ, ਨਸ਼ੇ ਦਾ ਝੱਸ ਪੂਰਾ ਕਰਨ ਲਈ ਆਥਣੇ ਨਸ਼ੇ 'ਚ ਟੱਲੀ ਹੋਇਆ ਘਰ ਵੜੂ। ਫਿਰ ਬਾਪ ਦੀ ਦਾੜ੍ਹੀ ਪੁੱਟਣ ਤੱਕ ਜਾਂਦੈ। ਰੋਅਬ ਨਾਲ ਕਹਿੰਦੈ, ਜਿਹੜੇ ਪੈਸੇ ਦਿਹਾੜੀ ਕਰਕੇ ਕਮਾ ਕੇ ਲਿਆਇਐਂ, ਉਹ ਮੇਰੀ ਤਲੀ 'ਤੇ ਰੱਖ, ਨਹੀਂ ਤਾਂ........। ਉਹਦੀਆਂ ਲਾਲ ਸੁਰਖ਼ ਅੱਖਾਂ ਅਤੇ ਡਗਮਗਾਉਂਦਾ ਸਰੀਰ ਹੱਡੀਆਂ ਦੀ ਮੁੱਠ ਬਣ ਕੇ ਰਹਿ ਗਿਐ। ਘਰ ਵਿੱਚ ਕੁਝ ਨਹੀਂ ਛੱਡਿਆ। ਉਹ ਮੱਥੇ 'ਤੇ ਹੱਥ ਧਰ ਕੇ ਡੂੰਘੀਆਂ ਸੋਚਾਂ ਵਿੱਚ ਰਸੋਈ ਵੱਲ ਵੱਧਦੀ ਹੈ। ਰਸੋਈ ਵਿੱਚ ਜਾ ਕੇ ਉਹਦੀ ਭੁੱਬ ਨਿੱਕਲ ਜਾਂਦੀ ਹੈ। ਚਾਹ ਵਾਲਾ ਬਰਤਨ ਰਸੋਈ ਵਿੱਚੋਂ ਗੁੰਮ ਹੈ। ਹਾਲਾਂ ਪਰਸੋਂ ਹੀ ਚਾਹ ਵਾਲਾ ਬਰਤਨ ਖ਼ਰੀਦਿਆ ਸੀ। ਚਾਹ ਵਾਲਾ ਅਤੇ ਖੰਡ ਵਾਲਾ ਡੱਬਾ ਵੀ ਭਾਂਅ ਭਾਂਅ ਕਰ ਰਿਹਾ ਸੀ। ਲੈ ਗਿਆ ਕੰਜਰਾਂ ਨੂੰ ਦੇਣ ਲਈ। ਬਦਲੇ ਵਿੱਚ ਚਿੱਟਾ ਲਵੇਗਾ ਪਰ ਇਉਂ ਕਿੰਨਾ ਕੁ ਚਿਰ ਚੱਲੂ ਇਹ ਸਾਰਾ ਕੁਝ ? ਹੁਣ ਤਾਂ ਕੰਧਾਂ ' ਲੱਗੀਆਂ ਚਾਰ ਇੱਟਾਂ ਹੀ ਰਹਿ ਗਈਆਂ, ਇਹ ਵੀ .......। ਡੰਗ ਮਾਰਦੀਆਂ ਸੋਚਾਂ ਨਾਲ ਪਰਲ ਪਰਲ ਰੰਝੂ ਉਹਦੇ ਚਿਹਰੇ ਨੂੰ ਭਿਉਂ ਰਹੇ ਸਨ। ਫਿਰ ਉਹ ਹੌਕਾ ਭਰ ਕੇ ਆਪਣੇ ਆਪ ਨੂੰ ਮੁਖ਼ਾਤਿਬ ਹੁੰਦੀ ਹੈ, ਤੜਕੇ ਤੜਕੇ ਕੀਹਤੋਂ ਮੰਗਣ ਜਾਵਾਂ ਇਹ ਨਿੱਕ ਸੁੱਕ ? ਥੋੜ੍ਹੇ ਚਿਰ ਨੂੰ ਘਰ ਵਾਲੇ ਅਤੇ ਸੱਸ ਦੀ ਅਵਾਜ਼ ਵੀ ਆ ਜਾਣੀ ਐ।

ਉਹ ਡੂੰਘੀ ਚਿੰਤਾ ਵਿੱਚ ਗੁਆਂਢਣ ਦੇ ਦਰ 'ਤੇ ਦਸਤਕ ਦਿੰਦੀ ਹੈ। ਅੱਥਰੂਆਂ ਭਿੱਜੀ ਆਵਾਜ਼ ਵਿੱਚ ਉਹ ਆਪਣੀ ਵਿਥਿਆ ਉਹਨੂੰ ਦੱਸਦੀ ਐ। ਗੁਆਂਢਣ ਉਸ ਨੂੰ ਹੌਂਸਲਾ ਦਿੰਦੀ ਹੈ। ਕੋਈ ਨਾ, ਰੋ ਨਾ। ਚਾਹ ਲਈ ਭਾਂਡਾ ਵੀ ਲੈ ਜਾ, ਖੰਡ ਅਤੇ ਚਾਹ ਪੱਤੀ ਵੀ। ਉਹ ਨੂੰ ਜਾਪਿਆ ਜਿਵੇਂ ਰੱਬ ਬਹੁੜ ਗਿਆ ਹੋਵੇ। ਚਾਹ ਵਾਲਾ ਬਰਤਨ ਲੈ ਕੇ ਉਹ ਚਾਹ ਧਰ ਦਿੰਦੀ ਹੈ। ਘਰ ਵਾਲੇ ਨੂੰ ਉਹ ਕੁਝ ਨਹੀਂ ਦੱਸਦੀ। ਸਾਰਾ ਦਿਨ ਕਲਪੂਗਾ ਇਹ। ਇਹਨੂੰ ਕਾਹਨੂੰ ਤੰਗ ਕਰਨੈ। ਜੇ ਚਿੰਤਾ ਵਿੱਚ ਬਿਮਾਰ ਹੋ ਗਿਆ, ਫਿਰ ਤਾਣੀ ਹੋਰ ਉਲਝੇਗੀ। ਇਹ ਸੋਚਦਿਆਂ ਉਹ ਦੜ ਵੱਟ ਜਾਂਦੀ ਹੈ। ਭਰੇ ਮਨ ਨਾਲ ਉਹ ਉਧਾਰ ਲਏ ਸਮਾਨ ਨਾਲ ਚਾਹ ਤਿਆਰ ਕਰਕੇ ਪਤੀ ਅਤੇ ਸੱਸ ਨੂੰ ਦੇ ਆਉਂਦੀ ਹੈ। ਪਰ ਉਹਦੇ ਅੰਦਰ ਗ਼ਮਗੀਨ ਸੋਚਾਂ ਦੇ ਪਾਏ ਖੌਰੂ ਕਾਰਨ ਚਾਹ ਦਾ ਘੁੱਟ ਉਹਦੇ ਅੰਦਰ ਨਹੀਂ ਲੰਘਦਾ। ਪਤੀ ਲਈ ਚਾਰ ਰੋਟੀਆਂ ਤਿਆਰ ਕਰਨ ਲਈ ਉਹ ਫਿਰ ਚੁੱਲ੍ਹੇ ਦੁਆਲੇ ਹੋ ਜਾਂਦੀ ਹੈ। ਅਚਾਰ ਨਾਲ ਰੋਟੀ ਪੋਣੇ ਵਿੱਚ ਲਪੇਟ ਕੇ ਉਹ ਘਰ ਵਾਲੇ ਦੇ ਸਾਈਕਲ ਦੀ ਟੋਕਰੀ ਵਿੱਚ ਰੱਖ ਦਿੰਦੀ ਹੈ। ਪਤੀ ਥੋੜ੍ਹੀ ਦੇਰ ਬਾਅਦ ਰਸੋਈ ਵਿੱਚ ਆਉਂਦਾ ਹੈ ਅਤੇ ਪਤਨੀ ਨੂੰ ਗ਼ਮਗੀਨ ਵੇਖ ਕੇ ਉਦਾਸ ਮਨ ਨਾਲ ਕਹਿੰਦਾ ਹੈ, ਕਿਧਰ ਗਿਆ ਕਰਮਾ ? ਦਿਖਾਈ ਨਹੀਂ ਦਿੰਦਾ ? ਪਹਿਲਾਂ ਉਹ ਗੁੰਮ ਸੁੰਮ ਰਹਿੰਦੀ ਹੈ ਅਤੇ ਫਿਰ ਉਸਦੀ ਭੁੱਬ ਨਿਕਲ ਜਾਂਦੀ ਹੈ। ਡੁੱਬ ਜਾਣੇ ਨੇ ਘਰ 'ਚ ਕੁਝ ਨਹੀਂ ਛੱਡਿਆ। ਮੇਰੀ ਪੇਟੀ ਖਾਲੀ ਕਰਤੀ। ਘਰ ਦਾ ਸਾਰਾ ਸਮਾਨ ਵੇਚ ਦਿੱਤਾ। ਹੁਣ ਜਿਹੜਾ ਤੂੰ ਪਰਸੋਂ ਚਾਹ ਵਾਲਾ ਪਤੀਲਾ ਲੈ ਕੇ ਆਇਆ ਸੀ, ਉਹ ਵੀ ਲੈ ਗਿਆ। ਨਾਲ ਖੰਡ ਤੇ ਚਾਹ ਵੀ। ਹੁਣ ਗੁਆਂਢੀਆਂ ਦਿਉਂ ਲਿਆ ਕੇ ਬੁੱਤਾ ਸਾਰਿਐ। ਕਿਧਰ ਨੂੰ ਜਾਈਏ ? ਜਿਉਣਾ ਦੁੱਭਰ ਹੋ ਗਿਆ। ਘਰ ਵਾਲੇ ਦੇ ਚਿਹਰੇ 'ਤੇ ਵੀ ਉਦਾਸੀ ਦੀ ਪਰਤ ਜੰਮ ਜਾਂਦੀ ਹੈ। ਕੋਈ ਨਹੀਂ, ਅੱਜ ਮੈਂ ਦਿਹਾੜੀ ਤੇ ਨਹੀਂ ਜਾਂਦਾ। ਇਹਦਾ ਕਰਦਾਂ ਕੋਈ ਬੰਨ੍ਹ ਸੁਬ੍ਹ।

ਉਹ ਭਰਿਆ ਪੀਤਾ ਅੱਠ ਮੀਲ ਦਾ ਪੈਂਡਾ ਤਹਿ ਕਰਕੇ ਪਹਿਲਾਂ ਪੁਲਿਸ ਸਟੇਸ਼ਨ ਪੁੱਜਦਾ ਹੈ। ਥਾਣੇ ਵਿੱਚ ਦੋ ਸਿਪਾਹੀ ਬੈਠੇ ਸਨ। ਬਜ਼ੁਰਗ ਦੇ ਪੁੱਛਣ 'ਤੇ ਉਨ੍ਹਾਂ ਨੇ ਦੱਸਿਆ ਕਿ ਅੱਜ ਮੰਤਰੀ ਜੀ ਨੇ ਆਉਣੈ। ਸਾਰੇ ਮੁਲਾਜ਼ਮਾਂ ਦੀ ਨਾਕਿਆਂ ਤੇ ਡਿਉਟੀ ਲੱਗੀ ਐ। ਇਥੇ ਤਾਂ ਬੱਸ ਅਸੀਂ ਦੋ ਹੀ ਹਾਂ । ਕਿਵੇਂ ਆਇਐਂ ? ਕੋਈ ਵਾਰਦਾਤ ਹੋ ਗਈ ? ਸਿਪਾਹੀ ਨੇ ਇੱਕੋ ਸਾਹੇ ਪੁੱਛਿਆ। ਉਹ ਆਪਣਾ ਦੁੱਖ ਦਸਦਿਆਂ ਭੁੱਬੀਂ ਰੋ ਪੈਂਦਾ ਹੈ। ਇਕਲੌਤੇ ਨਸ਼ਈ ਪੁੱਤ ਨੇ ਘਰ ਨੂੰ ਮੂਧੇ ਮੂੰਹ ਕਰ ਦਿੱਤਾ। ਘਰ 'ਚ ਕੁਝ ਨਹੀਂ ਛੱਡਿਆ। ਸਾਡੇ 'ਤੇ ਹੱਥ ਵੀ ਚੁੱਕਦੈ। ਗਲ-ਗੂਠਾ ਦੇ ਕੇ ਨਸ਼ਾ ਕਰਨ ਲਈ ਪੈਸੇ ਭਾਲਦੈ। ਭਲਾ, ਅਸੀਂ ਉਹਨੂੰ ਰੋਜ਼ ਕਿਥੋਂ ਦਈਏ ਰੋਕੜੀ ? ਹੁਣ ਸਾਨੂੰ ਆਪਣੀ ਜਾਨ ਦਾ ਖ਼ਤਰਾ ਹੈ। ਸਾਡਾ ਬਚਾਅ ਕਰੋ। ਸਿਪਾਹੀ ਇੱਕ ਟੁੱਕ ਜਵਾਬ ਦਿੰਦੈ, ਦੇਖ ਤੇਰੇ ਸਾਹਮਣੇ ਥਾਣਾ ਖਾਲੀ ਪਿਐ। ਥਾਣਾ ਛੱਡ ਕੇ ਕਿਵੇਂ ਜਾਈਏ ? ਇਉਂ ਕਰ, ਨੇੜੇ ਸਰਕਾਰੀ ਨਸ਼ਾ ਛੁਡਾਊ ਕੇਂਦਰ ਹੈ। ਉਨ੍ਹਾਂ ਨਾਲ ਗੱਲ ਕਰ। ਉਹ ਭਰੇ ਮਨ ਨਾਲ ਸਰਕਾਰੀ ਨਸ਼ਾ ਛੁਡਾਊ ਕੇਂਦਰ ਦਾ ਰੁਖ਼ ਕਰਦਾ ਹੈ। ਨਸ਼ਾ ਛੁਡਾਊ ਕੇਂਦਰ ਵਿੱਚ ਪਹੁੰਚਣ 'ਤੇ ਉਹ ਭਾਰੀ ਇਕੱਠ ਵੇਖ ਕੇ ਕਿਸੇ ਵਿਅਕਤੀ ਨੂੰ ਪੁੱਛਦਾ ਹੈ, ਕਿਵੇਂ ਐਥੇ ਐਨੀ ਭੀੜ ਐ ? ਪੁੱਛਣ ਵਾਲਾ ਵਿਅਕਤੀ ਜਵਾਬ ਦਿੰਦਾ ਹੈ, ਬਾਬਾ, ਇਹ ਸਾਰੇ ਅਮਲੀ ਨੇ। ਜੀਭ 'ਤੇ ਰੱਖਣ ਵਾਲੀ ਗੋਲੀ ਲੈਣ ਆਏ ਨੇ। ਐਨਾ ਕੁ ਅਮਲੀਆਂ ਦਾ ਮੇਲਾ ਤਾਂ ਇਥੇ ਰੋਜ਼ ਹੀ ਰਹਿੰਦੈ। ਅੱਕਿਆ ਜਿਹਾ ਉਹ ਲੰਮੀ ਕਤਾਰ ਵਿੱਚ ਜਾ ਖੜ੍ਹੋਂਦਾ ਹੈ। ਵਾਰੀ ਆਉਣ 'ਤੇ ਵਿੰਡੋ ਰਾਹੀਂ ਨਰਸ ਉਸਨੂੰ ਕਹਿੰਦੀ ਹੈ, ਲਿਆਉ ਆਪਣਾ ਕਾਰਡ ਉਹ ਭਮੰਤਰਿਆ ਜਿਹਾ ਜਵਾਬ ਦਿੰਦਾ ਹੈ, ਮੈਂ ਤਾਂ ਬੀਬੀ ਡਾਕਟਰ ਸਾਹਿਬ ਨੂੰ ਮਿਲਣੈ। ਮੇਰਾ ਮੁੰਡਾ ਨਸ਼ਾ ਕਰਦੈ। ਉਹਦੇ ਪਿੱਛੇ ਪੁੱਛਣੈ। ਫਿਰ ਬਾਬਾ ਦੂਜੇ ਗੇਟ ਜਾਉ। ਡਾਕਟਰ ਸਾਹਿਬ ਉਥੇ ਬੈਠਦੇ ਨੇ। ਉਥੋਂ ਨਿਕਲ ਕੇ ਉਹ ਦੂਸਰੇ ਗੇਟ ਜਾਂਦਾ ਹੈ। ਉਥੇ ਵੀ ਉਹ ਨੂੰ ਲੰਮੀ ਕਤਾਰ ਵਿੱਚ ਖੜ੍ਹੋਣਾ ਪਿਆ। ਉਹਦੀ ਵਾਰੀ ਆਉਣ 'ਤੇ ਉਹਨੇ ਡਾਕਟਰ ਨੂੰ ਕਿਹਾ, ਮੇਰਾ ਮੁੰਡਾ ਬਾਹਲਾ ਨਸ਼ਾ ਕਰਦੈ ਜੀ। ਉਹਨੂੰ ਨਰਕ ਵਿੱਚੋਂ ਕੱਢੋ। ਬਹੁਤ ਦੁਖੀ ਹਾਂ ਅਸੀਂ। ਮੁੰਡਾ ਕਿੱਥੇ ਐ ? ਡਾਕਟਰ ਨੇ ਪੁੱਛਿਆ। ਉਹ ਤਾਂ ਜੀ ਨਸ਼ਾ ਡੱਫਣ ਲਈ ਬਾਹਰ ਧੱਕੇ ਖਾਂਦਾ ਫਿਰਦੈ।

ਫਿਰ ਬਾਬਾ, ਇਲਾਜ ਤਾਂ ਅਸੀਂ ਮੁੰਡੇ ਦਾ ਕਰਨੈ। ਜੇ ਉਹ ਇਲਾਜ ਕਰਵਾਉਣਾ ਨਹੀਂ ਚਾਹੁੰਦਾ। ਫਿਰ ਭਲਾ ਅਸੀਂ ਧੱਕੇ ਨਾਲ ਇਲਾਜ ਕਿਵੇਂ ਕਰੀਏ ? ਤੁਸੀਂ ਮੁੰਡੇ ਨੂੰ ਲਿਆਓ। ਫਿਰ ਦੇਖਦੇ ਆਂ। ਇਹ ਕਹਿ ਕੇ ਉਸ ਦਾ ਧਿਆਨ ਦੂਜੇ ਨਸ਼ੱਈ ਮਰੀਜ਼ ਵੱਲ ਚਲਾ ਗਿਆ।

ਉਹ ਭਰਿਆ ਪੀਤਾ ਬਾਹਰ ਆ ਗਿਆ। ਉਸਨੂੰ 'ਯੁੱਧ ਨਸ਼ਿਆਂ ਵਿਰੁੱਧ' ਢਕਵੰਜ ਜਿਹਾ ਲੱਗਿਆ।

ਇੰਝ ਬਜ਼ੁਰਗ ਨੂੰ ਬੌਂਦਲਿਆ ਜਿਹਾ ਵੇਖ ਕੇ ਇੱਕ ਵਿਅਕਤੀ ਨੇ ਉਸ ਨੂੰ ਸਮਝਾਇਆ, ਇਹ ਤਾਂ ਉਨ੍ਹਾਂ ਦਾ ਇਲਾਜ ਕਰਦੇ ਨੇ ਜਿਹੜੇ ਆਪ ਚੱਲ ਕੇ ਆਉਣ ਜਾਂ ਫਿਰ ਪੁਲਿਸ ਵਾਲੇ ਲੈ ਕੇ ਆਉਣ। ਮੇਰੀ ਨਿਗਾਹ ਵਿੱਚ ਇਕ ਨਸ਼ਾ ਛੁਡਾਊ ਕੇਂਦਰ ਹੈਗਾ, ਪਰ ਉਹ ਇਲਾਜ ਲਈ ਰੁਪੱਈਆਂ ਦੇ ਬੁੱਕ ਮੰਗਦੇ ਨੇ।

ਕੋਈ ਨਹੀਂ, ਮੈਨੂੰ ਉਸ ਸੈਂਟਰ ਦਾ ਥਹੁ -ਦਸ ਦੇ। ਮੈਂ ਆਪਣਾ ਆਪ ਵੇਚ ਕੇ ਉਹਦਾ ਇਲਾਜ ਕਰਵਾਊਂਗਾ। ਉਸ ਵਿਅਕਤੀ ਨੇ ਬਜ਼ੁਰਗ ਨੂੰ ਉਸਦਾ ਥਹੁ-ਟਿਕਾਣਾ ਦੱਸ ਦਿੱਤਾ ਅਤੇ ਨਾਲ ਹੀ ਮੋਬਾਇਲ ਨੰਬਰ ਵੀ ਦੇ ਦਿੱਤਾ। ਬਜ਼ੁਰਗ ਦੇ ਮਿੰਨਤ ਕਰਨ 'ਤੇ ਉਸਨੇ ਸੈਂਟਰ ਵਾਲਿਆਂ ਨਾਲ ਮੋਬਾਇਲ ਮਿਲਾ ਕੇ ਗੱਲ ਕਰਨ ਲਈ ਕਿਹਾ। ਅੱਗਿਉਂ ਸੈਂਟਰ ਵਾਲੇ ਨੇ ਇਲਾਜ ਕਰਨ ਦੀ ਪੂਰੀ ਤਸੱਲੀ ਦਿੱਤੀ। ਖ਼ਰਚ ਪੰਦਰਾਂ ਹਜ਼ਾਰ ਰੁਪਏ ਪ੍ਰਤੀ ਮਹੀਨਾ ਅਤੇ ਪਿੰਡੋਂ ਉਸਨੂੰ ਲਿਆਉਣ ਦਾ ਅੱਠ ਹਜ਼ਾਰ ਵੱਖਰਾ ਲੈਣ ਸਬੰਧੀ ਦੱਸਿਆ। ਬਜ਼ੁਰਗ ਨੇ ਹੌਕਾ ਭਰ ਕੇ ਕਿਹਾ, ਕੋਈ ਨਹੀਂ ਜੀ, ਪੈਸਿਆਂ ਦਾ ਬੰਦੋਬਸਤ ਕਰਕੇ ਥੋਨੂੰ ਦੱਸਦੇ ਆਂ। ਇਸ ਖਲਜਗਨ ਵਿੱਚ ਹੀ ਉਸਦੀ ਅੱਧੀ ਦਿਹਾੜੀ ਲੱਗ ਗਈ। ਫਿਰ ਉਹ ਪੈਸਿਆਂ ਦੇ ਜੁਗਾੜ ਲਈ ਦਰ ਦਰ ਭਟਕਿਆ। ਕਈ ਥਾਵਾਂ 'ਤੇ ਹੱਥ ਟੱਡੇ। ਪਰ ਕਿਤੋਂ ਖੈਰ ਨਹੀਂ ਪਈ। ਆਖ਼ਰ ਉਹ ਪਿੰਡ ਦੇ ਸਰਦਾਰ ਕੋਲ ਗਿਆ। ਸਰਦਾਰ ਨੇ ਮੁੰਡੇ ਦੇ ਇਲਾਜ ਦਾ ਖਰਚਾ ਤਾਂ ਓਟ ਲਿਆ, ਪਰ ਨਾਲ ਹੀ ਇਹ ਵੀ ਸ਼ਰਤ ਲਾ ਦਿੱਤੀ ਕਿ ਬਦਲੇ ਵਿੱਚ ਤੈਨੂੰ ਖੇਤ ਅਤੇ ਤੇਰੀ ਪਤਨੀ ਨੂੰ ਕੋਠੀ ਕੰਮ ਕਰਨਾ ਪਵੇਗਾ। ਥੋਡੀ ਦੋਨਾਂ ਦੀ ਅਤੇ ਤੇਰੀ ਮਾਂ ਦੀ ਰੋਟੀ ਦਾ ਜੁਗਾੜ ਵੀ ਅਸੀਂ ਕਰ ਦੇਵਾਂਗੇ। ਮੁੰਡੇ ਦੇ ਇਲਾਜ ਲਈ ਪਹਿਲੀ ਕਿਸ਼ਤ ਦੀ ਅਦਾਇਗੀ ਲਈ ਸਰਦਾਰ ਨੇ ਤੀਹ ਹਜ਼ਾਰ ਰੁਪਏ ਉਸ ਨੂੰ ਦੇ ਦਿੱਤੇ। ਉਸਨੇ ਸਰਦਾਰ ਦੇ ਹੱਥ ਜੋੜਦਿਆਂ ਕਿਹਾ, ਕੱਲ੍ਹ ਨੂੰ ਅਸੀਂ ਮੁੰਡੇ ਨੂੰ ਸੈਂਟਰ ਚੁਕਾ ਦਿਆਂਗੇ ਅਤੇ ਪਰਸੋਂ ਨੂੰ ਮੈਂ ਅਤੇ ਘਰ ਵਾਲੀ ਥੋਡੀ ਸੇਵਾ ਵਿੱਚ ਹਾਜ਼ਰ ਹੋ ਜਾਵਾਂਗੇ। ਸਰਦਾਰ ਦੇ ਫੋਨ ਤੋਂ ਹੀ ਉਸਨੇ ਸੈਂਟਰ ਵਾਲਿਆਂ ਨੂੰ ਆਉਣ ਦਾ ਸੁਨੇਹਾ ਦੇ ਦਿੱਤਾ। ਜਵਾਬ ਵਿੱਚ ਸੈਂਟਰ ਵਾਲਿਆਂ ਵੱਲੋਂ ਬਜ਼ੁਰਗ ਦਾ ਐਡਰੈਸ ਲਿਖਣ ਤੋਂ ਪਿੱਛੋਂ ਕਿਹਾ ਕਿ ਅਸੀਂ ਸਵੇਰੇ ਚਾਰ ਵਜੇ ਉਸਨੂੰ ਸੁੱਤੇ ਪਏ ਨੂੰ ਚੁੱਕਾਂਗੇ। ਤੁਸੀਂ ਬੂਹਾ ਖੋਲ੍ਹ ਦੇਣਾ। ਅਗਲੇ ਦਿਨ ਸਵੇਰੇ ਹੀ ਪੁਲਿਸ ਦੇ ਛਾਪੇ ਮਾਰਨ ਵਾਂਗ ਪੰਜ ਛੇ ਮੁੰਡੇ ਡਾਂਗਾਂ ਨਾਲ ਲੈੱਸ ਬਜ਼ੁਰਗ ਦੇ ਘਰ ਪੁੱਜ ਗਏ। ਬਜ਼ੁਰਗ ਨੇ ਉਸ ਦੇ ਮੰਜੇ ਵੱਲ ਇਸ਼ਾਰਾ ਕਰ ਦਿੱਤਾ। ਮੁੰਡਿਆ ਨੇ ਉਸ ਨੂੰ ਉਠਾਇਆ ਅਤੇ ਫਿਰ ਥੱਪੜਾਂ ਨਾਲ ਉਸ ਨੂੰ ਬੁੰਦਲਾ ਦਿੱਤਾ। ਉਸ ਨੂੰ ਸੋਚਣ ਦਾ ਮੌਕਾ ਹੀ ਨਹੀਂ ਦਿੱਤਾ। ਉਸ ਨੂੰ ਧੱਕੇ ਨਾਲ ਕਾਰ 'ਚ ਲੈ ਗਏ। ਜਾਂਦੇ ਹੋਏ ਬਜ਼ੁਰਗ ਤੋਂ ਤੇਈ ਹਜ਼ਾਰ ਰੁਪਏ ਵੀ ਲੈ ਗਏ । ਬੂਹਾ ਖੋਲ੍ਹ ਕੇ ਉਹ ਭਰੇ ਮਨ ਨਾਲ ਜਾਂਦੀ ਕਾਰ ਵੱਲ ਵਿਹੰਦੇ ਰਹੇ ਅਤੇ ਫਿਰ ਦੋਨੋਂ ਹੀ ਇਕ ਦੂਜੇ ਦੇ ਗਲ ਲੱਗ ਕੇ ਭੁੱਬੀਂ ਰੋ ਪਏ।

## ਮਿੰਨੀ ਕਹਾਣੀ

# ਤੀਜ ਦੀ ਪੀਂਘ

ਡਾ. ਸੱਤਿਆਵਾਨ ਸੌਰਭ

ਸਾਉਣ ਦਾ ਮੀਂਹ, ਖੇਤਾਂ ਦੀ ਹਰਿਆਲੀ, ਪਿੱਪਲ ਦੇ ਰੁੱਖ 'ਤੇ ਝੂਲੇ ਅਤੇ ਔਰਤਾਂ ਦੇ ਗੀਤਾਂ ਦੀ ਗੂੰਜ। ਇਹ ਸਭ ਮਿਲ ਕੇ ਤੀਜ ਨੂੰ ਸਿਰਫ਼ ਇੱਕ ਤਿਉਹਾਰ ਨਹੀਂ ਸਗੋਂ ਇੱਕ ਭਾਵਨਾਤਮਕ ਅਨੁਭਵ ਬਣਾਉਂਦੇ ਹਨ। ਹਰ ਔਰਤ ਦੇ ਜੀਵਨ ਵਿੱਚ ਤੀਜ ਦੀ ਆਪਣੀ ਕਹਾਣੀ ਹੁੰਦੀ ਹੈ- ਕੁਝ ਲਈ ਇਹ ਸਜਣ ਧਜਣ ਦਾ ਮੌਕਾ ਦੇਣ ਵਾਲਾ ਤਿਉਹਾਰ ਹੈ, ਕੁਝ ਲਈ ਇਹ ਯਾਦਾਂ ਦਾ ਝੂਲਾ ਹੈ ਅਤੇ ਕੁਝ ਲਈ ਖ਼ੁਦ ਨੂੰ ਦੁਬਾਰਾ ਪਛਾਣਨ ਦਾ ਮੌਕਾ।

ਇਹ ਰਾਧਾ ਦੀ ਕਹਾਣੀ ਹੈ, ਜੋ ਪਰੰਪਰਾਵਾਂ ਦਰਮਿਆਨ ਆਪਣੀ ਆਵਾਜ਼ ਲੱਭਦੀ ਹੈ। ਇਹ ਮਾਂ-ਧੀ ਦੇ ਰਿਸ਼ਤੇ, ਸਹੁਰਿਆਂ ਦੇ ਰੀਤੀ-ਰਿਵਾਜਾਂ ਅਤੇ ਇੱਕ ਔਰਤ ਦੇ ਸਵੈਮਾਣ ਦੀ ਵੀ ਕਹਾਣੀ ਹੈ।

ਪਿੰਡ ਦੇ ਪੂਰਬੀ ਸਿਰੇ 'ਤੇ ਪਿੱਪਲ ਦਾ ਦਰੱਖਤ ਸੀ - ਬਹੁਤ ਪੁਰਾਣਾ, ਬਹੁਤ ਵੱਡਾ। ਜਿਉਂ ਹੀ ਮੀਂਹ ਦੀਆਂ ਪਹਿਲੀਆਂ ਬੂੰਦਾਂ ਡਿੱਗਦੀਆਂ, ਉਸ 'ਤੇ ਪੀਂਘਾਂ ਪਾ ਦਿੱਤੀਆਂ ਜਾਂਦੀਆਂ। ਪਿੰਡ ਦੀਆਂ ਔਰਤਾਂ ਲਾਲ ਅਤੇ ਹਰੀਆਂ ਸਾੜੀਆਂ ਪਹਿਨ ਕੇ ਝੂਲਦੀਆਂ ਅਤੇ ਗੀਤ ਗਾਉਂਦੀਆਂ ਸਨ।

ਰਾਧਾ ਦੀ ਮਾਂ ਸ਼ਾਰਦਾ ਦੇਵੀ ਹਰ ਸਾਲ ਇਸ ਰੁੱਖ 'ਤੇ ਇੱਕ ਪੀਂਘ ਪਾਉਂਦੀ। ਰਾਧਾ ਆਪਣੀਆਂ ਸਹੇਲੀਆਂ ਨਾਲ ਘੰਟਿਆਂਬੱਧੀ ਪੀਂਘ ਝੂਟਦੀ ਰਹਿੰਦੀ। ਸਾਉਣ ਦੇ ਦਿਨ, ਗੁਜੀਆ ਦੀ ਮਿਠਾਸ ਅਤੇ ਮਾਂ ਦੇ ਹੱਥਾਂ ਦੀ ਮਹਿੰਦੀ ਰਾਧਾ ਦੇ ਬਚਪਨ ਦੀਆਂ ਯਾਦਾਂ ਸਨ।

ਹੁਣ ਉਹ ਸਭ ਬੀਤੇ ਸਮੇਂ ਦੀ ਗੱਲ ਸੀ।

ਰਾਧਾ ਦਾ ਵਿਆਹ ਤਿੰਨ ਸਾਲ ਪਹਿਲਾਂ ਸ਼ਹਿਰ ਦੇ ਇੱਕ ਅਮੀਰ ਪਰਿਵਾਰ ਵਿੱਚ ਹੋਇਆ। ਉਸ ਦਾ ਪਤੀ ਬਹੁਤ ਵਧੀਆ ਸੀ, ਪਰ ਉਸ ਦੇ ਸਹੁਰੇ ਪੁਰਾਣੇ ਖ਼ਿਆਲਾਂ ਦੇ ਸਨ। ਉਨ੍ਹਾਂ ਨੂੰ ਆਪਣੀ ਨੂੰਹ ਨੂੰ ਉਸ ਦੇ ਮਾਪਿਆਂ ਦੇ ਘਰ ਭੇਜਣਾ ਪਸੰਦ ਨਹੀਂ ਸੀ। ਉਨ੍ਹਾਂ ਨੂੰ ਲੱਗਦਾ ਸੀ ਕਿ ਨੂੰਹਾਂ ਆਪਣੇ ਮਾਪਿਆਂ ਦੇ ਘਰ ਜਾਣ ਤੋਂ ਬਾਅਦ ਭਟਕ ਜਾਂਦੀਆਂ ਹਨ।

ਤਿੰਨ ਸਾਲਾਂ ਵਿੱਚ ਰਾਧਾ ਨੂੰ ਤੀਜ ਮੌਕੇ ਆਪਣੇ ਮਾਪਿਆਂ ਦੇ ਘਰ ਜਾਣ ਦੀ ਇਜਾਜ਼ਤ ਨਹੀਂ ਸੀ।

ਹਰ ਸਾਲ ਸਾਉਣ ਮਹੀਨੇ ਸ਼ਾਰਦਾ ਦੇਵੀ ਆਪਣੇ ਵਿਹੜੇ ਵਿੱਚ ਪੀਂਘ ਪਾਉਂਦੀ। ਇਸ ਸਾਲ ਵੀ ਸਾਉਣ ਮਹੀਨੇ ਪਿੰਡ ਦੀਆਂ ਔਰਤਾਂ ਪੀਲੀਆਂ ਅਤੇ ਹਰੇ ਰੰਗ ਦੀਆਂ ਸਾੜੀਆਂ ਪਹਿਨ ਰਹੀਆਂ ਸਨ। ਪੀਂਘਾਂ 'ਤੇ ਗੀਤਾਂ ਦੀ ਗੂੰਜ ਸੀ, ਪਰ ਸ਼ਾਰਦਾ ਦੇਵੀ ਦੇ ਵਿਹੜੇ ਵਿੱਚ ਸਿਰਫ਼ ਚੁੱਪ ਸੀ।

ਸ਼ਾਮ ਨੂੰ ਉਸ ਨੇ ਗੁਜੀਆ ਤਾਂਬੇ ਦੀ ਪਲੇਟ ਵਿੱਚ ਸਜਾਇਆ, ਘੇਵਰ ਉੱਤੇ ਕਰੀਮ ਪਾਈ ਅਤੇ ਇੱਕ ਛੋਟੇ ਕਟੋਰੇ ਵਿੱਚ ਸਿੰਧੂਰ ਰੱਖਿਆ।

"ਇਸ ਵਾਰ ਰਾਧਾ ਜ਼ਰੂਰ ਆਵੇਗੀ," ਉਸ ਨੇ ਆਪਣੇ ਆਪ ਨੂੰ ਕਿਹਾ।

ਪਰ ਕੋਈ ਗੱਡੀ ਨਾ ਆਈ ਅਤੇ ਕੋਈ ਸੁਨੇਹਾ ਨਹੀਂ, ਕੋਈ ਫੋਨ ਕਾਲ ਵੀ ਨਹੀਂ।

ਹਰ ਸਾਲ ਵਾਂਗ, ਇਸ ਸਾਲ ਵੀ ਨਜ਼ਰਾਂ ਦਰਵਾਜ਼ੇ ਵੱਲ ਲੱਗੀਆਂ ਰਹੀਆਂ।

ਰਾਧਾ ਬੇਚੈਨ ਸੀ। ਉਸ ਦੀ ਸੱਸ ਨੇ ਸਵੇਰੇ ਹੀ ਕਿਹਾ ਸੀ, "ਜੇ ਤੂੰ ਤੀਜ ਦਾ ਵਰਤ ਰੱਖਣਾ ਚਾਹੁੰਦੀ ਏਂ ਤਾਂ ਜ਼ਰੂਰ ਰੱਖ, ਪਰ ਆਪਣੀ ਮਾਂ ਦੇ ਘਰ ਜਾਣ ਬਾਰੇ ਸੋਚਣਾ ਵੀ ਨਹੀਂ। ਅਸੀਂ ਮੂਰਖ ਹਾਂ ਜੋ ਹਰ ਸਾਲ ਆਪਣੀ ਨੂੰਹ ਨੂੰ ਭੇਜ ਦੇਈਏ! ਸਿਰਫ਼ ਆਪਣੇ ਸਹੁਰੇ ਘਰ ਹੀ ਕੱਪੜੇ ਪਾ ਲਵੀਂ।"

ਰਾਧਾ ਨੇ ਚੁੱਪਚਾਪ ਆਪਣੀ ਸਾੜੀ ਮੋੜ ਲਈ, ਮਹਿੰਦੀ ਦਾ ਡੱਬਾ ਚੁੱਕਿਆ ਅਤੇ ਛੱਤ 'ਤੇ ਚਲੀ ਗਈ। ਪਰ ਉਸ ਨੂੰ ਖ਼ਿਆਲਾਂ ਵਿੱਚ ਸਿਰਫ਼ ਆਪਣੀ ਮਾਂ ਦੀਆਂ ਉਡੀਕਦੀਆਂ ਅੱਖਾਂ ਅਤੇ ਪਿੱਪਲ 'ਤੇ ਪਾਈ ਪੀਂਘ ਦਿਸ ਰਹੀ ਸੀ।

ਅੰਤ ਵਿੱਚ ਰਾਧਾ ਨੇ ਫ਼ੈਸਲਾ ਕਰ ਲਿਆ। ਆਪਣੇ ਸਹੁਰਿਆਂ ਨੂੰ ਦੱਸੇ ਬਿਨਾਂ, ਆਪਣੇ ਪਤੀ ਲਈ ਵੀ ਸੁਨੇਹਾ ਛੱਡੇ ਬਿਨਾਂ ਰਾਧਾ ਆਪਣੇ ਪਿੰਡ ਚਲੀ ਗਈ। ਉਸ ਨੇ ਪੁਰਾਣੀ ਸਾੜੀ ਪਹਿਨੀ ਹੋਈ ਸੀ, ਮੋਢੇ ਇੱਕ ਛੋਟਾ ਜਿਹਾ ਬੈਗ ਸੀ। ਕੋਈ ਗਹਿਣੇ ਨਹੀਂ, ਕੋਈ ਦਿਖਾਵਾ ਨਹੀਂ। ਉਸ ਦੇ ਦਿਲ ਵਿੱਚ ਸਿਰਫ਼ ਇੱਕ ਇੱਛਾ ਸੀ: ਆਪਣੀ ਮਾਂ ਦੀ ਗੋਦ ਵਿੱਚ ਤੀਜ ਮਨਾਉਣ ਦੀ।

ਬੱਸ ਬਦਲਦਿਆਂ ਅਤੇ ਖੇਤਾਂ ਵਿੱਚੋਂ ਲੰਘਦਿਆਂ ਰਾਧਾ ਨੇ ਕਈ ਹੋਰ ਔਰਤਾਂ ਨੂੰ ਦੇਖਿਆ। ਉਨ੍ਹਾਂ ਵਿੱਚੋਂ ਕੁਝ ਆਪਣੇ ਪਤੀਆਂ ਨਾਲ ਅਤੇ ਕੁਝ ਆਪਣੇ ਦੋਸਤਾਂ ਨਾਲ ਸਨ। ਸਾਰਿਆਂ ਦੇ ਚਿਹਰਿਆਂ 'ਤੇ ਮੌਨਸੂਨ ਦੀ ਮੁਸਕਰਾਹਟ ਸੀ, ਪਰ ਰਾਧਾ ਦੀ ਮੁਸਕਰਾਹਟ ਥੋੜ੍ਹੀ ਡਰੀ ਹੋਈ ਸੀ।

ਪਿੰਡ ਪਹੁੰਚਣ ਸਾਰ ਰਾਧਾ ਸਿੱਧੀ ਪਿੱਪਲ ਦੇ ਦਰੱਖਤ ਵੱਲ ਗਈ, ਪਰ ਉੱਥੇ ਨਾ ਤਾਂ ਕੋਈ ਝੂਲਾ ਸੀ ਅਤੇ ਨਾ ਹੀ ਕੋਈ ਹਾਸਾ।

"ਮਾਂ!" ਜਿਉਂ ਹੀ ਆਵਾਜ਼ ਆਈ, ਸ਼ਾਰਦਾ ਦੇਵੀ ਰਸੋਈ ਵਿੱਚੋਂ ਬਾਹਰ ਭੱਜ ਆਈ।

ਕੁਝ ਪਲਾਂ ਲਈ ਮਾਂ ਧੀ ਦੋਵੇਂ ਇੱਕ ਦੂਜੇ ਵੱਲ ਵੇਖਦੀਆਂ ਰਹੀਆਂ। ਫਿਰ ਸ਼ਾਰਦਾ ਦੇਵੀ ਨੇ ਰਾਧਾ ਨੂੰ ਜੱਫੀ ਪਾ ਲਈ।

"ਧੀਏ... ਤੂੰ ਆ ਗਈ!"

ਰਾਧਾ ਦੀਆਂ ਅੱਖਾਂ 'ਚੋਂ ਹੰਝੂ ਵਗਣ ਲੱਗ ਪਏ- ਉਹ ਹੰਝੂ ਜੋ ਤਿੰਨ ਦਿਨਾਂ ਤੋਂ ਰੋਕੇ ਹੋਏ ਸਨ।

ਰਾਧਾ ਨੇ ਫਿਰ ਵਿਹੜਾ ਸਜਾਇਆ। ਮਾਂ ਨੇ ਪਿੱਪਲ ਦੇ ਦਰੱਖਤ 'ਤੇ ਪੀਂਘ ਪਾਈ। ਰਾਧਾ ਨੇ ਪੀਂਘ ਝੂਟੀ, ਗੀਤ ਗਾਏ, ਗੁਜੀਆ ਖਾਧਾ ਅਤੇ ਆਪਣੇ ਚੀਰ 'ਚ ਸਿੰਧੂਰ ਭਰ ਲਿਆ।

ਮਾਂ ਨੇ ਰੱਖੜੀ ਵਾਂਗ ਉਸ ਦੇ ਗੁੱਟ 'ਤੇ ਹਰੀਆਂ ਚੂੜੀਆਂ ਪਾਈਆਂ ਅਤੇ ਕਿਹਾ, "ਤੇਰੇ ਆਉਣ ਨਾਲ ਮੇਰੀ ਤੀਜ ਮੁਕੰਮਲ ਹੋ ਗਈ ਹੈ। ਧੀਆਂ ਤਿਉਹਾਰ ਲੈ ਕੇ ਆਉਂਦੀਆਂ ਹਨ ਅਤੇ ਤੂੰ ਮੇਰੇ ਸਾਹ ਆਪਣੇ ਨਾਲ ਲੈ ਆਈ ਏਂ।"

ਪਹਿਲੀ ਵਾਰ ਰਾਧਾ ਨੂੰ ਅਹਿਸਾਸ ਹੋਇਆ ਕਿ ਤੀਜ ਦਾ ਅਸਲੀ ਸ਼ਿੰਗਾਰ ਮਾਂ ਸਦਕਾ ਹੁੰਦਾ ਹੈ।

ਤੀਜ ਦੀ ਰਾਤ ਨੂੰ ਰਾਧਾ ਨੇ ਆਪਣੀ ਮਾਂ ਨੂੰ ਕਿਹਾ, "ਮੰਮੀ, ਕੀ ਮੈਨੂੰ ਵਾਪਸ ਜਾਣਾ ਚਾਹੀਦਾ ਹੈ? ਕੀ ਇਹ ਗਲਤ ਸੀ?"

ਸ਼ਾਰਦਾ ਦੇਵੀ ਨੇ ਰਾਧਾ ਦੇ ਮੱਥੇ ਨੂੰ ਚੁੰਮਿਆ ਅਤੇ ਕਿਹਾ, "ਧੀਏ, ਤੀਜ ਸਿਰਫ਼ ਪਤੀ ਦੀ ਲੰਮੀ ਉਮਰ ਲਈ ਰੱਖਿਆ ਜਾਣ ਵਾਲਾ ਵਰਤ ਨਹੀਂ। ਇਹ ਇੱਕ ਔਰਤ ਦੀਆਂ ਭਾਵਨਾਵਾਂ, ਉਸ ਦੇ ਰਿਸ਼ਤਿਆਂ ਅਤੇ ਉਸ ਦੀ ਪਛਾਣ ਦਾ ਜਸ਼ਨ ਹੈ। ਜੇਕਰ ਕੋਈ ਔਰਤ ਆਪਣੀ ਖ਼ੁਸ਼ੀ ਲਈ ਕੋਈ ਕਦਮ ਚੁੱਕਦੀ ਹੈ ਤਾਂ ਇਹ ਗ਼ਲਤ ਨਹੀਂ- ਹਿੰਮਤ ਹੈ। ਤੂੰ ਵਾਪਸ ਜਾਵੀਂ, ਪਰ ਆਪਣਾ ਸਿਰ ਝੁਕਾ ਕੇ ਨਹੀਂ ਸਗੋਂ ਸਿਰ ਉੱਚਾ ਕਰਕੇ।"

ਤੀਜ ਦੀ ਅਗਲੀ ਸਵੇਰ ਰਾਧਾ ਨੇ ਆਪਣੀ ਮਾਂ ਨੂੰ ਜੱਫੀ ਪਾ ਕੇ ਅਲਵਿਦਾ ਕਿਹਾ। ਇਸ ਵਾਰ ਉਸ ਦੇ ਹੱਥ ਵਿੱਚ ਨਾ ਸਿਰਫ਼ ਇੱਕ ਬੈਗ ਸੀ ਸਗੋਂ ਉਸ ਦੇ ਦਿਲ ਵਿੱਚ ਵਿਸ਼ਵਾਸ ਵੀ ਸੀ।

ਪਿੰਡ ਦੇ ਰਸਤੇ 'ਤੇ ਤੁਰਦਿਆਂ ਰਾਧਾ ਨੇ ਪਿੱਪਲ ਦਾ ਦਰੱਖਤ ਦੇਖਿਆ। ਪੀਂਘ ਹਵਾ ਵਿੱਚ ਝੂਲ ਰਹੀ ਸੀ ਜਿਵੇਂ ਉਸ ਨੂੰ ਆਸ਼ੀਰਵਾਦ ਦੇ ਰਹੀ ਹੋਵੇ।

ਤੀਜ ਹੁਣ ਰਾਧਾ ਲਈ ਸਿਰਫ਼ ਵਰਤ ਰੱਖਣ ਦਾ ਦਿਨ ਨਹੀਂ ਰਿਹਾ ਸੀ। ਇਹ ਇੱਕ ਸੰਕਲਪ ਬਣ ਗਿਆ ਸੀ - ਆਪਣੇ ਆਪ ਨੂੰ ਸਮਝਣ, ਆਪਣੀ ਮਾਂ ਨੂੰ ਮਿਲਣ ਅਤੇ ਆਪਣੀਆਂ ਭਾਵਨਾਵਾਂ ਨੂੰ ਪ੍ਰਗਟ ਕਰਨ ਦਾ।

ਇਹ ਹਰ ਉਸ ਔਰਤ ਦੀ ਕਹਾਣੀ ਹੈ ਜੋ ਤੀਜ 'ਤੇ ਸਿਰਫ਼ ਸਜਦੀ ਸੰਵਰਦੀ ਹੀ ਨਹੀਂ ਕਰਦੀ ਸਗੋਂ ਸਵੈ-ਮਾਣ ਵੀ ਰੱਖਦੀ ਹੈ।

# ਮੇਰੀ ਕਲਮ

## ਇਹੀ ਡਰ ਲੱਗਾ ਰਹੇ...

ਡਾ. ਲਾਭ ਸਿੰਘ ਖੀਵਾ

ਕੋਈ ਨਾ ਖ਼ਰੀਦੇ ਫੇਰ, ਵਿਕੇ ਹੋਏ ਬੰਦੇ ਨੂੰ।
ਕਰੇ ਨਾ ਸਲਾਮ ਕੋਈ, ਝੁਕੇ ਹੋਏ ਝੰਡੇ ਨੂੰ।
ਕਿਸੇ ਕਿਸੇ ਕਿਸੇ ਨੂੰ, ਉੱਡ ਗਲ਼ੇ ਲਾਈਦਾ।
ਕਿਸੇ ਵੱਲ ਪਿੱਠ ਫੇਰ, ਕੋਲੋਂ ਲੰਘ ਜਾਈਦਾ।
ਚੁੰਮਿਆ ਨਾ ਜਾਂਦਾ ਕਦੇ, ਪੈਰ ਚੁਭੇ ਕੰਡੇ ਨੂੰ।
ਕੁਝ ਵੀ ਸਥਾਈ ਨਹੀਂ, ਇਸ ਕਾਇਨਾਤ 'ਚ।
ਜਾਨੀ ਸ਼ਾਮ ਤੱਕ ਦਾ, ਰੰਗਲੀ ਬਰਾਤ 'ਚ।
ਪਿੰਡ ਪਿੱਛੋਂ ਯਾਦ ਰੱਖੂ, ਕੀਤੇ ਚੰਗੇ-ਮੰਦੇ ਨੂੰ।
ਜ਼ਮੀਰਾਂ ਨਾ ਸੰਭਾਲੀਆਂ, ਜ਼ਮੀਨਾਂ ਨਾ ਸੰਭਾਲੀਆਂ।
ਅਣਖੀ ਪੰਜਾਬ ਨੇ, ਵਿਦੇਸ਼ ਠੋਹੀਆਂ ਭਾਲੀਆਂ।
ਉੱਡ ਗਿਆ ਚੋਗ ਲਈ, ਮਿਹਣਾ ਕੀ ਪਰਿੰਦੇ ਨੂੰ ?
ਕੋੜਮੇ ਦੇ ਕੱਟੇ-ਵੱਛੇ, ਮੋਟੇ-ਭਾਰੇ ਕਰਕੇ।
ਆਉਣ ਵਾਲੀ ਪੀੜ੍ਹੀ ਲਈ, ਗੁਦਾਮ-ਕੋਠੇ ਭਰ ਕੇ।
ਫੇਰ ਵੀ ਸੇਵਾ ਕਹਿੰਦੇ, ਸਿਆਸਤ ਦੇ ਧੰਦੇ ਨੂੰ।
ਇਸ਼ਾਰਾ ਕਿਸੇ ਹੋਰ ਦਾ, ਨਾਅਰਾ ਕਿਸੇ ਹੋਰ ਦਾ,
ਰਾਖੇ ਸਾਡੇ ਧੀਆਂ-ਪੁੱਤ, ਮਾਲ ਕਿਸੇ ਚੋਰ ਦਾ।
ਗੰਜਿਆਂ ਦੀ ਭੀੜ ਕਹਿੰਦੀ ਮੋਹਰ ਲਾਇਓ ਕੰਘੇ ਨੂੰ।
ਅੱਜ ਅਸਮਾਨੇ ਜਿਹੜੀ, ਗੁੱਡੀ ਚੜ੍ਹੀ ਹੋਈ ਹੈ।
ਉਹਨੂੰ ਵੀ ਪਤਾ ਹੈ, ਡੋਰ ਕੀਹਨੇ ਫੜੀ ਹੋਈ ਹੈ।
ਦੋਵਾਂ ਦਾ ਸਹੇਲਪੁਣਾ ਦਿਸਦਾ ਹੈ ਅੰਧੇ ਨੂੰ।
ਪੱਤੀ ਪੱਤੀ ਕਰਕੇ, ਹੁਸਨ ਖੋਹਿਆ ਫੁੱਲ ਦਾ।
ਪੰਜ ਆਬਾਂ ਵਾਲਿਆ, ਤੂੰ ਪਾਣੀ ਪੀਦਾ ਮੁੱਲ ਦਾ।
ਵਰਤ ਗਿਆ ਸ਼ਿਕਾਰੀ ਕੋਈ, ਤੇਰੇ ਸੁੰਨੇ ਕੰਧੇ ਨੂੰ।
ਭਾਵੇਂ ਕੁੱਜਾ ਟੁੱਟ ਜਾਵੇ, ਬੰਦਾ ਵੱਖ ਕਰੇ ਨਾ।
ਤੇਰੇ ਵਿੱਚੋਂ ਨਾਬਰੀ, ਪੰਜਾਬ ਸਿਆਂ ਮਰੇ ਨਾ।
ਇਹੀ ਡਰ ਲੱਗਾ ਰਹੇ, ਅੱਜ ਦੇ 'ਔਰੰਗੇ' ਨੂੰ।

## ਬਾਪ ਜਿਹਾ ਕਿਰਦਾਰ

ਸੁੱਚਾ ਸਿੰਘ ਪਸਨਾਵਾਲ



ਫੁੱਲ ਹੋਰ ਵੀ ਬੇਸ਼ੱਕ ਨੇ ਬੜੇ ਸੋਹਣੇ,
ਗੁਲਾਬ ਵਰਗਾ ਨਾ ਖੁਸ਼ਬੂਦਾਰ ਹੋਵੇ।
ਨਗ ਲੱਖਾਂ ਜੜਾ ਲਉ ਗਹਿਣਿਆਂ ਵਿੱਚ,
ਹੀਰੇ ਜਿਹਾ ਨਾ ਕੋਈ ਚਮਕਦਾਰ ਹੋਵੇ।
ਰਿਸ਼ਤੇ ਜੱਗ 'ਤੇ ਭਾਵੇਂ ਹਜ਼ਾਰ ਹੋਵਣ,
ਪਿਓ ਵਰਗਾ ਨਾ ਮਦਦਗਾਰ ਹੋਵੇ।
ਤਾਏ ਚਾਚੇ ਬੇਸ਼ੱਕ ਹੋਣ ਜਿੰਨੇ ਮਰਜ਼ੀ,
ਬਾਪ ਜਿਹਾ ਨਾ ਕਿਤੇ ਕਿਰਦਾਰ ਹੋਵੇ।
ਲੱਖਾਂ ਕਰੋੜਾਂ ਵਿੱਚ ਭਾਵੇਂ ਖੇਡੇ ਬੰਦਾ,
ਮਾਂ ਪਿਓ ਦਾ ਸਦਾ ਕਰਜ਼ਦਾਰ ਹੋਵੇ।
ਮਨ ਨੀਵਾਂ ਤੇ ਸੋਚ ਨੂੰ ਉੱਚੀ ਰੱਖੀਏ,
ਸੋਚ ਉੱਚੀ ਨਾਲ ਚੰਗਾ ਵਿਹਾਰ ਹੋਵੇ।
ਮੁਰੀਦ ਦਿਲ ਦੇ ਭਾਵੇਂ ਹੋਣ ਲੱਖਾਂ,
ਦਿਲ ਉੱਥੇ ਲਾਈਏ ਜਿਹੜਾ ਕਦਰਦਾਨ ਹੋਵੇ।
ਕੋਇਲ ਉਦੋਂ ਹੀ ਬਾਗੀਂ ਕੂਕਦੀ ਏ,
ਜਦੋਂ ਅੰਬਾਂ ਤੇ ਆਈ ਬਹਾਰ ਹੋਵੇ।
ਧੀ ਪੁੱਤ ਨਾ ਕਦੇ ਵਿਆਹੀਏ ਉੱਥੇ,
ਨਸ਼ਿਆਂ ਦਾ ਜਿੱਥੇ ਕਾਰੋਬਾਰ ਹੋਵੇ।
'ਪਸਨਾਵਾਲੀਆ' ਫ਼ੌਜਾਂ ਉਹ ਕਦੇ ਜਿੱਤੀਆਂ ਨਾ,
ਫ਼ੌਜਾਂ ਜਿਹੜੀਆਂ ਦੇ ਵਿੱਚ ਗਦਾਰ ਹੋਵੇ।

## ਗ਼ਜ਼ਲ

ਗੁਰਵਿੰਦਰ ਸਿੰਘ 'ਗੋਸਲ'

ਜਿਸ ਬੰਦੇ ਦਾ ਮੰਗ ਕੇ ਖੀਸਾ ਭਰ ਜਾਂਦਾ ਹੈ।
ਸਮਝੋ ਉਸ ਦਾ ਕੰਮ ਬਿਨਾਂ ਵੀ, ਸਰ ਜਾਂਦਾ ਹੈ।
ਦੁੱਖ 'ਚ ਅਪਣਾ ਹੋਵੇ ਜੇ ਕੋਈ ਨਾਲ ਖੜ੍ਹਾ,
ਤਾਂ ਫਿਰ ਬੰਦਾ ਲੱਖਾਂ ਦੁੱਖ ਵੀ ਜਰ ਜਾਂਦਾ ਹੈ।
ਬੰਦਾ ਇਹ ਨਾ ਸੋਚੇ ਮੈਂ ਗ਼ਲਤੀ ਕਰਦਾ ਨਈਂ,
ਜੀਵਨ ਦੇ ਵਿੱਚ ਬੰਦਾ ਗਲ਼ਤੀ ਕਰ ਜਾਂਦਾ ਹੈ।
ਜਿਉਂਦੇ ਜੀਅ ਤਾਂ ਜਿਸ ਨੂੰ ਮਾੜਾ ਆਖਣ ਲੋਕੀ,
ਐਪਰ ਚੰਗਾ ਆਖਣ ਜਦ ਉਹ ਮਰ ਜਾਂਦਾ ਹੈ।
ਉਸ ਨੂੰ ਚੇਤੇ ਰੱਖਣ ਲੋਕ ਕਦੇ ਨਾ ਭੁੱਲਣ,
ਸੱਚ ਲਈ ਜੋ ਜਾਨ ਤਲੀ 'ਤੇ ਧਰ ਜਾਂਦਾ ਹੈ।
ਜਿਹੜਾ ਮਨ ਚਿੱਤ ਲਾ ਕੇ ਪੜ੍ਹਦਾ ਨਿੱਤ ਗੁਰਬਾਣੀ,
'ਗੋਸਲ' ਉਸ ਦਾ ਡੁੱਬਦਾ ਬੇੜਾ ਤਰ ਜਾਂਦਾ ਹੈ।

## ਰੁੱਖ

ਮਾਸਟਰ ਸੰਜੀਵ ਧਰਮਾਣੀ

ਰੁੱਖਾਂ ਦੀ ਮੈਂ ਗੱਲ ਕਰਾਂ,
ਮਨੁੱਖ ਦੇ ਦੁੱਖਾਂ ਦੀ ਮੈਂ ਗੱਲ ਕਰਾਂ,
ਗੰਧਲਾ ਹੋ ਰਿਹਾ ਵਾਤਾਵਰਣ ਅੱਜ
ਵੱਧਦੀਆਂ ਮਨੁੱਖ ਦੀਆਂ ਭੁੱਖਾਂ ਦੀ ਮੈਂ ਗੱਲ ਕਰਾਂ।
ਲਿਖਦੇ, ਕਹਿੰਦੇ ਤੇ ਵਿਚਾਰ ਕਰਦੇ ਕਈ
ਪਰ ਆਪਾਂ ਕਿਉਂ ਕਰੀਏ ਤੇ ਸਾਨੂੰ ਕੀ ਪਈ ?
ਇਹੋ ਸੋਚ ਸਾਡੇ ਲਈ ਘਾਤਕ ਹੈ
ਜੋ ਮਨ ਸਾਡੇ ਅੰਦਰ ਹੁਣ ਤੱਕ ਬੈਠੀ ਪਈ।
ਦੂਸਰਿਆਂ ਵੱਲ ਤੱਕਣ ਨਾਲੋਂ
ਵਾਤਾਵਰਨ ਲਈ ਆਪ ਕੁਝ ਕਰ ਲਈਏ,
ਬਹੁਤਾ ਨਹੀਂ, ਤਾਂ ਥੋੜ੍ਹਾ ਹੀ ਸਹੀ
ਨਾ ਚੁੱਪ ਕਰਕੇ ਬਹੀਏ।
ਵੱਧ ਤੋਂ ਵੱਧ ਪੌਦੇ ਲਗਾ ਕੇ
ਕਰ ਲਈਏ ਉਨ੍ਹਾਂ ਦੀ ਸੰਭਾਲ,
ਦੂਜਿਆਂ ਨੂੰ ਜਾਗਰੂਕ ਕਰ ਦੇਈਏ
ਹੋ ਜਾਏਗਾ ਵਾਤਾਵਰਨ ਖੁਸ਼ਹਾਲ।
ਰੁੱਖ ਨਹੀਂ 'ਧਰਮਾਣੀ' ਭਗਵਾਨ ਹੈ ਇਹ
ਵਾਤਾਵਰਣ ਦੀ ਅਸਲ ਸ਼ਾਨ ਹੈ ਇਹ,
ਇਨ੍ਹਾਂ ਬਾਝ ਨਾ ਹੋਣਾ ਗੁਜ਼ਾਰਾ
ਬੰਦਾ ਫਿਰੂ ਫਿਰ ਮਾਰਾ - ਮਾਰਾ।
ਵਰਖਾ, ਹਰਿਆਲੀ, ਆਕਸੀਜਨ
ਬਹੁਤ ਕੁਝ ਇਹ ਦਿੰਦੇ ਨੇ,
ਪੰਛੀ, ਜੀਵ - ਜੰਤੂ ਸਭ
ਇਨ੍ਹਾਂ ਸਹਾਰੇ ਰਹਿੰਦੇ ਨੇ।
ਧਰਤੀ ਦਾ ਸ਼ਿੰਗਾਰ ਨੇ
ਸਭ ਦੇ ਜੀਵਨ ਦਾ ਅਧਾਰ ਨੇ,
ਦਰੱਖਤ ਤਾਂ ਰੱਬ ਦਾ ਰੂਪ ਨੇ
ਇਹ ਸਭ ਦੇ ਮੱਦਦਗਾਰ ਨੇ।
ਲਗਾ ਲਉ, ਸੰਭਾਲ਼ ਲਉ ਰੁੱਖਾਂ ਨੂੰ
ਘੱਟ ਕਰ ਲਉ, ਸਭ ਦੇ ਦੁੱਖਾਂ ਨੂੰ,
'ਧਰਮਾਣੀ' ਸੰਭਾਲ਼ ਲਉ ਰੁੱਖਾਂ ਨੂੰ
ਬੱਚਿਆਂ ਵਾਂਗ ਪਾਲ਼ ਲਉ ਰੁੱਖਾਂ ਨੂੰ।



## ਗ਼ਜ਼ਲ

ਪ੍ਰਤਾਪ 'ਪਾਰਸ' ਗੁਰਦਾਸਪੁਰੀ

ਮੁਜਰਿਮ ਬਣਕੇ ਤੇਰੀ ਸੱਜਣਾ ਕਰਦੀ ਹਾਂ ਇਕਬਾਲ।
ਮੁੰਦਰੀ ਦੇ ਨਾਲ ਤੇਰਾ ਛੱਲਾ ਮੈਂ ਨਾ ਸਕੀ ਸੰਭਾਲ।
ਇੰਤਜ਼ਾਰ ਤਾਂ ਬੜਾ ਮੈਂ ਕੀਤਾ ਆਖ਼ਰ ਬੇਵੱਸ ਹੋ ਗਈ,
ਵਕਤ ਕੁਲਹਿਣੇ ਨੇ ਵੀ ਖੇਡੀ ਉਸ ਮੋੜ 'ਤੇ ਚਾਲ।
ਭੈਅ ਦੇ ਥੱਲੇ ਦੱਬੀ ਜਿੰਦ ਦਾ ਕੀ ਮਰਨਾ ਕੀ ਜਿਉਣਾ,
ਕੂੰਜਾਂ ਕੁੜੀਆਂ ਤੇ ਗਊਆਂ ਦੀ ਕਿਹੜਾ ਬਣਦਾ ਢਾਲ ?
ਨਾ ਕਾਸਦ ਨਾ ਕਾਂ ਕਬੂਤਰ ਨਾ ਪੱਤਰ ਕੋਈ ਆਇਆ,
ਦਿਨ ਦਿਨ ਕਰਕੇ ਗਏ ਮਹੀਨੇ ਬੀਤ ਗਏ ਹੁਣ ਸਾਲ।
ਮੈਂ ਤਾਂ ਤੇਰੀ ਦੋਸ਼ਣ ਮੰਨਿਆ ਤੂੰ ਕਿਉਂ ਬੁਜ਼ਦਿਲ ਬਣਿਆ,
ਕੁਝ ਨਾ ਕੁਝ ਤਾਂ ਤੇਰੇ ਨਾਲ ਵੀ ਮੈਨੂੰ ਰਿਹਾ ਮਲਾਲ।
ਮਰ ਕੇ ਤਾਂ ਮੈਂ ਤੇਰੀ 'ਪਾਰਸ' ਸਾਂਭ ਲੈ ਅੱਜ ਵਸੀਅਤ,
ਜਿਉਂਦੇ ਤੇਰੀ ਕਿਉਂ ਨਾ ਹੋਈ ਖ਼ੁਦ ਨੂੰ ਰਿਹੈ ਸਵਾਲ।
ਤੇਰੀਆਂ ਗ਼ਜ਼ਲਾਂ ਦਾ ਮੈਂ ਉੱਤਰ ਇੱਕ ਵਾਰੀ ਸੀ ਦੇਣਾ,
ਸ਼ਿਕਵੇ, ਸ਼ੱਕ, ਸ਼ਿਕਾਇਤਾਂ ਵਾਜਬ ਸਹਿਮਤ ਤੇਰੇ ਨਾਲ।

## ਨਾ ਰੋਲੋ ਅਨਾਜ

ਹਰਪ੍ਰੀਤ ਪੱਤੋ

ਕਿਉਂ ਨੀ ਚੁੱਕਦੇ, ਦੇਰ ਕਿਉਂ ਲਾਈ ਜਾਂਦੇ,
ਰੁਲੇ ਮੰਡੀਆਂ ਵਿੱਚ ਅਨਾਜ ਬਾਬਾ।
ਟਰਾਲੀ ਲਾਹੁਣ ਨੂੰ ਮਿਲੇ ਨਾ ਥਾਂ ਕੋਈ,
ਕੰਮ ਕਰੇ ਨਾ, ਕੋਈ ਲਿਹਾਜ਼ ਬਾਬਾ।
ਕਿੰਨੇ ਦਿਨ ਹੋਏ ਕਿਸਾਨ ਬੈਠਿਆਂ ਨੂੰ,
ਲੜੀ ਜਾਂਵਦੀ ਪਿੰਡੇ ਖਾਜ ਬਾਬਾ।
ਫ਼ਸਲ ਆਉਣੋਂ ਪਹਿਲਾਂ ਨੀਂ ਪ੍ਰਬੰਧ ਕੀਤੇ,
ਉਦੋਂ ਸੁਣੀ ਨੀਂ ਕੋਈ ਆਵਾਜ਼ ਬਾਬਾ।
ਰੁਕੇ ਪਏ ਦੁਕਾਨਾਂ ਦੇ ਸਭ ਲੈਣ ਦੇਣੇ,
ਪਵੇ ਰਕਮ ਨੂੰ ਵਾਧੂ ਵਿਆਜ ਬਾਬਾ।
ਵੋਟਾਂ ਤੋਂ ਪਹਿਲਾਂ ਕਰੇ ਇਕਰਾਰ ਜਿਹੜੇ,
ਉੱਘੜਦੇ ਜਾਂਦੇ ਝੂਠੇ ਪਾਜ ਬਾਬਾ।
ਪੱਤੋ, ਚੁੱਕੋ ਫ਼ਸਲਾਂ ਹੋਣ ਕਿਸਾਨ ਵਿਹਲੇ,
ਕਰਨ ਆਪਣਾ ਕੋਈ ਕੰਮ ਕਾਜ ਬਾਬਾ।

## ਅਣਮਨੁੱਖੀ ਕਾਰੇ



ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ. 07748772308

ਰੱਖੋ ਘਰਾਂ 'ਚ ਰਿਵਾਲਵਰ, ਬੰਦੂਕਾਂ ਸੱਜਣੋਂ,
ਕਰੋ ਜ਼ਾਹਰ ਨਿੱਤ ਨਿੱਜੀ, ਕਰਤੂਤਾਂ ਸੱਜਣੋਂ।
ਕੱਢੋ ਫਾਇਰ ਨਿੱਤ ਲੋਕਾਂ ਨੂੰ, ਡਰਾਓ ਰੱਜ ਕੇ,
ਅੜਾਓ ਟੰਗ ਹਰ ਮਸਲੇ 'ਚ, ਅੜ ਕੇ ਭੱਜ ਕੇ।
ਕੋਈ ਵਿਆਹ ਸ਼ਾਦੀ ਜਸ਼ਨ, ਨਹੀਂ ਪੂਰੇ ਹੋਣਗੇ,
ਜਿੱਥੇ ਤੁਹਾਡੇ ਜਿਹੇ ਬਹਾਦਰ, ਨਾ ਸੂਰੇ ਹੋਣਗੇ।
ਦਿਓ ਬੱਚਿਆਂ ਨੂੰ ਖੇਡਣ ਲਈ, ਹਥਿਆਰ ਨਿੱਤ ਜੀ,
ਭਾਵੇਂ ਖੇਡੇ ਕਿਹੜਾ ਮੌਤ ਹਿੱਸੇ, ਆਵੇ ਕਿਸ ਦੀ।
ਥੁੱਕੋ ਅਸਮਾਨ ਉੱਤੇ, ਭਾਵੇਂ ਮੂੰਹ ਹੀ ਲਿੱਬੜੇ,
ਹੋਵੇ ਬੇਇਜ਼ਤੀ ਤੁਹਾਡੀ, ਭਾਵੇਂ ਜਿੱਥੇ ਕਿੱਧਰੇ।
ਦਿਓ ਸ਼ਰਮਾਂ ਹਿਆਵਾਂ ਸਭ, ਛਿੱਕੇ ਟੰਗ ਜੀ,
ਕਰੋ ਲੱਭ ਕੇ ਸ਼ਰੀਫ਼ਾਂ ਨੂੰ, ਰੋਜ਼ਾਨਾ ਤੰਗ ਜੀ।
ਹੋਵੇ ਤੋਏ ਤੋਏ ਤੁਹਾਡੀ, ਦੁਨੀਆ ਦੇ ਵਿੱਚ ਜੀ,
ਰਹੇ ਗੁਣ ਨਾ ਮਨੁੱਖਤਾ ਵਾਲਾ, ਕੋਈ ਇੱਕ ਵੀ।
ਪੁੱਠੇ ਪਾਸੇ ਸੜਕਾਂ ਦੇ, ਚਲਾਓ ਗੱਡੀਆਂ,
ਜਿਹੜਾ ਰੋਕੇ ਤੁਹਾਨੂੰ ਤੋੜੋ, ਉਸ ਦੀਆਂ ਹੱਡੀਆਂ।
ਕਰੋ ਨਸ਼ੇ ਹਰ ਕਿਸਮ ਦੇ, ਸਭ ਮਾਣ ਨਾਲ ਜੀ,
ਮਾਰੋ ਮਾਪੇ ਹੋਰ ਵੀ ਨਾਤੇ, ਸਭ ਜਾਨ ਮਾਲ ਜੀ।
ਕਰੋ ਘਾਣ ਅੱਜ ਆਪਣਾ ਹੀ, ਸਿਰ 'ਤੇ ਚੜ੍ਹ ਕੇ,
ਕੱਲ ਬੈਠੋਗੇ ਤੁਸੀਂ ਹੀ, ਆਪਣਾ ਸਿਰ ਫੜ ਕੇ।
ਪੁੱਠੇ ਕੰਮਾਂ ਦਾ ਵੀ ਫਲ, ਕਦੀ ਹੁੰਦਾ ਨਹੀਂ ਮਿੱਠਾ,
ਲੱਗਿਆ ਕਿੱਕਰਾਂ ਨੂੰ ਅੰਬ, ਕਦੇ ਕਿਸੇ ਨਹੀਂ ਡਿੱਠਾ।
ਜੋ ਵੀ ਬੀਜੋਗੇ ਵੱਢਣਾ ਵੀ, ਉਹੀ ਪੈਣਾ ਏ,
ਇਹ ਅਸੂਲ ਸਚਾਈ ਵਾਲਾ, ਸੱਚਾ ਹੀ ਰਹਿਣਾ ਏ।

## ਸੋਨ ਚਿੜੀ

ਜਤਿੰਦਰ ਭੁੱਚੋ



ਪਹੁ ਫੁਟਦੇ ਹੀ,
ਚਿੜੀ ਇੱਕ ਆਣ ਬਨੇਰੇ ਬਹਿ ਗਈ।
ਪੁੱਛਿਆ ਜਦ ਸ਼ਹਿਰ ਗਰਾਂ,
ਦੁੱਖ ਰੋਂਦੀ ਰੋਂਦੀ ਕਹਿ ਗਈ।
ਦਮ ਆਖ਼ਰੀ ਭਰਦੀ ਪਈ ਸੀ,
ਮੇਰੇ ਕੋਲੋਂ ਡਰਦੀ ਪਈ ਸੀ।
ਸ਼ਕਲੋਂ ਲੱਗੇ ਬਿਮਾਰ ਜਿਹੀ ਉਹ,
ਪੁੱਟੇ ਖੰਭ ਲਾਚਾਰ ਜਿਹੀ ਉਹ।
ਬੋਲੀ ਤਦ, ਜਦ ਦੁਪਹਿਰ ਖਿੜੀ ਸੀ
ਮੈਨੂੰ ਕਹਿੰਦੀ ਮੈਂ ਥੋਡੀ ਸੋਨ ਚਿੜੀ ਸੀ।
ਲੁੱਟਿਆ ਹਾਕਮਾਂ ਬੜੇ ਚਿਰਾਂ ਤੋਂ
ਉੱਡਣੋਂ ਰਹਿਗੀ ਅਪਣੇ ਪਰਾਂ ਤੋਂ।
ਵਾਲ ਵਾਲ ਮੇਰਾ ਡੁੱਬਿਆ ਕਰਜ਼ੇ,
ਕਿਸਾਨ ਵੀਰ ਕੋਈ ਨਿੱਤ ਹੀ ਮਰਜੇ।
ਬੇਰੁਜ਼ਗਾਰੀ ਹੁਣ ਪਾਈਆਂ ਕੈਂਚੀਆਂ,
ਨਸ਼ਾ ਹੈ ਪੱਲੇ ਜਾਂ ਪਾਣੀ ਦੀਆਂ ਟੈਂਕੀਆਂ।
ਰੁਜ਼ਗਾਰ ਦੇ ਵੀ ਕਿਹੜੇ ਝੰਡੇ ਗੱਡੇ,
ਗੋਲੀਆਂ ਛਿੱਤਰ ਪੁਲੀਸ ਦੇ ਡੰਡੇ।
ਹਾਲ ਸੁਣਾਵੇ ਜਿਵੇਂ ਕੋਈ ਜੰਗ ਛਿੜੀ ਸੀ,
ਮੈਨੂੰ ਕਹਿੰਦੀ ਮੈਂ ਥੋਡੀ ਸੋਨ ਚਿੜੀ ਸੀ।
ਹੁਣ ਵੀਰਾ ਮੈਂ ਉੱਡਣਾ ਚਾਹਵਾਂ
ਥਾਂ ਥਾਂ ਲੱਗੇ ਫੱਟ ਵਿਖਾਵਾਂ,
ਪੁੱਤਾਂ ਬਾਝੋਂ ਰੋਂਦੀਆਂ ਮਾਵਾਂ
ਘਰ ਘਰ ਇੱਥੇ ਸੁੰਨੀਆਂ ਬਾਹਵਾਂ,
ਅਣਜੰਮੀਆਂ ਨੂੰ ਮੈਂ ਕਿਵੇਂ ਬਚਾਵਾਂ
ਬੇਹਿੰਮਤਿਆਂ ਨੂੰ ਲਾਹਨਤ ਪਾਵਾਂ,
ਅੰਨ੍ਹੇ ਵਿਸ਼ਵਾਸ ਦੀ ਚਲਦੀ ਚੱਕੀ
ਦਰ ਦਰ ਭਟਕਦੇ ਹਲੂਣ ਜਗਾਵਾਂ,
ਇਨ੍ਹਾਂ ਜ਼ੁਲਮਾਂ ਨਾਲ ਮੈਂ ਬਹੁਤ ਭਿੜੀ ਸੀ
ਮੈਨੂੰ ਕਹਿੰਦੀ ਮੈਂ ਥੋਡੀ ਸੋਨ ਚਿੜੀ ਸੀ॥

# ਕੈਨੇਡਾ ਦੀ ਤੂਫ਼ਾਨਮੇਲ ਤੈਰਾਕ ਸਮਰ ਮੈਕਿਨਟੌਸ਼


ਪ੍ਰਿੰ. ਸਰਵਣ ਸਿੰਘ
+1-905-779-1661

**ਇਹ ਸਤਰਾਂ ਲਿਖਣ ਤੱਕ ਸਮਰ ਉਲੰਪਿਕ ਖੇਡਾਂ ਦੇ 3 ਗੋਲਡ ਮੈਡਲ, ਵਿਸ਼ਵ ਤੈਰਾਕੀ ਚੈਂਪੀਅਨਸ਼ਿਪਾਂ ਦੇ 8 ਗੋਲਡ ਤੇ ਕਾਮਨਵੈਲਥ ਖੇਡਾਂ ਦੇ 2 ਗੋਲਡ ਮੈਡਲ ਜਿੱਤ ਚੁੱਕੀ ਹੈ। ਸਿਲਵਰ ਤੇ ਕਾਂਸੀ ਦੇ ਮੈਡਲ ਉਨ੍ਹਾਂ ਤੋਂ ਵੱਖਰੇ ਹਨ। ਉਂਝ ਤਾਂ ਉਹ ਤੈਰਾਕੀ ਦੇ ਕਈ ਈਵੈਂਟਸ ਵਿੱਚ ਭਾਗ ਲੈਂਦੀ ਹੈ, ਪਰ 200 ਮੀਟਰ ਤੇ 400 ਮੀਟਰ ਵਿਅਕਤੀਗਤ ਮੈਡਲੇ ਅਤੇ 400 ਮੀਟਰ ਫਰੀਸਟਾਈਲ ਉਸ ਦੇ ਮਨਭਾਉਂਦੇ ਈਵੈਂਟਸ ਹਨ। ਇਨ੍ਹਾਂ ਈਵੈਂਟਸ ਦੇ ਵਰਲਡ ਰਿਕਾਰਡ ਵੀ ਉਸ ਨੇ ਆਪਣੇ ਨਾਂ ਕਰ ਲਏ ਹਨ। 200 ਮੀਟਰ ਬਟਰਫਲਾਈ ਈਵੈਂਟ ਦਾ ਉਲੰਪਿਕ ਰਿਕਾਰਡ ਵੀ ਉਹਦੇ ਨਾਂ ਹੈ। ਕੀ ਕਿਹਾ ਜਾਏ ਛੋਟੀ ਉਮਰ ਦੀ ਇਸ ਹੋਣਹਾਰ ਤੈਰਾਕ ਬਾਰੇ ? ਜਿੰਨਾ ਤੇਜ਼ ਉਹ ਤੈਰਦੀ ਹੈ ਕਈ ਆਲਸੀ ਬੰਦੇ ਤਾਂ ਓਨਾ ਤੇਜ਼ ਤੁਰ ਵੀ ਨਹੀਂ ਸਕਦੇ।**






ਕੈਨੇਡਾ ਦੀ ਤੂਫ਼ਾਨਮੇਲ ਤੈਰਾਕ ਸਮਰ ਮੈਕਿਨਟੌਸ਼ ਅੱਜਕੱਲ੍ਹ ਪੂਰੀ ਚਰਚਾ ਵਿੱਚ ਹੈ। ਲੋਕ ਜਾਣਨਾ ਚਾਹੁੰਦੇ ਨੇ ਕਿ ਉਹ ਹੈ ਕੀ ਸ਼ੈਅ ? ਕੀ ਉਹ ਮਾਈਕਲ ਫੈਲਪਸ ਬਣ ਸਕੇਗੀ ? ਅਮਰੀਕਾ ਦੇ ਮਾਈਕਲ ਫੈਲਪਸ ਨੇ 4 ਉਲੰਪਿਕ ਖੇਡਾਂ ’ਚੋਂ 23 ਸੋਨੇ, 3 ਚਾਂਦੀ, 2 ਕਾਂਸੀ, ਕੁਲ 28 ਤਗ਼ਮੇ ਜਿੱਤੇ ਸਨ। ਉਹ ਉਲੰਪਿਕ ਖੇਡਾਂ ਦੇ ਇਤਿਹਾਸ ਦਾ ਸਭ ਤੋਂ ਵੱਧ ਮੈਡਲ ਜਿੱਤਣ ਵਾਲੀ ਉਲੰਪੀਅਨ ਹੈ। ਉਸ ਤੋਂ ਪਹਿਲਾਂ ਸੋਵੀਅਤ ਰੂਸ ਦੀ ਲਾਰੀਸਾ ਲਤੀਨੀਨਾ ਦਾ 18 ਉਲੰਪਿਕ ਮੈਡਲ ਜਿੱਤਣ ਦਾ ਰਿਕਾਰਡ ਸੀ। ਸਮਰ ਨੇ ਅਜੇ ਕਈ ਸਾਲ ਤੈਰਨਾ ਹੈ। ਵੇਖਦੇ ਹਾਂ ਉਹ ਕਿੰਨੇ ਮੈਡਲ ਜਿੱਤ ਕੇ ਬਸ ਕਰਦੀ ਹੈ ?

ਗੋਰੇ ਰੰਗ, ਭੂਰੇ ਵਾਲ ਤੇ ਲੰਮੇ ਕੱਦ ਦੀ ਸਮਰ ਅਜੇ ਚੌਦਾਂ ਸਾਲਾਂ ਦੀ ਸੀ ਕਿ ਉਸ ਨੇ ਅੰਤਰਰਾਸ਼ਟਰੀ ਪੱਧਰ ’ਤੇ ਧੁੰਮਾਂ ਪਾਉਣੀਆਂ ਸ਼ੁਰੂ ਕਰ ਦਿੱਤੀਆਂ। ਅਠਾਰਾਂ ਸਾਲ ਦੀ ਹੋਈ ਤਾਂ ਪੈਰਿਸ ਦੀਆਂ ਉਲੰਪਿਕ ਖੇਡਾਂ ’ਚੋਂ 3 ਸੋਨ ਤਗ਼ਮੇ ਤੇ 1 ਚਾਂਦੀ ਦਾ ਤਗ਼ਮਾ ਜਿੱਤੀ। ਉਹਦਾ ਜਨਮ 18 ਅਗਸਤ 2006 ਨੂੰ ਟੋਰਾਂਟੋ ਵਿੱਚ ਹੋਇਆ। ਆਪਣੇ 19ਵੇਂ ਜਨਮ ਦਿਵਸ ਤੱਕ ਪਹੁੰਚਦਿਆਂ ਉਸ ਨੇ ਉਲੰਪਿਕ ਖੇਡਾਂ, ਕਾਮਨਵੈਲਥ ਖੇਡਾਂ, ਵਿਸ਼ਵ ਤੈਰਾਕੀ ਚੈਂਪੀਅਨਸ਼ਿਪਾਂ ਅਤੇ ਫਿਨਾ ਵਰਲਡ ਚੈਂਪੀਅਨਸ਼ਿਪਾਂ ਵਿੱਚੋਂ ਏਨੇ ਮੈਡਲ ਜਿੱਤੇ ਕਿ ਉਹਦੇ ਗੋਲਡ, ਸਿਲਵਰ ਤੇ ਕਾਂਸੀ ਦੇ ਮੈਡਲਾਂ ਦੀ ਗਿਣਤੀ ਦੋ ਦਰਜਨ ਤੋਂ ਟੱਪ ਚੁੱਕੀ ਹੈ। ਉਨ੍ਹਾਂ ਵਿੱਚ 14 ਮੈਡਲ ਤਾਂ ਸੋਨੇ ਦੇ ਹੀ ਹਨ।

ਸਮਰ ਦਾ ਨਿੱਕਾ ਨਾਂ ‘ਸੁਮ’ ਹੈ ਤੇ ਪੂਰਾ ਨਾਂ ਸਮਰ ਐੱਨ ਮੈਕਿਨਟੌਸ਼। ਉਹਦਾ ਜਨਮ ਕੈਨੇਡਾ ਦੀ ਉਲੰਪੀਅਨ ਤੈਰਾਕ ਜਿੱਲ ਹੌਰਸਟੈੱਡ ਦੀ ਕੁੱਖੋਂ ਪਿਤਾ ਗ੍ਰੈਗ ਮੈਕਿਨਟੌਸ਼ ਦੇ ਘਰ ਹੋਇਆ। ਉਹ ਕੈਨੇਡਾ ਦੇ ਸਭ ਤੋਂ ਵੱਡੇ ਸ਼ਹਿਰ ਟੋਰਾਂਟੋ ਦੀ ਜੰਮਪਲ ਹੈ ਅਤੇ ਅਮਰੀਕਾ ਵਿੱਚ ਫਲੋਰੀਡਾ ਦੇ ਸ਼ਹਿਰ ਸਾਰਾਸੋਟਾ ਵਿੱਚ ਪੜ੍ਹਦੀ ਤੇ ਤੈਰਾਕੀ ਦੀ ਸਿਖਲਾਈ ਲੈਂਦੀ ਆ ਰਹੀ ਹੈ। ਉਸ ਦੀ ਇੱਕ ਵੱਡੀ ਭੈਣ ਹੈ ਬਰੁਕ ਮੈਕਿਨਟੌਸ਼ ਜੋ ਚੋਟੀ ਦੀ ਫਿੱਗਰ ਸਕੇਟਰ ਹੈ।

ਅਗਸਤ 2025 ਵਿੱਚ ਸਿੰਘਾਪੁਰ ਵਿਖੇ ਹੋਈ ਵਰਲਡ ਤੈਰਾਕੀ ਚੈਂਪੀਅਨਸ਼ਿਪ ਵਿੱਚੋਂ ਸਮਰ ਨੇ ਨਾ ਕੇਵਲ ਇੱਕ ਕਾਂਸੀ ਤੇ ਚਾਰ ਗੋਲਡ ਮੈਡਲ ਜਿੱਤੇ ਬਲਕਿ 400 ਮੀਟਰ ਵਿਅਕਤੀਗਤ ਮੈਡਲੇ ਤੈਰਾਕੀ ਦੇ ਮੁਕਾਬਲੇ ਵਿੱਚ 4:25.78 ਮਿੰਟ ਦਾ ਨਵਾਂ ਵਿਸ਼ਵ ਰਿਕਾਰਡ ਵੀ ਸਥਾਪਿਤ ਕਰ ਦਿੱਤਾ। ਉਸ ਨੂੰ ਮੈਡਲਾਂ ਦੇ ਐਵਾਰਡਾਂ ਤੋਂ ਬਿਨਾਂ 90 ਹਜ਼ਾਰ ਡਾਲਰਾਂ ਦੀ ਰਾਸ਼ੀ ਨਾਲ ਵੀ ਸਨਮਾਨਿਤ ਕੀਤਾ ਗਿਆ।

ਸਮਰ ਮੈਕਿਨਟੌਸ਼ ਲਈ 2025 ਦੀ ਵਿਸ਼ਵ ਤੈਰਾਕੀ ਚੈਂਪੀਅਨਸ਼ਿਪ ਸਭ ਤੋਂ ਵੱਧ ਸਫਲ ਰਹੀ। ਉਹ ਤੈਰਾਕੀ ਦੇ ਇਤਿਹਾਸ ਵਿੱਚ ਵਿਸ਼ਵ ਦੀ ਦੂਜੀ ਤੈਰਾਕ ਹੈ ਜਿਸ ਨੇ ਵਿਅਕਤੀਗਤ ਤੌਰ ’ਤੇ ਇੱਕੋ ਵਿਸ਼ਵ ਚੈਂਪੀਅਨਸ਼ਿਪ ਵਿੱਚੋਂ 4 ਗੋਲਡ ਮੈਡਲ ਜਿੱਤੇ। ਉਹ ਪਹਿਲੀ ਤੈਰਾਕ ਹੈ ਜਿਸ ਨੇ 400 ਮੀਟਰ ਦੀ ਵਿਅਕਤੀਗਤ ਮੈਡਲੇ ਤੈਰਾਕੀ ਵਿੱਚ ਦੂਜੇ ਨੰਬਰ ’ਤੇ ਰਹਿਣ ਵਾਲੀ ਤੈਰਾਕ ਤੋਂ 7.48 ਸਕਿੰਟ ਪਹਿਲਾਂ ਤਾਰੀ ਜਿੱਤੀ। ਉਹ ਦੂਜੀ ਔਰਤ ਤੈਰਾਕ ਹੈ ਜਿਸ ਨੇ 400 ਮੀਟਰ ਫਰੀਸਟਾਈਲ, 200 ਮੀਟਰ ਵਿਅਕਤੀਗਤ ਮੈਡਲੇ, 200 ਮੀਟਰ ਬਟਰਫਲਾਈ ਤੇ 400 ਮੀਟਰ ਵਿਅਕਤੀਗਤ ਮੈਡਲੇ ਦੇ ਸੋਨ ਮੈਡਲ ਹਾਸਲ ਕੀਤੇ।

ਉਹ ਪਹਿਲੀ ਕੈਨੇਡੀਅਨ ਤੈਰਾਕ ਹੈ ਜਿਸ ਨੇ ਪਹਿਲੀ ਵਾਰ ਹੀ ਇੱਕੋ ਵਿਸ਼ਵ ਚੈਂਪੀਅਨਸ਼ਿਪ ਵਿੱਚੋਂ ਦੋ ਗੋਲਡ ਮੈਡਲ ਜਿੱਤੇ ਸਨ। ਉਹਦੇ ਨਾਲ ਉਸ ਨੂੰ ‘ਟੀਨ ਸਵਿਮਿੰਗ ਸੈਨਸੈਸ਼ਨ’ ਆਖਿਆ ਜਾਣ ਲੱਗਾ। ਕੈਨੇਡੀਅਨ ਨੈਸ਼ਨਲ ਟ੍ਰਾਇਲਜ਼ ਦੌਰਾਨ ਮਾਰਚ-ਅਪ੍ਰੈਲ 2023 ਦੇ ਪੰਜ ਦਿਨਾਂ ’ਚ ਉਸ ਨੇ ਸਭ ਤੋਂ ਔਖੇ ਸਮਝੇ ਜਾਂਦੇ 400 ਮੀਟਰ ਫਰੀਸਟਾਈਲ ਤੇ 400 ਮੀਟਰ ਵਿਅਕਤੀਗਤ ਮੈਡਲੇ ਈਵੈਂਟਸ ਵਿੱਚ ਵਿਸ਼ਵ ਰਿਕਾਰਡ ਨਵਿਆ ਦਿੱਤੇ। 2024 ਦੀਆਂ ਉਲੰਪਿਕ ਖੇਡਾਂ ਵਿੱਚ ਪੈਰਿਸ ਵਿਖੇ ਉਸ ਨੇ 1 ਸਿਲਵਰ ਤੇ 3 ਗੋਲਡ ਮੈਡਲ ਮੈਡਲ ਜਿੱਤੇ।

ਸਮਰ ਐਲਾਨ ਕਰ ਚੁੱਕੀ ਹੈ ਕਿ ਉਹ ਹੁਣ ਔਸਟਿਨ, ਟੈਕਸਾਸ ਵਿਖੇ ਮਾਈਕਲ ਫੈਲਪਸ ਦੇ ਕੋਚ ਰਹੇ ਬੌਬ ਬੋਮੈਨ ਦੀ ਦੇਖ ਰੇਖ ਹੇਠ ਟਰੇਨਿੰਗ ਕਰੇਗੀ ਅਤੇ ਲਾਸ ਏਂਜਲਸ ਦੀਆਂ ਉਲੰਪਿਕ ਖੇਡਾਂ ’ਚੋਂ 5 ਗੋਲਡ ਮੈਡਲ ਜਿੱਤਣ ਦੀ ਪੂਰੀ ਵਾਹ ਲਾਵੇਗੀ। ਉਹ ਨਿਰੀ ਤੈਰਾਕ ਹੀ ਨਹੀਂ ਸੰਭਾਵਨਾਵਾਂ ਨੂੰ ਸਾਣ ਚਾੜ੍ਹਨ ਵਾਲੀ ਪ੍ਰੇਰਨਾ ਹੈ। ਕੋਈ ਵੀ ਵਿਅਕਤੀ ਉਹਦੇ ਵਾਂਗ ਦ੍ਰਿੜ ਨਿਰਣਾ ਲੈ ਕੇ ਮਿਹਨਤ ਕਰਦਿਆਂ ਕੋਈ ਵੀ ਮੰਜ਼ਿਲ ਸਰ ਕਰ ਸਕਦਾ ਹੈ।

# ਟੈਨਿਸ ਨੂੰ ਅਲਵਿਦਾ ਕਹਿ ਗਈ ਵਿੰਬਲਡਨ ਚੈਂਪੀਅਨ ਪੇਟਰਾ ਕਵੀਤੋਵਾ



ਕਰਨ ਕੁਮਾਰ

ਦੋ ਵਾਰ ਦੀ ਵਿੰਬਲਡਨ ਚੈਂਪੀਅਨ ਪੇਟਰਾ ਕਵੀਤੋਵਾ ਨੇ ਯੂ.ਐਸ. ਓਪਨ ਦੇ ਪਹਿਲੇ ਦੌਰ ਵਿੱਚ ਡਾਇਨ ਪੈਰੀ ਤੋਂ ਹਾਰਨ ਤੋਂ ਬਾਅਦ ਟੈਨਿਸ ਨੂੰ ਅਲਵਿਦਾ ਕਹਿ ਦਿੱਤਾ। ਮੈਚ ਖਤਮ ਹੋਣ ਤੋਂ ਬਾਅਦ ਕਵੀਤੋਵਾ ਦੀਆਂ ਅੱਖਾਂ ਹੰਝੂਆਂ ਨਾਲ ਭਰ ਗਈਆਂ। ਉਹ ਬੁਰੀ ਤਰ੍ਹਾਂ ਰੋ ਰਹੀ ਸੀ। ਗੈਲਰੀ ਵਿੱਚ ਮੌਜੂਦ ਉਸਦੇ ਪਤੀ ਅਤੇ ਕੋਚ ਜਿਰੀ ਵੈਨੇਕ ਨੇ ਉਸਨੂੰ ਜੱਫੀ ਪਾਈ। ਕਵੀਤੋਵਾ, ਜਿਸਨੇ ਪਿਛਲੇ ਸਾਲ ਜੁਲਾਈ ਵਿੱਚ ਇੱਕ ਪੁੱਤਰ ਨੂੰ ਜਨਮ ਦਿੱਤਾ ਸੀ, 17 ਮਹੀਨਿਆਂ ਬਾਅਦ ਟੈਨਿਸ ਕੋਰਟ ਵਿੱਚ ਵਾਪਸ ਆਈ ਸੀ। ਉਸਨੇ ਇਸ ਸਾਲ ਦੇ ਸ਼ੁਰੂ ਵਿੱਚ ਕਿਹਾ ਸੀ ਕਿ ਯੂ.ਐਸ. ਓਪਨ ਉਸਦਾ ਆਖਰੀ ਟੂਰਨਾਮੈਂਟ ਹੋਵੇਗਾ।

ਮੈਚ ਤੋਂ ਬਾਅਦ, ਉਸਨੇ ਦੱਸਿਆ ਕਿ ਕੁਝ ਹਫ਼ਤੇ ਪਹਿਲਾਂ ਉਹ ਕੋਵਿਡ 19 ਇਨਫੈਕਸ਼ਨ ਦਾ ਸ਼ਿਕਾਰ ਹੋਣ ਕਾਰਨ ਯੂ.ਐਸ. ਓਪਨ ਤੋਂ ਹਟਣ ਬਾਰੇ ਸੋਚ ਰਹੀ ਸੀ। ਉਸਨੇ ਕਿਹਾ ‘ਸਵੇਰੇ ਉੱਠਣ ਤੋਂ ਬਾਅਦ, ਮੈਨੂੰ ਲੱਗ ਰਿਹਾ ਸੀ ਕਿ ਕੁਝ ਵੀ ਚੰਗਾ ਨਹੀਂ ਹੋਵੇਗਾ। ਮੈਂ ਖਾ ਨਹੀਂ ਸਕਦੀ ਸੀ। ਮੈਂ ਬਹੁਤ ਘਬਰਾ ਗਈ ਸੀ ਅਤੇ ਕੁਝ ਨਹੀਂ ਕਰ ਸਕਦੀ ਸੀ। ਇਹ ਬਹੁਤ ਮੁਸ਼ਕਿਲ ਸੀ। ਮੈਂ ਕਦੇ ਅਜਿਹਾ ਅਨੁਭਵ ਨਹੀਂ ਕੀਤਾ ਸੀ।’

ਕਵਿਤੋਵਾ ਨੇ 2011 ਵਿੱਚ ਮਾਰੀਆ ਸ਼ਾਰਾਪੋਵਾ ਨੂੰ ਹਰਾ ਕੇ ਵਿੰਬਲਡਨ ਖਿਤਾਬ ਜਿੱਤਿਆ ਸੀ। ਇਸ ਤੋਂ ਬਾਅਦ, ਉਸਨੇ 2014 ਵਿੱਚ ਯੂਜੀਨੀ ਬਾਊਚਰਡ ਨੂੰ ਹਰਾ ਕੇ ਖਿਤਾਬ ਜਿੱਤਿਆ। 2019 ਦੇ ਆਸਟ੍ਰੇਲੀਅਨ ਓਪਨ ਦੇ ਫਾਈਨਲ ਵਿੱਚ ਉਸਨੂੰ ਨਾਓਮੀ ਓਸਾਕਾ ਤੋਂ ਹਾਰ ਮਿਲੀ। ਦਸੰਬਰ 2016 ਵਿੱਚ, ਇੱਕ ਘੁਸਪੈਠੀਏ ਨੇ ਉਸਦੇ ਘਰ ਵਿੱਚ ਚਾਕੂ ਨਾਲ ਹਮਲਾ ਕਰ ਦਿੱਤਾ, ਜਿਸ ਕਾਰਨ ਉਸਨੂੰ ਸੱਟ ਤੋਂ ਉਭਰਨ ਲਈ ਇੱਕ ਲੰਬੀ ਸਰਜਰੀ ਕਰਵਾਉਣੀ ਪਈ।

2023 ਤੱਕ, ਕਵੀਤੋਵਾ ਦੀ ਕੁੱਲ ਜਾਇਦਾਦ ਲਗਭਗ 35 ਮਿਲੀਅਨ ਡਾਲਰ (3070672500 ਰੁਪਏ) ਹੈ। ਇਸ ਵਿੱਚੋਂ ਲਗਭਗ 34.7 ਮਿਲੀਅਨ ਡਾਲਰ (3044023320 ਰੁਪਏ) ਇਨਾਮੀ ਰਾਸ਼ੀ ਹੈ। ਇਹ ਦਰਸਾਉਂਦਾ ਹੈ ਕਿ ਉਸਦੀ ਕਮਾਈ ਦਾ ਇੱਕ ਵੱਡਾ ਹਿੱਸਾ ਟੈਨਿਸ ਖੇਡਣ ਤੋਂ ਆਇਆ ਹੈ। ਉਹ ਖੇਡਣ ਲਈ ਨਾਈਕੀ ਪਹਿਨਦੀ ਸੀ।

ਪਹਿਲਾਂ, ਕਵੀਤੋਵਾ ਚੈੱਕ ਟੈਨਿਸ ਖਿਡਾਰੀ ਐਡਮ ਪਾਵਲਾਸੇਕ ਅਤੇ ਬਾਅਦ ਵਿੱਚ ਰਾਡੇਕ ਸਟੀਪਾਨੇਕ ਨਾਲ ਰਿਸ਼ਤੇ ਵਿੱਚ ਸੀ। ਇਸ ਤੋਂ ਬਾਅਦ, ਉਸਨੇ ਜੂਨ 2014 ਵਿੱਚ ਚੈੱਕ ਹਾਕੀ ਖਿਡਾਰੀ ਰਾਡੇਕ ਮਿਡਲ ਨੂੰ ਡੇਟ ਕਰਨਾ ਸ਼ੁਰੂ ਕਰ ਦਿੱਤਾ। ਦਸੰਬਰ 2015 ਵਿੱਚ, ਚੈੱਕ ਮੀਡੀਆ ਵਿੱਚ ਅਧਿਕਾਰਤ ਤੌਰ ’ਤੇ ਐਲਾਨ ਕੀਤਾ ਗਿਆ ਸੀ ਕਿ ਦੋਵਾਂ ਦੀ ਮੰਗਣੀ ਹੋ ਗਈ ਹੈ। ਬਾਅਦ ਵਿੱਚ ਮੀਡਲ ਅਤੇ ਕਵੀਤੋਵਾ ਦੋਵਾਂ ਨੇ ਇਸ ਖ਼ਬਰ ਦੀ ਪੁਸ਼ਟੀ ਕੀਤੀ। ਦੋਵੇਂ ਮਈ 2016 ਵਿੱਚ ਵੱਖ ਹੋ ਗਏ। ਕਵੀਤੋਵਾ ਅਗਸਤ 2021 ਤੋਂ ਆਪਣੇ ਕੋਚ ਜੀਰੀ ਵੈਨੇਕ ਨੂੰ ਡੇਟ ਕਰ ਰਹੀ ਹੈ। ਉਨ੍ਹਾਂ ਦੀ ਜੁਲਾਈ 2022 ਵਿੱਚ ਮੰਗਣੀ ਹੋਈ, ਜਦੋਂ ਕਿ ਦੋਵਾਂ ਦਾ ਵਿਆਹ 2023 ਵਿੱਚ ਹੋਇਆ।



# ਫੁੱਟਬਾਲਰ ਘੱਟ, ਸੁਪਰਮਾਡਲ ਜ਼ਿਆਦਾ ਲੱਗਦੀ ਹੈ ਅਨਾ ਮਾਰੀਆ ਮਾਰਕੋਵਿਚ

## ‘ਦੁਨੀਆ ਦੀ ਸਭ ਤੋਂ ਖ਼ੂਬਸੂਰਤ ਫੁੱਟਬਾਲਰ’ ਕਿਹਾ ਜਾਂਦਾ ਹੈ ਅਨਾ ਨੂੰ



ਕ੍ਰੋਏਸ਼ੀਆ ਦੀ ਅਨਾ ਮਾਰੀਆ ਮਾਰਕੋਵਿਚ ਸਿਰਫ਼ ਫੁੱਟਬਾਲ ਹੀ ਨਹੀਂ ਖੇਡਦੀ, ਸਗੋਂ ਮੈਦਾਨ ’ਤੇ ਉਸਦੀ ਹਰ ਐਂਟਰੀ ‘ਫੈਸ਼ਨ ਸ਼ੋਅ’ ਵਰਗੀ ਲੱਗਦੀ ਹੈ। 25 ਸਾਲਾ ਅਨਾ ਨੂੰ ਸੋਸ਼ਲ ਮੀਡੀਆ ’ਤੇ ‘ਦੁਨੀਆ ਦੀ ਸਭ ਤੋਂ ਖ਼ੂਬਸੂਰਤ ਫੁੱਟਬਾਲਰ’ ਕਿਹਾ ਜਾਂਦਾ ਹੈ ਅਤੇ ਹੁਣ ਉਸਨੇ ਅਮਰੀਕਾ ਦੇ ਬਰੁਕਲਿਨ ਐਫਸੀ ਵਿੱਚ ਸ਼ਾਮਲ ਹੋ ਕੇ ਆਪਣੇ ਕੈਰੀਅਰ ਦਾ ਸਭ ਤੋਂ ਵੱਡਾ ਕਦਮ ਚੁੱਕਿਆ ਹੈ। ਇਸ ਸੌਦੇ ਨੂੰ ਉਸਦੀ ਭੈਣ ਕਿਕੀ ਮਾਰਕੋਵਿਚ ਨੇ ਹੋਰ ਵੀ ਖਾਸ ਬਣਾਇਆ, ਜੋ ਉਸਦੇ ਨਾਲ ਇਸ ਟੀਮ ਦਾ ਹਿੱਸਾ ਬਣ ਗਈ ਹੈ।

ਜਦੋਂ ਅਨਾ ਮਾਰੀਆ ਮੈਦਾਨ ’ਤੇ ਉਤਰਦੀ ਹੈ, ਤਾਂ ਦਰਸ਼ਕਾਂ ਦੀਆਂ ਨਜ਼ਰਾਂ ਗੇਂਦ ਨਾਲੋਂ ਜ਼ਿਆਦਾ ਉਸ ’ਤੇ ਹੁੰਦੀਆਂ ਹਨ। ਅਜਿਹਾ ਲਗਦਾ ਹੈ ਜਿਵੇਂ ਉਸਦੇ ਹਰ ਟੱਚ ਵਿੱਚ ਗਲੈਮਰ ਅਤੇ ਜਨੂੰਨ ਮਿਲਾਇਆ ਹੋਇਆ ਹੈ।

ਕਲੱਬ ਵਿੱਚ ਸ਼ਾਮਲ ਹੁੰਦੇ ਹੋਏ ਅਨਾ ਨੇ ਕਿਹਾ, ‘ਇਹ ਸ਼ਹਿਰ ਅਤੇ ਕਲੱਬ ਮੈਨੂੰ ਇੱਕ ਵੱਖਰੀ ਤਰ੍ਹਾਂ ਦੀ ਊਰਜਾ ਦੇ ਰਹੇ ਹਨ। ਭੈਣ ਕਿਕੀ ਨਾਲ ਇਹ ਸਫਰ ਹੋਰ ਵੀ ਦਿਲਚਸਪ ਹੋਵੇਗਾ। ਅਸੀਂ ਇੱਥੇ ਸਿਰਫ਼ ਖੇਡਣ ਲਈ ਨਹੀਂ, ਸਗੋਂ ਪ੍ਰਭਾਵ ਪਾਉਣ ਲਈ ਆਏ ਹਾਂ।’

ਸਵਿਟਜ਼ਰਲੈਂਡ ਵਿੱਚ ਵੱਡੀ ਹੋਈ ਅੰਨਾ ਨੇ ਐਫਸੀ ਜ਼ੁਰੀਖ, ਗ੍ਰਾਸਹੋਪਰਸ ਅਤੇ ਪੁਰਤਗਾਲ ਦੀ ਬ੍ਰਾਗਾ ਵਰਗੀਆਂ ਟੀਮਾਂ ਲਈ ਖੇਡਿਆ ਹੈ। ਬ੍ਰਾਗਾ ਵਿੱਚ ਰਹਿੰਦਿਆਂ, ਉਸਨੇ ਆਪਣੇ ਸਾਥੀ ਟੋਮਸ ਰਿਬੇਰੋ ਦੇ ਨੇੜੇ ਜਾਣ ਦੀ ਕੋਸ਼ਿਸ਼ ਕੀਤੀ ਪਰ ਰਿਸ਼ਤੇ ਅਤੇ ਕੈਰੀਅਰ ਦੀਆਂ ਪੇਚੀਦਗੀਆਂ ਦੇ ਵਿਚਕਾਰ ਉਸਨੇ ਕਲੱਬ ਛੱਡ ਦਿੱਤਾ। ਉਸਨੇ ਇੱਕ ਵਾਰ ਇੱਕ ਮਜ਼ਾਕੀਆ ਪਰ ਦਿਲ ਨੂੰ ਛੂਹ ਲੈਣ ਵਾਲੀ ਵੀਡੀਓ ਪੋਸਟ ਕੀਤੀ ਅਤੇ ਲਿਖਿਆ – ‘ਕਈ ਵਾਰ ਮੈਨੂੰ ਫੁੱਟਬਾਲ ਤੋਂ ਨਫ਼ਰਤ ਹੋਣ ਲੱਗਦੀ ਹੈ।’

# ਮੈਂ ਪੰਜਾਬੀ ਸਿਨੇਮਾ ਨੂੰ ਪਿਆਰ ਕਰਦੀ ਹਾਂ: ਨੀਰੂ ਬਾਜਵਾ






ਪੰਜਾਬੀ ਫ਼ਿਲਮਾਂ ਦੀ ਅਦਾਕਾਰਾ ਨੀਰੂ ਬਾਜਵਾ ਦਾ ਕਹਿਣਾ ਹੈ ਕਿ ਉਹ ਪੰਜਾਬੀ ਸਿਨੇਮਾ ਨੂੰ ਬਹੁਤ ਪਿਆਰ ਕਰਦੀ ਹੈ ਤੇ ਜਿਥੋਂ ਤਕ ਬੌਲੀਵੁੱਡ ਦਾ ਸਵਾਲ ਹੈ ਉਹ ਬੌਲੀਵੁੱਡ ਵਿੱਚ ਕੰਮ ਕਰਨ ਤੋਂ ਨਹੀਂ ਡਰਦੀ। ਉਸ ਨੇ ਕਿਹਾ ਕਿ ਹਿੰਦੀ ਫਿਲਮਾਂ ਵਿੱਚ ਕੰਮ ਲੈਣ ਲਈ ਉਸ ਨੇ ਕਦੇ ਲੀਕ ਤੋਂ ਹਟ ਕੇ ਹੱਥ-ਪੈਰ ਨਹੀਂ ਮਾਰੇ। 'ਮਧਾਣੀਆਂ', 'ਵਾਹ ਨੀ ਪੰਜਾਬਣੇ', 'ਸਰਦਾਰ ਜੀ 3', ਅਤੇ 'ਜੱਟ ਐਂਡ ਜੂਲੀਅਟ 3' ਵਰਗੀਆਂ ਪੰਜਾਬੀ ਫਿਲਮਾਂ ਵਿੱਚ ਆਪਣੀ ਸ਼ਾਨਦਾਰ ਅਦਾਕਾਰੀ ਕਾਰਨ ਉਸ ਨੇ ਆਪਣੀ ਵੱਖਰੀ ਪਛਾਣ ਬਣਾਈ ਹੈ। ਬਾਜਵਾ ਨੇ ਹੁਣੇ ਜਿਹੇ ਹਿੰਦੀ ਫ਼ਿਲਮ 'ਤਹਿਰਾਨ' ਵਿੱਚ ਜੌਹਨ ਅਬਰਾਹਮ ਨਾਲ ਕੰਮ ਕੀਤਾ ਹੈ। ਉਹ ਇਸ ਸਮੇਂ ਆਪਣੀ ਨਵੀਂ ਪੰਜਾਬੀ ਫ਼ਿਲਮ 'ਫੱਫੇ ਕੁੱਟਣੀਆਂ' ਦਾ ਪ੍ਰਚਾਰ ਕਰ ਰਹੀ ਹੈ, ਜਿਸ ਦੀ ਕਹਾਣੀ ਦੋ ਔਰਤਾਂ ਦੁਆਲੇ ਘੁੰਮਦੀ ਹੈ। ਫ਼ਿਲਮ ਵਿੱਚ ਇਹ ਦੋ ਭੂਮਿਕਾਵਾਂ ਨੀਰੂ ਬਾਜਵਾ ਤੇ ਤਾਨੀਆ ਨੇ ਨਿਭਾਈਆਂ ਹਨ। ਨੀਰੂ ਬਾਜਵਾ ਨੇ ਇਹ ਵਿਚਾਰ ਇੱਕ ਇੰਟਰਵਿਊ ਦੌਰਾਨ ਪ੍ਰਗਟਾਏ। ਉਸ ਨੇ ਦੱਸਿਆ ਕਿ ਫ਼ਿਲਮ 'ਤਹਿਰਾਨ' ਵਿੱਚ ਉਸ ਦੀ ਚੋਣ ਕਾਸਟਿੰਗ ਡਾਇਰੈਕਟਰ ਰਾਹੀਂ ਹੋਈ ਸੀ, ਜਿਸ ਨਾਲ ਉਸ ਨੇ ਪਹਿਲਾਂ ਆਪਣੀ ਪੰਜਾਬੀ ਫਿਲਮ 'ਕਲੀ ਜੋਟਾ' ਵਿੱਚ ਕੰਮ ਕੀਤਾ ਸੀ। ਡਾਇਰੈਕਟਰ ਨੇ ਉਸ ਨੂੰ ਉਸ ਦੀ ਭੂਮਿਕਾ ਬਾਰੇ ਦੱਸਿਆ ਜੋ ਨੀਰੂ ਨੂੰ ਬਹੁਤ ਪਸੰਦ ਆਈ। ਉਸ ਨੇ ਕਿਹਾ ਕਿ ਫ਼ਿਲਮ ਦਾ ਮੁੱਖ ਸਟਾਰ ਜੌਹਨ ਅਬਰਾਹਮ ਬਹੁਤ ਹੀ ਠਰ੍ਹਮੇ ਅਤੇ ਨਿਮਰ ਸੁਭਾਅ ਵਾਲਾ ਅਦਾਕਾਰ ਹੈ। ਜਗਦੀਪ ਸਿੱਧੂ ਵੱਲੋਂ ਫ਼ਿਲਮ 'ਫੱਫੇ ਕੁੱਟਣੀਆਂ' ਦੀ ਕਹਾਣੀ ਲਿਖੀ ਗਈ ਹੈ। ਸਿੱਧੂ ਨੇ ਕਿਹਾ ਕਿ ਫ਼ਿਲਮ ਵਿੱਚ ਕਾਮੇਡੀ ਅਤੇ ਸਸਪੈਂਸ ਦੋਵੇਂ ਹਨ। 'ਕਿਸਮਤ', 'ਕਿਸਮਤ 2', 'ਸੁਫਨਾ' ਅਤੇ 'ਲੇਖ' ਵਰਗੀਆਂ ਪੰਜਾਬੀ ਰੁਮਾਂਟਿਕ ਫਿਲਮਾਂ ਦੀ ਕਹਾਣੀ ਲਿਖਣ ਵਾਲੇ ਸਿੱਧੂ ਨੇ ਮੰਨਿਆ ਕਿ ਕਾਮੇਡੀ ਅਤੇ ਸਸਪੈਂਸ ਲਿਖਣਾ ਰੁਮਾਂਸ ਨਾਲੋਂ ਕਿਤੇ ਜ਼ਿਆਦਾ ਚੁਣੌਤੀਪੂਰਨ ਸੀ। ਫ਼ਿਲਮ 'ਫੱਫੇ ਕੁੱਟਣੀਆਂ' ਪ੍ਰੇਮ ਸਿੰਘ ਸਿੱਧੂ ਵੱਲੋਂ ਬਣਾਈ ਗਈ ਹੈ। ਫਿਲਮ ਵਿੱਚ ਗੁਰਬਾਜ਼ ਸਿੰਘ, ਨਿਸ਼ਾ ਬਾਨੋ, ਅੰਮ੍ਰਿਤ ਅੰਬੀ, ਪ੍ਰਭ ਬੈਂਸ ਅਤੇ ਅਸ਼ੋਕ ਤਾਂਗੜੀ ਵੀ ਹਨ।

# ਸਾਰਥਿਕ ਸਿਨੇਮਾ ਨੂੰ ਅਣਡਿੱਠਾ ਕਿਉਂ ਕਰ ਦਿੰਦਾ ਹੈ ਦਰਸ਼ਕ ਵਰਗ






ਪਿਛਲੇ ਕੁਝ ਅਰਸੇ ਵਿੱਚ ਕਈ ਭਾਸ਼ਾਵਾਂ ਦੀਆਂ ਫ਼ਿਲਮਾਂ ਰਿਲੀਜ਼ ਹੋਈਆਂ ਹਨ, ਪਰ ਉਨ੍ਹਾਂ ਵਿੱਚੋਂ ਹਿੰਦੀ ਫ਼ਿਲਮਾਂ ਪਹਿਲੀ 'ਸੈਯਾਰਾ' ਤੇ ਦੂਸਰੀ 'ਧੜਕ-2' ਅਜਿਹੀਆਂ ਹਨ ਜਿਨ੍ਹਾਂ ਦਾ ਜ਼ਿਕਰ ਕਰਨਾ ਜ਼ਰੂਰੀ ਹੋ ਜਾਂਦਾ ਹੈ। ਦੋਵੇਂ ਫ਼ਿਲਮਾਂ ਪ੍ਰੇਮ ਕਹਾਣੀਆਂ ਉੱਪਰ ਆਧਾਰਿਤ ਹਨ। 'ਸੈਯਾਰਾ' ਇੱਕ ਨੌਜਵਾਨ ਮੁੰਡੇ ਤੇ ਨੌਜਵਾਨ ਕੁੜੀ ਦੀ ਪ੍ਰੇਮ ਕਹਾਣੀ ਹੈ। ਕੁੜੀ ਨੂੰ ਇੱਕ ਵਿਸ਼ੇਸ਼ ਬਿਮਾਰੀ ਹੋ ਜਾਂਦੀ ਹੈ। ਮੁੰਡਾ ਤੇ ਕੁੜੀ ਪਿਆਰ ਲਈ ਇੱਕ ਦੂਸਰੇ ਵਾਸਤੇ ਆਪਣੇ ਨਿੱਜੀ ਸੁਆਰਥਾਂ ਦੀ ਕੁਰਬਾਨੀ ਦਿੰਦੇ ਹਨ। ਅੱਜ ਦੀ ਭੱਜਦੌੜ ਨਾਲ ਭਰੀ ਜ਼ਿੰਦਗੀ ਤੋਂ ਸਤਾਏ ਦਰਸ਼ਕਾਂ ਨੂੰ ਫ਼ਿਲਮ ਦੀ ਪ੍ਰੇਮ ਕਹਾਣੀ ਨੇ ਮੋਹ ਲਿਆ। ਫ਼ਿਲਮ ਦੇ ਦੋਵੇਂ ਮੁੱਖ ਕਲਾਕਾਰ ਭਾਵੇਂ ਨਵੇਂ ਹਨ, ਪਰ ਫ਼ਿਲਮ ਨੇ ਆਰਥਿਕ ਮੁਨਾਫ਼ੇ ਦੇ ਸਾਰੇ ਰਿਕਾਰਡ ਤੋੜ ਦਿੱਤੇ ਹਨ।

ਦੂਸਰੀ ਫ਼ਿਲਮ ਹੈ 'ਧੜਕ-2'। ਇਸ ਵਿੱਚ ਵੀ ਨੌਜਵਾਨ ਕੁੜੀ-ਮੁੰਡੇ ਦੀ ਪ੍ਰੇਮ ਕਹਾਣੀ ਹੈ, ਪਰ ਸਮੱਸਿਆ ਇਹ ਹੈ ਕਿ ਇਸ ਵਿੱਚ ਮੁੰਡਾ ਅਖੌਤੀ ਛੋਟੀ ਜਾਤ ਤੇ ਕੁੜੀ ਅਖੌਤੀ ਉੱਚੀ ਜਾਤ ਨਾਲ ਸਬੰਧ ਰੱਖਦੀ ਹਨ। ਆਜ਼ਾਦੀ ਦੇ ਭਾਵੇਂ ਅਠੱਤਰ ਸਾਲ ਹੋ ਗਏ ਹਨ, ਪਰ ਜਾਤ ਆਧਾਰਿਤ ਨਫ਼ਰਤ ਵਾਲਾ ਲਾਵਾ ਸੁੱਕਿਆ ਨਹੀਂ ਸਗੋਂ ਵਧਦਾ ਤੇ ਫ਼ੈਲਦਾ ਜਾ ਰਿਹਾ ਹੈ। 'ਸੈਯਾਰਾ' ਤੇ 'ਧੜਕ-2' ਫ਼ਿਲਮ ਦੀ ਪ੍ਰੇਮ ਕਹਾਣੀ ਦੇ ਨਾਇਕ ਤੇ ਨਾਇਕਾ ਦੀਆਂ ਸਮੱਸਿਆਵਾਂ, ਮੁਸ਼ਕਿਲਾਂ ਤੇ ਚੁਣੌਤੀਆਂ ਇਕਦਮ ਵੱਖਰੀਆਂ ਹਨ। ਉਨ੍ਹਾਂ ਦੇ ਸੁਆਲ ਤੇ ਹੱਲ ਵੀ ਵੱਖਰੇ ਹਨ।

'ਧੜਕ-2' ਵਿੱਚ ਹਿੰਦੀ ਦੇ ਪ੍ਰਸਿੱਧ ਮਰਹੂਮ ਕਵੀ ਓਮਪ੍ਰਕਾਸ਼ ਵਾਲਮਿਕੀ ਦੀ ਮਸ਼ਹੂਰ ਕਵਿਤਾ 'ਠਾਕੁਰ ਕਾ ਕੂਆਂ' ਭਾਵ 'ਠਾਕੁਰ ਦਾ ਖੂਹ' ਨੂੰ ਇੱਕ ਪਾਤਰ ਰਾਹੀਂ ਵਰਤਿਆ ਗਿਆ ਸੀ, ਪਰ ਸੈਂਸਰ ਬੋਰਡ ਨੇ ਨਿਰਮਾਤਾਵਾਂ ਨੂੰ ਉਸ ਨੂੰ ਫ਼ਿਲਮ ਵਿੱਚੋਂ ਕੱਢਣ ਵਾਸਤੇ ਹਦਾਇਤ ਦਿੱਤੀ। ਉਸ ਦੀ ਜਗ੍ਹਾ ਮਰਹੂਮ ਮਸ਼ਹੂਰ ਕਵੀ ਤੇ ਗੀਤਕਾਰ ਸ਼ੈਲੇਂਦਰ ਦੀ ਕਵਿਤਾ ਵਰਤੀ ਗਈ ਹੈ। ਕਹਿੰਦੇ ਹਨ ਕਿ ਸ਼ੈਲੇਂਦਰ ਆਪਣੇ ਜ਼ਮਾਨੇ ਦੇ ਪ੍ਰਸਿੱਧ ਫ਼ਿਲਮਸਾਜ਼ ਰਾਜ ਕਪੂਰ ਦੇ ਬਹੁਤ ਕਰੀਬੀਆਂ ਵਿੱਚੋਂ ਇੱਕ ਸੀ, ਪਰ ਉਸ ਦੇ ਬਾਵਜੂਦ ਸ਼ੈਲੇਂਦਰ ਨੂੰ ਰਾਜ ਕਪੂਰ ਤੋਂ ਆਪਣੀ ਅਖੌਤੀ ਛੋਟੀ ਜਾਤ ਛੁਪਾਉਣੀ ਪਈ ਸੀ। ਸ਼ਾਇਦ ਤਾਂ ਹੀ ਕਿਸੇ ਨੇ ਕਿਹਾ ਹੈ ਕਿ 'ਜਾਤ ਹੈ ਕਿ ਜਾਤੀ ਹੀ ਨਹੀਂ।' ਤੁਸੀਂ ਭਾਵੇਂ ਰਾਸ਼ਟਰਪਤੀ ਬਣ ਜਾਓ, ਇਸ ਦੁਨੀਆ ਤੋਂ ਰੁਖ਼ਸਤ ਹੋ ਜਾਓ, ਤੁਹਾਡੀ ਜਾਤ ਨੇ ਤੁਹਾਡੇ ਨਾਲ ਚਿੱਚੜ ਵਾਂਗ ਚਿੰਬੜੇ ਹੀ ਰਹਿਣਾ ਹੈ। ਫ਼ਿਲਮ 'ਚ ਪੇਸ਼ ਕੀਤੀ ਗਈ ਸ਼ੈਲੇਂਦਰ ਦੀ ਕਵਿਤਾ ਨਾਲ ਮੇਲ ਖਾਂਦੀ, ਸਮਾਜ ਦੀਆਂ ਕੌੜੀਆਂ ਸੱਚਾਈਆਂ ਨੂੰ ਵਿਖਾਉਂਦੀ ਤੇ ਉਠਾਉਂਦੀ ਇਹ ਸ਼ਾਨਦਾਰ ਫ਼ਿਲਮ ਹੈ। ਨਿਰਦੇਸ਼ਿਕਾ ਸ਼ਾਜ਼ੀਆ ਇਕਬਾਲ, ਮੁੱਖ ਅਦਾਕਾਰ ਸਿਧਾਰਥ ਚਤੁਰਵੇਦੀ, ਤ੍ਰਿਪਤੀ ਡਿਮਰੀ ਸਣੇ ਸਾਰਿਆਂ ਨੇ ਆਪਣਾ ਕੰਮ ਬਾਖ਼ੂਬੀ ਨਿਭਾਇਆ ਹੈ। ਫ਼ਿਲਮ ਦੇ ਦਲਿਤ ਨਾਇਕ ਦਾ ਇਹ ਸੰਵਾਦ, ਤੁਹਾਡੀਆਂ ਇਮਾਰਤਾਂ ਤਾਂ ਬਹੁਤ ਉੱਚੀਆਂ ਹਨ, ਪਰ ਤੁਹਾਡੀ ਇਨਸਾਨੀਅਤ ਪ੍ਰਤੀ ਸੋਚ ਬਹੁਤ ਨੀਵੀਂ ਹੈ। ਬਹੁਤ ਮਾਅਨੇ ਰੱਖਦਾ ਹੈ। ਸਾਰੀ ਗੱਲ ਹੀ ਸੋਚ ਦੀ ਹੈ। ਇਸ ਫ਼ਿਲਮ ਵਿੱਚ ਇੱਕ ਵਚਿੱਤਰ ਪਾਤਰ ਵੀ ਦਰਸਾਇਆ ਗਿਆ ਹੈ। ਉਸ ਪਾਤਰ ਨੂੰ ਹਰ ਉਹ ਔਰਤ-ਮਰਦ ਪਸੰਦ ਨਹੀਂ ਹਨ ਜੋ ਆਪਸ ਵਿੱਚ ਪਿਆਰ ਕਰਦੇ ਹਨ ਤੇ ਜੇਕਰ ਉਹ ਔਰਤ-ਮਰਦ ਅੰਤਰ ਜਾਤੀ ਹੋਣ ਤਾਂ ਉਹ ਉਸ ਦੇ ਅੰਦਰ ਇੱਕ ਅਜੀਬ ਕਿਸਮ ਦਾ ਲਾਵਾ ਫ਼ੁਟਾਉਂਦੇ ਹਨ। ਉਹ ਉਨ੍ਹਾਂ ਨੂੰ ਜਾਨ ਤੋਂ ਮਾਰ ਦਿੰਦਾ ਹੈ। ਉਹ ਸਮਝਦਾ ਹੈ ਕਿ ਇੰਝ ਕਰਕੇ ਉਹ ਸਮਾਜ ਦੀ ਸਫ਼ਾਈ ਕਰ ਰਿਹਾ ਹੈ। ਫ਼ਿਲਮ ਇਹ ਸੁਨੇਹਾ ਦੇਣ ਵਿੱਚ ਕਾਮਯਾਬ ਰਹਿੰਦੀ ਹੈ ਕਿ ਮਨੁੱਖ ਦੀ ਪਛਾਣ ਉਸ ਦੀ ਜਾਤ ਤੋਂ ਨਹੀਂ ਸਗੋਂ ਉਸ ਦੇ ਕਰਮਾਂ, ਵਿਚਾਰਾਂ ਤੇ ਸੋਚ ਨਾਲ ਹੋਣੀ ਚਾਹੀਦੀ ਹੈ। ਅਫ਼ਸੋਸ ਇਹ ਵੀ ਹੈ ਕਿ ਜਿੱਥੇ 'ਸੈਯਾਰਾ' ਵਰਗੀਆਂ ਪ੍ਰੇਮ ਕਹਾਣੀਆਂ ਉੱਪਰ ਆਧਾਰਿਤ ਫ਼ਿਲਮਾਂ ਟਿਕਟ ਖਿੜਕੀ ਉੱਪਰ ਧਮਾਲ ਮਚਾਉਂਦੀਆਂ ਹਨ, ਉੱਥੇ ਹੀ ਸਮਾਜ ਦੇ ਗੂੜ੍ਹੇ, ਗਹਿਰੇ ਤੇ ਕੌੜੇ ਸਰੋਕਾਰਾਂ ਨਾਲ ਲਵਰੇਜ਼ ਫ਼ਿਲਮ 'ਧੜਕ-2' ਦਰਸ਼ਕਾਂ ਨੂੰ ਉਡੀਕਦੀ ਰਹਿੰਦੀ ਹੈ। ਸਾਡੇ ਮੌਜੂਦਾ ਵੱਡੇ ਦਰਸ਼ਕ ਵਰਗ ਦੀ ਇਹ ਵੀ ਇੱਕ ਤ੍ਰਾਸਦੀ ਹੈ ਕਿ ਉਹ ਸਾਰਥਿਕ ਸਿਨੇਮਾ ਨੂੰ ਅਣਡਿੱਠਾ ਕਰ ਦਿੰਦਾ ਹੈ।

# 6 ਸਾਲ ਦੀ ਉਮਰ 'ਚ ਲਗਾਤਾਰ 30 ਘੰਟੇ ਸ਼ੂਟਿੰਗ ਕੀਤੀ ਸੀ ਅਦਾਕਾਰਾ ਅਸ਼ਨੂਰ ਕੌਰ ਨੇ



ਟੀ.ਵੀ. ਦਾ ਵਿਵਾਦਪੂਰਨ ਰਿਐਲਿਟੀ ਸ਼ੋਅ ਬਿੱਗ ਬੌਸ ਖ਼ਬਰਾਂ ਵਿੱਚ ਬਣਿਆ ਰਹਿੰਦਾ ਹੈ। ਸਲਮਾਨ ਖਾਨ ਸੀਜ਼ਨ 19 ਵਿੱਚ ਹੋਸਟ ਵਜੋਂ ਵਾਪਸ ਆਏ ਹਨ ਅਤੇ ਉਨ੍ਹਾਂ ਨੇ ਵੀਕੈਂਡ ਕਾ ਵਾਰ ਵਿੱਚ ਕੁਝ ਪ੍ਰਤੀਯੋਗੀਆਂ ਨੂੰ ਝਿੜਕਿਆ ਵੀ ਸੀ। ਬੀਬੀ ਹਾਊਸ ਵਿੱਚ ਦਿਖਾਈ ਦੇਣ ਵਾਲੇ ਕੁਝ ਚੁਣੇ ਹੋਏ ਪ੍ਰਤੀਯੋਗੀ ਸੁਰਖ਼ੀਆਂ ਵਿੱਚ ਹਨ। ਉਨ੍ਹਾਂ ਵਿੱਚੋਂ ਇੱਕ ਦਾ ਨਾਮ ਬਿੱਗ ਬੌਸ 19 ਦੀ ਪਹਿਲੀ ਪ੍ਰਤੀਯੋਗੀ ਅਸ਼ਨੂਰ ਕੌਰ ਹੈ।

ਅਸ਼ਨੂਰ ਨੇ 21 ਸਾਲ ਦੀ ਉਮਰ ਵਿੱਚ ਟੀ. ਵੀ. ਸੀਰੀਅਲਾਂ ਰਾਹੀਂ ਆਪਣੀ ਪਛਾਣ ਸਥਾਪਿਤ ਕੀਤੀ ਹੈ। ਇਨ੍ਹੀਂ ਦਿਨੀਂ ਉਹ ਸਲਮਾਨ ਖਾਨ ਦੇ ਸ਼ੋਅ ਵਿੱਚ ਆਪਣੇ ਬੋਲਣ ਦੇ ਅੰਦਾਜ਼ ਅਤੇ ਜ਼ਬਰਦਸਤ ਖੇਡ ਲਈ ਸੁਰਖ਼ੀਆਂ ਵਿੱਚ ਹੈ। ਬਿੱਗ ਬੌਸ 19 ਦੀ ਪ੍ਰਤੀਯੋਗੀ ਅਤੇ ਅਦਾਕਾਰਾ ਅਸ਼ਨੂਰ ਨੇ ਬਾਲ ਕਲਾਕਾਰ ਵਜੋਂ ਆਪਣਾ ਕੈਰੀਅਰ ਸ਼ੁਰੂ ਕੀਤਾ ਸੀ। ਇਸ ਦੌਰਾਨ ਉਸ ਨੇ ਖੁਲਾਸਾ ਕੀਤਾ ਹੈ ਕਿ ਕਿਵੇਂ ਉਸ ਨੂੰ 6 ਸਾਲ ਦੀ ਉਮਰ ਵਿੱਚ 30 ਘੰਟੇ ਸ਼ੂਟਿੰਗ ਕਰਨੀ ਪਈ ਅਸ਼ਨੂਰ ਕੌਰ ਦਾ ਨਾਮ ਮਸ਼ਹੂਰ ਟੀ.ਵੀ. ਅਭਿਨੇਤਰੀਆਂ ਦੀ ਸੂਚੀ ਵਿੱਚ ਸ਼ਾਮਲ ਹੈ। 21 ਸਾਲ ਦੀ ਉਮਰ ਵਿੱਚ ਉਸ ਦਾ ਆਪਣਾ ਘਰ, ਕਾਰ ਅਤੇ ਪੈਸਾ ਹੈ। ਅਸ਼ਨੂਰ ਦਾ ਇੱਕ ਇੰਟਰਵਿਊ ਚਰਚਾ ਵਿੱਚ ਆਇਆ ਹੈ, ਜਿਸ ਵਿੱਚ ਉਸ ਨੇ ਬਚਪਨ ਵਿੱਚ ਕੰਮ ਕਰਨ ਦੇ ਸੰਘਰਸ਼ ਬਾਰੇ ਗੱਲ ਕੀਤੀ। ਅਦਾਕਾਰਾ ਕਹਿੰਦੀ ਹੈ ਕਿ ਹੁਣ ਜਦੋਂ ਉਸ ਦੇ ਸ਼ੋਅ ਸਫਲ ਹੁੰਦੇ ਹਨ ਤਾਂ ਉਸ ਨੂੰ 12 ਘੰਟੇ ਕੰਮ ਕਰਨ ਦੀ ਸਹੂਲਤ ਮਿਲਦੀ ਹੈ ਪਰ ਸ਼ੁਰੂਆਤੀ ਦਿਨਾਂ ਵਿੱਚ ਉਸ ਨਾਲ ਅਜਿਹਾ ਨਹੀਂ ਹੋਇਆ। ਇੱਕ ਇੰਟਰਵਿਊ ਵਿੱਚ ਅਦਾਕਾਰਾ ਨੇ ਦੱਸਿਆ ਕਿ 'ਮੈਂ ਲਗਾਤਾਰ 30 ਘੰਟੇ ਸ਼ੂਟਿੰਗ ਵੀ ਕੀਤੀ ਹੈ। ਉਸ ਸਮੇਂ ਮੈਂ ਸਿਰਫ਼ 6 ਸਾਲ ਦੀ ਸੀ ਅਤੇ ਮੈਂ 'ਸ਼ੋਭਾ ਸੋਮਨਾਥ ਕੀ' ਨਾਮਕ ਇੱਕ ਸ਼ੋਅ ਕਰ ਰਹੀ ਸੀ। ਸ਼ੂਟਿੰਗ ਸ਼ਡਿਊਲ ਕਾਰਨ ਮੈਂ ਇੰਨੀ ਥੱਕ ਗਈ ਸੀ ਕਿ ਮੈਂ ਬਿਲਕੁਲ ਵੀ ਕੰਮ ਨਹੀਂ ਕਰ ਸਕੀ। ਮੇਰੀ ਮਾਂ ਨੇ ਮੈਨੂੰ ਕੁਝ ਘੰਟੇ ਵੈਨਿਟੀ ਵਿੱਚ ਆਰਾਮ ਕਰਨ ਦੀ ਸਲਾਹ ਦਿੱਤੀ। ਜਦੋਂ ਮੈਂ ਝਪਕੀ ਲੈਂਦੀ ਸੀ ਤਾਂ ਪ੍ਰੋਡਕਸ਼ਨ ਦੇ ਲੋਕ ਸੁਰੱਖਿਆ ਲਈ ਬਾਹਰ ਖੜ੍ਹੇ ਹੋ ਜਾਂਦੇ ਸਨ ਅਤੇ ਫਿਰ ਥੋੜ੍ਹਾ ਆਰਾਮ ਕਰਨ ਤੋਂ ਬਾਅਦ ਮੈਂ ਦੁਬਾਰਾ ਕੰਮ ਕਰਨਾ ਸ਼ੁਰੂ ਕਰ ਦਿੱਤਾ। ਅਸ਼ਨੂਰ ਕੌਰ ਨੇ ਇਹ ਵੀ ਦੱਸਿਆ ਕਿ ਇੱਕ ਵਾਰ ਉਸ ਨੂੰ ਆਪਣੇ ਸ਼ੋਅ ਲਈ ਇੱਕ ਖਾਸ ਲੁੱਕ ਲੈਣੀ ਪੈਂਦੀ ਸੀ ਤੇ ਇਸ ਲਈ ਉਸ ਨੇ ਆਪਣੀ ਖ਼ੁਰਾਕ ਸਿਰਫ਼ ਪਾਣੀ ਨਾਲ ਪੂਰੀ ਕੀਤੀ। ਉਸ ਨੇ ਅੱਗੇ ਕਿਹਾ, 'ਮੈਂ ਇੱਕ ਵਾਰ ਸੈੱਟ 'ਤੇ ਬੇਹੋਸ਼ ਹੋ ਗਈ ਸੀ ਪਰ ਮੈਂ ਕਿਸੇ ਨੂੰ ਨਹੀਂ ਦੱਸਿਆ ਕਿ ਮੈਂ ਖਾਣਾ ਨਹੀਂ ਖਾਧਾ ਅਤੇ ਇਸੇ ਕਰਕੇ ਮੈਂ ਬੇਹੋਸ਼ ਹੋ ਗਈ।

## ਪੰਜਾਬੀ ਯੂਨੀਵਰਸਿਟੀ 'ਤੇ ਬੇਅਦਬੀ ਦਾ ਦੋਸ਼

ਪਰ ਬਹੁਤੇ ਬੁੱਧੀਜੀਵੀ ਤੇ ਪੰਥਕ ਜਥੇਬੰਦੀਆਂ ਮਹਾਨ ਕੋਸ਼ ਨੂੰ ਧਾਰਮਿਕ ਤੇ ਪਵਿੱਤਰ ਨਹੀਂ ਮੰਨਦੀਆਂ। ਉਹਨਾਂ ਦਾ ਮੰਨਣਾ ਹੈ ਕਿ ਮਹਾਨ ਕੋਸ਼ ਇੱਕ ਵਿਸ਼ਵਕੋਸ਼ ਹੈ, ਨਾ ਕਿ ਗੁਰੂ ਗ੍ਰੰਥ ਸਾਹਿਬ ਵਾਂਗ ਪਵਿੱਤਰ ਗ੍ਰੰਥ। ਇਸ ਵਿੱਚ ਗੁਰਬਾਣੀ ਹਵਾਲੇ ਨੇ, ਪਰ ਇਹ ਧਾਰਮਿਕ ਗ੍ਰੰਥ ਨਹੀਂ ਹੈ। ਕੇਸ ਪਾਉਣ ਨੂੰ ਇਸੇ ਕਰਕੇ ਬਹੁਤੇ ਸਿੱਖ ਠੀਕ ਨਹੀਂ ਮੰਨਦੇ । ਅਸਲ ਮਸਲਾ ਮੁੜ-ਛਪਾਈ ਵਿੱਚ ਗਲਤੀਆਂ ਅਤੇ ਹੇਰਾ-ਫੇਰੀ ਦਾ ਐ। ਇਸ ਵਿੱਚ 2.5 ਕਰੋੜ ਰੁਪਏ ਖਰਚ ਹੋਏ, 25 ਤੋਂ 30 ਹਜ਼ਾਰ ਕਾਪੀਆਂ ਛਾਪੀਆਂ ਗਈਆਂ ਅਤੇ ਗਲਤ ਤੱਥ ਛੱਪੇ ਹਨ। ਵਿਦਵਾਨਾਂ ਨੇ ਇਸ ਨੂੰ ਵਾਪਸ ਲੈਣ ਦੀ ਮੰਗ ਕੀਤੀ ਸੀ ਅਤੇ ਹਾਈਕੋਰਟ ਨੇ ਵਿਕਰੀ 'ਤੇ ਰੋਕ ਲਾਈ ਸੀ। ਪਰ ਇਸ ਹੇਰਾ-ਫੇਰੀ ਉੱਤੇ ਕੋਈ ਕੇਸ ਨਹੀਂ ਦਰਜ ਹੋਇਆ। ਸਿੱਖ ਵਿਦਵਾਨ ਡਾ. ਪਰਮਿੰਦਰ ਸਿੰਘ ਸ਼ੌਂਕੀ ਨੇ ਕਿਹਾ ਕਿ ਇਹ ਗਿਆਨ ਦੀ ਪਵਿੱਤਰਤਾ 'ਤੇ ਵਾਰ ਹੈ ਅਤੇ ਪੰਜਾਬੀ ਯੂਨੀਵਰਸਿਟੀ ਰਾਹੀਂ ਕੁਕਰਮ ਹੋਇਆ ਹੈ। ਪ੍ਰਿਤਪਾਲ ਸਿੰਘ ਨੇ ਪ੍ਰੋਫੈਸਰ ਧਨਵੰਤ ਕੌਰ ਸਮੇਤ ਯੂਨੀਵਰਸਿਟੀ ਪ੍ਰੋਫੈਸਰਾਂ ਬਾਰੇ ਕਿਹਾ ਕਿ ਇਹਨਾਂ ਨੇ ਯੂਨੀਵਰਸਿਟੀ ਦੇ ਵੱਕਾਰ ਨੂੰ ਸੱਟ ਮਾਰੀ ਹੈ।

ਜਥੇਦਾਰ ਪਰਮਿੰਦਰ ਪਾਲ ਸਿੰਘ ਖਾਲਸਾ ਨੇ ਇਸ ਨੂੰ ਸਿੱਖ ਵਿਰੋਧੀ ਮਾਨਸਿਕਤਾ ਕਰਾਰ ਦਿੱਤਾ ਅਤੇ ਕਿਹਾ ਕਿ ਇਹ ਸਿੱਖ ਵਿਰਾਸਤ ਨੂੰ ਤਬਾਹ ਕਰਨ ਦੀ ਸਾਜ਼ਿਸ਼ ਐ। ਉਹਨਾਂ ਨੇ ਯੂਨੀਵਰਸਿਟੀ ਵਿੱਚ ਮੌਜੂਦ ਪੁਰਾਤਨ ਹੱਥ-ਲਿਖਤਾਂ ਅਤੇ ਗ੍ਰੰਥਾਂ ਦੀ ਸੰਭਾਲ ਬਾਰੇ ਸਪੱਸ਼ਟੀਕਰਨ ਮੰਗਿਆ।

ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਕਿਰਨਜੋਤ ਕੌਰ ਦਾ ਬਿਆਨ ਇਸ ਸਬੰਧੀ ਵਿਚਾਰਧਾਰਕ ਤੇ ਸਿਧਾਂਤਕ ਨਜ਼ਰੀਏ ਨੂੰ ਦਰਸਾਉਂਦਾ ਹੈ, ਜੋ ਸਿੱਖ ਰਹਿਤ ਮਰਿਆਦਾ ਦੇ ਤਕਨੀਕੀ ਪਹਿਲੂ ਨੂੰ ਉਜਾਗਰ ਕਰਦਾ ਹੈ। ਉਹਨਾਂ ਅਨੁਸਾਰ, ਸਿਖ ਮਰਿਆਦਾ ਅਨੁਸਾਰ ਸਿਰਫ਼ ਗੁਰੂ ਗ੍ਰੰਥ ਸਾਹਿਬ ਜੀ ਪਵਿੱਤਰ ਗ੍ਰੰਥ ਹਨ ਅਤੇ ਮਹਾਨ ਕੋਸ਼ ਜਾਂ ਹੋਰ ਕਿਤਾਬਾਂ ਨੂੰ ਇਸੇ ਮਰਿਆਦਾ ਵਿੱਚ ਨਹੀਂ ਜੋੜਿਆ ਜਾ ਸਕਦਾ। ਮਹਾਨਕੋਸ਼ ਨੂੰ ਪਾਵਨ ਮੰਨਕੇ ਕੇਸ ਬਣਾਉਣਾ ਗਲਤ ਹੈ।

ਬੀਬੀ ਕਿਰਨਜੋਤ ਕੌਰ ਦਾ ਬਿਆਨ ਸਹੀ ਹੈ ਕਿ ਹਰ ਸਿੱਖ ਗ੍ਰੰਥ ਤੇ ਪੁਸਤਕ 'ਤੇ ਗੁਰੂ ਦੀ ਮਰਿਆਦਾ ਨਹੀਂ ਲਾਗੂ ਹੋ ਸਕਦੀ।

ਡਾ. ਗੰਡਾ ਸਿੰਘ ਪੰਜਾਬੀ ਰੈਫਰੈਂਸ ਲਾਇਬਰੇਰੀ ਅਤੇ ਪ੍ਰੋ. ਕਿਰਪਾਲ ਸਿੰਘ ਦੀ ਲਾਇਬਰੇਰੀ ਕਿਉਂ ਖ਼ਤਰੇ ਵਿੱਚ ਨੇ ?

ਇਹ ਲਾਇਬ੍ਰੇਰੀਆਂ ਪੰਜਾਬੀ ਯੂਨੀਵਰਸਿਟੀ ਵਿੱਚ ਨੇ ਅਤੇ ਇੱਥੇ ਦੁਰਲੱਭ ਸਿੱਖ ਸਾਹਿਤ, ਪੁਸਤਕਾਂ ਅਤੇ ਹੱਥ-ਲਿਖਤਾਂ ਹਨ। ਵਿਦਵਾਨਾਂ ਨੇ ਕਿਹਾ ਕਿ ਇਹਨਾਂ ਦੀ ਸੰਭਾਲ ਠੀਕ ਨਹੀਂ ਹੋ ਰਹੀ। ਕੁਝ ਪੁਸਤਕਾਂ ਗਾਇਬ ਨੇ, ਕੁਝ ਨੂੰ ਨੁਕਸਾਨ ਪਹੁੰਚਿਆ ਐ ਅਤੇ ਡਿਜੀਟਲਾਈਜ਼ੇਸ਼ਨ ਨਹੀਂ ਹੋਇਆ। ਜਥੇਦਾਰ ਗੜਗੱਜ ਨੇ ਕਿਹਾ ਕਿ ਲਾਇਬਰੇਰੀ ਦਾ ਹਾਲ ਚੰਗਾ ਨਹੀਂ ਅਤੇ ਕਾਫ਼ੀ ਵਿਰਾਸਤ ਚੋਰੀ ਹੋਈ ਜਾਂ ਰੱਦੀ ਵਿੱਚ ਵੇਚੀ ਗਈ। ਪ੍ਰੋ. ਕਿਰਪਾਲ ਸਿੰਘ, ਜੋ 2019 ਵਿੱਚ ਗੁਜ਼ਰ ਗਏ ਨੇ, ਉਹਨਾਂ ਦੀ ਨਿੱਜੀ ਲਾਇਬਰੇਰੀ ਵੀ ਯੂਨੀਵਰਸਿਟੀ ਕੋਲ ਐ ਅਤੇ ਉਸੇ ਤਰ੍ਹਾਂ ਦੀਆਂ ਸ਼ਿਕਾਇਤਾਂ ਨੇ। ਇਹ ਲਾਇਬਰੇਰੀਆਂ ਸਿੱਖ ਇਤਿਹਾਸ ਅਤੇ ਸਾਹਿਤ ਦਾ ਖ਼ਜ਼ਾਨਾ ਨੇ, ਪਰ ਇਸ ਬਾਰੇ ਨਾ ਤਾਂ ਐੱਸ.ਜੀ.ਪੀ.ਸੀ. ਨਾਲ ਸਹਿਯੋਗ ਲਿਆ ਗਿਆ ਅਤੇ ਨਾ ਹੀ ਢੁੱਕਵੀਂ ਸੰਭਾਲ ਹੈ।

***

## ਮੁੰਬਈ, ਦਿੱਲੀ-ਐਨ.ਸੀ.ਆਰ., ਬੈਂਗਲੁਰੂ ਤੇ ਗੋਆ

ਸੀਜ਼ਨ ਵਿੱਚ ਵੀ ਸ਼ਾਮਲ ਹੋ ਸਕਦੇ ਹਨ। ਕੁੜੀਆਂ ਮਹਿੰਦੀ ਲਗਵਾਉਂਦੀਆਂ ਹਨ ਅਤੇ ਲਹਿੰਗੇ ਵਿੱਚ ਸਜਦੀਆਂ ਹਨ ਜਦਕਿ ਮੁੰਡੇ ਕਢਾਈ ਵਾਲੇ ਕੁੜਤਿਆਂ ਵਿੱਚ ਆਉਂਦੇ ਹਨ। ਅਜਨਬੀ ਦੋਸਤ ਬਣ

ਜਾਂਦੇ ਹਨ ਤੇ ਅਜਿਹੇ ਨਕਲੀ ਵਿਆਹ ਦਾ ਜਸ਼ਨ ਮਨਾਉਣ ਲਈ ਡਾਂਸ ਕਰਦੇ ਹਨ।

ਬਿਨਾਂ ਕਿਸੇ ਚਿੰਤਾ ਦੇ ਢੋਲ ਦੀ ਡਗੇ 'ਤੇ ਥਿਰਕਣ ਦਾ ਮੌਕਾ

ਕਾਲਜ ਦੀ ਵਿਦਿਆਰਥਣ ਨਤਾਸ਼ਾ ਘਈ ਨੇ ਕਿਹਾ ਕਿ ਅਸੀਂ ਸਿਰਫ਼ ਆਪਣੇ ਦੋਸਤਾਂ ਦੇ ਨਾਲ ਸੀ, ਢੋਲ ਦੀ ਥਾਪ 'ਤੇ ਨੱਚਦੇ ਹੋਏ, ਬਿਨਾਂ ਕਿਸੇ ਚਿੰਤਾ ਦੇ ਆਨੰਦ ਮਾਣਦੇ ਹੋਏ। ਨਤਾਸ਼ਾ ਨੇ ਹਾਲ ਹੀ ਵਿਚ ਗੁਰੂਗ੍ਰਾਮ ਵਿੱਚ ਇੱਕ ਅਜਿਹੀ ਨਕਲੀ ਵਿਆਹ ਥੀਮ ਪਾਰਟੀ ਬਾਰੇ ਉਤਸ਼ਾਹ ਨਾਲ ਦੱਸਿਆ ਕਿ ਇਹ ਆਜ਼ਾਦੀ ਦਾ ਅਨੁਭਵ ਸੀ ਅਤੇ ਵਿਆਹ ਦਾ ਮਾਹੌਲ ਬਹੁਤ ਆਨੰਦਦਾਇਕ ਸੀ।

ਰਿਸ਼ਤੇਦਾਰ ਕੀ ਕਹਿਣਗੇ, ਇਸ ਦੀ ਕੋਈ ਟੈਂਸ਼ਨ ਨਹੀਂ

ਦਿੱਲੀ ਵਿੱਚ ਰਹਿਣ ਵਾਲੀ ਅਪੂਰਵਾ ਗੁਪਤਾ ਆਪਣੇ ਦੋਸਤ ਤੇ ਉਸ ਦੀ ਮਾਂ ਨਾਲ ਦੱਖਣੀ ਦਿੱਲੀ ਵਿੱਚ ਇੱਕ ਨਕਲੀ ਵਿਆਹ ਵਿੱਚ ਸ਼ਾਮਲ ਹੋਈ। ਉਨ੍ਹਾਂ ਨੂੰ ਇਸ ਨਕਲੀ ਵਿਆਹ ਸਮਾਗਮ ਵਿੱਚ ਬਹੁਤ ਆਨੰਦ ਆਇਆ। ਉਨ੍ਹਾਂ ਕਿਹਾ ਕਿ ਮੈਂ ਕਦੇ ਨਹੀਂ ਸੋਚਿਆ ਸੀ ਕਿ ਨਕਲੀ ਵਿਆਹ ਵਿੱਚ ਇੰਨਾ ਆਨੰਦ ਆਵੇਗਾ। ਮੈਂ ਪੂਰੀ ਰਾਤ ਵਿਆਹ ਦੇ ਗਾਣਿਆਂ 'ਤੇ ਇੰਝ ਨੱਚਦੀ ਰਹੀ ਜਿਵੇਂ ਕੋਈ ਵੇਖ ਹੀ ਨਹੀਂ ਰਿਹਾ ਅਤੇ ਸੱਚ ਕਹਾਂ ਤਾਂ ਕੋਈ ਵੇਖ ਵੀ ਨਹੀਂ ਰਿਹਾ ਸੀ। ਹਰ ਕੋਈ ਆਪਣੀ-ਆਪਣੀ ਮੌਜ ਵਿੱਚ ਰੁੱਝਿਆ ਹੋਇਆ ਸੀ। ਦੂਰ ਦੇ ਰਿਸ਼ਤੇਦਾਰ ਕੀ ਕਹਿਣਗੇ ?, ਇਸ ਦੀ ਕੋਈ ਟੈਂਸ਼ਨ ਨਹੀਂ ਸੀ, ਨਾ ਹੀ ਲਾੜੇ-ਲਾੜੀ ਨਾਲ ਤਸਵੀਰਾਂ ਖਿਚਵਾਉਣ ਦਾ ਕੋਈ ਦਬਾਅ ਸੀ।

***

## ਸੰਘ ਪਰਿਵਾਰ ਨੇ ਕਾਸ਼ੀ-ਮਥੁਰਾ ਮੁੱਦੇ

ਅਲਪਸੰਖਿਆਕਾਂ ਵਿੱਚ ਇੱਕ ਨਵੀਂ ਉਮੀਦ ਜਗਾਈ ਹੈ। ਇਸ ਦੇ ਜਵਾਬ ਵਜੋਂ ਸੰਘ ਪਰਿਵਾਰ ਕਾਸ਼ੀ ਅਤੇ ਮਥੁਰਾ ਵਰਗੇ ਧਾਰਮਿਕ ਮੁੱਦਿਆਂ ਨੂੰ ਭੜਕਾ ਕੇ ਧਰੁਵੀਕਰਨ ਦੀ ਰਣਨੀਤੀ ਅਪਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਇਹ ਰਣਨੀਤੀ ਪਹਿਲਾਂ ਵੀ ਰਾਮ ਮੰਦਰ ਅੰਦੋਲਨ ਦੌਰਾਨ ਸਫਲ ਰਹੀ ਸੀ, ਜਿਸ ਨੇ ਬੀਜੇਪੀ ਨੂੰ 1984 ਵਿੱਚ 2 ਸੀਟਾਂ ਤੋਂ 2014 ਵਿੱਚ ਪੂਰਨ ਬਹੁਮਤ ਵੱਲ ਲੈ ਗਈ। ਪਰ ਸਵਾਲ ਇਹ ਹੈ ਕਿ ਕੀ ਇਹ ਰਣਨੀਤੀ ਹੁਣ ਵੀ ਕਾਮਯਾਬ ਹੋਵੇਗੀ, ਜਦੋਂ ਸਮਾਜਿਕ ਨਿਆਂ ਦਾ ਮੁੱਦਾ ਲੋਕਾਂ ਵਿੱਚ ਜੜ੍ਹਾਂ ਫੜ ਰਿਹਾ ਹੈ ?

ਪੂਜਾ ਸਥਾਨ ਐਕਟ ਅਤੇ ਕਾਨੂੰਨੀ ਸਵਾਲ

ਪੂਜਾ ਸਥਾਨ (ਵਿਸ਼ੇਸ਼ ਪ੍ਰਬੰਧ) ਐਕਟ, 1991 ਨੂੰ ਨਰਸਿਮਹਾ ਰਾਓ ਸਰਕਾਰ ਨੇ ਬਣਾਇਆ ਸੀ, ਜਿਸ ਦਾ ਮਕਸਦ ਸੀ ਕਿ 15 ਅਗਸਤ 1947 ਦੀ ਸਥਿਤੀ ਵਿੱਚ ਕਿਸੇ ਵੀ ਪੂਜਾ ਸਥਾਨ ਦੇ ਧਾਰਮਿਕ ਸਰੂਪ ਨੂੰ ਨਾ ਬਦਲਿਆ ਜਾਵੇ। ਇਸ ਕਾਨੂੰਨ ਦਾ ਮਕਸਦ ਸਮਾਜਿਕ ਸਦਭਾਵਨਾ ਨੂੰ ਬਣਾਈ ਰੱਖਣਾ ਸੀ। ਅਯੁੱਧਿਆ ਨੂੰ ਇਸ ਐਕਟ ਤੋਂ ਬਾਹਰ ਰੱਖਿਆ ਗਿਆ ਸੀ, ਕਿਉਂਕਿ ਉਸ ਸਮੇਂ ਰਾਮ ਮੰਦਰ-ਬਾਬਰੀ ਮਸਜਿਦ ਵਿਵਾਦ ਅਦਾਲਤ ਵਿੱਚ ਸੀ। ਪਰ 6 ਦਸੰਬਰ 1992 ਨੂੰ ਬਾਬਰੀ ਮਸਜਿਦ ਦੇ ਢਹਾਏ ਜਾਣ ਨੇ ਇਸ ਕਾਨੂੰਨ ਦੀ ਭਾਵਨਾ ਨੂੰ ਠੇਸ ਪਹੁੰਚਾਈ।

2019 ਵਿੱਚ ਸੁਪਰੀਮ ਕੋਰਟ ਨੇ ਅਯੁੱਧਿਆ ਮਾਮਲੇ ਵਿੱਚ ਰਾਮ ਮੰਦਰ ਦੇ ਹੱਕ ਵਿੱਚ ਫੈਸਲਾ ਸੁਣਾਇਆ ਅਤੇ ਮਸਜਿਦ ਲਈ ਬਦਲਵੀਂ ਜ਼ਮੀਨ ਦਿੱਤੀ। ਇਸ ਫੈਸਲੇ ਨੂੰ ਸਾਰੇ ਪੱਖਾਂ ਨੇ ਮੰਨ ਲਿਆ, ਪਰ ਕਾਸ਼ੀ ਅਤੇ ਮਥੁਰਾ ਦੇ ਮੁੱਦਿਆਂ ਨੂੰ ਸੰਘ ਪਰਿਵਾਰ ਵੱਲੋਂ ਸੜਕਾਂ 'ਤੇ ਉਠਾਉਣ ਦੀ ਕੋਸ਼ਿਸ਼ ਕਾਨੂੰਨ ਦੀ ਸਰਬਉੱਚਤਾ 'ਤੇ ਸਵਾਲ ਖੜ੍ਹੇ ਕਰਦੀ ਹੈ। ਭਾਗਵਤ ਦਾ ਬਿਆਨ ਸਵੈਮਸੇਵਕਾਂ ਨੂੰ ਅਜਿਹੇ ਅੰਦੋਲਨਾਂ ਵਿਚ ਸ਼ਾਮਲ ਹੋਣ ਦੀ ਖੁੱਲ੍ਹ ਦੇ ਕੇ ਪੂਜਾ ਸਥਾਨ ਐਕਟ ਦੀ ਉਲੰਘਣਾ ਨੂੰ ਉਤਸ਼ਾਹਿਤ ਕਰਦਾ ਜਾਪਦਾ ਹੈ।

ਕਾਸ਼ੀ ਅਤੇ ਮਥੁਰਾ ਵਿੱਚ ਮੰਦਰ-ਮਸਜਿਦ ਵਿਵਾਦ ਅਦਾਲਤਾਂ ਵਿੱਚ ਹਨ। ਇਤਿਹਾਸਕ ਤੌਰ 'ਤੇ, ਇਹ ਸੱਚ ਹੈ ਕਿ ਮੱਧਕਾਲ ਵਿੱਚ ਇਨ੍ਹਾਂ ਸਥਾਨਾਂ 'ਤੇ ਮੰਦਰ ਤੋੜੇ ਗਏ ਸਨ, ਪਰ ਇਹ ਵੀ ਸੱਚ ਹੈ ਕਿ ਸਮੇਂ ਨਾਲ ਹਿੰਦੂ ਅਤੇ ਮੁਸਲਮਾਨ ਸਮਾਜ ਵਿੱਚ ਸਮਝੌਤੇ ਹੋਏ। ਵਾਰਾਣਸੀ ਵਿੱਚ ਵਿਸ਼ਵਨਾਥ ਮੰਦਰ ਅਤੇ ਮਥੁਰਾ ਵਿੱਚ ਕ੍ਰਿਸ਼ਨ ਜਨਮਭੂਮੀ ਮੰਦਰ ਵਿਚ ਪੂਜਾ ਹੁੰਦੀ ਹੈ। ਜੇ ਕੋਈ ਵਿਵਾਦ ਹੈ, ਤਾਂ ਉਸ ਨੂੰ ਅਦਾਲਤਾਂ ਵਿੱਚ ਹੀ ਹੱਲ ਕੀਤਾ ਜਾਣਾ ਚਾਹੀਦਾ ਹੈ। ਪਰ ਸੰਘ ਪਰਿਵਾਰ ਦਾ ਇਤਿਹਾਸ ਦੱਸਦਾ ਹੈ ਕਿ ਉਹ ਧਾਰਮਿਕ ਧਰੁਵੀਕਰਨ ਰਾਹੀਂ ਸਿਆਸੀ ਤਾਕਤ ਹਾਸਲ ਕਰਨ ਦੀ ਰਣਨੀਤੀ ਅਪਣਾਉਂਦਾ ਰਿਹਾ ਹੈ।

**ਰਾਮ ਮੰਦਰ ਅੰਦੋਲਨ ਅਤੇ ਸੰਘ ਦੀ ਸਿਆਸਤ**

ਵਰਤਮਾਨ ਵਿਵਾਦ ਨੂੰ ਸਮਝਣ ਲਈ ਰਾਮ ਮੰਦਰ ਅੰਦੋਲਨ ਦਾ ਇਤਿਹਾਸ ਵੇਖਣਾ ਜ਼ਰੂਰੀ ਹੈ। ਵਰਿਸਟ ਪੱਤਰਕਾਰ ਸ਼ੀਤਲਾ ਸਿੰਘ ਦੀ ਕਿਤਾਬ ਅਯੁੱਧਿਆ: ਰਾਮ ਜਨਮਭੂਮੀ-ਬਾਬਰੀ ਮਸਜਿਦ ਦਾ ਸੱਚ ਵਿੱਚ ਖ਼ੁਲਾਸਾ ਕੀਤਾ ਗਿਆ ਹੈ ਕਿ 1987 ਵਿੱਚ ਅਯੁੱਧਿਆ ਵਿਵਾਦ ਨੂੰ ਸੁਲਝਾਉਣ ਲਈ ਇੱਕ ਸਰਬਸੰਮਤੀ ਵਾਲਾ ਫਾਰਮੂਲਾ ਤਿਆਰ ਹੋ ਗਿਆ ਸੀ। ਅਯੁੱਧਿਆ ਵਿਕਾਸ ਟਰੱਸਟ ਨੇ ਮਸਜਿਦ ਨੂੰ ਤੋੜੇ ਬਿਨਾਂ ਮੰਦਰ ਬਣਾਉਣ ਦਾ ਪ੍ਰਸਤਾਵ ਰੱਖਿਆ ਸੀ, ਜਿਸ ਨੂੰ ਮੁਸਲਮਾਨ ਪੱਖ ਅਤੇ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਨੇਤਾ ਅਸ਼ੋਕ ਸਿੰਘਲ ਨੇ ਵੀ ਮੰਨ ਲਿਆ ਸੀ। ਇਸ ਸਮਝੌਤੇ ਦੀ ਖਬਰ ਸੰਘ ਦੇ ਮੁਖਪੱਤਰ ਪੰਚਜਨਯ ਅਤੇ ਆਰਗਨਾਈਜ਼ਰ ਵਿੱਚ ਵੀ ਛਪੀ ਸੀ।

ਪਰ ਸ਼ੀਤਲਾ ਸਿੰਘ ਦੇ ਅਨੁਸਾਰ, ਸੰਘ ਦੇ ਉਸ ਸਮੇਂ ਦੇ ਸਰਸੰਘਚਾਲਕ ਬਾਲਾ ਸਾਹਿਬ ਦੇਵਰਸ ਨੇ ਇਸ ਸਮਝੌਤੇ ਦਾ ਵਿਰੋਧ ਕੀਤਾ। ਉਨ੍ਹਾਂ ਨੇ ਅਸ਼ੋਕ ਸਿੰਘਲ ਨੂੰ ਝਾੜ ਪਾਉਂਦੇ ਹੋਏ ਕਿਹਾ ਕਿ ਰਾਮ ਮੰਦਰ ਅੰਦੋਲਨ ਦਾ ਮਕਸਦ ਸਿਰਫ ਮੰਦਰ ਬਣਾਉਣਾ ਨਹੀਂ, ਸਗੋਂ ਧਾਰਮਿਕ ਧਰੁਵੀਕਰਨ ਰਾਹੀਂ ਸਿਆਸੀ ਤਾਕਤ ਹਾਸਲ ਕਰਨਾ ਸੀ। ਇਹ ਖੁਲਾਸਾ ਸਾਫ ਕਰਦਾ ਹੈ ਕਿ ਸੰਘ ਪਰਿਵਾਰ ਲਈ ਧਾਰਮਿਕ ਮੁੱਦੇ ਸਿਆਸੀ ਹਥਿਆਰ ਵਜੋਂ ਵਰਤੇ ਜਾਂਦੇ ਰਹੇ ਹਨ। ਕਾਸ਼ੀ ਅਤੇ ਮਥੁਰਾ ਦੇ ਮੁੱਦੇ ਨੂੰ ਭੜਕਾਉਣ ਦੀ ਮੌਜੂਦਾ ਕੋਸ਼ਿਸ਼ ਵੀ ਇਸੇ ਰਣਨੀਤੀ ਦਾ ਹਿੱਸਾ ਜਾਪਦੀ ਹੈ।

**ਸੰਘ ਦੀ ਨੀਤੀ ਬਾਰੇ ਬੁੱਧੀਜੀਵੀਆਂ ਅਤੇ ਵਿਰੋਧੀ ਪਾਰਟੀਆਂ ਦੀ ਸੋਚ**

ਬੁੱਧੀਜੀਵੀ ਅਤੇ ਵਿਰੋਧੀ ਪਾਰਟੀਆਂ ਮੋਹਨ ਭਾਗਵਤ ਦੇ ਬਿਆਨ ਨੂੰ ਸੰਘ ਦੀ ਇੱਕ ਖਤਰਨਾਕ ਰਣਨੀਤੀ ਵਜੋਂ ਵੇਖਦੇ ਹਨ। ਜਾਣਕਾਰਾਂ ਦਾ ਮੰਨਣਾ ਹੈ ਕਿ ਸੰਘ ਪਰਿਵਾਰ ਦੀ ਇਹ ਕੋਸ਼ਿਸ਼ ਸਮਾਜਿਕ ਸਦਭਾਵਨਾ ਨੂੰ ਖਤਰੇ ਵਿੱਚ ਪਾਉਣ ਵਾਲੀ ਹੈ। ਸਮਾਜਵਾਦੀ ਪਾਰਟੀ, ਆਮ ਆਦਮੀ ਪਾਰਟੀ, ਕਾਂਗਰਸ ਅਤੇ ਵਾਮਪੰਥੀ ਪਾਰਟੀਆਂ ਨੇ ਸੰਘ ਦੇ ਇਸ ਬਿਆਨ ਦੀ ਸਖ਼ਤ ਨਿਖੇਧੀ ਕੀਤੀ ਹੈ। ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਸੰਘ ਅਤੇ ਬੀਜੇਪੀ 'ਤੇ ਦੋਸ਼ ਲਗਾਇਆ ਹੈ ਕਿ ਉਹ ਧਾਰਮਿਕ ਵਿਵਾਦਾਂ ਨੂੰ ਹਵਾ ਦੇ ਕੇ ਦੇਸ਼ ਦੇ ਸੰਵਿਧਾਨਕ ਮੁੱਲਾਂ ਨੂੰ ਕਮਜ਼ੋਰ ਕਰ ਰਹੇ ਹਨ।

ਪ੍ਰਸਿੱਧ ਇਤਿਹਾਸਕਾਰ ਅਤੇ ਬੁੱਧੀਜੀਵੀ ਰੋਮਿਲਾ ਥਾਪਰ ਵਰਗੇ ਵਿਦਵਾਨਾਂ ਦਾ ਮੰਨਣਾ ਹੈ ਕਿ ਕਾਸ਼ੀ ਅਤੇ ਮਥੁਰਾ ਵਰਗੇ ਮੁੱਦਿਆਂ ਨੂੰ ਉਠਾਉਣਾ ਇਤਿਹਾਸ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਦੀ ਕੋਸ਼ਿਸ਼ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਮੱਧਕਾਲ ਵਿੱਚ ਧਾਰਮਿਕ ਸਥਾਨਾਂ 'ਤੇ ਹਮਲੇ ਸਿਰਫ਼ ਇੱਕ ਪੱਖ ਦੀ ਕਹਾਣੀ ਨਹੀਂ ਸੀ। ਜਿਵੇਂ ਕਿ ਸਵਾਮੀ ਵਿਵੇਕਾਨੰਦ ਨੇ ਲਿਖਿਆ ਹੈ ਕਿ ਉੜੀਸਾ ਦਾ ਜਗੰਨਾਥ ਮੰਦਰ ਮੂਲ ਰੂਪ ਵਿੱਚ ਇੱਕ ਬੋਧ ਵਿਹਾਰ ਸੀ, ਜਿਸ ਨੂੰ ਹਿੰਦੂ ਮੰਦਰ ਵਿੱਚ ਬਦਲਿਆ ਗਿਆ। ਇਸੇ ਤਰ੍ਹਾਂ, ਮਹਾਪੰਡਤ ਰਾਹੁਲ ਸਾਂਕ੍ਰਿਤਯਾਨ ਨੇ ਬਦਰੀਨਾਥ ਮੰਦਰ ਦੀ ਮੂਰਤੀ ਨੂੰ ਬੁੱਧ ਦੀ ਮੂਰਤੀ ਦੱਸਿਆ ਹੈ। ਬੋਧਗਯਾ ਵਿੱਚ ਵੀ ਬੋਧ ਮੰਦਰ ਨੂੰ ਲੈ ਕੇ ਬੋਧੀਆਂ ਦਾ ਅੰਦੋਲਨ ਚੱਲ ਰਿਹਾ ਹੈ। ਬੁੱਧੀਜੀਵੀ ਸਵਾਲ ਉਠਾਉਂਦੇ ਹਨ ਕਿ ਕੀ ਸੰਘ ਇਨ੍ਹਾਂ ਮੁੱਦਿਆਂ 'ਤੇ ਵੀ ਗੱਲ ਕਰੇਗਾ ?

ਸੰਘ ਪਰਿਵਾਰ ਦੀ ਕਾਸ਼ੀ-ਮਥੁਰਾ ਮੁੱਦੇ ਨੂੰ ਭੜਕਾਉਣ ਦੀ ਰਣਨੀਤੀ ਸਿਆਸੀ ਤਾਕਤ ਹਾਸਲ ਕਰਨ ਦੀ ਇੱਕ ਪੁਰਾਣੀ ਚਾਲ ਜਾਪਦੀ ਹੈ। ਰਾਹੁਲ ਗਾਂਧੀ ਦੇ ਸਮਾਜਿਕ ਨਿਆਂ ਦੇ ਏਜੰਡੇ ਨੇ ਸੰਘ ਅਤੇ ਬੀਜੇਪੀ ਨੂੰ ਬੇਚੈਨ ਕਰ ਦਿੱਤਾ ਹੈ, ਜਿਸ ਦੇ ਜਵਾਬ ਵਜੋਂ ਉਹ ਧਾਰਮਿਕ ਧਰੁਵੀਕਰਨ ਦੀ ਰਾਹ 'ਤੇ ਚੱਲ ਪਏ ਹਨ। ਪਰ ਇਸ ਰਣਨੀਤੀ ਦੇ ਨਤੀਜੇ ਦੇਸ਼ ਦੇ ਸਮਾਜਿਕ ਅਤੇ ਆਰਥਿਕ ਭਵਿੱਖ ਲਈ ਖਤਰਨਾਕ ਹੋ ਸਕਦੇ ਹਨ।

***

## ਹੜ੍ਹਾਂ 'ਚ ਰੁੜ੍ਹ ਗਏ ਪੰਜਾਬੀਆਂ

ਪਰਿਵਾਰ ਨੂੰ ਕੀ ਖੁਆਵਾਂਗੇ ? ਹੜ੍ਹਾਂ ਤੋਂ ਪ੍ਰਭਾਵਿਤ ਅਨੇਕਾਂ ਲੋਕਾਂ ਨੇ ਆਪਣੀਆਂ ਧੀਆਂ ਦੇ ਵਿਆਹ ਲਈ ਦਾਜ ਦਾ ਸਮਾਨ ਜੋੜਿਆ ਹੋਇਆ ਸੀ ਜੋ ਕਿ ਹੜ੍ਹਾਂ ਦੇ ਪਾਣੀ ਵਿੱਚ ਖਰਾਬ ਹੋ ਗਿਆ। ਵਿਆਹੁਣ ਯੋਗ ਧੀਆਂ ਦੇ ਚਿਹਰਿਆਂ 'ਤੇ ਫ਼ੈਲੀ ਉਦਾਸੀ ਵੇਖ ਕੇ ਮਾਪਿਆਂ ਕੋਲ ਝੂਰਨ ਤੋਂ ਸਿਵਾਏ ਹੋਰ ਕੋਈ ਰਸਤਾ ਵੀ ਤਾਂ ਨਹੀਂ।

ਪੰਜਾਬ ਦੇ ਲੇਖਾਂ 'ਚ ਵਾਰ ਵਾਰ ਉੱਜੜ ਕੇ ਮੁੜ ਵਸਣਾ ਲਿਖਿਆ ਹੋਇਆ ਹੈ। ਸਾਲ 1955 'ਚ ਆਏ ਹੜ੍ਹਾਂ ਦੀ ਮਾਰ ਵੀ ਅਜੇ ਕਈ ਬਜ਼ੁਰਗ ਪੰਜਾਬੀਆਂ ਨੂੰ ਯਾਦ ਹੈ। ਉਸ ਤੋਂ ਬਾਅਦ ਤਾਂ ਏਨੇ ਵਾਰ ਹੜ੍ਹ ਆ ਚੁੱਕੇ ਹਨ ਕਿ ਇਸ ਤਰ੍ਹਾਂ ਲੱਗਦਾ ਹੈ ਜਿਵੇਂ ਹਰ ਸਾਲ ਹੀ ਹੜ੍ਹ ਆਉਂਦੇ ਹੋਣ। ਹੁਣ ਆਏ ਹੜ੍ਹਾਂ ਕਾਰਨ ਪੰਜਾਬ ਵਿੱਚ ਜੀਵਨ ਅਸਤ-ਵਿਅਸਤ ਹੋ ਗਿਆ ਹੈ, ਪਰ ਪੰਜਾਬੀ ਬਹੁਤ ਹੌਂਸਲੇ ਵਾਲੇ ਹਨ। ਇਹ ਇਸ ਮੁਸੀਬਤ ਦਾ ਡਟ ਕੇ ਸਾਹਮਣਾ ਕਰ ਰਹੇ ਹਨ ਅਤੇ ਜਲਦੀ ਹੀ ਪੰਜਾਬੀ ਹੜ੍ਹਾਂ ਦੇ ਕਹਿਰ ਤੋਂ ਛੁਟਕਾਰਾ ਪਾ ਲੈਣਗੇ ਅਤੇ ਮੁੜ ਆਪਣੇ ਪੈਰਾਂ ਸਿਰ ਖੜੇ ਹੋਣ ਲਈ ਜੱਦੋ-ਜਹਿਦ ਕਰਨਗੇ। ਹੜ੍ਹਾਂ ਦੇ ਪਾਣੀ 'ਚ ਘਿਰਿਆ ਪੰਜਾਬ ਇਸ ਸਮੇਂ ਵੀ ਚੜ੍ਹਦੀਕਲਾ ਵਿੱਚ ਹੈ ਅਤੇ ਹਮੇਸ਼ਾ ਚੜ੍ਹਦੀਕਲਾ ਵਿੱਚ ਰਹੇਗਾ।

***

## ਪੰਜਾਬੀ ਕਲਾਕਾਰਾਂ ਵੱਲੋਂ ਹੜ੍ਹ

ਇੰਦਰਜੀਤ ਨਿੱਕੂ ਅਤੇ ਜੱਸ ਬਾਜਵਾ ਨੇ ਵੀ ਬਚਾਅ ਅਤੇ ਰਾਹਤ ਲਈ ਫੰਡ ਅਤੇ ਸਮੱਗਰੀ ਦਾਨ ਕੀਤੀ ਹੈ। ਰਣਜੀਤ ਬਾਵਾ ਨੇ ਆਪਣੇ ਕੈਨੇਡਾ ਦੇ ਪਹਿਲੇ ਸ਼ੋਅ ਦੀ ਆਮਦਨੀ ਹੜ੍ਹ ਪੀੜਤਾਂ ਲਈ ਦਾਨ ਕਰਨ ਦਾ ਐਲਾਨ ਕੀਤਾ ਹੈ।

ਬਾਲੀਵੁੱਡ ਅਦਾਕਾਰਾ ਸ਼ਿਲਪਾ ਸ਼ੈੱਟੀ ਦੇ ਪਤੀ ਅਤੇ ਪ੍ਰੋਡਿਊਸਰ ਰਾਜ ਕੁੰਦਰਾ ਨੇ ਆਪਣੀ ਆਉਣ ਵਾਲੀ ਪੰਜਾਬੀ ਫਿਲਮ 'ਮੇਹਰ' ਦੀ ਪਹਿਲੇ ਦਿਨ ਦੀ ਬਾਕਸ ਆਫਿਸ ਕਮਾਈ ਹੜ੍ਹ ਪੀੜ੍ਹਤਾਂ ਨੂੰ ਦੇਣ ਦਾ ਐਲਾਨ ਕੀਤਾ ਹੈ। ਰਾਜ ਨੇ ਕੁਝ ਪ੍ਰਭਾਵਿਤ ਪਿੰਡਾਂ ਦਾ ਦੌਰਾ ਵੀ ਕੀਤਾ ਅਤੇ ਲੋਕਾਂ ਨੂੰ ਇਕੱਠੇ ਹੋਣ ਦੀ ਅਪੀਲ ਕੀਤੀ।

****

## ਐਸ.ਸੀ.ਓ. ਸੰਮੇਲਨ:

ਵਿਦੇਸ਼ ਮੰਤਰਾਲੇ ਨੇ ਅਮਰੀਕੀ ਟੈਰਿਫ ਨੂੰ 'ਗੈਰ-ਵਾਜਬ' ਕਰਾਰ ਦਿੱਤਾ ਅਤੇ ਸਪੱਸ਼ਟ ਕੀਤਾ ਕਿ ਭਾਰਤ ਆਪਣੇ ਰਾਸ਼ਟਰੀ ਹਿੱਤਾਂ ਦੀ ਰਾਖੀ ਲਈ ਹਰ ਜ਼ਰੂਰੀ ਕਦਮ ਚੁੱਕੇਗਾ।

ਭਾਰਤ ਦੀ ਰੂਸੀ ਤੇਲ ਖਰੀਦ: ਅੰਬਾਨੀ ਅਤੇ ਅਡਾਨੀ ਦਾ ਕਾਰੋਬਾਰ

ਭਾਰਤ ਦੀ ਰੂਸ ਤੋਂ ਸਸਤੇ ਤੇਲ ਦੀ ਖਰੀਦ ਨੇ 17 ਅਰਬ ਡਾਲਰ ਦੀ ਬਚਤ ਕੀਤੀ, ਪਰ ਇਸ ਨੇ ਅਮਰੀਕੀ ਨੀਤੀਆਂ ਦਾ ਗੁੱਸਾ ਵੀ ਖਿੱਚਿਆ। 2021 ਵਿੱਚ ਰੂਸ ਤੋਂ ਸਿਰਫ਼ 0.2% ਤੇਲ ਖਰੀਦਣ ਵਾਲਾ ਭਾਰਤ 2025 ਤੱਕ 36-44% ਰੂਸੀ ਤੇਲ ਦਾ ਖਰੀਦਦਾਰ ਬਣ ਗਿਆ। ਇਸ ਵਿੱਚ ਰਿਲਾਇੰਸ ਇੰਡਸਟ੍ਰੀਜ਼ ਦਾ 33% ਅਤੇ ਨਾਇਰਾ ਐਨਰਜੀ (ਅਡਾਨੀ ਸਮੂਹ ਦੀ ਸਹਿਯੋਗੀ) ਦਾ 12-15% ਹਿੱਸਾ ਸੀ।

ਰਿਲਾਇੰਸ ਦੀ ਜਾਮਨਗਰ ਰਿਫਾਇਨਰੀ, ਜੋ ਦੁਨੀਆ ਦੀ ਸਭ ਤੋਂ ਵੱਡੀਆਂ ਰਿਫਾਇਨਰੀਆਂ ਵਿੱਚੋਂ ਇੱਕ ਹੈ, ਨੇ ਜੂਨ 2025 ਵਿੱਚ 7,46,000 ਬੈਰਲ ਰੋਜ਼ਾਨਾ ਰੂਸੀ ਤੇਲ ਦਰਾਮਦ ਕੀਤਾ ਸੀ। ਇਸ ਤੋਂ ਸੋਧਿਆ ਡੀਜ਼ਲ, ਜੋ 67% ਯੂਰਪ ਨੂੰ ਬਰਾਮਦ ਹੋਇਆ, ਨੇ ਰਿਲਾਇੰਸ ਨੂੰ 6 ਅਰਬ ਡਾਲਰ ਦਾ ਮੁਨਾਫਾ ਦਿੱਤਾ। ਅਡਾਨੀ ਸਮੂਹ ਦੀ ਨਾਇਰਾ ਐਨਰਜੀ ਨੇ ਵੀ ਸਸਤੇ ਰੂਸੀ ਤੇਲ ਦਾ ਫਾਇਦਾ ਉਠਾਇਆ ਅਤੇ ਆਪਣੇ ਕਾਰੋਬਾਰ ਨੂੰ ਵਧਾਇਆ ਹੈ।

ਪਰ ਸਵਾਲ ਇਹ ਹੈ ਕਿ ਇਸ ਸਸਤੇ ਤੇਲ ਦਾ ਫਾਇਦਾ ਭਾਰਤ ਦੇ ਆਮ ਨਾਗਰਿਕਾਂ ਨੂੰ ਕਿਉਂ ਨਹੀਂ ਮਿਲਿਆ ? ਜੀਐਸਟੀ ਅਤੇ ਸਰਕਾਰੀ ਕੰਪਨੀਆਂ ਦੇ ਪੁਰਾਣੇ ਨੁਕਸਾਨਾਂ ਦੇ ਬਹਾਨੇ ਨੇ ਪੈਟਰੋਲ-ਡੀਜ਼ਲ ਦੀਆਂ ਕੀਮਤਾਂ ਨੂੰ ਘਟਣ ਨਹੀਂ ਦਿੱਤਾ। ਅਮਰੀਕੀ ਸਲਾਹਕਾਰ ਪੀਟਰ ਨਵਾਰੋ ਨੇ ਮੁਕੇਸ਼ ਅੰਬਾਨੀ 'ਤੇ 'ਜੰਗੀ ਮੁਨਾਫਾਖੋਰੀ' ਦਾ ਦੋਸ਼ ਲਗਾਇਆ, ਜਦਕਿ ਅਡਾਨੀ ਸਮੂਹ ਨੇ ਵੀ ਇਸ ਮੌਕੇ ਦਾ ਭਰਪੂਰ ਫਾਇਦਾ ਉਠਾਇਆ।

**ਕੀ. ਨਤੀਜੇ ਨਿਕਲਣਗੇ ਅਤੇ ਭਵਿੱਖ ਦੀ ਵਿਸ਼ਵ ਰਾਜਨੀਤੀ ਦੀਆਂ ਕੀ ਸੰਭਾਵਨਾਵਾਂ ਨੇ ?**

ਅਮਰੀਕੀ ਟੈਰਿਫ ਨੇ ਭਾਰਤ ਦੇ ਕਈ ਉਦਯੋਗਾਂ, ਜਿਵੇਂ ਕਿ ਕੱਪੜਾ, ਹੀਰਾ, ਚਮੜਾ, ਮੱਛੀ, ਆਟੋਮੋਟਿਵ ਅਤੇ ਫਾਰਮਾਸਿਊਟੀਕਲ 'ਤੇ ਗੰਭੀਰ ਅਸਰ ਪਾਇਆ ਹੈ। ਗਲੋਬਲ ਟਰੇਡ ਰਿਸਰਚ ਇਨੀਸ਼ੀਏਟਿਵ ਦੇ ਅਨੁਸਾਰ, 48 ਅਰਬ ਡਾਲਰ ਦੀਆਂ ਬਰਾਮਦਾਂ ਪ੍ਰਭਾਵਤ ਹੋਣਗੀਆਂ ਅਤੇ 10 ਲੱਖ ਨੌਕਰੀਆਂ ਖਤਰੇ ਵਿੱਚ ਹਨ। ਇਸ ਨੇ ਭਾਰਤ ਨੂੰ ਆਰਥਿਕ ਅਤੇ ਕੂਟਨੀਤਕ ਚੁਣੌਤੀਆਂ ਦੇ ਸਾਹਮਣੇ ਖੜ੍ਹਾ ਕਰ ਦਿੱਤਾ ਹੈ।

ਐਸਸੀਓ ਸੰਮੇਲਨ ਨੇ ਦਿਖਾਇਆ ਕਿ ਭਾਰਤ, ਚੀਨ ਅਤੇ ਰੂਸ ਦੀ ਤਿੱਕੜੀ ਅਮਰੀਕੀ ਦਬਾਅ ਦੇ ਵਿਰੁੱਧ ਇੱਕ ਮਜ਼ਬੂਤ ਗਠਜੋੜ ਬਣਾ ਸਕਦੀ ਹੈ। ਅਮਰੀਕੀ ਮੀਡੀਆ ਦੀ ਚਿੰਤਾ ਸਪੱਸ਼ਟ ਹੈ ਕਿ ਭਾਰਤ ਸ਼ਾਇਦ ਵਾਸ਼ਿੰਗਟਨ ਤੋਂ ਦੂਰੀ ਬਣਾ ਰਿਹਾ ਹੈ। ਪੀਐਮ ਮੋਦੀ ਦੀ 'ਆਤਮਨਿਰਭਰ ਭਾਰਤ' ਨੀਤੀ ਅਤੇ ਸਥਾਨਕ ਉਤਪਾਦਾਂ ਨੂੰ ਉਤਸ਼ਾਹਿਤ ਕਰਨ ਦੀ ਅਪੀਲ ਨੇ ਵੀ ਇਸ ਗੱਲ ਨੂੰ ਮਜ਼ਬੂਤੀ ਦਿੱਤੀ ਹੈ। ਭਾਰਤ-ਚੀਨ-ਰੂਸ ਦੀ ਏਕਤਾ ਅਤੇ ਅਮਰੀਕੀ ਟੈਰਿਫ ਦੇ ਜਵਾਬ ਵਿੱਚ ਨਵੀਆਂ ਵਪਾਰਕ ਰਣਨੀਤੀਆਂ ਵਿਸ਼ਵ ਰਾਜਨੀਤੀ ਵਿੱਚ ਨਵੇਂ ਸਮੀਕਰਨ ਪੈਦਾ ਕਰ ਸਕਦੀਆਂ ਹਨ।

ਪਾਠਕਾਂ ਲਈ ਵਿਸ਼ੇਸ਼ ਸੂਚਨਾ

ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਵੱਲੋਂ ਪਾਠਕਾਂ ਦੀ ਜਾਣਕਾਰੀ ਵਿੱਚ ਵਾਧਾ ਕਰਨ ਲਈ ਨਵੀਂ ਵੈਬਸਾਈਟ

www.amritsartimes.live

ਸ਼ੁਰੂ ਕੀਤੀ ਗਈ ਹੈ। ਜਿਸ ਵਿੱਚ ਦੇਸ਼ ਵਿਦੇਸ਼ ਵਿੱਚ ਹਰ ਦਿਨ ਵਾਪਰਦੀਆਂ ਘਟਨਾਵਾਂ ਦਾ ਵੇਰਵਾ, ਪੰਥਕ ਖ਼ਬਰਾਂ ਵੱਖ-ਵੱਖ ਵਿਸ਼ਿਆਂ ਨਾਲ ਸਬੰਧਿਤ ਮਾਹਿਰ ਵਿਦਵਾਨਾਂ ਦੇ ਲੇਖ, ਵਿਸ਼ੇਸ਼ ਟਿੱਪਣੀਆਂ, ਕਵਰ ਸਟੋਰੀਆਂ, ਕਹਾਣੀਆਂ ਅਤੇ ਹੋਰ ਬਹੁਤ ਕੁਝ ਜਾਣਕਾਰੀ ਭਰਪੂਰ ਦੇਣ ਦਾ ਯਤਨ ਕੀਤਾ ਗਿਆ ਹੈ। ਇਕ ਵਾਰ ਜ਼ਰੂਰ ਵਿਜ਼ਟ ਕਰੋ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
LIKE & SHARE
www.amritsartimes.live
Please like and share

## ਕੀ ਅਮਰੀਕਾ, ਰੂਸ ਤੇ ਯੂਕ੍ਰੇਨ ਵਿਚਾਲੇ

ਇਸੇ ਤੋਂ ਤਾਂ ਪੁਤਿਨ ਨੂੰ ਪੱਛਮੀ ਅਤੇ ਨਾਟੋ ਦੇਸ਼ਾਂ ਨਾਲ ਚਿੜ ਹੈ।ਅਮਰੀਕਾ ਯੂਕਰੇਨ ਵਿਚ ਫਸਣਾ ਨਹੀਂ ਚਾਹੁੰਦਾ।

ਇਸ ਸਮੇਂ ਤਾਇਵਾਨ ਦਾ ਮਸਲਾ ਤੇਜ਼ੀ ਨਾਲ ਉੱਭਰ ਰਿਹਾ ਹੈ।ਸੋ, ਅਮਰੀਕਾ ਰੂਸ ਨਾਲ ਚੰਗੇ ਸਬੰਧ ਚਾਹੁੰਦਾ ਹੈ। ਗੱਲਬਾਤ ਸਮੇਂ ਵਪਾਰ, ਤਕਨੀਕ ਅਤੇ ਪੁਲਾੜ ਦੇ ਮੁੱਦੇ ਵੀ ਉੱਠੇ ਸਨ ਪਰ ਅਮਰੀਕਾ ਦੀ ਤਰਜੀਹ ਯੂਕ੍ਰੇਨ 'ਚ ਸ਼ਾਂਤੀ ਸਥਾਪਨਾ ਸੀ।ਪੁਤਿਨ ਨੇ ਟਰੰਪ ਨੂੰ ਦੱਸਿਆ ਕਿ ਸੰਨ 2020 ਦੀਆਂ ਚੋਣਾਂ ਬਾਇਡੇਨ ਨੇ ਹੇਰਾਫੇਰੀ ਕਰ ਕੇ ਜਿੱਤੀਆਂ ਸਨ।ਜੇ ਟਰੰਪ ਜਿੱਤ ਜਾਂਦਾ ਤਾਂ ਯੂਕ੍ਰੇਨ ਜੰਗ ਕਦੇ ਵੀ ਨਹੀਂ ਸੀ ਹੋਣੀ।

ਸਾਰੇ ਪੁਆੜੇ ਦੀ ਜੜ੍ਹ ਉਹੀ ਸਨ। ਕਰਿਸ ਉਲਰਿਚ ਵਿਵਹਾਰਕ ਦਿਸ਼ਾ ਮਾਹਿਰ ਦਾ ਮੰਨਣਾ ਹੈ ਕਿ ਇਸ ਗੱਲਬਾਤ ਵਿੱਚ ਟਰੰਪ ਦਾ ਵਤੀਰਾ ਮਿੱਤਰਤਾਪੂਰਵਕ, ਸਰੀਰਕ ਭਾਸ਼ਾ ਦਿਲੋਂ ਜੋੜਨ ਵਾਲੀ, ਹਾਸੇ, ਮੁਸਕਰਾਹਟਾਂ, ਅੱਖਾਂ ਵਿੱਚ ਅੱਖਾਂ ਪਾ ਕੇ ਤੱਕਣੀਆਂ, ਬਰਾਬਰੀ ਭਰੇ ਹਾਵ-ਭਾਵ ਭਵਿੱਖ ਵਿੱਚ ਰੂਸ ਨਾਲ ਨਿੱਘੇ ਸਬੰਧਾਂ ਦੀ ਆਹਟ ਦੇ ਰਹੇ ਸਨ।ਟਰੰਪ ਵੱਲੋਂ ਇਸ ਸੰਮੇਲਨ ਨੂੰ 10 ਵਿੱਚੋਂ 10 ਨੰਬਰ ਦੇਣਾ ਦੋਹਾਂ ਆਗੂਆਂ ਵਿੱਚ ਅੰਦਰਖਾਤੇ ਸਮਝੌਤੇ 'ਤੇ ਮੁਹਰ ਦਾ ਸਪਸ਼ਟ ਸੰਕੇਤ ਨਹੀਂ ਤਾਂ ਹੋਰ ਕੀ ਹੈ ? ਨੇੜ ਭਵਿੱਖ ਵਿੱਚ ਰੂਸ-ਯੂਕ੍ਰੇਨ ਸ਼ਾਂਤੀ ਦੀ ਕਾਮਨਾ ਕੀਤੀ ਜਾਣੀ ਚਾਹੀਦੀ ਹੈ।

***

## ਮਿੱਟੀ, ਪਾਣੀ ਅਤੇ ਵਾਤਾਵਰਣ ਨੂੰ

ਇਸ ਕਾਰਨ ਨਦੀਆਂ ਦਾ ਵਹਾਅ ਰੋਕਿਆ ਜਾ ਰਿਹਾ ਹੈ। ਪਾਣੀ ਦੀ ਜੈਵ ਵਿਭਿੰਨਤਾ ਅਲੋਪ ਹੋ ਰਹੀ ਹੈ।ਪਹਾੜ ਪੁੱਟੇ ਜਾ ਰਹੇ ਹਨ, ਜਿਸ ਕਾਰਨ ਕਈ ਨਦੀਆਂ ਅਤੇ ਪਾਣੀ ਦੇ ਸੋਮੇ ਸੁੱਕ ਰਹੇ ਹਨ। ਇਸ ਸਭ ਲਈ ਲੋਕਾਂ ਨੂੰ ਵੱਡੇ ਪੱਧਰ 'ਤੇ ਤਬਾਹ ਕੀਤਾ ਜਾ ਰਿਹਾ ਹੈ।

ਸ਼ਹਿਰੀਕਰਨ ਵਧ ਰਿਹਾ ਹੈ ਪਰ ਸ਼ਹਿਰਾਂ ਵਿੱਚ ਪਾਣੀ ਦਾ ਕੋਈ ਸਰੋਤ ਨਹੀਂ ਹੈ।ਬਾਹਰੋਂ ਪਾਣੀ ਲਿਆ ਕੇ ਇਮਾਰਤਾਂ ਬਣਾਈਆਂ ਜਾਂਦੀਆਂ ਹਨ ਤੇ ਹੁਣ ਤਾਂ ਪੀਣ ਵਾਲਾ ਪਾਣੀ ਵੀ ਬਾਹਰੋਂ ਆਉਂਦਾ ਹੈ।ਪਾਣੀ ਦੀ ਬੇਤਹਾਸ਼ਾ ਦੁਰਵਰਤੋਂ ਹੋ ਰਹੀ ਹੈ।

ਕੰਕਰੀਟ ਦੇ ਘਰਾਂ ਅਤੇ ਸੜਕਾਂ ਦੀ ਮੌਜੂਦਗੀ ਕਾਰਨ, ਪਾਣੀ ਜ਼ਮੀਨ ਵਿੱਚ ਨਹੀਂ ਜਾ ਸਕਦਾ। ਇਸ ਤੋਂ ਇਲਾਵਾ ਰਸਾਇਣਕ ਖੇਤੀ ਕਾਰਨ ਜ਼ਮੀਨ ਵੀ ਸਖ਼ਤ ਹੋ ਗਈ ਹੈ, ਜਿਸ ਕਾਰਨ ਧਰਤੀ ਆਪਣਾ ਢਿੱਡ ਭਰਨ ਦੇ ਸਮਰੱਥ ਨਹੀਂ ਹੈ।

ਦਰਿਆਵਾਂ ਦੇ ਕੰਢਿਆਂ 'ਤੇ ਵੱਡੀ ਗਿਣਤੀ ਵਿੱਚ ਟਿਊਬਵੈੱਲਾਂ ਦੀ ਖੁਦਾਈ ਕੀਤੀ ਜਾ ਰਹੀ ਹੈ।ਡੀਜ਼ਲ ਪੰਪਾਂ ਨਾਲ ਸਿੱਧਾ ਖੇਤਾਂ ਵਿੱਚ ਪਾਣੀ ਚੁੱਕ ਕੇ ਸਿੰਚਾਈ ਕੀਤੀ ਜਾ ਰਹੀ ਹੈ।ਪਾਣੀ ਦਾ ਵਹਾਅ ਰੁਕ ਜਾਂਦਾ ਹੈ।ਇਸ ਲਈ ਨਦੀ ਹੌਲੀ-ਹੌਲੀ ਖਤਮ ਹੋ ਜਾਂਦੀ ਹੈ। ਜ਼ਿਆਦਾ ਪਾਣੀ ਪੀਣ ਵਾਲੀਆਂ ਫ਼ਸਲਾਂ ਬੀਜੀਆਂ ਜਾ ਰਹੀਆਂ ਹਨ।ਪਾਣੀ ਦੀ ਜ਼ਿਆਦਾ ਵਰਤੋਂ ਕੀਤੀ ਜਾ ਰਹੀ ਹੈ।

ਜਲਵਾਯੂ ਤਬਦੀਲੀ ਨੂੰ ਵੱਡੀ ਚਿੰਤਾ ਦਾ ਕਾਰਨ ਮੰਨਿਆ ਜਾ ਰਿਹਾ ਹੈ।ਅੱਜ-ਕੱਲ੍ਹ ਬਰਸਾਤ ਜਾਂ ਤਾਂ ਨਹੀਂ ਹੁੰਦੀ, ਜਾਂ ਘੱਟ, ਅਨਿਯਮਿਤ ਜਾਂ ਜ਼ਿਆਦਾ ਹੁੰਦੀ ਹੈ। ਭਾਵ ਮੌਸਮ ਬਾਰੇ ਅਨਿਸ਼ਚਿਤਤਾ ਬਣੀ ਰਹਿੰਦੀ ਹੈ।ਕੁਝ ਸਾਲਾਂ ਤੋਂ ਮੀਂਹ ਘੱਟ ਰਿਹਾ ਹੈ, ਇਸ ਦਾ ਕਾਰਨ ਵੀ ਮੌਸਮ ਹੈ

ਕੁੱਲ ਮਿਲਾ ਕੇ ਸਾਨੂੰ ਪਾਣੀ ਦੇ ਰਵਾਇਤੀ ਸਰੋਤਾਂ ਨੂੰ ਬਹਾਲ ਕਰਨਾ ਹੋਵੇਗਾ।ਰੁੱਖਾਂ ਦੀ ਖੇਤੀ ਜਾਂ ਘੱਟੋ-ਘੱਟ ਫਲਾਂ ਵਾਲੇ ਦਰੱਖਤ ਛਾਂ 'ਤੇ ਲਗਾਉਣੇ ਪੈਣਗੇ, ਤਾਂ ਜੋ ਖੇਤਾਂ ਵਿੱਚ ਨਮੀ ਹੋਵੇ।ਕੁਪੋਸ਼ਣ ਨੂੰ ਘਟਾਉਣ ਲਈ ਦਰਿਆਵਾਂ ਦੇ ਕੰਢਿਆਂ 'ਤੇ ਜੰਗਲਾਤ, ਛੋਟੇ ਸਟਾਪ ਡੈਮ ਅਤੇ ਪਹਾੜੀਆਂ 'ਤੇ ਹਰਿਆਲੀ ਨੂੰ ਬਹਾਲ ਕਰਨਾ ਹੋਵੇਗਾ। ਮਿੱਟੀ, ਪਾਣੀ ਅਤੇ ਵਾਤਾਵਰਣ ਨੂੰ ਬਚਾਉਣਾ ਹੋਵੇਗਾ।

ਭਾਵ, ਤਾਲਮੇਲ ਵਾਲੇ ਯਤਨਾਂ ਨਾਲ ਹੀ ਅਸੀਂ ਪਾਣੀ ਵਰਗੇ ਅਨਮੋਲ ਸਰੋਤ ਦੀ ਸੰਭਾਲ ਅਤੇ ਪ੍ਰਚਾਰ ਕਰ ਸਕਦੇ ਹਾਂ। ਸਾਨੂੰ ਪਾਣੀ ਦੀ ਸੰਭਾਲ ਕਰਨੀ ਚਾਹੀਦੀ ਹੈ ਅਤੇ ਦਰਿਆਵਾਂ ਅਤੇ ਰਵਾਇਤੀ ਸਰੋਤਾਂ ਨੂੰ ਬਚਾਉਣ ਲਈ ਅੱਗੇ ਆਉਣਾ ਚਾਹੀਦਾ ਹੈ ਪਰ ਕੀ ਅਸੀਂ ਸੱਚਮੁੱਚ ਇਸ ਦਿਸ਼ਾ ਵਿੱਚ ਕੁਝ ਪਹਿਲ ਕਰਨ ਲਈ ਤਿਆਰ ਹਾਂ ?

***

## ਹੜ੍ਹਾਂ ਨਾਲ ਹੁੰਦੀ ਤਬਾਹੀ ਨੂੰ ਕਿਵੇਂ ਘਟਾਉਣ

ਬਹੁਤੇ ਦੇਸ਼ ਉਹ ਹਨ, ਜਿੱਥੇ ਕੁਦਰਤੀ ਬੇ-ਵਸੀ ਹੈ, ਘਣੀ ਆਬਾਦੀ ਹੈ, ਰਾਜ-ਭਾਗ ਠੀਕ ਨਹੀਂ ਜਾਂ ਜਿਹੜੇ 'ਰੱਬੀ ਭਾਣੇ' ਵਿੱਚ ਮਸਰੂਫ਼ ਹਨ। ਵਿਆਪਕ ਵਰਖਾ ਨੂੰ ਵੀ ਸਾਂਭਣ-ਸਲੂਟਣ, ਕਮਾਉਣ-ਵਰਤਾਉਣ 'ਚ ਸ਼ਾਇਦ ਓਨਾ ਖਰਚ ਨਹੀਂ ਆਵੇਗਾ, ਜਿੰਨਾ ਹਰ ਸਾਲ ਪਹਿਲਾਂ ਗੁਆਉਣ, ਮਗਰੋਂ ਮੁੜ-ਭਰਪਾਈ ਉੱਤੇ ਅਸੀਂ ਖਰਚ ਕਰ ਬੈਠਦੇ ਹਾਂ।ਆਰਥਿਕ ਨੁਕਸਾਨ ਦੀ ਪੂਰਤੀ ਤਾਂ ਹੋ ਜਾਵੇਗੀ, ਪਰ ਮੋਇਆਂ ਨੂੰ ਕੌਣ ਮੋੜ ਲਿਆਵੇਗਾ ? ਵਰਖਾ ਦਾ ਸੁਖਦ ਲਾਹਾ ਲੈਣ ਲਈ ਲੰਮੇਰੀਆਂ, ਚਿਰ ਸਥਾਈ, ਕੁਦਰਤ ਮੇਚਵੀਆਂ ਅਤੇ ਸਿਆਣੀਆਂ ਯੋਜਨਾਵਾਂ ਅਤੇ ਦ੍ਰਿੜ੍ਹ ਇੱਛਾ-ਸ਼ਕਤੀ ਦੀ ਲੋੜ ਹੈ। ਪਰ ਇਹ ਸਿਰਫ ਕੁਦਰਤ ਅਤੇ ਲੋਕ-ਪੱਖੀ ਨਿਜ਼ਾਮ 'ਚ ਹੀ ਸੰਭਵ ਹੈ।

***

## ਗੱਡੀ ਆ ਗਈ 'ਟੇਸ਼ਨ 'ਤੇ...

ਸਵਾਗਤ ਲਈ ਜਾ ਰਿਹਾ ਇਕ ਯਾਰ ਕੁਝ ਇਸ ਤਰ੍ਹਾਂ ਕਹਿੰਦਾ ਸੁਣਾਈ ਦਿੰਦਾ ਹੈ:

* ਝਰਨਾ ਝਰਨਾ ਝਰਨਾ, ਲੁੱਧੇਹਾਣਾ ਮੈਂ ਵੇਖਿਆ
ਜਿਥੇ ਰੇਲ ਗੱਡੀ ਨੇ ਖੜਨਾ
ਪਿੱਛੇ ਹਟ ਬੇਖਸਮਾ, ਮੈਂ ਯਾਰ ਗੁੱਸੇ ਨੀ ਕਰਨਾ...

* ਛਾਲ ਗੱਡੀ 'ਚੋਂ ਮਾਰੀ
ਮਿੱਤਰਾਂ ਦਾ ਬੋਲ ਸੁਣ ਕੇ...

ਲੰਮੇ ਪੈਂਡੇ ਤੈਅ ਕਰਨ ਵਾਲੀ ਰੇਲ ਗੱਡੀ ਆਪਣਿਆਂ ਨੂੰ ਮਿਲਾਉਂਦੀਵੀ ਹੈ, ਵਿਛੋੜੇ ਵੀ ਪਾਉਂਦੀਹੈ। ਪੰਜਾਬੀ ਲੋਕ ਗੀਤਾਂ ਵਿੱਚ ਰੇਲ ਗੱਡੀ ਦੇ ਨਾਲ-ਨਾਲ ਗਾਰਡ, ਬਾਬੂ, 'ਟੇਸ਼ਣ, ਟਿਕਟਾਂ,ਰੇਲ ਗੱਡੀ ਦੇ ਇੰਜਣ, ਉਸਦੀ ਆਵਾਜ਼, ਰੇਲ ਗੱਡੀ ਦੀਆਂ ਲਾਈਨਾਂ(ਪਟੜੀਆਂ), ਮੁਸਾਫ਼ਰਾਂ, ਸ਼ਹਿਰਾਂ ਦੇ ਨਾਵਾਂ, ਧਰਤੀ ਦੇ ਦ੍ਰਿਸ਼ਾਂ, ਗੱਡੀ ਦੇ ਆਉਣ ਜਾਣ ਦੇ ਸਮੇਂ, ਗੱਡੀ ਵਿੱਚ ਚੜ੍ਹਨ ਦੇ ਚਾਅ, ਗੱਡੀ ਦੀ ਉਡੀਕ, ਰੇਲ ਗੱਡੀ ਦੇ ਸਫਰ ਆਦਿ ਦਾ ਜ਼ਿਕਰ ਬੜੀ ਬੇਬਾਕੀ ਨਾਲ ਹੁੰਦਾ ਹੈ।

* ਖੱਟ ਖੱਟ ਕੇ ਲਿਆਂਦਾ ਰਾਅ ਜਾਮਨੂੰ
ਵੇ ਸਵੇਰੇ ਗੱਡੀ ਮੋੜ
ਘਰ ਆ ਜਾ ਸ਼ਾਮ ਨੂੰ, ਵੇ ਸਵੇਰੇ...

* ਗੱਡੀ ਟਿੱਬਿਆਂ 'ਚ ਰੁੱਸ ਕੇ ਖਲੋ ਗਈ
ਧੱਕਾ ਲਾ ਗਾਡ ਵੇਖਦਾ...

* ਏਸ ਡਾਕ ਨੇ ਬਠਿੰਡੇ ਜਾਣਾ
ਮੋੜ ਉੱਤੇ ਘਰ ਯਾਰ ਦਾ...

* ਗੱਡੀ ਲਾਈਨ 'ਤੇ ਆਈ ਏ
ਜਾਨ ਸਾਡੀ ਕੱਢਣ ਲਈ
ਮਹਿੰਦੀ ਹੱਥਾਂ ਉੱਤੇ ਲਾਈ ਏ...

* ਗੱਡੀ ਚੜ੍ਹਦੀ ਭੁਨਾ ਲਏ ਗੋਡੇ
ਚਾਅ ਮੁਕਲਾਵੇ ਦਾ...

ਰੇਲ ਗੱਡੀ ਦਾ ਸਫ਼ਰ ਅਮੁੱਕ ਹੈ। ਇਸ ਸਫ਼ਰ ਦੌਰਾਨ ਪੰਜਾਬੀ ਲੋਕ ਗੀਤ ਰੇਲ ਗੱਡੀ ਦੇ ਨਾਲ-ਨਾਲ ਪੰਧ ਗਾਹੁੰਦੇ ਆਏ ਹਨ।ਇੱਕ ਸਫ਼ਰ ਚੁੱਪ ਦਾ ਸਫਰ ਵੀ ਹੁੰਦਾ ਹੈ।ਇਕ ਸਫ਼ਰ ਸ਼ੋਰ ਦਾ ਸਫ਼ਰ ਵੀ ਹੁੰਦਾ ਹੈ।ਇੱਕ ਸਫ਼ਰ ਖੁਸ਼ੀਆਂ ਖੇੜਿਆਂ ਦਾ ਸਫ਼ਰ ਵੀ ਹੁੰਦਾ ਹੈ।ਇੱਕ ਸਫ਼ਰ ਬੇਚੈਨੀ ਦਾ ਸਫ਼ਰ ਵੀ ਹੁੰਦਾ ਹੈ।ਪੰਜਾਬੀ ਲੋਕ ਗੀਤ ਮਨੁੱਖ ਦੇ ਹਰੇਕ ਸਫ਼ਰ ਦੇ ਨਾਲ ਉਸਦੇ ਅੰਗ-ਸੰਗ ਰਹੇ ਹਨ।ਸ਼ਾਲਾ ! ਖੁਸ਼ੀਆਂ ਸਾਂਝੀਆਂ ਕਰਨ ਵਾਲੇ ਮਨੁੱਖ ਦਾ ਰੇਲ ਗੱਡੀ ਦਾ ਸਫ਼ਰ ਜਾਰੀ ਰਹੇ ! ਰੇਲ ਗੱਡੀ ਮੁਸਾਫ਼ਰਾਂ ਨੂੰ ਉਨ੍ਹਾਂ ਦੇ ਟਿਕਾਣਿਆਂ ਤੱਕ ਪਹੁੰਚਾਉਂਦੀ ਰਹੇ !

***

## ਯੂਰਪ ਤੇ ਅਮਰੀਕਾ ਵਿੱਚ ਛਿੜਿਆ

ਐਪ ਸਟੋਰ ਚੁਣਨ ਅਧਿਕਾਰ ਦੇਣ ਲਈ ਨਿਯਮਬਧ ਕੀਤਾ ਗਿਆ ਹੈ।

ਯੂਰਪੀ ਯੂਨੀਅਨ ਦਾ ਕਹਿਣਾ ਹੈ ਕਿ ਇਹ ਨਿਯਮ ਗਾਹਕ ਹਿੱਤਾਂ ਲਈ ਹਨ। ਹਾਲਾਂਕਿ ਅਮਰੀਕਾ, ਖ਼ਾਸ ਕਰਕੇ ਟਰੰਪ ਪ੍ਰਸ਼ਾਸਨ, ਇਨ੍ਹਾਂ ਨੂੰ ਅਮਰੀਕੀ ਤਕਨੀਕੀ ਕੰਪਨੀਆਂ ਵਿਰੁੱਧ ਭੇਦਭਾਵ ਵਜੋਂ ਮੰਨਦਾ ਹੈ। ਟਰੰਪ ਨੇ ਯੂਰਪੀ ਯੂਨੀਅਨ ਦਾ ਨਾਂ ਨਾ ਲੈ ਕੇ ਉਨ੍ਹਾਂ ਦੇਸ਼ਾਂ 'ਤੇ ਟੈਕਸ ਲਗਾਉਣ ਦੀ ਧਮਕੀ ਦਿੱਤੀ ਹੈ ਜੋ ਅਮਰੀਕੀ ਤਕਨੀਕ ਨੂੰ ਨੁਕਸਾਨ ਪਹੁੰਚਾਉਣ ਵਾਲੇ ਨਿਯਮ ਲਾਗੂ ਕਰ ਰਹੇ ਹਨ। ਅਗਸਤ 2025 ਵਿੱਚ ਟਰੰਪ ਨੇ ਟਰੁਥ ਸੋਸ਼ਲ 'ਤੇ ਪੋਸਟ ਕੀਤਾ ਕਿ ਡਿਜੀਟਲ ਟੈਕਸ, ਨਿਯਮ ਅਤੇ ਵਿਧਾਨ ਅਮਰੀਕੀ ਤਕਨੀਕ ਨੂੰ ਨੁਕਸਾਨ ਪਹੁੰਚਾਉਣ ਲਈ ਬਣਾਏ ਗਏ ਹਨ।ਉਨ੍ਹਾਂ ਨੇ ਕਿਹਾ ਕਿ ਇਹ ਚੀਨੀ ਕੰਪਨੀਆਂ ਨੂੰ ਛੋਟ ਦਿੰਦੇ ਹਨ।

ਯੂਰਪੀ ਯੂਨੀਅਨ ਨੇ ਜਵਾਬ ਵਿੱਚ ਕਿਹਾ ਕਿ ਉਹ ਆਪਣੇ ਖੇਤਰ ਵਿੱਚ ਆਰਥਿਕ ਗਤੀਵਿਧੀਆਂ ਨੂੰ ਨਿਯਮਤ ਕਰਨ ਦਾ ਅਧਿਕਾਰ ਰੱਖਦੀ ਹੈ। ਯੂਰਪੀ ਯੂਨੀਅਨ ਨੇ ਸਪੱਸ਼ਟ ਕੀਤਾ ਕਿ ਡਿਜੀਟਲ ਬਾਜ਼ਾਰ ਅਤੇ ਡਿਜੀਟਲ ਸੇਵਾ ਨਿਯਮਾਂ ਵਿੱਚ ਕੋਈ ਬਦਲਾਅ ਨਹੀਂ ਹੋਵੇਗਾ। ਇਹ ਨਿਯਮ ਕਿਸੇ ਵੀ ਖਾਸ ਕੰਪਨੀ ਨੂੰ ਨਿਸ਼ਾਨਾ ਨਹੀਂ ਬਣਾਉਂਦੇ।ਟਰੰਪ ਨੇ ਇਹ ਵੀ ਧਮਕੀ ਦਿੱਤੀ ਕਿ ਉਹ ਅਮਰੀਕੀ ਚਿੱਪਾਂ ਅਤੇ ਤਕਨੀਕ ਦੇ ਨਿਰਯਾਤ 'ਤੇ ਪਾਬੰਦੀਆਂ ਲਗਾ ਸਕਦਾ ਹੈ, ਜੋ ਯੂਰਪ ਲਈ ਵੱਡਾ ਨੁਕਸਾਨ ਹੋਵੇਗਾ।

### ਯੂਰਪ ਦੇ ਨਿਯਮ ਅਮਰੀਕੀ ਵਪਾਰ ਨਾਲ ਤਣਾਅ ਵਧਾ ਰਹੇ ਨੇ

ਯੂਰਪੀ ਯੂਨੀਅਨ ਦੀਆਂ ਡਿਜੀਟਲ ਨੀਤੀਆਂ ਪੂਰੀ ਦੁਨੀਆ ਵਿੱਚ ਫੈਲੀਆਂ ਤਕਨੀਕੀ ਵੱਡੀਆਂ ਕੰਪਨੀਆਂ ਤੇ ਬਦਲਾਅ ਦਾ ਦਬਾਅ ਪਾ ਰਹੀਆਂ ਹਨ।ਇਨ੍ਹਾਂ ਤਬਦੀਲੀਆਂ ਕਾਰਨ ਇਹ ਪਲੇਟਫਾਰਮ ਵਰਤੋਂਕਾਰਾਂ ਦੇ ਅਧਿਕਾਰਾਂ ਨੂੰ ਸੁਰੱਖਿਅਤ ਰਖਣਗੇ। ਪਰ ਇਸ ਨਾਲ ਅਮਰੀਕਾ ਨਾਲ ਵਪਾਰਕ ਤਣਾਅ ਵੀ ਵਧ ਰਿਹਾ ਹੈ।ਜਿਵੇਂ-ਜਿਵੇਂ ਡਿਜੀਟਲ ਆਰਥਿਕਤਾ ਵਿਸ਼ਵ ਸ਼ਕਤੀ ਦਾ ਕੇਂਦਰ ਬਣ ਰਹੀ ਹੈ,

ਇਸ ਲਈ ਨਿਯਮ ਬਣਾਉਣ ਵਾਲੇ ਦੇ ਹੱਥ ਵਿੱਚ ਬਹੁਤ ਸ਼ਕਤੀ ਹੋਵੇਗੀ।ਹੁਣ ਇਹ ਲੜਾਈ ਡੂੰਘੀ ਹੋ ਗਈ ਹੈ ਕਿ ਇਸ ਦੇ ਨਿਯਮ ਕੌਣ ਬਣਾਵੇਗਾ - ਅਮਰੀਕੀ ਕੰਪਨੀਆਂ ਦਾ ਘਰ ਸਿਲੀਕਾਨ ਵੈਲੀ ਜਾਂ ਯੂਰਪੀ ਯੂਨੀਅਨ ਦੇ ਨਿਯਮ ਬਣਾਉਣ ਵਾਲੇ ਬ੍ਰਸਲਜ਼ ?

ਅਗਸਤ 2025 ਵਿੱਚ ਯੂਰਪੀ ਯੂਨੀਅਨ ਅਤੇ ਅਮਰੀਕਾ ਨੇ ਵਪਾਰ ਸਮਝੌਤੇ ਨੂੰ ਲਾਗੂ ਕੀਤਾ ਸੀ, ਜਿਸ ਵਿੱਚ ਜ਼ਿਆਦਾਤਰ ਯੂਰਪੀ ਵਸਤੂਆਂ 'ਤੇ 15 ਫ਼ੀਸਦੀ ਟੈਕਸ ਲੱਗੇਗਾ।ਪਰ ਡਿਜੀਟਲ ਨਿਯਮਾਂ ਨੂੰ ਇਸ ਵਿੱਚ ਨਹੀਂ ਰਖਿਆ ਗਿਆ।ਯੂਰਪੀ ਯੂਨੀਅਨ ਨੇ ਕਿਹਾ ਕਿ ਇਹ ਨਿਯਮ ਵਪਾਰ ਗੱਲਬਾਤ ਤੋਂ ਅਲੱਗ ਹਨ।

ਭਵਿੱਖ ਵਿੱਚ ਅਮਰੀਕਾ ਤੇ ਯੂਰਪ ਵਿਚਾਲੇ ਲੜਾਈ ਹੋਰ ਡੂੰਘੀ ਹੋ ਸਕਦੀ ਹੈ।ਅਮਰੀਕਾ ਯੂਰਪ ਨੂੰ ਆਪਣੇ ਨਿਯਮ ਬਦਲਣ ਲਈ ਮਜਬੂਰ ਕਰਨ ਦੀ ਕੋਸ਼ਿਸ਼ ਕਰੇਗਾ, ਪਰ ਯੂਰਪੀ ਯੂਨੀਅਨ ਆਪਣੇ ਵਪਾਰਕ ਨਿਯਮ ਤੇ ਹੋਂਦ ਨੂੰ ਬਚਾਏਗੀ।ਮਾਰੋਸ਼ ਸ਼ੈਫ਼ਚੋਵਿਚ ਨੇ ਕਿਹਾ ਹੈ ਕਿ ਯੂਰਪ ਨੂੰ ਆਪਣੇ ਗਾਹਕਾਂ ਅਤੇ ਛੋਟੀਆਂ ਕੰਪਨੀਆਂ ਨੂੰ ਸੁਰੱਖਿਅਤ ਰੱਖਣ ਲਈ ਇਹ ਨਿਯਮ ਜ਼ਰੂਰੀ ਹਨ।ਟਰੰਪ ਨੇ ਕੈਨੇਡਾ ਨੂੰ ਵੀ ਡਿਜੀਟਲ ਟੈਕਸ ਖ਼ਤਮ ਕਰਨ ਲਈ ਮਜਬੂਰ ਕੀਤਾ ਹੈ।

ਹੱਲ ਇਹੀ ਹੈ ਕਿ ਯੂਰਪੀ ਯੂਨੀਅਨ ਅਤੇ ਅਮਰੀਕਾ ਨੂੰ ਗੱਲਬਾਤ ਨੂੰ ਜਾਰੀ ਰਖਣ ਤੇ ਕਿਸੇ ਸਮਝੌਤੇ ਉਪਰ ਪਹੁੰਚਣ। ਯੂਰਪ ਨੂੰ ਆਪਣੇ ਨਿਯਮਾਂ ਨੂੰ ਬਣਾਈ ਰੱਖਣਾ ਚਾਹੀਦਾ ਹੈ ਪਰ ਵਪਾਰਕ ਸਹਿਯੋਗ ਵਧਾਉਣਾ ਚਾਹੀਦਾ ਹੈ। ਇਸ ਨਾਲ ਵਿਸ਼ਵ ਡਿਜੀਟਲ ਆਰਥਿਕਤਾ ਨੂੰ ਲਾਭ ਹੋਵੇਗਾ ਅਤੇ ਤਣਾਅ ਘੱਟ ਹੋਵੇਗਾ।

***

## ਵਿਪਸਾਅ ਵੱਲੋਂ ਕਹਾਣੀ ਸੰਗ੍ਰਿਹ 'ਸਤਨਾਜਾ' 'ਤੇ

ਉਸ ਨੇ ਕਿਹਾ ਕਿ ਸੰਗ੍ਰਹਿ ਦੀਆਂ ਕਹਾਣੀਆਂ ਵਿਸ਼ੇ ਦੇ ਨਾਲ਼-ਨਾਲ਼ ਕਲਾ ਅਤੇ ਸੰਵੇਦਨਾ ਦਾ ਸਹਿਜ ਸੁਮੇਲ ਹਨ। ਇਹ ਅਮਰੀਕੀ ਪੰਜਾਬੀ ਸਹਿਤ ਵਿੱਚ ਇੱਕ ਵੱਖਰੀ ਦਿੱਖ ਨਾਲ਼ ਪਰਵੇਸ਼ ਹੁੰਦੀਆਂ ਹਨ।ਇਹ ਸਾਡੇ ਸਮਾਜਿਕ ਯਥਾਰਥ ਦੀ ਪੇਸ਼ਕਾਰੀ ਵੀ ਕਰਦੀਆਂ ਹਨ ਅਤੇ ਅਜਿਹੇ ਵਿਗਠਤ ਭਾਵਾਂ ਦਾ ਚਿਤਰਨ ਵੀ ਕਰ ਜਾਂਦੀਆਂ ਹਨ ਜੋ ਸਮਾਜਿਕ ਜੀਵਨ ਵਿੱਚ ਖੁੱਲ੍ਹੇ ਤੌਰ 'ਤੇ ਪ੍ਰਵਾਨ ਨਹੀਂ।ਡਾ. ਬਲਬੀਰ ਕੌਰ ਰੀਹਲ ਦਾ ਪਰਚਾ ਸੁਰਜੀਤ ਸਖੀ ਵੱਲੋਂ ਪੇਸ਼ ਕੀਤਾ ਗਿਆ।ਇਸ ਪਰਚੇ ਅਨੁਸਾਰ ਲੇਖਕ ਇੱਕ ਸਫ਼ਲ ਸਫ਼ਰਨਾਮਾ ਲੇਖਕ ਹੈ।ਇਸ ਸੰਗ੍ਰਿਹ ਵਿੱਚ ਕੁਝ ਵਿਸ਼ੇ ਬਿਲਕੁਲ ਵੱਖਰੇ ਅਤੇ ਸੱਜਰੇ ਹਨ।ਇਹ ਹੀ ਇਸ ਸੰਗ੍ਰਹਿ ਦੀ ਪ੍ਰਾਪਤੀ ਹੈ।ਡਾ. ਸੁਖਵਿੰਦਰ ਕੰਬੋਜ ਨੇ ਇਨ੍ਹਾਂ ਵਿਚਾਰਾਂ ਨੂੰ ਅੱਗੇ ਤੋਰਦੇ ਹੋਏ ਕਹਾਣੀ ਦੇ ਮਹੱਤਵ ਬਾਰੇ ਉਸਾਰੂ ਨੁਕਤੇ ਪੇਸ਼ ਕੀਤੇ ਅਤੇ ਲੇਖਕ ਨੂੰ ਇਸ ਕਿਤਾਬ ਲਈ ਵਧਾਈ ਦਿੱਤੀ।ਪ੍ਰੋ. ਸੁਰਿੰਦਰ ਸਿੰਘ ਸੀਰਤ ਨੇ ਕਿਹਾ ਕਿ ਚਰਨਜੀਤ ਸਿੰਘ ਪੰਨੂ ਇੱਕ ਪ੍ਰੋੜ੍ਹ ਗਲਪਕਾਰ ਹੈ। ਇਸ ਸੰਗ੍ਰਹਿ ਦੀ ਕਹਾਣੀ ਵਧੀਆ ਤਕਨੀਕ ਨਾਲ਼ ਨਿਭੀ ਹੈ।ਪ੍ਰੋ. ਸੀਰਤ ਨੇ ਕਹਾਣੀ ਦੀ ਤਕਨੀਕ ਬਾਰੇ ਜਾਣਕਾਰੀ ਦਿੰਦੇ ਹੋਏ ਵਿਚਾਰ ਚਰਚਾ ਨੂੰ ਹੋਰ ਰੌਚਿਕ ਬਣਾ ਦਿੱਤਾ। ਲਾਜ ਨੀਲਮ ਸੈਣੀ ਨੇ ਕਿਹਾ ਕਿ ਪੰਨੂ ਨੇ ਸੱਤ ਵਿਸ਼ਿਆਂ ਦਾ ਸਾਹਿਤਕ 'ਸਤਨਾਜਾ' ਬਣਾ ਕੇ ਪੰਜਾਬੀ ਸਾਹਿਤ ਦੀ ਝੋਲੀ ਪਾਇਆ ਹੈ। 'ਵਸੀਅਤ' ਕਹਾਣੀ ਵਿੱਚ ਬਾਬੇ ਨਾਨਕ ਦੇ ਫ਼ਲਸਫ਼ੇ 'ਤੇ ਅਮਲ ਕਰਨ ਦਾ ਸੰਦੇਸ਼ ਹੋਣ ਕਰਕੇ ਇਹ ਹੱਟਵੀਂ ਵੀ ਹੈ ਅਤੇ ਜੀਵਨ ਮੁੱਲਾਂ ਨੂੰ ਨਿਰਧਾਰਤ ਕਰਨ ਵਿੱਚ ਕਾਮਯਾਬ ਵੀ ਹੋਈ ਹੈ।ਅਮਰਜੀਤ ਪੰਨੂੰ ਨੇ 'ਆਖ਼ਰੀ ਚੀਕ' ਬਾਰੇ ਕੁਝ ਸੁਆਲ ਪੁੱਛੇ ਅਤੇ 'ਕੈਂਸਰ ਦੇ ਛਿੱਟੇ' ਕਹਾਣੀ ਦੀ ਸਲਾਹੁਤਾ ਕੀਤੀ।ਦਲਵੀਰ ਦਿਲ ਨਿੱਜਰ ਨੇ ਕਿਹਾ ਕਿ ਉਹ ਸਾਰੀਆਂ ਕਹਾਣੀਆਂ ਪੜ੍ਹ ਕੇ ਆਇਆ ਹੈ।ਸੰਗ੍ਰਿਹ ਦੇ ਵਿਸ਼ੇ ਸੱਭਿਆਚਾਰ ਨਾਲ ਜੁੜੇ ਹੋਣ ਕਰਕੇ ਪਾਠਕ ਨੂੰ ਪ੍ਰਭਾਵਿਤ ਕਰਦੇ ਹਨ। ਇਸ ਲਈ ਲੇਖਕ ਵਧਾਈ ਦਾ ਪਾਤਰ ਹੈ।ਜਗਤਾਰ ਗਿੱਲ ਅਤੇ ਬੀਬੀ ਸੁਰਜੀਤ ਕੌਰ ਨੇ ਵੀ ਲੇਖਕ ਨੂੰ ਵਧਾਈ ਦਿੱਤੀ।ਕੁਲਵਿੰਦਰ ਨੇ ਪੰਨੂ ਨੂੰ ਇਸ ਵਿਲੱਖਣ ਕਿਤਾਬ ਲਈ ਦਿਲੀ ਮੁਬਾਰਕ ਦਿੰਦੇ ਹੋਏ ਕਿਹਾ ਕਿ ਹਰ ਲੇਖਕ ਨੂੰ 'ਬੁੱਢਾ ਅਤੇ ਸਮੁੰਦਰ' ਕਿਤਾਬ ਪੜ੍ਹਨੀ ਚਾਹੀਦੀ ਹੈ।ਦਿਲ ਦੇ ਲਹੂ ਨਾਲ਼ ਲਿਖਿਆ ਸਾਹਿਤ ਹੀ ਪਾਠਕ ਦੀ ਰੂਹ ਨੂੰ ਟੁੰਬਦਾ ਜਾਂ ਹਲੂਣਦਾ ਹੈ।

ਇਸ ਕਿਤਾਬ ਵਿੱਚ ਭਾਰੀ ਮਾਤਰਾ ਵਿੱਚ ਵਰਤੇ ਗਏ ਮੁਹਾਵਰੇ ਅਤੇ ਸ਼ੈਲੀ ਬਾਰੇ ਵੀ ਗੰਭੀਰ ਅਤੇ ਸਾਰਥਕ ਚਰਚਾ ਹੋਈ।ਹਾਜ਼ਰ ਸਰੋਤੇ ਇਸ ਤੋਂ ਪ੍ਰਭਾਵਿਤ ਹੋਏ ਬਿਨਾ ਨਾ ਰਹਿ ਸਕੇ। ਕਵੀ ਦਰਬਾਰ ਵਿੱਚ ਹਰਜੀਤ ਸਿੰਘ ਹਮਸਫ਼ਰ, ਦਿਲ ਨਿੱਜਰ, ਦਲਜੀਤ ਸਿੰਘ ਭੰਗੂ, ਪ੍ਰਿੰਸੀਪਲ ਹਜ਼ੂਰਾ ਸਿੰਘ, ਬੀਬੀ ਸੁਰਜੀਤ ਕੌਰ ਸੈਕਰਾਮੈਂਟੋ ਅਤੇ ਸੁਰਜੀਤ ਸਖੀ ਨੇ ਹਿੱਸਾ ਲਿਆ।ਸੁਖਦੇਵ ਸਾਹਿਲ ਨੇ ਇੱਕ ਵਾਰੀ ਫਿਰ ਸੰਗੀਤ ਨਾਲ਼ ਸਰੋਤਿਆਂ ਨੂੰ ਕੀਲਿਆ ਅਤੇ ਸੂਫ਼ੀ ਅਤੇ ਲੋਕ ਸਾਹਿਤ 'ਚੋਂ ਕੁਝ ਵੰਨਗੀਆਂ ਸੁਣਾਈਆਂ। ਕਿਤਾਬ 'ਸਤਨਾਜਾ' ਲੋਕ ਅਰਪਣ ਕੀਤੀ ਗਈ। ਚਰਨਜੀਤ ਸਿੰਘ ਪੰਨੂ ਦਾ ਵਿਪਸਾ 'ਸ਼ਾਲ' ਨਾਲ਼ ਸਨਮਾਨ ਕੀਤਾ ਗਿਆ। ਲੇਖਕ ਵੱਲੋਂ ਆਪਣੀਆਂ ਅਤੇ ਹੋਰ ਲੇਖਕਾਂ ਦੀਆਂ ਕਿਤਾਬਾਂ ਦੀ ਲਗਾਈ ਗਈ ਸੇਲ ਖਿੱਚ ਦਾ ਕੇਂਦਰ ਬਣੀ ਰਹੀ।ਇਸ ਦੀ ਆਮਦਨ ਵਿਪਸਾਅ ਦੇ ਖ਼ਾਤੇ ਵਿੱਚ ਪਾਈ ਗਈ। ਹੋਰਾਂ ਤੋਂ ਇਲਾਵਾ ਵਿਜੇ ਸਿੰਘ, ਸੋਨੂੰ, ਕਿਹਰ ਸਿੰਘ, ਜੋਤੀ, ਗੁਰਜੰਟ ਸੇਖੋਂ, ਪ੍ਰੋ. ਸੁਖਦੇਵ ਸਿੰਘ ਅਤੇ ਜਸਵੰਤ ਸਿੰਘ ਸਰਾਂ ਆਦਿ ਨੇ ਹਿੱਸਾ ਲਿਆ।

***

## ਅਨੰਦਪੁਰ ਸਾਹਿਬ 1991 ਝੂਠਾ ਪੁਲਿਸ ਮੁਕਾਬਲਾ

ਅਕਸਰ ਪੁਲਿਸ ਨਾਲ ਜੁੜੇ ਹੋਣ ਕਾਰਨ ਨਿਰਪੱਖ ਨਹੀਂ ਮੰਨਿਆ ਜਾਂਦਾ।ਇਹ ਫ਼ੈਸਲਾ ਨਾ ਸਿਰਫ਼ ਇਸ ਮਾਮਲੇ ਨੂੰ ਮੁੜ ਖੋਲ੍ਹਦਾ ਹੈ, ਸਗੋਂ ਪੂਰੇ ਸਿਸਟਮ ਵਿੱਚ ਬਦਲਾਅ ਦੀ ਮੰਗ ਵੀ ਕਰਦਾ ਹੈ।

ਇਹ ਫ਼ੈਸਲਾ ਪੰਜਾਬ ਵਿੱਚ 1980-90 ਦੇ ਦਹਾਕੇ ਵਿੱਚ ਵਾਪਰੀਆਂ ਹੋਰ ਫ਼ਰਜ਼ੀ ਮੁਕਾਬਲਿਆਂ ਨੂੰ ਯਾਦ ਦਿਵਾਉਂਦਾ ਹੈ, ਜਿੱਥੇ ਹਜ਼ਾਰਾਂ ਨੌਜਵਾਨਾਂ ਨੂੰ ਨਿਸ਼ਾਨਾ ਬਣਾਇਆ ਗਿਆ। ਅਦਾਲਤ ਨੇ ਸੁਪਰੀਮ ਕੋਰਟ ਦੇ ਫ਼ੈਸਲਿਆਂ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਅਜਿਹੇ ਮਾਮਲਿਆਂ ਵਿੱਚ ਸਿੱਧੇ ਸਬੂਤ ਨਾ ਮਿਲਣ 'ਤੇ ਵੀ ਅਦਾਲਤ ਨੂੰ ਵਿਸ਼ੇਸ਼ ਦ੍ਰਿਸ਼ਟੀਕੋਣ ਅਪਣਾਉਣਾ ਚਾਹੀਦਾ ਹੈ ਅਤੇ ਜਾਂਚ ਅਧਿਕਾਰੀ ਦੀ ਰਾਏ ਨੂੰ ਨਹੀਂ ਮੰਨਣਾ ਚਾਹੀਦਾ। ਇਹ ਆਦੇਸ਼ ਪੀੜਤ ਪਰਿਵਾਰਾਂ ਲਈ ਇੱਕ ਆਸ ਦੀ ਕਿਰਨ ਹੈ, ਪਰ ਇਹ ਵੀ ਸਪੱਸ਼ਟ ਕਰਦਾ ਹੈ ਕਿ ਨਿਆਂ ਵਿੱਚ ਕਿੰਨੀ ਦੇਰੀ ਹੋ ਰਹੀ ਹੈ।

ਇਥੇ ਜ਼ਿਕਰਯੋਗ ਹੈ ਕਿ ਪੰਜਾਬ ਵਿੱਚ 1984 ਤੋਂ ਬਾਅਦ ਵਾਪਰੇ ਫ਼ਰਜ਼ੀ ਮੁਕਾਬਲਿਆਂ ਵਿੱਚ ਹਜ਼ਾਰਾਂ ਨੌਜਵਾਨ ਬੇਦਰਦੀ ਨਾਲ ਮਾਰੇ ਗਏ ਅਤੇ ਇਨ੍ਹਾਂ ਮਾਮਲਿਆਂ ਵਿੱਚ ਸੀ.ਬੀ.ਆਈ. ਨੂੰ ਅਕਸਰ ਨਿਰਪੱਖ ਜਾਂਚ ਦਾ ਅਦਾਲਤੀ ਆਦੇਸ਼ ਦਿਤਾ ਗਿਆ।ਪਰ ਏਜੰਸੀ ਨੇ ਕਈ ਵਾਰ ਅਣਗਹਿਲੀ ਵਿਖਾਈ ਹੈ।ਕਾਰਨਾਂ ਵਿੱਚ ਪਹਿਲਾਂ ਤਾਂ ਪੁਲਿਸ ਅਤੇ ਸੀ.ਬੀ.ਆਈ. ਵਿਚਕਾਰ ਨੇੜਲੇ ਸਬੰਧ ਹਨ, ਜਿੱਥੇ ਪੁਲਿਸ ਅਧਿਕਾਰੀਆਂ ਨੂੰ ਬਚਾਉਣ ਲਈ ਰਿਪੋਰਟਾਂ ਨੂੰ ਕਮਜ਼ੋਰ ਬਣਾਇਆ ਜਾਂਦਾ ਹੈ। ਦੂਜਾ, ਸੀ.ਬੀ.ਆਈ. ਕੇਂਦਰ ਸਰਕਾਰ ਅਧੀਨ ਹੈ ਅਤੇ ਪੰਜਾਬ ਵਰਗੇ ਰਾਜਾਂ ਵਿੱਚ ਰਾਜਨੀਤਿਕ ਦਬਾਅ ਕਾਰਨ ਨਿਰਪੱਖ ਨਹੀਂ ਰਹਿ ਸਕਦੀ। ਬਹੁਤੇ ਮਾਮਲਿਆਂ ਵਿੱਚ ਗਵਾਹਾਂ ਨੂੰ ਧਮਕਾਇਆ ਜਾਂਦਾ ਹੈ ਅਤੇ ਸਬੂਤ ਗਾਇਬ ਕੀਤੇ ਜਾਂਦੇ ਹਨ।ਉਦਾਹਰਣ ਵਜੋਂ, ਚਰਨਜੀਤ ਸਿੰਘ ਚੰਨੀ ਵਰਗੇ ਮਾਮਲਿਆਂ ਵਿੱਚ ਵੀ ਸੀ.ਬੀ.ਆਈ. ਨੇ ਕਲੋਜ਼ਰ ਰਿਪੋਰਟ ਦਾਇਰ ਕੀਤੀ, ਜੋ ਅਦਾਲਤਾਂ ਨੇ ਪ੍ਰਵਾਨ ਨਹੀਂ ਕੀਤੀ।

ਐਡਵੋਕੇਟ ਰਾਜਵਿੰਦਰ ਸਿੰਘ ਬੈਂਸ ਅਨੁਸਾਰ ਕਈ ਰਿਪੋਰਟਾਂ ਅਨੁਸਾਰ ਕੇਂਦਰ ਸਰਕਾਰ ਸੀ.ਬੀ.ਆਈ. ਨੂੰ ਨਿਯੰਤਰਿਤ ਕਰਦੀ ਹੈ ਅਤੇ ਰਾਜਨੀਤਿਕ ਰੁਚੀਆਂ ਅਨੁਸਾਰ ਜਾਂਚ ਨੂੰ ਪ੍ਰਭਾਵਿਤ ਕਰਦੀ ਹੈ।1990 ਦੇ ਦਹਾਕੇ ਵਿੱਚ ਭਾਜਪਾ-ਕਾਂਗਰਸ ਸਰਕਾਰਾਂ ਨੇ ਇਨ੍ਹਾਂ ਮਾਮਲਿਆਂ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਅਤੇ ਅੱਜ ਵੀ ਕੇਂਦਰੀ ਅਧਿਕਾਰੀਆਂ 'ਤੇ ਦੋਸ਼ ਹਨ ਕਿ ਉਹ ਬੁਚੜ ਦੋਸ਼ੀ ਪੁਲਿਸੀਆਂ ਦੀ ਰਾਖੀ ਕਰਦੇ ਹਨ। ਮਨੁੱਖੀ ਅਧਿਕਾਰ ਜਥੇਬੰਦੀਆਂ ਜਿਵੇਂ ਹਿਊਮਨ ਰਾਈਟਸ ਵਾਚ ਨੇ ਇਸ ਨੂੰ 'ਸਿਸਟਮੈਟਿਕ ਕਵਰ-ਅੱਪ' ਕਿਹਾ ਹੈ।ਸੀ.ਬੀ.ਆਈ. ਨੂੰ ਸੁਤੰਤਰ ਬਣਾਉਣ ਅਤੇ ਕੇਂਦਰੀ ਦਬਾਅ ਤੋਂ ਮੁਕਤ ਕਰਨ ਦੀ ਲੋੜ ਹੈ, ਨਹੀਂ ਤਾਂ ਅਜਿਹੇ ਮਾਮਲੇ ਹਮੇਸ਼ਾ ਅਟਕੇ ਰਹਿਣਗੇ।

***

## ਭਾਰਤ 'ਚ ਦਾਜ ਕਾਰਨ ਮੌਤਾਂ ਦਾ

ਜੰਡਿਆਲਾ ਗੁਰੂ ਦੀ ਲੈਕਚਰਾਰ ਲੇਖਕਾ ਰਜਿੰਦਰ ਕੌਰ ਕਹਿੰਦੀ ਹੈ ਕਿ ਕਈ ਮਾਮਲਿਆਂ ਵਿੱਚ ਪੀੜਤਾਂ ਦੇ ਪਰਿਵਾਰ ਸਮਾਜੀ ਕਲੰਕ, ਕਾਨੂੰਨੀ ਜਾਗਰੂਕਤਾ ਦੀ ਘਾਟ ਤੇ ਪਰਿਵਾਰਕ ਦਬਾਅ ਕਾਰਨ ਸ਼ਿਕਾਇਤ ਨਹੀਂ ਕਰਦੇ। ਪੁਲਿਸ ਦੀ ਲਾਪਰਵਾਹੀ ਕਾਰਨ ਸਬੂਤ ਨਹੀਂ ਮਿਲਦੇ। ਪੰਜਾਬ ਵਿੱਚ ਵੀ ਇਹ ਸਮੱਸਿਆ ਆਮ ਹੈ, ਜਿੱਥੇ ਵਿਆਹ ਨੂੰ ਧਨ-ਦੌਲਤ ਨਾਲ ਜੋੜ ਕੇ ਵੇਖਿਆ ਜਾਂਦਾ ਹੈ।

ਕਾਨੂੰਨ ਤੇ ਪੁਲਿਸ-ਅਦਾਲਤੀ ਕਾਰਵਾਈ ਦੀ ਹਾਲਤ

ਭਾਰਤ ਵਿੱਚ ਦਾਜ ਰੀਤ ਤੇ ਰੋਕ ਲਾਉਣ ਲਈ ਕਈ ਕਾਨੂੰਨ ਮੌਜੂਦ ਨੇ, ਪਰ ਫਿਰ ਵੀ ਇਹ ਧੜੱਲੇ ਨਾਲ ਜਾਰੀ ਹੈ। 1961 ਵਿੱਚ ਬਣੇ ਦਾਜ ਨਿਸ਼ੇਧ ਐਕਟ ਮੁਤਾਬਕ, ਦਾਜ ਲੈਣ-ਦੇਣ ਜਾਂ ਇਸ ਵਿੱਚ ਸਹਿਯੋਗ ਕਰਨ ਵਾਲਿਆਂ ਨੂੰ ਪੰਜ ਸਾਲ ਦੀ ਸਜ਼ਾ ਤੇ 15 ਹਜ਼ਾਰ ਤੱਕ ਜੁਰਮਾਨੇ ਦਾ ਪ੍ਰਬੰਧ ਹੈ। ਦਾਜ ਜ਼ੁਲਮ ਲਈ ਵੀ ਹੋਰ ਕਨੂੰਨ ਨੇ, ਜਿਨ੍ਹਾਂ ਅਧੀਨ ਦੋਸ਼ੀ ਨੂੰ ਸੱਤ ਸਾਲ ਤੋਂ ਉਮਰ ਕੈਦ ਤੱਕ ਸਜ਼ਾ ਹੋ ਸਕਦੀ ਹੈ।

ਭਾਰਤੀ ਨਿਆਇਕ ਸੰਹਿਤਾ (ਬੀਐੱਨਐੱਸ) ਵਿੱਚ ਵੀ ਦਾਜ ਹੱਤਿਆ ਤੇ ਜ਼ੁਲਮ ਨਾਲ ਨਿਪਟਣ ਦੇ ਪ੍ਰਬੰਧ ਜਿਉਂ ਦੇ ਤਿਉਂ ਰੱਖੇ ਗਏ ਨੇ। ਬੀਐੱਨਐੱਸ ਦੀ ਧਾਰਾ 80 (1) ਅਧੀਨ ਵਿਆਹ ਦੇ ਸੱਤ ਸਾਲਾਂ ਅੰਦਰ ਅਸਵਾਭਾਵਿਕ ਹਾਲਾਤ ਵਿੱਚ ਔਰਤ ਦੀ ਮੌਤ ਨੂੰ ਦਾਜ ਹੱਤਿਆ ਵਜੋਂ ਮੰਨਿਆ ਜਾਂਦਾ ਹੈ। ਧਾਰਾ 80 (2) ਅਧੀਨ ਅਜਿਹੇ ਮਾਮਲੇ ਵਿੱਚ ਦੋਸ਼ੀਆਂ ਨੂੰ ਸੱਤ ਸਾਲ ਤੋਂ ਉਮਰ ਕੈਦ ਤੱਕ ਸਜ਼ਾ ਹੈ। ਬੀਐੱਨਐੱਸ ਦੀ ਧਾਰਾ 86 ਅਧੀਨ ਜਾਣ ਬੁੱਝ ਕੇ ਕੀਤੀ ਕੋਈ ਵੀ ਅਜਿਹੀ ਕਾਰਵਾਈ ਨੂੰ ਜ਼ਾਲਮਾਨਾ ਮੰਨਿਆ ਜਾਂਦਾ ਹੈ, ਜਿਸ ਨਾਲ ਔਰਤ ਨੂੰ ਖੁਦਕੁਸ਼ੀ ਲਈ ਉਕਸਾਇਆ ਜਾ ਸਕੇ ਜਾਂ ਉਸ ਨੂੰ ਗੰਭੀਰ ਸਰੀਰਕ ਜਾਂ ਮਾਨਸਿਕ ਨੁਕਸਾਨ ਹੋਵੇ।

ਇਹ ਕਾਨੂੰਨ ਭਾਵੇਂ ਸਖ਼ਤ ਨੇ ਪਰ ਅਮਲ ਵਿੱਚ ਘਾਟ ਹੈ। ਪੁਲਿਸ ਤੇ ਅਦਾਲਤੀ ਕਾਰਵਾਈ ਸਤੁੰਸ਼ਟੀ ਜਨਕ ਨਹੀਂ ਹੈ। ਸਮਾਜੀ ਕਾਰਕੁੰਨਾਂ ਮੁਤਾਬਕ, ਕਾਨੂੰਨਾਂ ਦੇ ਬਾਵਜੂਦ ਅਦਾਲਤਾਂ ਵਿੱਚ ਨਿਆਇਕ ਪ੍ਰਕਿਰਿਆ ਵਿੱਚ ਅਸਾਧਾਰਨ ਦੇਰੀ ਕਾਰਨ ਦਾਜ ਮੰਗਣ ਵਾਲਿਆਂ ਦਾ ਮਨੋਬਲ ਵਧਦਾ ਹੈ। ਸਰਕਾਰੀ ਅੰਕੜਿਆਂ ਮੁਤਾਬਕ, ਹਰ ਸਾਲ ਸਾਹਮਣੇ ਆਉਣ ਵਾਲੇ ਸੱਤ ਹਜ਼ਾਰ ਮਾਮਲਿਆਂ ਵਿਚੋਂ ਸਿਰਫ਼ ਸਾਢੇ ਚਾਰ ਹਜ਼ਾਰ ਵਿੱਚ ਹੀ ਸਮੇਂ ਸਿਰ ਚਾਰਜਸ਼ੀਟ ਦਾਇਰ ਹੁੰਦੀ ਹੈ। ਦੇਰੀ ਕਾਰਨ ਬਹੁਤੇ ਮਾਮਲਿਆਂ ਵਿੱਚ ਸਬੂਤਾਂ ਦੀ ਘਾਟ ਵਿੱਚ ਦੋਸ਼ੀ ਬਚ ਨਿਕਲਦੇ ਨੇ। ਸ਼ੁਰੂ ਵਿੱਚ ਪੁਲਿਸ ਅਜਿਹੇ ਮਾਮਲੇ ਨੂੰ ਗੰਭੀਰਤਾ ਨਾਲ ਨਹੀਂ ਲੈਂਦੀ। ਅਦਾਲਤਾਂ ਵਿੱਚ ਪਹੁੰਚਣ ਵਾਲੇ ਮਾਮਲਿਆਂ ਵਿਚੋਂ 90 ਫੀਸਦੀ ਵਿੱਚ ਅਸਾਧਾਰਨ ਦੇਰੀ ਹੁੰਦੀ ਹੈ।

ਪੰਜਾਬ ਵਿੱਚ ਵੀ ਪੁਲਿਸ ਅਕਸਰ ਲਾਪਰਵਾਹੀ ਵਿਖਾਉਂਦੀ ਹੈ ਤੇ ਮਾਮਲੇ ਨੂੰ ਘਰੇਲੂ ਝਗੜਾ ਮੰਨ ਕੇ ਨਜ਼ਰਅੰਦਾਜ਼ ਕਰ ਦਿੰਦੀ ਹੈ। ਅਦਾਲਤਾਂ ਵਿੱਚ ਲਟਕੇ ਮਾਮਲੇ ਔਰਤਾਂ ਦੇ ਪਰਿਵਾਰਾਂ ਨੂੰ ਨਿਰਾਸ਼ ਕਰਦੇ ਨੇ। ਇਸ ਕਾਰਨ ਕਾਨੂੰਨੀ ਵਿਵਸਥਾ 'ਤੇ ਵਿਸ਼ਵਾਸ ਘਟਦਾ ਜਾ ਰਿਹਾ ਹੈ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AJJ DA MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com